ੴ ਸਤਿਗੁਰ ਪ੍ਰਸਾਦਿ

# ਅਮਰ ਲੇਖ

(ਭਾਗ ਦੂਜਾ)

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

 www.sikhbookclub.com

**Amar Lekh (Vol. 2)**
Bhai Vir Singh

ISBN # 978-93-80854-83-0
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਹਿਲੀ ਵਾਰ ਨਵੰਬਰ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Printograph
2966/41, Beadon Pura
Karol Bagh, New Delhi - 110005

ਮੁੱਲ : 80/- ਰੁਪਏ

 www.sikhbookclub.com

# ਮੁੱਢਲੀ ਬੇਨਤੀ

ਅਮਰ ਲੇਖ (ਭਾਗ-1) ਦੀ ਭੂਮਿਕਾ ਵਿਚ ਸ੍ਰ: ਗਿਆਨੀ ਮਹਾਂ ਸਿੰਘ ਜੀ (ਸਾਬਕਾ ਸੰਪਾਦਿਕ, ਖਾਲਸਾ ਸਮਾਚਾਰ) ਨੇ ਲਿਖਿਆ ਹੈ ਕਿ ".....(ਭਾਈ ਸਾਹਿਬ ਜੀ ਨੇ) ਉਨ੍ਹਾਂ ਦਿਨਾਂ ਵਿਚ.....(ਖਾਲਸਾ ਸਮਾਚਾਰ)ਦੇ ਜੋ ਸੰਪਾਦਕੀ ਲੇਖ ਲਿਖੇ ਸਨ ਓਹ ਕੌਮ ਵਿਚ ਨਵੀਂ ਰੂਹ ਫੂਕਣ ਵਾਲੇ ਸਨ ਤੇ ਉਨ੍ਹਾਂ ਲੇਖਾਂ ਦਾ ਇਹ ਅਸਰ ਕੌਮ ਨੇ ਪ੍ਰਤੱਖ ਵੇਖ ਲਿਆ।.... ਇਹ ਵੀਚਾਰ ਹੋਈ ਕਿ....ਓਹ ਲੇਖ ਜਿਨ੍ਹਾਂ ਦਾ ਸਦਕਾ ਕੌਮ ਵਿਚ ਫ਼ਖ਼ਰ ਯੋਗ ਜਾਗ੍ਰਿਤੀ ਆਈ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰਨੇ ਚਾਹੀਦੇ ਹਨ, ਤਾਂ ਕਿ ਅੱਜ ਦੀ ਕੌਮੀ ਪਨੀਰੀ ਬੀ ਉਨ੍ਹਾਂ ਰੂਹ ਫੂਕਣ ਵਾਲੇ ਲੇਖਾਂ ਤੋਂ ਲਾਭ ਉਠਾ ਸਕੇ। (ਕਿਉਂਕਿ).....ਏਹ ਲੇਖ ਇਕ ਵਕਤੀ ਲੇਖ ਨਹੀਂ ਹਨ, ਸਦੈਵੀ ਹਨ, ਅਮਰ ਹਨ ਤੇ ਇਨ੍ਹਾਂ ਦੀ ਲੋੜ ਜਿੰਨੀ ਤਦੋਂ ਸੀ ਅੱਜ ਉਸਤੋਂ ਘਟ ਨਹੀਂ, ਸਗੋਂ ਵਧੇਰੇ ਹੈ ਤੇ ਆਉਣ ਵਾਲੇ ਸਮੇਂ ਵਿਚ ਬੀ ਸਦਾ ਬਣੀ ਰਹੇਗੀ....."

ਇਸ ਸਿਲਸਲੇ ਦਾ ਪਹਿਲਾ ਭਾਗ 26-11-1967 ਨੂੰ ਛਪਿਆ ਸੀ ਤੇ ਹੁਣ ਤਕ ਉਸਦੇ ਸੱਤ ਐਡੀਸ਼ਨ ਛਪਕੇ ਸੰਗਤਾਂ ਵਿਚ ਪਹੁੰਚ ਚੁਕੇ ਹਨ। ਇਹ ਹਥਲੀ ਪੁਸਤਕ ਓਸੇ ਸਿਲਸਲੇ ਦਾ ਦੂਸਰਾ ਭਾਗ ਹੈ ਇਸ ਵਿਚ ਕੁਛ ਲੇਖ ਵਡੀਆਂ ਪੁਸਤਕਾਂ ਜਿਸ ਤਰ੍ਹਾਂ ਕਿ ਗੁਰੂ ਨਾਨਕ ਚਮਤਕਾਰ ਤੇ ਕਲਗੀਧਰ ਚਮਤਕਾਰ ਆਦਿ ਵਿਚੋਂ ਵੀ ਲਏ ਗਏ ਹਨ। ਤੇ ਤੀਸਰਾ ਭਾਗ ਵੀ ਜਲਦੀ ਛਪਾਈ ਦਾ ਪੁਸ਼ਾਕਾ ਪਹਿਨ ਕੇ ਪਾਠਕਾਂ ਤਕ ਪਹੁੰਚ ਜਾਇਗਾ।

ਆਸ਼ਾ ਹੈ ਸਾਡਾ ਇਹ ਨਿਮਾਣਾ ਜਿਹਾ ਉਦਮ ਪਾਠਕਾਂ ਨੂੰ ਪਸੰਦ ਆਇਗਾ। ਕੋਈ ਤ੍ਰੁਟੀ ਰਹਿ ਗਈ ਹੋਵੇ ਤਾਂ ਸਾਨੂੰ ਜ਼ਰੂਰ ਲਿੱਖ ਭੇਜਨਾ। ਅਸੀਂ ਧੰਨਵਾਦੀ ਹੋਵਾਂਗੇ ਤੇ ਸੁਧਾਈ ਦਾ ਯਤਨ ਕਰਾਂਗੇ।

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ-110 001


www.sikhbookclub.com

# ਸੂਚੀ ਪਤਰ

1. ਕੇਸ ਕਿਉਂ ਜ਼ਰੂਰੀ ਹਨ? ........ 1
2. ਕੀਰਤਨ ........ 14
3. ਕਰਮ ........ 16
4. ਗੁਰਮਤਿ ਵਿਚ ਸੰਨਿਆਸ, ਜੋਗ ਆਦਿ ........ 20
5. ਰਾਗ ........ 30
6. ਸੁੰਦਰਤਾ ........ 37
7. ਇਕਾਂਤ ਤੇ ਇਕੱਲ ........ 44
8. ਦ੍ਰਿਸ਼ਟੀ ਤੇ ਅਭਿਆਸ ........ 51
9. ਮਨ-1 ........ 60
10. ਮਨ-2 ........ 66
11. ਸਹਜਿ-1 ........ 72
12. ਸਹਿਜ-2 ........ 79
13. ਪ੍ਰਾਰਥਨਾ ........ 86
14. ਸਚਾ ਰਾਹ ........ 93
15. ਕੌਮੀ ਜੀਵਨ ........ 101
16. ਦਇਆ, ਧਰਮ ਦੀ ਨਗਰੀ ........ 106
17. ਮਜ਼ਹਬ ........ 113
18. ਸਿੱਖ ਮਜ਼ਹਬ ਦਾ ਬਚਾਓ ........ 120
19. ਮਜ਼ਹਬ-ਗਿਰਾ ਤੇ ਬਚਾਓ ........ 126
20. ਕੀ ਧਰਮ ਭਾਵ ਨਿਤਾਣਪੁਣਾ ਹੈ? ........ 132

 www.sikhbookclub.com

21. ਸਿੱਖ ਦਾ ਨਿੱਤ ਕਰਮ-1 ........................................ 141
22. ਸਿੱਖ ਦਾ ਨਿੱਤ ਕਰਮ-2 ........................................ 148
23. ਸਾਡੀ ਸਿਥਲਤਾ ਦਾ ਕਾਰਨ ........................................ 156
24. ਏਕਤਾ ........................................ 160
25. ਵਿਰਸਾ ਤੇ ਵਿਕਾਸ ........................................ 163
26. ਗੁਰਬਾਣੀ ਦਾ ਸੰਦੇਸ਼ ........................................ 167
27. ਗੁਰੂ ਨਾਨਕ ਦੇਵ ਦੇ ਚਰਨਾਂ ਦਾ ਫ਼ਕੀਰ ........................................ 172
28. ਗੁਰਮੁਖ ਪੱਤ੍ਰ (ਈਰਖਾ) ........................................ 176
29. ਗੁਰਮੁਖ ਪੱਤ੍ਰ (ਜੀਉਂਦਾ ਆਤਮ ਜੀਵਨ) ........................................ 180
30. ਸਦਾਚਾਰ ........................................ 186
31. ਸਾਊਪੁਣਾ ........................................ 192
32. ਗੁਰਮੁਖ ਪੱਤ੍ਰ (ਗੁਰੂ ਨਾਨਕ ਪ੍ਰੇਮ) ........................................ 198
33. ਨਾਮ ਬਿਹੂਨ ਜੀਵਨ ਕਉਨ ਕਾਮ? ........................................ 202
34. ਉਦਮ ਕਰਤ ਆਨਦੁ ਭਇਆ ........................................ 209

 www.sikhbookclub.com

# 1. ਕੇਸ ਕਿਉਂ ਜ਼ਰੂਰੀ ਹਨ?

ਸੂਚਨਾ:- ਇਹ ਲੇਖ ਕਲਗੀਧਰ ਚਮਤਕਾਰ (ਉਤ੍ਰਾਰਧ) ਦੇ 84ਵੇਂ ਅਧਿਆਏ "ਇਬ੍ਰਾਹੀਮ ਅਜਮੇਰ ਸਿੰਘ" ਵਿਚੋਂ ਲਿਆ ਹੈ। ਇਕ ਸਯਦ (ਇਬਰਾਹੀਮ) ਤੇ ਇਕ ਸਿਪਾਹੀ* ਦੋ ਬਾਲਸਖਾਈ ਮਿਤ੍ਰ ਹਨ। ਦੋਨਾਂ ਨੂੰ ਪ੍ਰਮਾਰਥ ਦਾ ਸ਼ੋਕ ਹੈ। ਸਿਪਾਹੀ ਸ੍ਰੀ ਕਲਗੀਧਰ ਜੀ ਦਾ ਬਾਡੀ ਗਾਰਡ (Body gaurd) ਹੈ। ਇਸ ਵਾਸਤੇ ਉਸਨੂੰ ਸਾਰੇ ਸਿਪਾਹੀ ਕਹਿੰਦੇ ਹਨ। ਸਿਪਾਹੀ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਿਆ ਹੈ। ਅੱਜ ਉਹ ਆਪਣੇ ਮਿਤ੍ਰ ਸਯਦ ਨੂੰ ਮਿਲਨ ਆਯਾ ਹੈ। ਗਲ ਬਾਤ ਕਰਦਿਆਂ ਸਯਦ ਸਾਹਿਬ ਨੇ ਸੂੰਘ ਲਿਆ ਕਿ ਸਿਪਾਹੀ ਦੇ ਔਰ-ਤੌਰ ਬਦਲੇ ਹੋਏ ਹਨ, ਵਾਕ ਸੁਹਾਗਣਾਂ ਵਰਗੇ ਹੋ ਗਏ ਹਨ ਤਾਂ ਕਾਰਨ ਪੁਛਦਾ ਹੈ..........

-ਸੰਪਾਦਕ

ਸਿਪਾਹੀ— ਦੱਸਾਂ ਹੀ ਦੱਸਾਂ, ਪਰ ਕੀ ਦੱਸਾਂ? ਹੱਛਾ ਦੱਸਾਂ? ਸੱਜਣ ਜੀ! ਮੈਂ ਸਿਖ ਹੋ ਗਿਆ ਹਾਂ।

ਸੱਯਦ— ਇਹ ਫੇਰ ਬੁਝਾਰਤ ਹੈ।

ਸਿਪਾਹੀ— ਇਹੋ ਤਾਂ ਮੈਂ ਆਖਦਾ ਹਾਂ।

---

* ਸਿਪਾਹੀ ਮੁਸਲਮਾਨ ਸੀ, ਨੌਕਰੀ ਵਾਸਤੇ ਕਲਗੀਧਰ ਜੀ ਦੀ ਫੌਜ ਵਿਚ ਭਰਤੀ ਹੋ ਗਿਆ। ਕਿਸੇ ਸੁਭਾਗੀ ਘੜੀ ਨਜ਼ਰ-ਏ-ਰਹਿਮਤ ਪੈ ਗਈ ਤੇ ਸਿੰਘ ਸੱਜ ਗਿਆ। ਨਵਾਂ ਨਾਮ ਅਜਮੇਰ ਸਿੰਘ ਰਖਿਆ -ਸੰਪਾਦਕ

ਸੱਯਦ— ਹੱਛਾ ਬਈ ਨਾ ਦੱਸ। ਇਹ ਤਾਂ ਅਸਾਂ ਬੀ ਬੁੱਝ ਲਿਆ ਹੈ ਕਿ:-

ਤੂੰ ਪਾਇਆ ਹੈ ਤੂੰ ਪਾਇਆ ਹੈ
ਪਰ ਸਾਥੋਂ ਖ਼ੂਬ ਛਿਪਾਇਆ ਹੈ।

ਚਲੋ ਤੇਰੇ ਹੀ ਦਰਸ਼ਨ ਮੇਲੇ ਕਰਿਆ ਕਰਾਂਗੇ, ਤੇਰੇ ਵਿੱਚੋਂ ਹੀ ਖੁਸ਼ਬੋ ਲੈਕੇ ਖੀਵੇ ਹੋ ਰਿਹਾ ਕਰਾਂਗੇ। ਸਾਨੂੰ ਬੀ ਇਕ ਲਪਟ ਦਾ ਹੀ ਚਸਕਾ ਹੈ। ਫੁੱਲਾਂ ਵਿਚੋਂ ਆ ਗਈ ਤਾਂ ਕੀਹ, ਜੇ ਫੁਲੇਰੇ ਕੋਲੋਂ ਆ ਗਈ ਤਾਂ ਕੀਹ। ਅਸਾਂ ਲਪਟ ਲੈਣੀ ਹੈ, ਅਤਰ ਨਹੀਂ ਕੱਢਣੇ, ਅਤਰਾਂ ਦੀ ਰਸਾਇਣ ਨਹੀਂ ਲੱਭਣੀ। ਅਸਾਂ ਸਮੁੰਦਰ ਅੱਪੜਨਾ ਹੈ, ਸਿੱਧੇ ਅੱਪੜ ਗਏ ਤਾਂ ਕੀਹ ਜੇ ਕਿਸੇ ਕੂਲ, ਨਾਲੇ, ਨਦੀ, ਦਰਯਾ ਨਾਲ ਰਲਕੇ ਜਾ ਮਿਲੇ ਤਾਂ ਕੀਹ?

ਸਿਪਾਹੀ— ਪਰ ਬਈ ਖੁਸ਼ਬੋ ਕਿਸੇ ਦੇ ਕੈਦ ਦੀ ਨਹੀਂ।

ਸੱਯਦ— ਸਾਨੂੰ ਜੇ ਘਰ ਬੈਠਿਆਂ ਆਵੇ ਤਾਂ। ਅੱਜ ਤੂੰ ਨਹੀਂ ਆਇਆ ਤਾਂ ਸੱਦ ਘੱਲਿਆ ਹੈ। ਕੱਲ੍ਹ ਤੋਂ ਹੁਣ ਤੇਰੇ ਦਰਸ਼ਨ ਨੂੰ ਆਪ ਚੱਲਿਆ ਕਰਾਂਗੇ। ਤੂੰ ਖੇਚਲ ਨਾ ਕਰੀਂ, ਲੋਕ ਲਾਜ ਦੇ ਸਿਰ ਪਾਨੇ ਹਾਂ ਹੁਣ ਖੇਹ। ਜੋ ਕਹਿਣਗੇ ਲੋਕੀਂ ਸੋ ਪਏ ਕਹਿਣ, ਹਾਂ ਪਏ ਕਹਿਣ।

ਸਿਪਾਹੀ (ਹੱਸਕੇ)— ਐਉਂ ਨਾ ਬਈ।

ਸੱਯਦ— ਤੇ ਹੋਰ ਕਿਸ ਤਰ੍ਹਾਂ?

ਸਿਪਾਹੀ— ਦੋਵੇਂ ਹੋਏ ਨਾ ਯਾਰ, ਦੋਵੇਂ ਹੋਈਏ ਸੰਗੀ, ਸਤਿਸੰਗੀ।

ਸੱਯਦ— ਫੇਰ ਫੜ ਬਾਂਹ।

ਸਿਪਾਹੀ— ਮੈਂ ਸਿੱਖ ਹੋਇਆ ਹਾਂ, ਤੂੰ ਬੀ ਸਿੱਖ ਹੋ। ਫੜਾ ਬਾਂਹ, ਜਿਸ ਨੇ ਮੇਰੀ ਫੜੀ ਹੈ, ਉਸ ਨੂੰ।

ਸੱਯਦ— ਤੂੰ ਫੜਕੇ ਫੜਾ ਦੇਹ, ਚੱਲ।

ਸਿਪਾਹੀ— ਚੱਲ, ਨਹੀਂ ਬਈ 'ਸੰਸੇ ਦੀ ਨਦੀ' ਤਰ ਲੈ ਨਾਂ ਪਹਿਲੇ।

ਸੱਯਦ— ਤਰਾ ਲੈ। ਦੱਸ ਕਿਵੇਂ ਤਰਾਂ?

ਸਿਪਾਹੀ— ਮੈਂ ਸਿਖ ਹੋਇਆ ਹਾਂ। ਕੇਸ ਰਖੇ ਹਨ, ਅੰਮ੍ਰਿਤ ਛਕਿਆ ਹੈ, ਤੂੰ ਤਿਆਰ ਹੈਂ?

ਸੱਯਦ— ਮੇਰੀ ਅੰਦਰਲੀ ਲੱਗੀ ਨੂੰ ਠੰਢ ਪਾ। ਕੋਈ ਸ੍ਵਾਂਤ ਬੂੰਦ ਦੇਕੇ ਪਾ, ਕੇਸ ਰਖਾ, ਅੰਮ੍ਰਤ ਛਕਾ।

ਸਿਪਾਹੀ— ਬਈ ਠੰਢ ਤਾਂ ਪੈ ਜਾਊ, ਪਰ ਫੇਰ ਰਹੁ ਰੀਤਾਂ?

ਸਯਦ— ਜਿਸਦੇ ਆਖੇ ਠੰਢ ਪਊ, ਜਿਸਦੇ ਮੇਲਿਆਂ ਮਨ ਠਰੂ, ਉਸਦੇ ਸਾਰੇ ਕਹਿਣੇ ਮੁੱਲ ਵਾਲੇ ਤੇ ਮੰਨਣੇ। ਉਹ ਰਹਿਬਰ ਰਸਤੇ ਦਾ, ਭੁੱਲ ਉਥੇ ਕਿਥੇ? ਉਹ ਜੋ ਆਖੇ ਉਹ ਮਿਰਯਾਦਾ, ਇਹ ਤਾਂ ਰਾਹ ਹੀ ਇਸ਼ਕ ਦਾ ਹੋਇਆ, ਚੂੰਚਰਾਂ ਕਾਹਦੀ?

ਸਿਪਾਹੀ— ਮੈਂ ਤਾਂ ਅੜੀ ਕੀਤੀ ਸੀ।

ਸੱਯਦ— ਸਾਰੀ ਗਲ ਸੁਣਾਂ ਨਾ ਬਈ।

ਸਿਪਾਹੀ— ਸੁਣੋਂ! ਮੈਨੂੰ ਪਿੰਡ ਦੇ ਗੱਭਰੂਆਂ ਕਿਹਾ: ਚਲ ਬਈ ਤੂੰ ਬਣ ਸਾਡਾ ਤੁੰਮਣਦਾਰ ਤੇ ਸਾਰੇ ਹੋਈਏ ਕੱਠੇ ਤੇ ਤੁੰਮਣ ਬੰਨ੍ਹਕੇ ਚੱਲੀਏ। ਇਕ ਜੋਧਾ ਆਇਆ ਹੈ, ਸਿਪਾਹੀ ਰਖਦਾ ਹੈ, ਤਲਬਾਂ ਢੇਰ ਦੇਂਦਾ ਹੈ, ਚਲ ਉਸਦੇ ਕੋਲ ਭਰਤੀ ਹੋ ਚਲੀਏ। ਸਾਰੇ ਘਰੀਂ ਬੈਠੇ ਕੀ ਕਰਦੇ ਹਾਂ? ਤੇਰੇ ਆਸਰੇ ਚਾਰ ਪੈਸੇ ਲੈ ਆਵਾਂਗੇ ਤੇ ਜੇ ਕੋਈ ਨਹੁੰ ਅੜ ਗਿਆ, ਤੇਰੀ ਰਾਜ ਸਰਦਾਰੀ ਬਣ ਜਾਊ ਤਾਂ ਅਸੀਂ ਤੇਰੇ ਮੁਸਾਹਿਬ ਹੁਦੇਦਾਰ ਬਣਕੇ ਬੁੱਲੇ ਲੁਟਾਂਗੇ। ਲਓ ਸਾਈਂ ਜੀ! ਜਾਂ ਅਸੀਂ ਗਏ ਖਿਦਰਾਣੇ ਤੋਂ ਉੱਪਰ ਵਾਰ ਤਾਂ ਉਹ ਜੋਧਾ ਕੌਣ ਸੀ?

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ**!

ਸਾਡੇ ਸਾਰੇ ਲੋਕਾਂ ਦਾ ਗੁਰੂ, ਕਿਸੇ ਦਾ ਸੁਣਿਆਂ, ਕਿਸੇ ਦਾ ਮੰਨਿਆਂ, ਬਹੁਤਿਆਂ ਦਾ ਆਪ ਧਾਰਿਆ। ਅਨੰਦਪੁਰ ਤਾਂ ਵਰ੍ਹਾ ਦਿਨ ਵੈਰੀ ਦੇ ਦੰਦ ਭੰਨਕੇ ਸਾਥੀਆਂ ਦੇ ਦਿਲ ਛਡਣ ਕਰਕੇ ਛਡ ਆਇਆ ਸੀ, ਫੇਰ ਚਮਕੌਰ ਉਹ ਤੇਗ ਮਾਰੀ ਸੂ ਕਿ ਦੁਨੀਆਂ ਵਾਰਾਂ ਗਾਊ। ਫੇਰ ਏਥੇ ਆਕੇ ਵਜ਼ੀਰੇ ਦੇ ਉਹ ਦੰਦ ਭੰਨੇ ਸੂ ਕਿ ਗਲੂਰੇ ਵਾਂਙੂ ਚਊਂ ਚਊਂ ਕਰਦਾ ਮੁੜ ਗਿਆ ਹੈ। ਅਸੀਂ ਜਾਕੇ ਕੀ ਡਿਠਾ ਕਿ ਉਹ ਤਾਂ ਸਾਡਾ ਗੁਰੂ ਹੈ ਤੇ ਅਸੀਂ ਗੁਰੂ ਦੇ ਘਰ ਭਰਤੀ ਹੋ ਗਏ ਹਾਂ। ਖਾਣ ਪੀਣ ਨੂੰ ਖੁਲ੍ਹਾ ਮਿਲੇ, ਪਰ ਤਲਬਾਂ ਖੇਚਲ ਨਾਲ। ਖ਼ੈਰ ਮਤਲਬ ਦੀ ਗਲ ਇਹ ਹੈ ਕਿ ਮੈਨੂੰ ਤਾਂ ਦਰਸ਼ਨ ਕਰਦਿਆਂ ਕੁਛ ਹੋ ਗਿਆ ਸੀ, ਜੋ ਠਰਕ ਮੁੱਢ ਦਾ ਅੰਦਰ ਸੀ ਉਹ ਪੁੱਗ ਆਇਆ। ਜਿਉਂ ਜਿਉਂ ਸੇਵਾ ਕੀਤੀ ਮੇਰਾ ਚਾਉ ਤੇ ਖਿੱਚ ਵਧਦੀ ਗਈ, ਤਲਬ ਤੇ ਸਰਦਾਰੀਆਂ ਦੇ 'ਸੁਪਨੇ' ਸੁਪਨੇ ਹੋ ਗਏ। ਟੁੱਟਕੇ ਸੇਵਾ ਵਿਚ

ਚਾਉ, ਪਿਆਰ ਤੇ ਦਰਸ਼ਨਾਂ ਵਿਚ ਸਿੱਕ ਤੇ ਪ੍ਰੇਮ ਭਾਉ ਵਸ ਗਿਆ। ਪਹਿਲਾ ਅਸਰ ਇਹ ਹੋਇਆ ਕਿ ਜਗਤ ਦਾ ਮੋਹ ਟੁੱਟ ਗਿਆ, ਦੂਜਾ ਅਸਰ ਆਪੇ ਦਾ ਮੋਹ ਮਾਤ ਪੈ ਗਿਆ, ਤੇ ਕੁਛ ਹੋ ਗਿਆ। ਕੀ ਹੋ ਗਿਆ? ਕੁਝ ਆਪਾ ਸੁਆਦ ਵਿਚ, ਉਚਜਾਣ ਵਿਚ, ਕਿਸੇ ਲਗਨ ਵਿਚ, ਖ਼ਬਰੇ ਕਿਸ ਵਿਚ ਉਹ ਮੇਰੇ ਆਪਣੇ ਲਈ ਬੁਝਾਰਤ ਹੈ, ਆਪਾ ਕਿਸੇ ਹੋਰਵੇਂ ਡੌਲ ਵਿਚ ਹੋ ਗਿਆ ਜੋ ਕਹੀ ਨਹੀਂ ਜਾਂਦੀ।

ਅੰਤ ਸਾਰਾ ਜਥਾ ਸਤਿਗੁਰੂ ਦੇ ਸਾਹਮਣੇ ਹੋ ਗਿਆ ਮਾਇਆ ਬਦਲੇ। ਓਹ ਪਾਤਸ਼ਾਹ ਹਨ ਦੀਨ ਦੁਨੀ ਦੇ, ਪਰ ਚੋਜੀ ਹਨ, ਮਾਇਆ ਆਉਂਦੀ ਹੈ ਲੁਟਾ ਦੇਂਦੇ ਹਨ, ਨਹੀਂ ਆਉਂਦੀ ਤਾਂ ਕੜਾਕੇ ਵਿਚ ਖੁਸ਼ ਰਹਿੰਦੇ ਹਨ। ਜਥੇ ਨੇ ਤਾਂ ਵਿਗਾੜੀ, ਪਰ ਮੇਰੇ ਅੰਦਰ ਆਪ ਹੋ ਬੈਠਾ, ਮੈਂ ਆਖਿਆ ਸਿਖੀ ਦਾਨ ਕਰ, ਅਪਨਾ ਲੈ ਮੈਨੂੰ, ਦੇਹ ਨਾ ਕੁਛ, ਮੈਨੂੰ ਲੈ ਲੈ, ਮੇਰੀ ਸੇਵਾ ਨਾ ਖਰੀਦ, ਮੈਨੂੰ ਖਰੀਦ ਲੈ। ਇਹ ਸੁਣਕੇ ਹੱਸ ਪਏ ਤੇ ਕਹਿਣ ਲਗੇ, 'ਨਿਹਾਲ!' ਉਨ੍ਹਾਂ ਦਾ 'ਨਿਹਾਲ' ਕਹਿਣਾ ਸੀ ਕਿ ਮੇਰੇ ਲੂੰ ਲੂੰ ਵਿਚ ਝਰਨਾਟ ਛਿੜੀ ਇਕ ਝੂਟਾ ਆਇਆ, ਅਖ ਤੇ ਹੋਵੇ ਫੋਲਾ ਤੇ ਉਹ ਤ੍ਰੁਟਕੇ ਢੈ ਪਏ ਤੇ ਦਿੱਸ ਪਵੇ ਸੰਸਾਰ ਐਉਂ ਮੈਨੂੰ ਹੋਇਆ। ਕੋਈ ਅਕਹਿ ਸੁਆਦ ਦਿਸ ਪਿਆ, ਬਸ! ਮੈਂ ਕੀ ਕਹਾਂ?

ਫੇਰ ਹੁਕਮ ਹੋਇਆ ਅੰਮ੍ਰਿਤ ਛਕ।

ਮੈਨੂੰ ਫੇਰ ਨੀਚਤਾ ਫੁਰੀ, ਮੈਂ ਕਿਹਾ ਪਾਤਸ਼ਾਹ!

ਮੈਨੂੰ ਕੁਛ ਹੋਰ ਛਕਾਓ।

ਹੁਕਮ ਹੋਇਆ ਕੇਸ ਰਖ, ਅੰਮ੍ਰਿਤ ਛਕ।

ਮੈਨੂੰ ਫੇਰ ਨੀਚਤਾ ਫੁਰੀ ਤੇ ਫੇਰ ਮੋੜ ਕੀਤਾ ਆਖਿਆ: ਪਾਤਸ਼ਾਹ! ਕੇਸਾਂ ਨਾਲ ਕੀ ਕਰੋਗੇ? ਹੱਸ ਪਏ ਤੇ ਚੋਜੀ ਕਹਿਣ ਲਗੇ ਨਾਰਕੀ! ਓ ਨਾਰਕੀ! ਨਰਕ ਵਿਚੋਂ ਤੈਨੂੰ ਕੇਸਾਂ ਨਾਲ ਫੜ ਕੇ ਧੂਹ ਕਢਾਂਗੇ? ਮੈਂ ਫੇਰ ਢੀਠਤਾ ਕੀਤੀ ਤੇ ਆਖਿਆ: ਪਾਤਸ਼ਾਹ! ਮੇਰੀ ਦਾੜ੍ਹੀ ਜੁ ਹੈ। ਹਸ ਪਏ ਤੇ ਕਹਿਣ ਲਗੇ:-ਅਸਾਂ ਉੱਪਰ ਨੂੰ ਲਿਜਾਣਾ ਹੈ*। ਮੈਂ ਕੀ ਸਮਝਾਂ ਕਿ ਕੀਹ ਪਏ ਲਖੌਂਦੇ ਹਨ। ਫੇਰ ਮੈਂ ਪੁੱਛਿਆ: ਜੀ ਕੇਸਾਂ ਦਾ ਗੁਣ? ਆਖਣ

---

* ਦਾੜ੍ਹੀ ਖਿਚੋ ਤਾਂ ਹੇਠਾਂ ਨੂੰ ਜਾਈਦਾ ਹੈ।

ਲਗੇ: ਮੇਰੀ ਖੁਸ਼ੀ। ਮੈਂ ਆਖਿਆ, ਜੀ ਮੇਰਾ ਲਾਭ? ਕਹਿਣ ਲਗੇ, ਤੇਰਾ ਲਾਭ ਮੇਰੀ ਖੁਸ਼ੀ। ਮੈਂ ਢੀਠ ਨੇ ਫੇਰ ਚੁੱਕ ਆਖਿਆ, ਜੀ ਹੋਰ ਕੋਈ? ਇਸ ਵੇਲੇ ਆਪ ਨੂੰ ਅਚਾਨਕ ਸੱਦ ਆ ਗਈ ਤੇ ਟੁਰ ਗਏ ਤੇ ਰਾਧਾ ਸਿੰਘ ਜੀ ਜੋ ਆਪ ਦੇ ਨਾਲ ਸਨ, ਮੇਰੇ ਪਾਸ ਬਹਿ ਗਏ। ਕਹਿਣ ਲਗੇ ਸੱਜਣਾਂ! ਰਬੀ ਰਜ਼ਾ ਵਿਚ ਕਿਉਂ ਦਖ਼ਲ? ਹਰਿ ਜਨ ਰਮਜ਼ ਦੇਂਦੇ ਹਨ, ਰਾਜ਼ ਨਹੀਂ ਦੇਂਦੇ। ਮੈਂ ਕਿਹਾ, ਹੇ ਤਾਰਿਆ! ਤਾਰ ਦੇ ਖਾਂ। ਉਹ ਬੋਲੇ: ਜੋ ਰਸ, ਜੋ ਆਤਮ ਰੰਗ ਤੈਨੂੰ ਚੜ੍ਹ ਰਿਹਾ ਹੈ ਇਸਦੀ ਰਾਖੀ ਕੇਸ ਹਨ। ਜਿਵੇਂ ਰੂੰ ਦੀ ਰਜ਼ਾਈ ਪਾਈ ਦੀ ਹੈ ਕਿ ਸ਼ਰੀਰ ਦੀ ਨਿੱਘ ਬਚੀ ਰਹੇ, ਜਿਸ ਤਰ੍ਹਾਂ ਗਰਮ ਆਸਣ ਰੋਟੀ ਤੇ ਪਾਈਦਾ ਹੈ ਕਿ ਇਸਦੀ ਗਰਮੀ ਛੇਤੀ ਨਾ ਉੱਡੇ, ਇਸੇ ਤਰ੍ਹਾਂ ਆਤਮ ਸ਼ਕਤੀ ਦੀ ਗੱਲ ਹੈ। ਜੋ ਅੰਦਰੋਂ ਆਤਮ ਸ਼ਕਤੀ ਉਦੈ ਹੁੰਦੀ ਹੈ, ਉਸਦਾ ਮੁੱਢ ਸਿਰ ਵਿਚ ਹੈ। ਸਾਰੇ ਸ਼ਰੀਰਕ ਤੇ ਮਾਨਸਿਕ ਬਲਾਂ ਦਾ ਕਾਰਖਾਨਾਂ ਸਿਰ ਵਿਚ ਹੈ। ਦਾਮਨਿਕ ਸ਼ਕਤੀਆਂ ਤੇ ਬਿਜਲੀਹਾਰ ਤ੍ਰਿੱਖੀਆਂ ਤਾਕਤਾਂ ਸ਼ਰੀਰ ਦੀਆਂ ਤੇ ਮਨ ਦੀਆਂ ਦਾ ਕੇਂਦਰ ਸਿਰ ਵਿਚ ਹੈ। ਸਾਰੇ ਸ਼ਰੀਰ ਦਾ ਕਾਬੂ ਸਿਰ ਵਿਚ ਹੈ। ਸਾਰੇ ਸ਼ਰੀਰ ਦੀ ਚਾਲ ਚੇਸ਼ਟਾ ਹਰਕਤ ਸਿਰ ਦੇ ਵਿਚ ਕਾਰਖਾਨਾ ਰਖਦੀ ਹੈ। ਸਾਰੀ ਪ੍ਰਤੀਤੀ, ਮਲੂਮੀ, ਪੀੜ, ਰਸ, ਸੁਆਦ ਦਾ ਸਿਰ ਵਿਚ ਇਕ ਤਰ੍ਹਾਂ ਦਾ ਅਪਣਾ ਪ੍ਰਬੰਧ ਰਖਦੀ ਹੈ। ਹੁਣ ਸਿਰ ਦੀਆਂ ਸਾਰੀਆਂ ਸੂਖਮ ਦਾਮਨਿਕ ਰੌਆਂ ਦਾ ਕੋਈ ਰਾਖਾ ਲੋੜੀਏ ਜੋ ਉਨ੍ਹਾਂ ਨੂੰ ਉੱਡਣ ਨਾ ਦੇਵੇ, ਜ਼ਾਇਲ ਨਾ ਹੋਣ ਦੇਵੇ। ਜਿਵੇਂ ਪਾਣੀ ਦਾ ਦੇਗਚਾ ਤੂੜੀ ਵਿਚ ਨੱਪਿਆਂ ਉਸਦੀ ਨਿੱਘ ਨੂੰ ਨਹੀਂ ਉੱਡਣ ਦੇਂਦਾ, ਤਿਵੇਂ ਸਿਰ ਵਿਚ ਪੈਦਾ ਹੋਈਆਂ ਦਾਮਨਿਕ ਸ਼ਕਤੀਆਂ ਨੂੰ ਕੇਸ ਉੱਡਣ ਨਹੀਂ ਦੇਂਦੇ। ਕੁਦਰਤ ਨੇ ਕੇਸ ਇਸ ਵਾਸਤੇ ਪੈਦਾ ਕੀਤੇ ਹਨ ਕਿ ਸਿਰ ਦੇ ਉੱਪਰ ਇਹ ਬਚਾਉ ਦਾ ਸਾਮਾਨ ਰਹੇ ਤੇ ਉਹ ਸਾਮਾਨ ਰੱਖਿਆ ਦਾ ਆਪੂੰ ਰਹੇ ਕਿ ਜੋ ਦਾਮਨਿਕ ਸ਼ਕਤੀ ਨੂੰ ਜ਼ਾਇਲ ਨਾ ਹੋਣ ਦੇਵੇ, ਵਿਅਰਥ ਨਾ ਉੱਡਣ ਦੇਵੇ, ਤਾਕਿ ਮਨ ਦੇ ਅਧੀਨ ਸਾਰੀ ਦੀ ਸਾਰੀ ਤਾਕਤ ਜੋ ਦਿਮਾਗ਼ ਵਿਚੋਂ ਆਉਂਦੀ ਹੈ, ਕਾਇਮ ਰਹੇ ਤੇ ਮਾਨਸਿਕ ਕਮਜ਼ੋਰੀ ਨਾ ਪਵੇ। ਤੁਸਾਂ ਸੁਣਿਆਂ ਹੋਊ ਕਿ ਕੋਈ ਬੀਮਾਰ ਹੋਵੇ ਤਾਂ ਹਕੀਮ ਆਖਦੇ ਹਨ 'ਤਬੀਅਤ' ਬੀਮਾਰੀ ਨਾਲ ਲੜ ਰਹੀ ਹੈ ਤੇ ਆਖਦੇ ਹਨ, ਬੁਹਰਾਨ ਦਾ ਦਿਨ ਆਉਂਦਾ ਹੈ ਜਿਸ ਦਿਨ ਖਾਸ ਘੋਲ

ਹੁੰਦਾ ਹੈ ਤਬੀਅਤ ਤੇ ਬੀਮਾਰੀ ਦਾ; ਤਬੀਅਤ ਜਿਤ ਜਾਵੇ ਤਾਂ ਰੋਗ ਹਟ ਜਾਂਦਾ ਹੈ। ਮੈਨੂੰ ਦੱਸਿਆ ਗਿਆ ਕਿ ਇਹ ਜੋ ਤਬੀਅਤ ਦੀ ਤਾਕਤ ਹੈ, ਇਹ ਉਨ੍ਹਾਂ ਸੂਖਮ ਦਾਮਨਿਕ ਰੌਆਂ ਦੇ ਆਸਰੇ ਹੈ ਜੋ ਸਿਰ ਵਿਚ ਮਨ ਤੋਂ ਹੁੰਦੀਆਂ ਹਨ। ਉਨ੍ਹਾਂ ਦਾਮਨਿਕ ਤਾਕਤਾਂ ਦਾ ਸਾਂਭਣਾ, ਸੰਭਾਲਣਾ, ਜ਼ਾਇਆ ਹੋਣੋਂ ਰੋਕਣਾ ਜ਼ਰੂਰੀ ਹੈ ਤੇ ਕੁਦਰਤ ਨੇ ਉਸਦਾ ਆਪ ਉਪਰਾਲਾ ਕੀਤਾ ਹੈ ਜੋ ਉਸਦੇ ਰੱਖਜਕ ਕੇਸ ਉਪਜਾਏ ਹਨ। ਮਨ ਦੀਆਂ ਦਾਮਨਿਕ ਤਾਕਤਾਂ ਦੀ ਸੋਝੀ ਫਕੀਰਾਂ ਨੂੰ ਹੁੰਦੀ ਹੈ, ਸੋ ਤੁਸੀਂ ਦੇਖ ਲਓ ਕਿ ਰਾਮ, ਕ੍ਰਿਸ਼ਨ, ਬੁੱਧ; ਪੂਰਬ, ਪੱਛਮ, ਉੱਤਰ, ਦੱਖਣ ਤੇ ਸਭ ਸਮੇਂ ਦੇ ਅਵਤਾਰਾਂ, ਪੈਕੰਬਰਾਂ ਤੇ ਫਕੀਰਾਂ ਨੇ ਕੇਸ ਰੱਖੇ ਹਨ। ਓਨ੍ਹਾਂ ਨੂੰ ਪਤਾ ਹੈ ਕਿ ਕੁਦਰਤਨ ਪ੍ਰਾਪਤ ਤਾਕਤਾਂ ਤੇ ਫੇਰ ਸਾਡੇ ਸਾਧਨਾ ਯਾ ਉੱਪਰੋਂ ਮਿਹਰਾਂ ਨਾਲ ਸੂਖਮ ਦਾਮਨਿਕ ਤੇ ਮਿਕਨਾਤੀਸੀ ਕਿਸਮ ਦੀਆਂ ਵਧ ਗਈਆਂ ਸ਼ਕਤੀਆਂ ਸਿਰ ਦੇ ਅੰਦਰ ਜਨਮ ਰਖਦੀਆਂ ਹਨ। ਸਿਰ ਸਭ ਤਾਕਤਾਂ ਦਾ ਮਾਨੋਂ ਖਜ਼ਾਨਾ ਹੈ, ਸੋ ਉਸਦੇ ਉਦਾਲੇ ਰੱਖਿਆ ਦਾ ਸਾਮਾਨ-ਜੋ ਕਾਦਰ ਨੇ ਰਚਿਆ ਹੈ- ਰੱਖਣਾ ਚਾਹੀਏ ਤੇ ਉਸਦਾ ਪੂਰਨ ਲਾਭ ਉਠਾਉਣਾ ਚਾਹੀਏ, ਤਾਂਕਿ ਜੋ ਤਾਕਤ ਐਵੇਂ ਜ਼ਾਇਆ ਹੋਣੀ ਹੈ ਉਹ ਕਾਸਨੂੰ ਹੋਵੇ।

ਸੱਯਦ— ਹੈ ਠੀਕ! ਗੱਲ ਮੇਰੇ ਦਿਲ ਲੱਗੀ ਹੈ, ਮੇਰੇ ਸਾਈਂ ਲੋਕਾਂ ਦੇ ਬਾਉਰੀਆਂ ਹੋ ਗਈਆਂ ਸਨ, ਤਾਂ ਮੈਂ ਪੁੱਛਿਆ, ਹਜ਼ੂਰ! ਇਹ ਕੀ ਹੈ? ਤੇ ਕਿਉਂ ਲੰਮੇ ਕੀਤੇ ਹਨ ਇਹ ਕੇਸ? ਆਖਣ ਲੱਗੇ: "ਭੋਲਿਆ! ਸਰਵੀਆਂ ਥਾਵਾਂ ਤੇ ਹਰੇ ਹਰੇ ਆਪੇ ਓੱਗ ਤੇ ਉੱਚੇ ਹੋ ਆਉਂਦੇ ਹਨ"। ਮੈਂ ਤਦੋਂ ਨਾ ਸਮਝਿਆ, ਕੀ ਆਖਦੇ ਹਨ? ਅੱਜ ਸੋਝੀ ਆਈ ਕਿ ਸਿਰ ਸਰਵਾ ਥਾਂ ਹੈ। ਸਭ ਸੂਖਮ ਤਾਕਤਾਂ ਦਾ ਮੰਬਾ (ਮੁੰਢ) ਹੈ ਤੇ ਇੱਥੋਂ ਉਪਜੀਆਂ ਤਾਕਤਾਂ ਦੇ ਕਾਇਮ ਰਖਣ ਵਾਸਤੇ ਰੱਖਿਆ ਦੀ ਲੋੜ ਹੈ ਕਿ ਜੋ ਉਨ੍ਹਾਂ ਸ਼ਕਤੀਆਂ ਨੂੰ ਜ਼ਾਇਲ ਹੋਣੋਂ ਤੇ ਉੱਡਣੋਂ ਰੋਕੇ। ਬਹੁਤ ਖ਼ੂਬ! ਸਾਡੇ ਮੁਹੰਮਦ ਸਾਹਿਬ ਬੀ ਇਸ ਕਰਕੇ ਕੇਸਾਧਾਰੀ ਸਨ ਤੇ ਸੂਫ਼ੀ ਫ਼ਕੀਰ, ਜੋ ਜਜ਼ਬੇ ਤੇ ਕਣੀਆਂ ਵਾਲੇ ਦੇਖੇ ਸੁਣੇ ਹਨ, ਅਕਸਰ ਕੇਸਾਂ ਵਾਲੇ, ਬਾਉਰੀਆਂ ਵਾਲੇ ਹੋਏ ਹਨ। ਇਸ ਗੱਲ ਦੀ ਸੋਝੀ ਫ਼ਕੀਰਾਂ ਨੂੰ ਹੈ, ਆਮ ਲੋਕਾਂ ਨੂੰ ਨਹੀਂ।

ਸਿਪਾਹੀ— ਫੇਰ ਮੈਨੂੰ ਰਾਧਾ ਸਿੰਘ ਜੀ ਨੇ ਦੱਸਿਆ: ਜਿਵੇਂ ਗਰਮੀ ਤੇ ਨਿੱਘ ਹੈ, ਤਿਵੇਂ ਇਕ ਤਾਕਤ ਹੋਰ ਹੈ, ਬਿਜਲੀ ਯਾ ਉਸਦੀ ਇਕ

ਹੋਰ ਸ਼ਕਲ ਮਿਕਨਾਤੀਸ। ਉਹ ਜੋ ਬਿਜਲੀ ਬੱਦਲਾਂ ਵਿਚੋਂ ਕੂੰਦੀ ਹੈ ਉਹ ਸਾਰੇ ਦਰਖ਼ਤ ਮਨੁਖਾਂ ਪਸ਼ੂ ਪੰਛੀਆਂ ਵਿਚ ਵਸਦੀ ਹੈ ਤੇ ਉਹ ਜੇ ਕਿਤੇ ਪ੍ਰਗਟੇ ਤਾਂ ਤੁਰਤ ਜ਼ਾਇਲ ਹੋ ਜਾਂਦੀ ਹੈ। ਉਸ ਸੱਤਿਆ ਦੇ ਕਈ ਰੱਖਜਕ ਸਾਮਾਨ ਹਨ, ਜਿਨ੍ਹਾਂ ਵਿਚੋਂ ਜ਼ਾਇਲ ਨਹੀਂ ਹੁੰਦੀ, ਜੈਸੇ ਕੇਸ। ਫਿਰ ਕਹਿਣ ਲਗੇ ਕਿ ਉਸ ਤੋਂ ਬੀ ਸੂਖਮ ਤਾਕਤਾਂ ਇਸ ਪ੍ਰਕਾਰ ਦੀਆਂ ਸੀਸ ਵਿਚ ਹਨ ਤੇ ਉਨ੍ਹਾਂ ਨੂੰ ਅਸੀਂ ਦਾਮਨਿਕ ਕਰਕੇ ਕਿਹਾ ਹੈ। ਦਾਮਨਿਕ ਸ਼ਕਤੀਆਂ ਬੜੀਆਂ ਜ਼ਬਰਦਸਤ ਤਾਕਤਾਂ ਨੂੰ ਕਹਿੰਦੇ ਹਨ, ਜੋ ਬੜੇ ਥੋੜੇ ਚਿਰ ਵਿਚ ਬੜਾ ਭਾਰਾ ਕੰਮ ਕਰ ਸਕਦੀਆਂ ਹਨ ਤੇ ਓਹ ਹਨ ਅਰੂਪ ਰੂਪ ਜੇਹੀਆਂ ਤੇ ਓਹ ਸਭ ਸਾਡੀ ਇੱਛਾ ਸ਼ਕਤੀ ਦੇ ਅਧੀਨ ਹਨ, ਅਸੀਂ ਓਨ੍ਹਾਂ ਨੂੰ ਮਰਜ਼ੀ ਨਾਲ ਵਰਤ ਸਕਦੇ ਹਾਂ। ਸਿਰ ਹੈ ਓਨ੍ਹਾਂ ਦਾ ਜਨਮ ਅਸਥਾਨ, ਖਜ਼ਾਨਾ ਤੇ ਕਾਬੂ ਅਸਥਾਨ। ਸਿਰ ਦੇ ਉਦਾਲੇ ਕੇਸ ਉਨ੍ਹਾਂ ਤਾਕਤਾਂ ਨੂੰ ਆਪੇ ਉੱਡਦੇ ਰਹਿਣੋਂ ਤੇ ਜ਼ਾਇਲ ਹੁੰਦੇ ਰਹਿਣੋਂ ਰੋਕਦੇ ਹਨ।

ਹਾਂ, ਅਸੀਂ ਮਨ ਨੂੰ ਖਿੰਡਾਈ ਰਖਦੇ ਹਾਂ ਤੇ ਓਹ ਤਾਕਤਾਂ ਕਮਜ਼ੋਰ ਹੋ ਜਾਂਦੀਆਂ ਹਨ। ਅਸੀਂ ਜੋ ਕਾਮ ਕ੍ਰੋਧ ਆਦਿਕ ਵਿਕਾਰਾਂ ਵਿਚ ਲਗਦੇ ਹਾਂ ਤਾਂ ਬੀ ਓਹ ਤਾਕਤਾਂ ਘਟ ਜਾਂਦੀਆਂ ਹਨ। ਤ੍ਰਿਸ਼ਨਾਂ ਦੇ ਜਿਤਨੇ ਕੰਮ ਹਨ ਸਾਰੇ ਖਿੰਡਾਉਂਦੇ ਹਨ, ਖਿੰਡਿਆਂ ਓਹ ਬਲ ਘਟਦੇ ਹਨ ਤੇ ਮਨ ਨੂੰ ਕੱਠਿਆਂ ਕੀਤਿਆਂ ਓਹ ਵਧਦੇ ਹਨ। ਤੁਸਾਂ ਡਿੱਠਾ ਹੋਊ ਕਿ ਕ੍ਰੋਧ ਕਰਨ ਦੇ ਮਗਰੋਂ ਸਰੀਰ ਢਿੱਲਾ ਤੇ ਹਫ਼ਿਆ ਜੇਹਾ ਹੋ ਜਾਂਦਾ ਹੈ। ਇਸੇ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਾਰੇ ਅੰਦਰਲੀਆਂ ਤਾਕਤਾਂ ਨੂੰ ਥੋੜੇ ਚਿਰ ਵਿਚ ਵਰਤ ਸਿੱਟਦੇ ਹਨ ਤੇ ਉਨ੍ਹਾਂ ਜ਼ਬਰਦਸਤ ਤਾਕਤਾਂ ਦੇ ਘਟ ਜਾਣ ਨਾਲ ਸਰੀਰ ਬੀ ਸਿਥਲ ਹੋ ਜਾਂਦਾ ਹੈ। ਓਹੀ ਤਾਕਤਾਂ ਅੰਦਰ ਪ੍ਰਬਲ ਹੋਣ ਤਾਂ ਬੀਮਾਰੀਆਂ ਦੇ ਅਵੈਵ ਜਦ ਅੰਦਰ ਜਾਂਦੇ ਹਨ ਤਦ ਹਰਜ਼ ਨਹੀਂ ਪੁਚਾ ਸਕਦੇ, ਤੇ ਓਹ ਤਾਕਤਾਂ ਜਦ ਨਿਰਬਲ ਹੋਣ ਤਦ ਬੀਮਾਰੀ ਦੇ ਅਵੈਵ ਅੰਦਰ ਜਾ ਕੇ ਬਲ ਪਾ ਲੈਂਦੇ ਹਨ। ਸੋ ਸਰੀਰ ਅਰੋਗ ਰੱਖਣ ਲਈ, ਮਨ ਨੂੰ ਮਜ਼ਬੂਤ ਤੇ ਏਕਾਗ੍ਰ ਰੱਖਣ ਲਈ, ਮਨ ਦੇ ਵੱਸ ਵਿਚ ਸਾਰੀਆਂ ਅੰਦਰਲੀਆਂ ਦਾਮਨਿਕ ਤਾਕਤਾਂ ਰੱਖਣ ਲਈ ਜੋ ਜਦੋਂ ਲੋੜ ਪਵੇ ਜ਼ਬਰਦਸਤੀ ਨਾਲ ਵਰਤ ਸਕੇ, ਸਦਾ ਖਿੰਡਾਉ ਦੇ ਕੰਮਾਂ ਤੋਂ ਬਚਨਾਂ ਚਾਹੀਏ। ਐਸਾ ਕਰਨ ਨਾਲ ਤਾਕਤ ਅੰਦਰ ਰਹੇਗੀ ਤੇ ਆਪੇ ਤਾਕਤ ਦੇ ਜ਼ਾਇਲ

 www.sikhbookclub.com

ਹੁੰਦੇ ਰਹਿਣ ਨੂੰ ਰੋਕਣ ਵਾਸਤੇ ਤਾਕਤਾਂ ਦੇ ਉਪਜਾਊ ਮੰਬੇ ਅਰਥਾਤ ਸਿਰ ਨੂੰ ਸਦਾ ਐਸੇ ਸਾਮਾਨਾਂ ਨਾਲ ਕੱਜ ਰਖਣਾ ਚਾਹੀਏ, ਜਿਸ ਨਾਲ ਕਿ ਉਹ ਤਾਕਤ ਜ਼ਾਇਲ ਨਾ ਹੋਵੇ, ਅੰਦਰ ਹੀ ਕਾਇਮ ਰਹੇ। ਉਹ ਕੱਜਣ ਕੇਸ ਹਨ, ਕੇਸ ਉਨ੍ਹਾਂ ਨੂੰ ਉੱਡਣ ਨਹੀਂ ਦੇਂਦੇ, ਫੇਰ ਦਿਮਾਗ਼ ਦੇ ਸਾਰੇ ਰਸਤੇ ਖੁਲ੍ਹੇ ਤੇ ਸਾਫ ਬੀ ਰਖਦੇ ਹਨ। ਕੇਸ ਰੱਖੋ, ਕੇਸਾਂ ਨੂੰ ਸਦਾ ਸਾਫ ਰੱਖੋ, ਤੁਹਾਡੀਆਂ ਅੰਦਰਲੀਆਂ ਤਾਕਤਾਂ ਦਾਮਨਿਕ ਸ਼ਕਤੀਆਂ, ਸੂਖਮ ਰੌਆਂ ਹੀ ਕੈਮ ਰਹਿਣਗੀਆਂ ਜਦੋਂ ਤੁਸੀਂ ਭਜਨ ਕਰੋਗੇ, ਕੋਈ ਸਾਧਨ ਕਰੋਗੇ, ਜਿਨ੍ਹਾਂ ਨਾਲ ਮਨ ਇਕਾਗ੍ਰ ਹੁੰਦਾ ਹੈ, ਤਦ ਇਸਦੇ ਏਹ ਅਰਥ ਹਨ ਕਿ ਤੁਸੀਂ ਆਪਣੇ ਅੰਦਰ ਮਾਮੂਲੀ ਤੋਂ ਵੱਧ ਤਾਕਤਾਂ ਪੈਦਾ ਕਰ ਰਹੇ ਹੋ ਅਰ ਬਹੁਤ ਬਲਵਾਨ ਹੋ ਰਹੇ ਹੋ ਤੇ ਤੁਹਾਨੂੰ ਰਾਖੀ ਦੀ ਬਹੁਤ ਲੋੜ ਹੈ। ਜੇ ਤਦੋਂ ਸਿਰ ਪਰ ਕੇਸ ਹੋਣਗੇ ਤਾਂ ਤਾਕਤਾਂ ਦੀ ਰਾਖੀ ਹੋਵੇਗੀ ਤੇ ਤੁਹਾਨੂੰ ਅੰਦਰੋਂ ਸੋਝੀ ਤੇ ਪ੍ਰਤੀਤ ਹੋ ਆਵੇਗੀ ਕਿ ਠੀਕ ਕੇਸ ਉਨ੍ਹਾਂ ਤਾਕਤਾਂ ਦੇ ਰਾਖੇ ਹਨ ਅਰ ਇਨ੍ਹਾਂ ਦਾ ਰੱਖਣਾ ਲਾਭਦਾਇਕ ਹੀ ਨਹੀਂ ਅਤਿ ਆਵਸ਼ਜਕ ਹੈ ਤੇ ਐਸੀ ਲੋੜ ਹੈ ਕਿ ਜਿਸ ਦੀ ਬੇਪ੍ਰਵਾਹੀ ਕੀਤੀ ਹੀ ਨਹੀਂ ਜਾ ਸਕਦੀ। ਇਥੇ ਆ ਕੇ ਅੰਦਰੋਂ ਸੋਝੀ ਦੱਸਦੀ ਹੈ ਕਿ ਕੇਸ ਆਤਮ ਜੀਵਨ ਦਾ ਹਿੱਸਾ ਹਨ, ਉੱਚੇ ਰੂਹਾਨੀ ਧਰਮ ਦਾ ਇਕ ਅਸੂਲ ਹਨ। ਸਾਧਾਰਨ ਹਾਲਤ ਵਿਚ ਕੇਸ ਰਖੋਗੇ ਤਾਂ ਅੰਦਰਲੀਆਂ ਸਾਧਾਰਨ ਦਾਮਨਿਕ ਸ਼ਕਤੀਆਂ ਦੀ ਰਾਖੀ ਦੀ ਵਧੀਕ ਲੋੜ ਹੈ, ਕਿਉਂਕਿ ਜਿਤਨਾ ਵਧੀਕ ਤੁਸੀਂ ਬਲ ਸੰਭਾਲੋਗੇ ਉਂਨੇ ਘਟ ਬੀਮਾਰ ਹੋਵੋਗੇ ਤੇ ਜੇ ਬੀਮਾਰ ਹੋਵੋਗੇ ਤਾਂ ਛੇਤੀ ਵਲ ਹੋਵੋਗੇ, ਇਉਂ ਸਰੀਰ ਨੂੰ ਵੀ ਸੁਖ ਹੋਸੀ। ਸਾਡਾ ਮਨ ਬੀ ਐਉਂ ਹਾਵੀ ਵਧੀਕ ਰਹੇਗਾ ਤੇ ਦਬੇਲ ਘਟ ਹੋਵੇਗਾ। ਆਮ ਵਰਤਨ ਵਿਚ ਬੀ ਤੁਸੀਂ ਉੱਚੇ ਤੇ ਹਾਵੀ ਰਹੋਗੇ। ਸੋ ਆਤਮਾ, ਮਨ, ਸਰੀਰ ਸੁਭਾਵ ਸਾਰੇ ਸੁਖੀ ਰਹਿਣਗੇ।

ਸਯਦ— ਹੈ ਤਾਂ ਠੀਕ, ਰਾਧਾ ਸਿੰਘ ਜੀ ਦੀ ਗਲ ਦਿਲ ਲਗਦੀ ਹੈ, ਪਰ ਸੰਸਾਰ ਸਾਰਾ ਯਾ ਬਹੁਤਾ ਸਿਰ ਮਨਾਉਂਦਾ ਫਿਰਦਾ ਹੈ, ਫੇਰ ਇਸ ਹਿਸਾਬ ਸਾਰੇ ਮਾੜੇ ਹਨ?

ਸਿਪਾਹੀ— ਮੈਂ ਬੀ ਬੜਾ ਹੁੱਜਤੀ ਹਾਂ, ਕਿਹੜਾ ਛੇਤੀ ਨਾਲ ਮੰਨ ਜਾਣ ਵਾਲਾ ਹਾਂ ਚਾਰ ਅਖਰ ਬੀ ਢਿਡ ਵਿਚ ਹਨ, ਉਹ ਚੈਨ ਲੈਣ ਦੇਂਦੇ ਹਨ? ਸਾਈਂ ਜੀ! ਮੈਂ ਕਈ ਮਹੀਨੇ ਤੋਂ ਸਤਿਗੁਰਾਂ ਦੇ ਚਰਨਾਂ ਵਿਚ ਹਾਂ, ਉਨ੍ਹਾਂ

ਦੇ ਸਰੀਰ ਤੇ ਪਹਿਰੇਦਾਰ ਹਾਂ, ਇਸ ਲਈ ਹਰ ਗਲ ਦਾ ਅਵਸਰ ਸਤਿਸੰਗ ਦਾ ਸਮਾਂ ਮੈਨੂੰ ਲਭਦਾ ਰਿਹਾ ਹੈ। ਏਹ ਹੁੱਜਤਾਂ ਮੈਂ ਪੜ੍ਹ ਚੁਕਾ ਹਾਂ। ਜੋ ਸਤਿਸੰਗੀ ਮਿਤ੍ਰ ਨੇ ਮੈਨੂੰ ਉੱਤਰ ਦੇਕੇ ਮੇਰੀ ਨਿਸ਼ਾ ਕੀਤੀ ਸੋ ਦਸਦਾ ਹਾਂ। ਲਓ ਸੁਣੋ-ਪੜ੍ਹੇ ਹੋਏ ਦੀ ਅਕਲ ਸਦਾ ਲੋਕਾਂ ਵੱਲ ਜਾਂਦੀ ਹੈ, ਅਸੂਲ ਤੋਂ ਤ੍ਰਪਦੀ ਹੈ ਤੇ ਆਮ ਰੁਚੀ ਵਲ ਜਾ ਟਿਕਦੀ ਹੈ। ਆਮ ਲੋਕਾਂ ਨੂੰ ਮੈਂ ਨਾ ਮਾੜੇ ਕਿਹਾ ਹੈ ਨਾ ਚੰਗੇ। ਮੈਂ ਤਾਂ ਕੇਸਾਂ ਬਾਬਤ ਇਕ ਖਿਆਲ ਆਪ ਨੂੰ ਦਸਿਆ ਹੈ ਕਿ ਕੇਸੇ ਸੁਖਦਾਇਕ ਹਨ, ਜ਼ਰੂਰੀ ਹਿੱਸਾ ਸਰੀਰ ਤੇ ਮਨ ਦੀ ਤਾਕਤ ਦੀ ਰਖਿਆ ਦਾ ਹਨ ਜੋ ਆਪ ਕੁਦਰਤ ਨੇ ਯੋਗ ਥਾਂ ਤੇ ਪੈਦਾ ਕੀਤੇ ਹਨ। ਆਮ ਵਰਤਾਰੇ ਵਲ ਤੱਕੋਗੇ ਤਾਂ ਆਪ ਕੀ ਦੇਖੋਗੇ ਕਿ ਕਾਮ ਕ੍ਰੋਧ ਵਜਾਪ ਰਿਹਾ ਹੈ। ਲੋਕ ਜਾਣਦੇ ਹਨ ਕਿ ਸ਼ਰਾਬ ਜ਼ਹਿਰ ਹੈ, ਪਰ ਆਮ ਪੀਂਦੇ ਹਨ। ਲੋਕ ਜਾਣਦੇ ਹਨ ਕਿ ਕਾਮ ਕ੍ਰੋਧ ਕਾਯਾਂ ਨੂੰ ਗਾਲਦਾ ਹੈ, ਆਮ ਲੋਕ ਕਾਮੀ ਹਨ, ਕ੍ਰੋਧੀ ਹਨ, ਕਿੰਨੇ ਕੁ ਹਨ ਜੋ ਕਾਮ ਕ੍ਰੋਧ ਦੇ ਹਥੋਂ ਆਪਣੇ ਪੈਰੀਂ ਆਪ ਕੁਹਾੜਾ ਨਹੀਂ ਮਾਰ ਰਹੇ? ਆਮ ਲੋਕ ਜਾਣਦੇ ਹਨ ਕਿ ਬਹੁਤ ਖਾਣਾ ਉਮਰ ਘਟਾਉਂਦਾ ਹੈ, ਸ੍ਵਾਦੀਕ ਭੋਜਨ ਤੇ ਮਠਿਆਈਆਂ ਅੰਤ ਜ਼ਹਿਰ ਦਾ ਕੰਮ ਕਰਦੀਆਂ ਹਨ ਤੇ ਲੋੜੋਂ ਵਧ ਭੋਜਨ ਅੰਦਰ ਲੈ ਜਾ ਕੇ ਨਰੋਏ ਰਹਿਣ ਦੇ ਜੜ੍ਹੀਂ ਤੇਲ ਦੇਂਦੀਆਂ ਹਨ, ਪਰ ਆਮ ਲੋਕ ਇਹ ਭੁੱਲ ਕਰ ਰਹੇ ਹਨ। ਹਕੀਮ ਦਸਦੇ ਹਨ ਕਿ ਸੌ ਵਿਚੋਂ ਨੜਿੰਨਵੇਂ ਬੀਮਾਰ ਲੋੜ ਤੋਂ ਵਧ ਖਾਣ ਦੇ ਕਾਰਨ ਰੋਗੀ ਹੁੰਦੇ ਹਨ। ਹਕੀਮ ਦਸਦੇ ਹਨ ਕਿ ਅਫੀਮ ਖਾਣ ਵਾਲਾ, ਹੁੱਕਾ ਪੀਣ ਵਾਲਾ, ਭੰਗ ਉਡਾਣ ਵਾਲਾ ਆਪਣੀ ਕਬਰ ਆਪ ਪੁੱਟਦਾ ਹੈ। ਸਾਰੇ ਅਫੀਮੀ, ਹੁਕਈ, ਭੰਗੀ ਇਸ ਗਲ ਨੂੰ ਜਾਣਦੇ ਹਨ, ਪਰ ਸਾਰੇ ਵਰਤਦੇ ਹਨ, ਸਾਰੇ ਦੁਖ ਪਾਉਂਦੇ ਹਨ। ਇਕ ਦੁਖ ਪਾਉਂਦਾ ਹੈ ਦੂਜਾ ਵੇਖਦਾ ਹੈ, ਪਰ ਫੇਰ ਨਹੀਂ ਟਲਦਾ। ਫਲ ਕੀ ਹੈ? ਕਿ ਜਗਤ ਵਿਚ ਰੋਗ ਹੈ। ਆਮ ਲੋਕ ਆਪੋ ਆਪਣੇ ਟਿਕਾਣੇ ਵਿਚ ਥੋੜੀਆਂ ਬਹੁਤ ਅਹੁਰਾਂ (ਰੋਗ) ਵੇਖਦੇ ਹਨ, ਪਰ ਫੇਰ ਵੀ ਕੋਈ ਫਿਕਰ ਨਹੀਂ ਕਰ ਰਿਹਾ। ਕਥਾ ਸੁਣਦੇ ਹਨ ਕਿ ਸਾਡੇ ਵਡੇ ਭੀਮ ਵਰਗੇ ਕੱਦਾਵਰ ਤੇ ਬਲੀ ਹੁੰਦੇ ਸਨ। ਆਮ ਜਾਣਦੇ ਹਨ ਕਿ ਅਸੀਂ ਆਦਿ ਕਾਲ ਦੇ ਬਜ਼ੁਰਗਾਂ ਦੇ ਕੱਦ ਤੋਂ ਛੋਟੇ ਹੋ ਗਏ ਹਾਂ, ਪਰ ਸਾਰੇ ਉਹਨਾਂ ਵਰਗੇ ਜੀਵਨ ਬਸਰ ਨਹੀਂ ਕਰਦੇ। ਸੋ ਥਾਂ ਥਾਂ


www.sikhbookclub.com

ਬੀਮਾਰੀ ਹੈ, ਹਰ ਜੀ ਵਿਚ ਕਮਜ਼ੋਰੀ ਹੈ, ਮੌਤ ਸਭ ਦੀ ਉਰੇ ਆ ਗਈ ਹੈ। ਜਿਥੇ 100 ਬਰਸ ਆਮ ਉਮਰ ਹੁੰਦੀ ਸੀ ਉਥੇ ਸੌ ਵਰ੍ਹੇ ਦਾ ਬੁੱਢਾ ਕੋਈ ਦਿਸਦਾ ਹੈ। ਫੇਰ ਜੇ ਲੋਕਾਂ ਦੀ ਮਤ ਦਾ ਰੌ ਐਸਾ ਹੋ ਗਿਆ ਹੈ ਕਿ ਕਿਸੇ ਗਲ ਤੇ ਦੀਰਘ ਵਿਚਾਰ ਨਹੀਂ ਕਰਨੀ, ਜੀਵਨ ਨੂੰ ਕੋਈ ਪਲਟਾ ਦੇਕੇ ਉੱਤਮ ਤੇ ਨਰੋਆ ਨਹੀਂ ਬਨਾਉਣਾ, ਸੁਖ ਰਹਿਣੇ ਤੇ ਸੁਖ ਜੀਉੜੇ ਆਲਸੀ ਜੇਹੀ ਲਟਕ ਵਿਚ ਦਿਨ ਬਿਤਾਉਣੇ ਹਨ, ਤਾਂ ਕੀ ਇਹ ਵਤੀਰਾ ਅਸੂਲ ਬਣ ਜਾਵੇਗਾ? ਜੇ ਹਕੀਮ ਤੇ ਵੈਦ ਸ੍ਰੀਰ ਤੇ ਤਬੀਅਤ ਦੇ ਅਸੂਲਾਂ ਦਾ ਪ੍ਰਚਾਰ ਨਹੀਂ ਕਰਨਗੇ ਤਾਂ ਕੀਹ ਉਨ੍ਹਾਂ ਦੇ ਅਸੂਲ ਗ਼ਲਤ ਹੋ ਜਾਣਗੇ? ਕਦੇ ਨਹੀਂ! ਅਸੂਲ ਅਸੂਲ ਹਨ, ਉਹਨਾਂ ਦੀ ਦਰੁਸਤੀ ਅਜ਼ਲੀ ਹੈ, ਵਰਤਾਰੇ ਗ਼ਲਤੀ ਵਾਲੇ ਗ਼ਲਤ ਹਨ, ਚਾਹੇ ਉਹ ਆਮ ਪ੍ਰਵਿਰਤੀ ਪਾ ਜਾਣ। ਆਮ ਹੋ ਗਈ ਗ਼ਲਤੀ ਕਦੇ ਦਰੁਸਤੀ ਦੀ ਥਾਂ ਨਹੀਂ ਮੱਲ ਸਕਦੀ, ਕਦੇ ਉਹ ਠੀਕ ਨਹੀਂ ਹੋ ਸਕਦੀ। ਫੇਰ ਫਲ ਜੋ ਹੈ ਉਸ ਲਈ ਹਰ ਕੋਈ ਮਿਹਨਤ ਨਹੀਂ ਕਰਦਾ। ਇਕ ਆਦਮੀ ਅਫੀਮੀ ਹੈ, ਇਕ ਸੰਜਮ ਨਾਲ ਸਫਾ ਬੇ ਨਸ਼ਾ ਜੀਵਨ ਰਖਦਾ ਹੈ, ਦੋਵੇਂ ਕਹਿੰਦੇ ਹਨ ਅਸੀਂ ਠੀਕ ਹਾਂ, ਪਰ ਕੁਝ ਵਰ੍ਹੇ ਬਾਦ ਇਕ ਬੀਮਾਰ ਹੋ ਜਾਂਦਾ ਹੈ ਤੇ ਦੂਜਾ ਅਰੋਗ ਰਹਿੰਦਾ ਹੈ। ਸਮਾ ਪਾ ਕੇ ਰੋਗੀ ਪਹਿਲੇ ਮਰ ਜਾਂਦਾ ਹੈ ਦੂਜਾ ਲੰਮੀ ਉਮਰ ਭੋਗਦਾ ਹੈ। ਇਕ ਦਾ ਬੁਢਾਪਾ ਸੁਖਾਲਾ ਲੰਘਦਾ ਹੈ, ਦੂਜਾ ਬੁਢਾਪੇ ਵਿਚ ਚੁੜ ਚੁੜਕੇ ਮਰਦਾ ਹੈ। ਮੌਤ ਆਮ ਵਰਤਾਰਿਆਂ ਦੀਆਂ ਭੁੱਲਾਂ ਕਰਕੇ ਸਸਤੀ ਹੋ ਗਈ ਹੈ, ਨੇੜੇ ਆ ਗਈ ਹੈ, ਤੇ ਬਲ ਘਟ ਰਹੇ ਹਨ। ਕਮਜ਼ੋਰੀ ਤੇ ਬੀਮਾਰੀ ਹੋਰ ਵਧੇਗੀ, ਮੌਤ ਹੋਰ ਸੌਖੀ ਹੋ ਜਾਏਗੀ, ਇਲਮ ਵਧਣਗੇ, ਅਕਲਾਂ ਵਧਣਗੀਆਂ, ਸਰੀਰ ਦੇ ਨੇਮਾਂ ਦੀ ਹੋਰ ਸੋਝੀ ਹੋਵੇਗੀ; ਪਰ ਤਦ ਤਕ ਆਮ ਨੂੰ ਲਾਭ ਨਹੀਂ ਹੋਵੇਗਾ ਜਦ ਤਕ ਆਮ ਲੋਕਾਂ ਦੇ ਵਰਤਾਰੇ ਨਹੀਂ ਬਦਲਣਗੇ। ਫੇਰ ਦੂਸਰੀ ਗਲ ਇਹ ਹੋਵੇਗੀ ਕਿ ਆਮ ਲੋਕ ਅਕਲਾਂ ਤੇ ਵਾਕਬੀਆਂ ਵਧ ਜਾਣ ਤੇ ਬੀ ਮਨ ਤੇ ਸਰੀਰ ਦੋਹਾਂ ਕਰਕੇ ਸੁਖੀ ਤਦ ਤਕ ਨਹੀਂ ਹੋਣਗੇ ਜਦ ਤਕ ਕਿ ਮਾਨਸਿਕ ਸ਼ਕਤੀਆਂ ਨੂੰ ਵਿਚਾਰ ਵਿਚ ਲੈਕੇ ਅਮਲ ਨਹੀਂ ਕਰਨਗੇ। ਸਰੀਰ ਦੇ ਸੁਖ ਤੇ ਅਰਾਮ ਤਦ ਤਕ ਮੁਕੰਮਲ ਨਹੀਂ ਜਦ ਤਕ ਕਿ ਮਨ ਦੀ ਚਕਿਤਸਾ ਦੀ ਸੋਝੀ ਨਾ ਹੋਵੇ, ਕਿਉਂਕਿ ਮਨ ਸਰੀਰ ਨੂੰ ਚਲਾਉਣ ਵਾਲਾ ਹੈ ਤੇ ਮਨ ਨਿਰਾ

ਪਸ਼ੂ ਮਨ ਨਹੀਂ। ਮਨ ਵਿਚ ਗਿਆਨ ਹੈ ਤੇ ਦਾਮਨਿਕ ਸ਼ਕਤੀਆਂ ਦਾ ਕਾਬੂ ਮਨ ਦਾ ਧਰਮ ਹੈ, ਜੇ ਨਹੀਂ ਕਾਬੂ ਪਾਂਦਾ ਤਾਂ ਪਸ਼ੂ ਸਮਾਨ ਹੁੰਦਾ ਹੈ। ਸੋ ਮਨ ਦੀਆਂ ਸ਼ਕਤੀਆਂ ਕਿਕੂੰ ਘਟਦੀਆਂ ਹਨ, ਕਿਕੁਰ ਵਧਦੀਆਂ ਹਨ, ਕਿਕੂੰ ਜ਼ਾਇਲ ਤੇ ਕਿਕੂੰ ਰੱਖਜਤ ਹੁੰਦੀਆਂ ਹਨ? ਅਸੂਲ ਹਨ, ਜਿਨ੍ਹਾਂ ਤੇ ਅਮਲ ਜ਼ਰੂਰੀ ਹੈ। ਜੇ ਅਮਲ ਨਹੀਂ ਹੋ ਰਿਹਾ ਤਾਂ ਅਸੂਲ ਅਟੱਲ ਹਨ, ਜੋ ਉਨ੍ਹਾਂ ਪਰ ਟੁਰਨਗੇ ਸੁਖ ਪਾਉਣਗੇ, ਇਕ ਟੁਰੇਗਾ ਇਕ ਸੁਖ ਪਾਏਗਾ, ਸਾਰੇ ਟੁਰਨਗੇ ਸਾਰੇ ਸੁਖ ਪਾਉਣਗੇ। ਸਤਿਗੁਰਾਂ ਨੇ ਤਮਾਕੂ ਮਨ੍ਹਾਂ ਕੀਤਾ ਹੈ ਇਸ ਵਿਚ ਉਨ੍ਹਾਂ ਨੂੰ ਕੀ ਲਾਭ ਹੈ? ਪਰ ਇਸ ਨਾਲ ਸਰੀਰ ਆਲਸੀ ਹੁੰਦਾ ਹੈ, ਸੂਖਮ ਪੱਠਿਆਂ ਨੂੰ ਵਾਧੂ ਉਛਾਲ ਮਿਲਦਾ ਹੈ ਜੋ ਪਿੱਛੋਂ ਨਿਰਬਲ ਕਰਦਾ ਹੈ, ਸੁਭਾ ਦਲਿਦ੍ਰੀ ਹੋ ਜਾਂਦਾ ਹੈ, ਉਮਰ ਘਟਦੀ ਹੈ, ਪਰ ਦੂਜੇ ਪਾਸੇ ਤੱਕੋ ਇਸ ਦਾ ਵਰਤਾਰਾ ਆਮ ਹੋ ਰਿਹਾ ਹੈ ਤੇ ਵਧ ਰਿਹਾ ਹੈ, ਜੋ ਇਕ ਹੜ੍ਹ ਦੀ ਤਰ੍ਹਾਂ ਆ ਰਿਹਾ ਹੈ। ਗੁਰਾਂ ਨੇ ਆਪਣਿਆਂ ਨੂੰ ਬਚਾ ਲਿਆ, ਹੋਕਾ ਦੇ ਦਿਤਾ ਹੈ: ਬਚੋ। ਜੋ ਬਚਣਗੇ, ਸੋ ਸੁਖ ਪਾਉਣਗੇ। ਆਮ ਜੇ ਇਸਨੂੰ ਵਰਤਣਗੇ ਤਾਂ ਆਮ ਦੀ ਗ਼ਲਤੀ ਹੈ, ਇਸਨੇ ਦਰੁਸਤੀ ਨਹੀਂ ਬਣ ਜਾਣਾ। ਕਈ ਪੀਣ ਵਾਲੇ ਕਹਿਣਗੇ ਕਿ ਇਹ ਬੁਰੀ ਇੱਲਤ ਹੈ, ਪਰ ਛੱਡਣਗੇ ਨਹੀਂ, ਸੋ ਬੀ ਦੁਖ ਪਾਉਣਗੇ। ਸਤਿਗੁਰ ਜੀ ਨੇ ਤਾਂ ਮਨੁਖ ਨੂੰ ਚੋਟੀ ਦਾ ਮਨੁਖ ਬਨਾਉਣਾ ਹੈ, ਜੋ:-

**ਸ਼ਰੀਰ ਦਾ ਅਰੋਗ ਹੋਵੇ, ਮਨ ਦਾ ਨਰੋਆ ਹੋਵੇ**
**ਤੇ ਆਤਮਾ ਦਾ ਬਲਵਾਨ ਹੋਵੇ।**

ਮੈਨੂੰ ਰਾਧਾ ਸਿੰਘ ਜੀ ਨੇ ਦੱਸਿਆ ਸੀ ਕਿ ਗੁਰਾਂ ਨੇ ਆਦਰਸ਼ਕ ਇਨਸਾਨ, ਨਿਰਭੈ ਨਿਰਛਲ ਆਤਮ ਰੌ ਨਾਲ ਜੀਵਤ ਸਾਜਨਾ ਹੈ। ਉਹ ਕਹਿੰਦੇ ਸਨ ਆਦਰਸ਼ਕ ਨਾ ਹੋਣਾ ਕੀਹ ਹੈ। ਉਹ ਇਹ ਹੈ ਕਿ ਇਨਸਾਨ ਉਹ ਕੁਝ ਨਹੀਂ ਜੋ ਕੁਛ ਕਿ ਇਨਸਾਨ ਹੋਣਾ ਚਾਹੀਦਾ ਹੈ, ਉਹ ਇਹ ਹੈ ਕਿ ਸੂਰਤ ਸੀਰਤ ਅਰੋਗਤਾ ਵਾਲੀ; ਜਥ੍ਹੇ ਵਾਲੀ, ਚੜ੍ਹਦੀਆਂ ਕਲਾਂ ਵਾਲੀ, ਅਭੈ, ਸੁਤੰਤ੍ਰ ਤੇ ਲਿਵ ਵਿਚ ਵੱਸਣ ਵਾਲੀ ਹੋਵੇ। ਇਸ ਲਈ ਗ਼ਲਤੀਆਂ ਕਢਣੀਆਂ ਹਨ ਚਾਹੇ ਆਮ ਵਰਤਾਰੇ ਵਿਚ ਹੋਣ। ਦੇਖੋ! ਧਰਮ ਦੇ ਰਹਿਬਰ ਜੋਗੀ ਸਾਰੇ ਸ਼ਰਾਬਾਂ ਤਕ ਅੱਪੜ ਪਏ ਸਨ, ਗੁਰੂ ਨਾਨਕ ਜੀ ਨੇ ਸ਼ਰਾਬ

ਦੇ ਔਗੁਣ ਦਸਕੇ ਛੁਡਾ ਦਿਤੀ, ਜਿਨ੍ਹਾਂ ਨਾ ਛੱਡੀ, ਓਹ ਚਾਹੇ ਬਹੁਤੇ ਹੋਣ, ਮਾੜਾ ਕਰ ਰਹੇ ਹਨ। ਗੁਰੂ ਜੀ ਦੇ ਅਟੱਲ ਵਾਕ ਮੌਜੂਦ ਹਨ। ਬਾਬਰ ਜੈਸੇ ਜਾਬਰ ਬਾਦਸ਼ਾਹ ਨੂੰ ਸ਼ਰਾਬ ਤੋਂ ਆਪ ਨੇ ਹੀ ਹੋੜਿਆ ਸੀ। ਸਤੀ ਦੀ ਰਸਮ ਬੜੀ ਖ਼ਰਾਬ ਹੈ, ਆਮ ਵਰਤਾਰੇ ਵਿਚ ਸੀ, ਤੀਜੇ ਸਤਿਗੁਰ ਨੇ ਹੋੜ ਦਿਤੀ। ਆਮ ਵਰਤਾਰੇ ਤੋਂ ਨਹੀਂ ਡਰੇ; ਅਸੂਲ ਥਾਪ ਦਿਤਾ। ਕੇਸ਼ ਆਤਮਕ ਸੱਤਜਾ ਦੇ ਰੱਖਜਕ ਹਨ, ਦਾਮਨਿਕ ਰੌਆਂ ਦੇ ਰਾਖੇ ਹਨ, ਮਾਨਸਿਕ ਤੇ ਅੰਤ੍ਰੀਵ ਉਤਪਤੀਆਂ ਤੇ ਤਾਕਤਾਂ ਨੂੰ ਜ਼ਾਇਲ ਹੋਣੋਂ ਵਜਰਥ ਉੱਡਣੋਂ-ਬਚਾਉਣ ਵਾਲੇ ਹਨ, ਸਤਿਗੁਰਾਂ ਨੇ ਆਪ ਰੱਖੇ, ਗੁਰੂ ਅੰਗਦ ਜੀ ਨੂੰ ਰਖਾਏ, ਭਾਈ ਬੁੱਢੇ ਨੂੰ ਰਖਾਏ, ਆਪ ਦੇ ਪੁੱਤਰ ਸ੍ਰੀ ਚੰਦ ਲਖਮੀ ਚੰਦ ਨੇ ਰਖੇ, ਜੇ ਆਮ ਵਰਤਾਰਾ ਜਗਤ ਦਾ ਨਾ ਰੱਖਣ ਦਾ ਸੀ ਤਾਂ ਗੁਰੂ ਨਾਨਕ ਆਮ ਵਰਤਾਰੇ ਤੋਂ ਨਹੀਂ ਡਰੇ, ਉਹਨਾਂ ਨੇ ਆਦਰਸ਼ਕ ਇਨਸਾਨ ਬਨਾਯਾ, ਲਿਵ ਟੁੱਟੇ ਤ੍ਰਿਸ਼ਨਾਂ ਰੁੜ੍ਹੇ ਇਨਸਾਨ ਨੂੰ ਲਿਵ ਧਾਰੀ ਕੀਤਾ। ਲਿਵ ਦੇ ਸਹਾਇਕ ਕੀਰਤਨ ਸਿਮਰਨ ਸਿਖਾਏ, ਅੰਦਰਲੀ ਸੱਤਜਾ ਦੀ ਸੰਭਾਲ ਲਈ ਕੇਸ਼ ਰਖੇ, ਓਹ ਜਾਣਨ ਉੱਚੇ ਹੋਰ ਭਾਵ ਜਿਨ੍ਹਾਂ ਕਰਕੇ ਕੇਸ ਰੱਖੇ, ਪਰ ਜੋ ਰੱਖੇ ਸੋ ਠੀਕ ਰੱਖੇ, ਜਿਨਾਂ ਅਮਲ ਕੀਤਾ ਲਾਭ ਪਾਇਆ, ਸੋ ਅਸੂਲ ਤਾਂ ਇਹ ਹੈ; ਆਮ ਵਰਤਾਰਾ ਕੋਈ ਅਸੂਲ ਨਹੀਂ, ਇਹ ਜੇ ਗ਼ਲਤ ਹੈ ਤਾਂ ਗ਼ਲਤ ਹੈ, ਆਮ ਹੋਣਾ ਇਸ ਨੂੰ ਕਿਵੇਂ ਬੀ ਦਰੁਸਤ ਅਰ ਅਸੂਲ ਨਹੀਂ ਬਣਾ ਕੱਢਦਾ।

ਸੱਯਦ— ਠੀਕ ਜੀ ਠੀਕ! ਆਪ ਤਾਂ ਥੋੜੇ ਮਹੀਨਿਆਂ ਵਿਚ ਫਕੀਰ ਹੀ ਨਹੀਂ ਹੋਏ, ਪੰਡਤ ਬੀ ਹੋ ਗਏ ਹੋ, ਕੋਈ ਹੋਰ ਲਾਭ ਭੀ ਦੱਸੋ?

ਸਿਪਾਹੀ— ਮੈਂ ਭਾਈ ਰਾਧਾ ਸਿੰਘ ਜੀ ਤੋਂ ਪਾਈ ਸਿੱਖਿਆ ਆਪ ਨੂੰ ਸੁਣਾਈ ਹੈ ਕਿ ਦਾਮਨਿਕ ਲਾਭਾਂ ਤੋਂ ਵਧਕੇ ਆਤਮ ਲਾਭ ਤੋਂ ਉੱਤੇ ਹੋਰ ਕਿਹੜਾ ਲਾਭ ਹੈ, ਜਿਨ੍ਹਾਂ ਦੇ ਕਾਰਨ ਅੰਦਰਲਾ ਤਾਕਤ ਵਿਚ ਤੇ ਸਰੀਰ ਅਰੋਗਤਾ ਤੇ ਬਲ ਵਿਚ ਰਹਿੰਦਾ ਹੈ? ਪਰ ਹੋਰ ਆਮ ਲਾਭ ਬੀ ਹਨ, ਅਸੀਂ ਲੋਕ ਕਮਜ਼ੋਰ ਹਾਂ, ਬਲ ਚਾਹੀਏ, ਸੂਰਤ ਜਥ੍ਹੇ ਵਾਲੀ ਚਾਹੀਏ, ਗ਼ੁਲਾਮ ਲੋਕਾਂ ਨੂੰ ਗੁਰੂ ਜੀ ਅਭੈ ਪਦ ਬਖਸ਼ ਰਹੇ ਹਨ, ਅਭੈ ਪੁਰਖ ਦਾ ਮਨ ਅਭੈ ਤੇ ਸਰੀਰ ਜਥ੍ਹੇ ਵਾਲਾ ਲੋੜੀਏ। ਸਦੀਆਂ ਤੋਂ ਤੁਰਕਾਂ ਦੀ ਗ਼ੁਲਾਮੀ ਨੇ ਸਾਡੀ ਸੁਰਤਿ ਤਬਾਹ ਕਰ ਰੱਖੀ ਹੈ, ਸੁਰਤਿ ਨੂੰ ਜਿਵਾਕੇ ਸ਼ਰੀਰ ਨੂੰ

ਜ਼ਬਰਦਸਤ ਕਰਕੇ ਸਤਿਗੁਰ ਨੇ ਸਾਨੂੰ ਗੁਲਾਮੀ ਤੋਂ ਛੁਡਾਉਣਾ ਹੈ। ਉਨ੍ਹਾਂ ਐਸਾ ਇਨਸਾਨ ਬਨਾਉਣਾ ਹੈ ਕਿ ਇਨਸਾਨ, ਜ਼ਾਲਮ ਇਨਸਾਨ ਤੋਂ ਨਾ ਡਰੇ, ਸੀਰਤ ਤੇ ਸੂਰਤ ਜਥ੍ਹੇ ਵਾਲੀ ਧਾਰੇ।

ਸੱਯਦ— ਸੂਰਤ ਦਾ ਧਰਮ ਨਾਲ ਕੀ ਸੰਬੰਧ?

ਇੰਨੇ ਨੂੰ ਰਾਧਾ ਸਿੰਘ ਜੀ ਲੰਘ ਪਏ। ਸਿਪਾਹੀ ਨੇ ਆਵਾਜ਼ ਮਾਰੀ ਤੇ ਸਾਰੀ ਗੱਲ ਬਾਤ ਸੁਣਾਕੇ ਕਿਹਾ ਕਿ ਸੱਯਦ ਸਾਹਿਬ ਨਾਲ ਆਪ ਵਿਚਾਰ ਦੀ ਗੱਲ ਬਾਤ ਕਰੋ। ਸੱਯਦ ਨੇ ਫਿਰ ਪ੍ਰਸ਼ਨ ਕੀਤਾ ਕਿ ਸੂਰਤ ਦਾ ਧਰਮ ਨਾਲ ਕੀ ਜੋੜ ਹੈ?

ਰਾਧਾ ਸਿੰਘ— ਸੂਰਤ ਤਾਂ ਕੋਈ ਨਾ ਕੋਈ ਰਹੇਗੀ, ਅਸੂਰਤ ਅਸੀਂ ਹੋ ਨਹੀਂ ਸਕਦੇ, ਕਿਉਂਕਿ ਅਸੀਂ ਅਮੂਰਤ ਨਹੀਂ ਹਾਂ। ਸੋ ਜੇ ਪਟੇ ਰੱਖੇ ਤਾਂ ਇਕ ਸੂਰਤ, ਰੋਡ ਭੋਡ ਹੋਏ ਤਾਂ ਇਕ ਹੋਰ ਸੂਰਤ, ਜੇ ਮੁੱਛਾਂ ਨਹੀਂ ਤਾਂ ਇਕ ਹੋਰ ਸੂਰਤ, ਜੇ ਹਨ ਤਾਂ ਇਕ ਹੋਰ ਸੂਰਤ, ਜੇ ਤਬਦੀਲੀ ਕਰੋ ਪਿੱਛੇ ਕੋਈ ਨਾ ਕੋਈ ਸੂਰਤ ਹੋਵੇਗੀ, ਸੂਰਤ ਬਦਲੇਗੀ, ਪਰ ਸੂਰਤ ਉੱਡੇਗੀ ਨਹੀਂ। ਫਿਰ ਜੇ ਕੋਈ ਨਾ ਕੋਈ ਸੂਰਤ ਰਹਿਣੀ ਹੈ ਤਾਂ ਇਹ ਖਿਆਲ ਕਿ ਸੂਰਤ ਨਾ ਰਹੇ, ਵਿਅਰਥ ਹੈ। ਫੇਰ ਸੂਰਤ ਉਹ ਸੁਭਾਗ ਹੋਊ ਜਿਹੜੀ ਕੁਦਰਤੀ ਹੋਉ, ਸਭ ਤੋਂ ਸਾਦੀ, ਸੌਖੀ, ਤੇ ਕੁਦਰਤੀ ਸੂਰਤ ਉਹੋ ਹੋਊ ਜੋ ਕੁਦਰਤ ਨੇ ਸਾਜੀ ਹੈ; ਹੇਰਾ ਫੇਰੀ ਵਾਲੀ ਸੂਰਤ ਪਰ ਤਾਂ ਇਤਰਾਜ਼ ਹੋਵੇ, ਕੁਦਰਤੀ ਸੂਰਤ ਪਰ ਕਿਉਂ ਸ਼ੰਕਾ?

ਸੱਯਦ— ਠੀਕ ਹੈ, ਤੁਸਾਂ ਤੋਂ ਤਮਾਕੂ ਬੀ ਛੁੱਟ ਗਿਆ ਹੈ?

ਰਾਧਾ ਸਿੰਘ— 'ਹਜ਼ਾਰ ਇੱਲਤ ਉਸ ਸੱਚੇ ਪਾਤਸ਼ਾਹ ਦੇ ਇਕ ਗ਼ਮਜ਼ੇ ਵਿਚ ਦੂਰ ਹੁੰਦੀ ਹੈ' ਭਾਈ ਨੰਦ ਲਾਲ ਜੀ ਆਖਦੇ ਹਨ ਤੇ ਮੈਂ ਪਰਤਾ ਕੇ ਡਿੱਠਾ ਹੈ। ਓਹ ਜਿਹੜੇ ਮੈਂ ਸ਼ੰਕੇ ਕੀਤੇ ਉਹ ਤਾਂ ਮੇਰੇ ਨੀਵੇਂ ਸੁਭਾਵ ਦੀਆਂ ਹੁੱਜਤਾਂ ਸਨ, ਨਹੀਂ ਤਾਂ ਨੇਹੁੰ ਕੀ ਤੇ ਸੰਸੇ ਕੀਹ? ਦਰਸ਼ਨ ਕੀਤਿਆਂ ਪਾਪ ਝੜਦੇ ਹਨ, ਕੀਰਤਨ ਸੁਣਿਆਂ ਸਮਾਧੀ ਲਗਦੀ ਹੈ, ਉਪਦੇਸ਼ ਸੁਣਿਆਂ ਪੂਰਨ ਗਿਆਨ ਹੁੰਦਾ ਹੈ, ਨਾਮ ਲੀਤਿਆਂ ਲਿਵ ਲਗਦੀ ਹੈ।

(ਕ. ਧ. ਚ. ਉ.- ਅਧਿ- ੮੪)

 www.sikhbookclub.com

## 2. ਕੀਰਤਨ*

ਸੱਯਦ— ਹਾਂ ਸਚੀ, ਸਿੱਖ ਕੀਰਤਨ ਕਿਉਂ ਕਰਦੇ ਹਨ?

ਰਾਧਾ ਸਿੰਘ— ਕੀਰਤਨ ਨਾਲ ਮਨ ਦਾ ਰੁਖ਼ ਲਿਵ ਵਲ ਲੱਗਦਾ ਹੈ ਤੇ ਤ੍ਰਿਸ਼ਨਾ ਖਿੰਡਾਉ (ਇੰਤਸ਼ਾਰ) ਤੋਂ ਮੋੜਾ ਖਾ ਕੇ ਜੁੜਦਾ ਹੈ, ਇਹ ਲਾਭ ਤਾਂ ਇਕ ਹੈ, ਦੂਸਰੇ ਜੋ ਅਰਥ ਭਾਵ ਬਾਣੀ ਦੇ ਹਨ ਉਨ੍ਹਾਂ ਨਾਲ ਅੰਦਰੋਂ ਉੱਚੇ ਵਲਵਲੇ ਤੇ ਖ਼ੂਬਸੂਰਤ ਜਜ਼ਬੇ ਪੈਦਾ ਹੁੰਦੇ ਹਨ, ਪਸ਼ੂ ਬ੍ਰਿਤੀ, ਪਸ਼ੂ ਸੁਭਾਵ ਤ੍ਰੁਟਦਾ ਹੈ ਤੇ ਦੈਵੀ ਭਾਵ ਤੇ ਈਸ਼ਵਰੀ ਗੁਣ ਪ੍ਰਵੇਸ਼ ਕਰਦੇ ਹਨ। ਬਾਣੀ ਰਚਨਹਾਰ ਸਤਿਗੁਰੂ ਹਨ, ਸੁਤੇ ਹੀ ਮਨ ਜੇ ਸਥੂਲ ਰੂਪ ਵਲ ਜਾਂਦਾ ਹੈ, ਤਾਂ ਬਾਣੀਆਂ ਦੇ ਕਰਤਿਆਂ ਵਲ ਜਾਂਦਾ ਹੈ। ਉਨਾਂ ਮਹਾਂ ਪੁਰਖਾਂ ਰੱਬੀ ਰੰਗ ਵਾਲਿਆਂ ਦੇ ਚਿੱਤ ਦਾ ਧਿਆਨ ਉਨ੍ਹਾਂ ਦੇ ਹਿਰਦੇ ਦਾ ਨਕਸ਼ਾ ਅੱਖਾਂ ਅੱਗੇ ਆਕੇ ਟਿਕਾਉ ਤੇ ਉਚਾਉ ਦਾ ਅਸਰ ਪਾਉਂਦਾ ਹੈ, ਜੀਕੂੰ ਅਸੀਂ ਦਿੱਸਦੇ ਸੰਸਾਰ ਦੀਆਂ ਸੂਰਤਾਂ ਮੂਰਤਾ ਮੋਹਨੀਆਂ ਰੰਗਤਾਂ ਵਿਚ ਮਗਨ ਹਾਂ, ਇਸ ਤਰ੍ਹਾਂ ਅਸੀਂ ਅਣ-ਡਿੱਠੇ ਦੇ ਅਰੂਪ ਅਰੰਗ ਸਰੂਪ ਦੇ ਪ੍ਰੇਮੀ ਹੋ ਜਾਂਦੇ ਹਾਂ, ਕੀਰਤਨ ਦਾ ਇਹ ਅਸਰ ਹੁੰਦਾ ਹੈ।

ਸੱਯਦ— ਬਹੁਤ ਖ਼ੂਬ! ਫਿਰ ਸਿੱਖ ਤੇ ਗੁਰੂ ਦਿਨ ਰਾਤ ਮਰਾਕਬੇ (ਸਮਾਧੀ) ਵਿਚ ਬੈਠੇ ਨਹੀਂ ਦਿੱਸਦੇ। ਇਹ ਕੀ ਗੱਲ ਹੈ?

ਰਾਧਾ ਸਿੰਘ— ਦਿਨ ਰਾਤ ਦਾ ਮਰਾਕਬਾ-ਹਾਂ ਸ਼ਰੀਰ ਦਾ ਮਰਾਕਬਾ[1],

---

* ਇਹ ਲੇਖ ਵੀ ਕ: ਧ: ਚ: (ਉਤ) ਅਧਿ: 84 ਵਿਚੋਂ ਹੈ।

1. ਸਮਾਧੀ।

 www.sikhbookclub.com

ਨਹੀਂ ਸਿਖਾਇਆ ਜਾ ਰਿਹਾ ਕਿ ਕੋਈ ਪੱਥਰ ਹੋ ਜਾਏ, ਸਿਖਾਇਆ ਜਾ ਰਿਹਾ ਹੈ:- '**ਸੋ ਇਕਾਂਤੀ ਜਿਸੁ ਰਿਦਾ ਥਾਇ**'॥ {ਬਸੰ: ਮ: ੫-੩}

ਟੁਰਦੇ ਫਿਰਦੇ, ਕੰਮ ਕਰਦੇ ਕਰਾਂਦੇ ਅੰਦਰਲੇ ਦਾ ਰੁਖ਼ ਰੱਬ ਵਲ ਝੁਕਾਉ ਰੱਖੇ, ਅੰਦਰ ਐਉਂ ਰਹੇ ਜਿਸ ਤਰ੍ਹਾਂ ਰੱਬ ਦੇ ਨਾਲ ਲਗਾ ਹੋਇਆ ਹੈ। ਜਿਸ ਵੇਲੇ ਸ਼ਰੀਰ ਕੰਮ ਕਰੇ ਅੰਦਰ ਕੁਛ ਰੌ ਜੇਹੀ ਰੁਮਕਦੀ ਰਹੇ। ਜਿਉਂ ਜਿਉਂ ਰੌ ਪ੍ਰਬਲ ਹੁੰਦੀ ਜਾਏਗੀ, ਆਪਣਾ ਆਪ ਦਿਖਾਉਂਦੀ ਜਾਏਗੀ, ਪਰ ਜਦ ਤਕ ਸ਼ਰੀਰ ਦੀ ਖ਼ਾਤਰ ਦਾ ਰੁਖ਼ ਸੰਸਾਰਾਕਾਰ ਹੈ, ਛੱਡ ਦੇਣਾ ਹੋ ਨਹੀਂ ਸਕਦਾ, ਛੱਡੂ ਤਾਂ ਫੇਰ ਫੜੂ। ਜਦ ਮਨ ਦਾ ਸੁਭਾਉ, ਮਨ ਦਾ ਰੁਖ਼, ਮਨ ਦਾ ਰੌ ਬਦਲੇਗਾ ਤਾਂ ਆਪੇ ਸੰਸਾਰ ਛੁੱਟ ਗਿਆ। ਮਨੋਂ ਛੱਡਣਾ ਹੈ ਨਾਂਕਿ ਸਰੀਰੋਂ, ਮਨ ਜਦ ਪਕੜ ਵਿਚ ਨਹੀਂ ਰਹੇਗਾ ਕਾਰਜ ਹੋ ਗਿਆ। ਸ਼ਰੀਰ ਨੇ ਤਾਂ ਇਕ ਦਿਨ ਰਹਿਣਾਂ ਨਹੀਂ, ਆਪੇ ਛੁਟ ਜਾਣਾ ਹੈ ਤੇ ਸ਼ਰੀਰ ਦੇ ਸੰਬੰਧ ਸਾਰੇ ਛੁੱਟ ਜਾਣੇ ਹਨ, ਨਹੀਂ ਛੁੱਟਦੀ ਤਾਂ ਮਨ ਦੀ ਪਕੜ, ਕਿਉਂਕਿ ਇਸ ਮਨ ਨੂੰ ਰੌ ਹੈ 'ਪਕੜ' ਦਾ ਪੁਰਾਣਾ। ਮਨ ਦਾ ਰੌ ਸਮੇਂ ਨਾਲ ਬਦਲਦਾ ਹੈ। ਸੋ ਲਗਾਤਾਰਤਾ ਦਾ ਉਪਦੇਸ਼ ਹੈ ਕਿ ਲਗਾ ਰਹੇ ਲਗਾਤਾਰ, ਚਾਹੇ ਮੱਧਮ, ਚਾਹੇ ਜ਼ੋਰਦਾਰ। ਇਸ ਤਰ੍ਹਾਂ ਕਰਦਿਆਂ ਅੰਦਰਲਾ ਰੁਖ਼ 'ਰੱਬ ਰੁਖ਼ੀਆ' ਹੋ ਜਾਂਦਾ ਹੈ ਤੇ ਬਾਹਰੋਂ ਸ਼ਰੀਰ ਆਪਣੇ ਫਰਜ਼ਾਂ ਦੇ ਕੰਮ ਕਰਦਾ ਹੈ ਤੇ ਭਲਿਆਈ ਵਿਚ ਖੇਡਦਾ ਹੈ। ਸਿੱਖ ਦੇਸ਼ ਤੇ ਦੁਖੀ ਪਰਜਾ ਲਈ ਦਾਨੀ ਬੀ ਹਨ। ਹੁਣੇ ਸਤਿਗੁਰੂ ਜੀ ਰਾਜਧਾਨੀ, ਧਨ, ਧਾਮ, ਪਰਿਵਾਰ, ਪੁਤਰ, ਸਿੱਖ, ਪਿਆਰੇ, ਸੁਖ, ਸਾਮਾਨ ਸਭ ਲੁਟਾਕੇ ਆਏ ਹਨ, ਭਲੇ ਲਈ। ਦੁਖੀ ਪ੍ਰਜਾ ਦੇ ਸੰਕਟ ਹਰਨੇ ਨਮਿੱਤ ਸਭੋ ਕੁਛ ਵਾਰ ਆਏ ਹਨ। ਫੇਰ ਦੁਖੀ ਨਹੀਂ, ਉਸੇ ਤਰ੍ਹਾਂ ਪ੍ਰਸੰਨ ਹਨ, ਉਸ ਤਰ੍ਹਾਂ ਚੜ੍ਹਦੀ ਕਲਾ ਵਿਚ ਹਨ, ਰਸ ਰੰਗ ਵਿਚ ਹਨ, ਉੱਧਾਰ ਕਰਦੇ ਤੇ ਪਿਆਰਦੇ ਹਨ, ਅਪਣੇ ਬਿਗਾਨੇ ਜਿਨ੍ਹਾਂ ਦੀ ਖ਼ਾਤਰ ਸਭ ਕੁਝ ਵਾਰ ਆਏ ਹਨ, ਉਨ੍ਹਾਂ ਦੇ ਧ੍ਰੋਹ ਵਿਦ੍ਰੋਹ ਮੋਹ-ਤੋੜੀ ਕਿਸੇ ਗੱਲ ਤੋਂ ਖ਼ਫੇ ਨਹੀਂ ਹੋਏ, ਫੇਰ ਦਾਨ ਦੇ ਰਹੇ ਹਨ, ਵਾਰ ਰਹੇ ਹਨ ਤੇ ਉੱਨਤ ਕਰ ਰਹੇ ਹਨ।

(ਕ.ਧ.ਚ.ਉ.-ਅਧਿ-੮੪)

 www.sikhbookclub.com

## 3. ਕਰਮ *

ਸੱਯਦ— ਕ੍ਰਿਪਾ ਕਰਕੇ ਦੱਸੋ ਕਰਮ ਦਾ ਕੀ ਖਿਆਲ ਹੈ? ਹਿੰਦੂਆਂ ਵਿਚ ਕਰਮ ਅਟੁੱਟ ਹੈ, ਸਾਡੇ ਵਿਚ ਅਮਲਾਂ ਤੇ ਨਿਬੇੜੇ ਹਨ।

ਰਾਧਾ ਸਿੰਘ— ਸਾਈਂ ਜੀਵੇ! ਕਰਮ ਦੇਹ ਧਾਰਕੇ ਜੀਵ ਕਰਦਾ ਹੈ। ਸੋ ਕਰਮ ਕਈ ਤਰ੍ਹਾਂ ਦੇ ਹਨ। ਇਕ ਕਰਮ ਸੰਸਾਰ ਦੇ ਪ੍ਰਬੰਧ ਅਰਥ ਹਨ, ਇਕ ਆਪਣੀ ਮੁਕਤੀ ਅਰਥ ਹਨ, ਇਕ ਅਕਰਮ ਕਰਮ ਹਨ। ਅਸੀਂ ਕਰਮ ਬੱਧ ਨਹੀਂ ਤੇ ਹਾਂ ਬੀ। ਨਾਮ ਜਪਣਾ ਕਰਮ ਹੈ ਪਰ ਇਹ ਅਕਰਮ ਕਰਮ ਹੈ। ਅਸੀਂ ਨਾਮ ਰੱਬ ਦਾ ਜਪਦੇ ਹਾਂ ਤਾਂ ਮਾਨੋ ਕਰਮ ਕਰਦੇ ਹਾਂ, ਪਰ ਇਸ ਨਾਲ ਅਸੀਂ ਰੱਬ ਦੇ ਧਿਆਨ ਵਿਚ ਰਹਿੰਦੇ ਹਾਂ। ਕਰਦੇ ਤਾਂ ਹਾਂ ਕਰਮ, ਪਰ ਇਸ ਨਾਲ ਪਕਦਾ ਹੈ ਰੱਬ ਜੀ ਦਾ ਧਿਆਨ। ਹਾਂ, ਰੱਬੀ ਗੁਣਾਂ ਦਾ ਪ੍ਰਵੇਸ਼ ਸਾਡੇ ਮਨ ਵਿਚ ਹੁੰਦਾ ਹੈ, ਇਸ ਨਾਲ। ਰੱਬੀ ਗੁਣ ਚਿਤਵਦੇ ਅਸੀਂ ਫਿਰ ਉਸ ਸੁਭਾਵ ਵਾਲੇ ਹੋ ਜਾਂਦੇ ਹਾਂ। ਫੇਰ: ਐਸੇ ਕਰਮ ਸਾਥੋਂ ਹੁੰਦੇ ਨਹੀਂ ਕਿ ਜਿਨ੍ਹਾਂ ਤੋਂ ਦੁੱਖ ਪਹੁੰਚੇ।

ਸੋ ਜਿਸਨੂੰ ਕਰਮ ਕਹੀਦਾ ਹੈ ਉਹ ਨਾਮ ਨਾਲ ਆਪੇ ਸੂੱਛ ਹੋ ਜਾਂਦਾ ਹੈ। ਨਾਮ ਅਭਜਾਸੀ ਪਹਿਲਾ ਕਰਮ ਇਹ ਸਿਖਦਾ ਹੈ:-

**"ਦੁਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਹੁ॥"**
{ਗਉ: ਵਾਰ-੧੭, ਪੰਨਾ ੩੨੨}

ਸੋ ਜਦ ਦੁਖ ਨਾ ਦੇਣਾ ਅਸੂਲ ਹੈ ਤਾਂ ਵਰਤੋਂ ਸਾਰੀ ਨੇਕੀ ਦੀ ਹੋ ਗਈ, ਇਸ ਤੋਂ ਅਗੇ ਨੇਕੀ ਤੇ ਫੇਰ ਨਿਸ਼ਕਾਮਕ ਨੇਕੀ ਹੈ, ਇਹ ਨੇਕੀ

---

* ਇਹ ਲੇਖ ਵੀ ਕ: ਧ: ਚ: (ਉਤ) ਦੇ ਅਧਿ: 84 ਵਿਚੋਂ ਹੀ ਲਿਆ ਹੈ।

ਸੁਭਾਵ ਹੈ ਉਸਦਾ ਜਿਸਦੇ ਅੰਦਰ ਲਿਵ ਹੈ। ਜੇ ਲਿਵ ਨਹੀਂ ਤੇ ਨੇਕੀ ਕਰਦਾ ਹੈ ਤਾਂ ਨੇਕੀ ਦੀ ਜੜ੍ਹ ਸਵਾ ਗਿੱਠ ਉੱਚੀ ਜਾਣੋ, ਉਹ ਲਗੇਗੀ ਮੁਸ਼ਕਲ। ਐਉਂ ਕਰਮ ਤੁਸਾਂ ਸਮਝ ਲਿਆ ਹੈ ਕਿ ਹੈ ਤੇ ਨਹੀਂ ਬੀ ਹੈ। ਬਾਕੀ ਰਹੀ ਰਬ ਦੀ ਪ੍ਰਾਪਤੀ, ਇਹ ਸਾਡੇ ਕਿਸੇ ਕਰਮ ਦੇ ਬੂਟੇ ਦਾ ਫਲ ਨਹੀਂ, ਇਹ ਮਿਹਰ ਹੈ ਮਿਹਰ ਸਾਥੋਂ ਬਾਹਰ ਹੈ, ਤੇ ਰਬ ਵਿਚ ਹੈ ਤੇ ਉਸਦੇ ਹੁਕਮ ਵਿਚ ਹੈ:

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥**
**ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥੧॥**
{ਸਿਰੀ: ਵਾਰ-੨, ਪੰਨਾ ੮੩}

ਪਰ ਇਹ ਪੜ੍ਹਕੇ ਅਸਾਂ ਦਲਿੱਦ੍ਰੀ ਤੇ ਬੇਮੁਖ ਨਹੀਂ ਹੋਣਾ, ਅਸੀਂ ਦਿਨ ਰਾਤ ਲਗੇ ਰਹਿਣਾ ਹੈ:

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥**
**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥**

ਇਉਂ ਸਾਡੀ ਸਦਾ ਦੀ ਤਾਂਘ ਉਡੀਕ ਤੇ ਮੰਗ ਜਾਰੀ ਹੈ। ਸੋ ਨਾਮ ਝੋਲੀ ਹੈ ਜੋ ਅਸਾਂ ਕਰਤਾ ਪੁਰਖ ਅਗੇ ਅੱਠ ਪਹਿਰ ਅੱਡ ਰਖੀ ਹੈ, ਲਿਵ ਸਾਡੀ ਉਹ ਲਗਨ ਹੈ ਜੋ ਮਿਹਰ ਦੇ ਦਾਤੇ ਅਗੇ ਸਦਾ ਮੰਗਣ ਹਾਰ ਰਹਿੰਦੀ ਹੈ, ਖ਼ੈਰ ਪਾਉਣੀ ਉਸ ਦੇ ਵੱਸ ਹੈ। ਕਾਰਨ ਇਹ ਹੈ ਕਿ ਉਹ ਹੈ ਬੇਅੰਤ, ਨਾ ਉਹ ਦੇਸ਼ ਨਾਲ ਬੱਧਾ ਹੈ ਨਾ ਸਮੇਂ ਨਾਲ। ਅਸੀਂ ਹਾਂ ਕਾਲ ਵਿਚ, ਦੇਸ਼ ਵਿਚ। ਸਾਡਾ ਕੋਈ ਕਰਮ ਉਸ ਪੁਰ ਹਾਵੀ ਹੋ ਨਹੀਂ ਸਕਦਾ, ਨਾਮ ਸਾਨੂੰ ਉਸਦੇ ਧਿਆਨ ਵਿਚ ਰਖਦਾ ਹੈ, ਵਾਹਿਗੁਰੂ ਦੀ ਪੂਜਾ ਵਿਚ ਰਖਦਾ ਹੈ, ਐਉਂ ਉਸਦਾ ਪਿਆਰ ਵਧਦਾ ਹੈ ਤੇ ਜਗਤ ਦਾ ਮੋਹ ਤੁਟਦਾ ਹੈ, ਤਿਆਰੀ ਪੂਰਨ ਹੋ ਜਾਂਦੀ ਹੈ। ਪਜਾਰ ਤੇ ਧਜਾਨ ਨਾਲ ਮਾਨੋਂ ਦੇਸ਼ ਕਾਲ ਦੀ ਸਰਹੱਦ ਉੱਤੇ ਅੱਪੜ ਪਈਦਾ ਹੈ। ਅਰਥਾਤ ਆਪਣੇ ਹੱਦ ਬੰਨੇ ਵਾਲੇ, ਅੰਤ ਵਾਲੇ, ਮਿੱਤ ਵਾਲੇ ਸੁਭਾਵ ਦੇ ਅਖੀਰਲੇ ਕਿੰਗਰੇ ਤੇ ਜਾ ਖੜੋਈਦਾ ਹੈ। ਹੁਣ ਅਗੋਂ ਅਮਿੱਤ, ਅਨੰਤ, ਅਸੀਮਾਂ ਵਿਚ ਛਾਲ ਸਾਥੋਂ ਵੱਜ ਨਹੀਂ ਸਕਦੀ, ਉਹ ਅਨੰਤ ਦਾ ਕ੍ਰਿਸ਼ਮਾਂ ਹੈ, ਜੋ ਸਾਨੂੰ ਆਪਣੇ ਵਿਚ ਖਿਚ ਲੈਂਦਾ ਹੈ:-

**ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥**
{ਜੈਤਸਿਰੀ ਮ: ੫-੧-੭੦੪}

ਇਹ ਨਦਰ ਹੈ, ਇਹ ਮਿਹਰ ਹੈ, ਪਰ ਇਹ 'ਨਦਰ' ਉਸ ਅਨੰਤ ਦਾ ਅਪਣਾ ਕ੍ਰਿਸ਼ਮਾ ਹੈ, ਉਸਦਾ ਕਟਾਖਜ ਹੈ, ਉਸ ਦਾ ਕੋਈ ਚੋਜ, ਖੇਲ, ਪਿਆਰ ਹੈ। ਸਾਡੇ ਕਰਮ ਦਾ ਇਹ 'ਫਲ', ਸਾਡੇ ਕਰਮ ਦੇ ਇਹ ਅਧੀਨ, ਸਾਡੇ ਕਰਮ ਦੇ ਵਸ ਦਾ ਇਹ ਕੌਤਕ, ਇਹ ਕਟਾਖਜ ਨਹੀਂ ਹੈ, ਨਾ ਹੋ ਸਕਦਾ ਹੈ। ਐਉਂ ਹੈ ਸਾਈਂ ਜੀ! ਮੁਕਤੀ ਦੀ ਪ੍ਰਾਪਤੀ। ਸਾਨੂੰ ਸਤਿਸੰਗ ਹੋਵੇ, ਦਾਤਾ ਮਿਹਰ ਕਰੇ ਤਾਂ ਅਸੀਂ ਉਠਦੇ ਬਹਿੰਦੇ, ਤੁਰਦੇ ਫਿਰਦੇ ਉਸ ਨੂਰੋ ਨੂਰ ਅਕਾਲ ਪੁਰਖ ਦੇ ਪਿਆਰ ਦੀ ਲਿਵ ਵਿਚ ਰਹੀਏ। ਸਾਡਾ ਜੀਵਨ ਹੋਵੇ ਲਿਵ ਦਾ, ਨਾਮ ਦਾ, ਰਜ਼ਾ ਦਾ। ਇਹ ਜੀ ਉਠਣਾ ਹੈ:- 'ਨਾਨਕ ਸੇ ਜਾਗੀਨਿ ਜਿ ਰਸਨਾ ਨਾਮੁ ਉਹਾਰਣੇ॥' ਜੀ ਉਠੇ ਦਾ ਸਾਈਂ ਨਾਲ ਸੰਜੋਗ ਸਾਈਂ ਦੀ ਨਦਰ ਹੈ:-

**ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ॥**
{ਤਿਲ: ਮ: ੧-੪-੭੨੨}

ਹਾਂ ਜੀ-

**ਜਿਨ ਕਉ ਨਦਰਿ ਕਰਮੁ ਤਿਨ ਕਾਰ॥**
**ਨਾਨਕ ਨਦਰੀ ਨਦਰਿ ਨਿਹਾਲ॥੩੮॥** {ਜਪੁਜੀ}

ਜੋ ਨਾਮ ਵਿਚ ਆ ਗਏ ਹਨ, ਮਿਹਰ ਨਾਲ ਆਏ ਹਨ-ਹਾਂ, ਇਹ ਬੀ ਇਕ ਮਿਹਰ ਹੈ, ਅਪਣੇ ਜ਼ੋਰ ਹੰਕਾਰ ਨਾਲ ਇਹ ਬੀ ਨਹੀਂ।

**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥**
{ਜਪੁਜੀ}

ਪਰ ਕੀਹ ਜਦ ਪਤਾ ਇਹ ਲੱਗ ਜਾਏ ਤਾਂ ਉੱਦਮ ਤੇ ਜਤਨ ਛੱਡ ਦੇਵੇ? ਕਦੇ ਨਹੀਂ। ਹੁਕਮ ਹੈ:-

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥**
{ਆਸਾ ਮ: ੫-੬-੪੫੬}

ਸਯਦ— ਫੇਰ ਨਾ ਜੋਰ ਕਰੇ, ਨਾ ਉੱਦਮ ਤਜੇ, ਇਹ ਤੀਸਰੀ ਹਾਲਤ ਕੀ ਹੋਈ?

ਰਾਧਾ ਸਿੰਘ— **ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥**
**ਸਾਵਧਾਨ ਏਕਾਗਰ ਚੀਤ॥** {ਸੁਖਮਨੀ}

ਪ੍ਰਭ ਦੀ ਉਸਤਤ ਕਰਹੁ, ਕਹਿੰਦੇ ਹਨ ਕਰਹੁ, ਪਰ ਜ਼ੋਰ ਨਾਲ ਨਹੀਂ:-

ਸਾਵਧਾਨਤਾ ਨਾਲ, ਏਕਾਗ੍ਰਤਾ ਨਾਲ, ਅਰਥਾਤ ਆਲਸ ਨ ਕਰੋ ਸਾਵਧਾਨ ਰਹੋ, ਜ਼ੋਰ ਨਾਲ ਨਾ ਸਮਝੋ ਮਿਹਰ ਨਾਲ ਸਮਝੋ। ਮਿਹਰ ਸਮਝੋ ਪਰ ਹਰ ਹਾਲਤ ਕਰੋ। ਕੀ? ਨਾਮ ਅਰਾਧਨ-ਸਿਮਰਨ। ਫਲ ਕੀ?

ਤੁਸਾਡਾ ਜੀ ਪੈਣਾ, ਆਪੇ ਦਾ ਟਿਕਾਉ, ਰਸ। ਇਸ ਅਵਸਥਾ ਤੇ ਮਿਹਰ ਹੋਊ, ਨਦਰ ਪਊ ਤਾਂ- **'ਨਾਨਕ ਨਦਰੀ ਨਦਰਿ ਨਿਹਾਲ'** ਹੋ ਜਾਊ।

ਸੋ ਇਹ ਨਾਮ ਜਪਣਾ ਮਿਹਰ ਬੀ ਹੈ, ਪਰ ਇਹ ਨਾਮ ਜਪਣਾ ਗੁਰੂ ਜੀ ਦੱਸਦੇ ਹਨ ਕਿ ਘਾਲ ਬੀ ਹੈ:

**'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥** {ਜਪੁਜੀ}

ਜੋ ਨਾਮ ਜਪੇਗਾ ਉਹ ਆਪ ਛੁਟੇਗਾ, ਹੋਰਨਾਂ ਨੂੰ ਛੁਡਾਏਗਾ, ਉਹ ਮਰਦ ਸਿਖ ਹੈ ਜੋ ਜਪਦਾ ਤੇ ਜਪਾਉਂਦਾ ਹੈ। ਸਤਿਗੁਰ ਜਪਣ ਤੇ ਜਪਾਉਣ ਵਾਲੇ ਦੇ ਸਦਕੇ ਹੁੰਦੇ ਹਨ।

ਸਯਦ— ਹੱਥ ਬੰਨ੍ਹ ਕੇ ਤੇ ਨਿੰਮ੍ਰਤਾ ਨਾਲ ਬੋਲੇ ਜਿਸ ਦਾ ਮਤਲਬ ਇਹ ਹੈ:-

**ਤੂੰ ਡਿੱਠਾ ਅਸਾਂ ਦਿਖਾਲ ਕੁੜੇ।**
**ਕਰਿ ਦਰਸ਼ਨ ਨਾਲ ਨਿਹਾਲ ਕੁੜੇ।**
**ਤੂੰ ਜਪਿਆ ਅਸਾਂ ਜਪਾਲ ਕੁੜੇ।**
**ਐਗ ਪਿਆਰਾਂ ਵਾਲਾ ਪਾਲ ਕੁੜੇ।**

(ਕ. ਧ. ਚ. ਉ.- ਅਧਿ-੮੪)

 www.sikhbookclub.com

## 4. ਗੁਰਮਤਿ ਵਿਚ ਸੰਨਿਆਸ, ਜੋਗ, ਸਤਿਸੰਗ ਆਦਿ।*

ਕਾਕੀ— ਸ੍ਰੀ ਜੀ! ਮੈਂ ਵਿਦਜਾ ਪੜ੍ਹ ਕੇ ਵਿਗੜੀ ਹੋਈ ਅਜੇ ਸੰਸਿਆਂ ਦੇ ਹੱਥੋਂ ਨਹੀਂ ਛੁਟ ਰਹੀ। ਆਪ ਦੇ ਬਿਰਹੋਂ ਵਿਚ ਕੇਵਲ ਆਪ ਦੀ ਯਾਦ ਦਾ ਫੁਰਨਾ ਸੀ, ਆਪ ਦੇ ਮਿਲਿਆਂ ਆਪ ਦੇ ਸੁਰਜੀਤ ਹੋਣ ਦੀ ਸਿੱਕ ਸੀ। ਹੁਣ ਚਾਹੀਦਾ ਸੀ ਕਿ ਆਪ ਦੇ ਦਰਸ਼ਨ ਤੇ ਸੇਵਾ ਵਿਚ ਖੀਵੀ ਰਹਾਂ, ਪਰ ਫੇਰ ਅਕਲ ਹੁੱਜਤਾਂ ਪੜ੍ਹਦੀ ਹੈ : ਪੁੱਛਣ ਨੂੰ ਜੀ ਕਰਦਾ ਹੈ ਕਿ ਕਿਆ 'ਪ੍ਰੀਤਮ ਜੀ' (ਨੈਣ ਭਰ ਆਏ) ਸੰਨਿਆਸ ਤੋਂ ਵਰਜਦੇ ਹਨ, ਜੋ ਸਭ ਤੋਂ ਸ਼ਰੇਸ਼ਟ ਆਸ਼੍ਰਮ ਹੈ?

### ਸੰਨਿਆਸ:

ਦਾਤਾ— ਸੰਨਿਆਸ ਤਾਂ ਸਿਖਾਲਦੇ ਹਨ, ਪਰ ਹੋਰ ਤਰ੍ਹਾਂ ਦਾ। ਆਖਦੇ ਹਨ 'ਮੈਂ' ਦਾ ਸੰਨਿਆਸ ਕਰੋ, 'ਮੇਰੀ' ਦਾ ਤਿਆਗ ਕਰੋ, ਸਰੀਰ ਨਾਲ

---

* ਨੋਟ-ਇਸ ਲੇਖ ਵਿਚ ਲਫ਼ਜ਼ "ਪ੍ਰੀਤਮ ਜੀ" ਸ੍ਰੀ ਕਲਗੀਧਰ ਜੀ ਵਾਸਤੇ ਵਰਤਿਆ ਹੈ, "ਦਾਤਾ ਜੀ" ਇਸ ਲੇਖ ਦੇ ਨਾਇਕ ਵਾਸਤੇ ਤੇ "ਕਾਕੀ" ਇਸ ਲੇਖ ਦੀ ਨਾਇਕਾ ਵਾਸਤੇ ਵਰਤਿਆ ਹੈ। ਦਾਤਾ ਜੀ ਸ੍ਰੀ ਕਲਗੀਧਰ ਜੀ ਦੇ ਵਰੋਸਾਏ ਬਹੂਦਕ ਫਿਰਨ ਟੁਰਨ ਵਾਲੇ ਸਾਧੂ, ਭਰ ਜਵਾਨੀ ਦੀ ਉਮਰ ਵਿਚ, ਸ਼ਸਤਰਧਾਰੀ ਤੇ ਗੁਰਮਤਿ ਦੇ ਭਾਰੀ ਵਿਦਵਾਨ ਹਨ। ਕਾਕੀ ਇਕ ਵਿਦਵਾਨ ਪੰਡਤ ਦੀ ਲੜਕੀ ਹੈ, ਬਹੁਤ ਪੜ੍ਹੀ ਹੈ, ਵੇਦ, ਸ਼ਾਸਤਰ, ਉਪਨਿਸ਼ਦ ਯੋਗ ਵਸ਼ਿਸ਼ਟ ਆਦਿ ਸਾਰੇ ਜਾਣਦੀ ਹੈ। ਇਸ ਲੇਖ ਦੀ ਪਿੱਠ-ਭੂਮੀ (back ground) ਵਾਸਤੇ ਕ.ਧ.ਚ. ਵਿਚੋਂ ਅਧਿ. 'ਪ੍ਰੀਤਮ ਜੀ' ਪੜ੍ਹੋ। (ਸੰਪਾਦਕ)


www.sikhbookclub.com

ਮੋਹ ਤੋੜੋ, ਫੇਰ ਜੋ ਕੁਛ ਕਿ ਆਪਣਾ ਬਣਾਇਆ ਸੀ ਉਸ ਨੂੰ ਛੱਡ ਦਿਓ, ਪਰ ਇਉਂ ਨਹੀਂ ਕਿ 'ਮੈਂ' ਨੂੰ ਛੱਡਕੇ ਚੁਪ ਕਰਕੇ ਪੱਥਰ ਦੇ ਵਾਂਗ ਅੰਦਰੋਂ ਜੜ੍ਹ ਹੋਕੇ ਬੈਠੇ ਰਹੋ ਤੇ 'ਮੇਰੀ' (ਮਾਲ ਮਿਲਖ) ਤੋਂ ਮੂੰਹ ਮੋੜ ਕੇ ਲੋਕਾਂ ਤੇ ਭਾਰੂ ਹੋਕੇ ਟੁੱਕਰ ਮੰਗਦੇ ਫਿਰੋ, ਯਾ ਐਵੇਂ ਬਨਾਂ ਵਿਚ ਬੈਠ ਰਹੋ ਅਥਵਾ ਵਡੇ ਗ੍ਰਿਹਸਤੀ ਡੇਰੇਦਾਰ ਬਣਕੇ ਸੰਨਜਾਸੀ ਕਹਾਓ। ਉਹ ਕਹਿੰਦੇ ਹਨ 'ਮੈਂ' ਤੇ 'ਮੇਰੀ' ਨੂੰ ਆਪਣੇ ਅੰਦਰੋਂ ਤਾਂ ਕੱਟੋ, ਪਰ ਕੱਟ ਕੇ ਸੁੱਟੋ ਨਾ, 'ਪ੍ਰੀਤਮ ਜੀ' ਦੇ ਅੱਗੇ ਮੈਂ ਰੱਖ ਦਿਓ ਤੇ ਹੁਕਮ ਵਿਚ ਕੰਮ ਕਰੋ। 'ਪ੍ਰੀਤਮ ਜੀ' ਦਾ ਹੁਕਮ ਉਹ ਕੰਮ ਕਰਵਾਉਂਦਾ ਹੈ, ਜਿਸ ਵਿਚ 'ਪ੍ਰੀਤਮ ਜੀ' ਦੇ 'ਪ੍ਰੀਤਮ' ਦੀ ਵਡਿਆਈ ਪ੍ਰਗਟ ਹੁੰਦੀ ਹੈ ਤੇ ਜਦੋਂ ਉਹ 'ਮੇਰੀ' ਨੂੰ ਛੁਡਵਾਉਂਦੇ ਹਨ ਤਾਂ ਉਹ ਸਾਰੇ ਨੂੰ, ਜਿਸ ਨੂੰ 'ਮੇਰੀ' ਕਹੀਦਾ ਹੈ ਅਤੇ ਸਰੀਰ ਨੂੰ , ਜਿਸ ਦੇ ਕਾਰਨ ਮਾਲ ਤੇ ਮਿਲਖ ਆਦਿ ਮੇਰੇ ਬਣਦੇ ਹਨ, ਆਪਣੇ ਭਾਣੇ ਅੰਦਰ ਸੇਵਾ ਵਿਚ ਸਫਲ ਕਰਾਉਂਦੇ ਹਨ।

ਵੈਦ ਜੀ— ਇਸ ਨੂੰ ਰਤਾਕੁ ਖੋਲ੍ਹ ਕੇ ਸਮਝਾਓ ਜੀ।

ਦਾਤਾ— ਸੰਨਜਾਸ ਨਾਮ ਹੈ ਸੱਟ ਦੇਣ ਦਾ, ਤਜਾਗ ਕਰਨੇ ਦਾ। ਪਹਿਲਾਂ ਮਾਲ, ਮਿਲਖ, ਇਸਤ੍ਰੀ ਆਦਿ ਤਜਾਗ ਕੇ ਬਾਨ ਪ੍ਰਸਥੀ (ਬਨ ਵਿਚ ਜਾ ਕੇ ਟਿਕਣ ਵਾਲੇ) ਬਣੀਦਾ ਸੀ, ਫੇਰ ਤਜਾਗ ਵਿਚ ਹੀ ਫਿਰ ਨਿਕਲੀਦਾ ਸੀ ਜਗਤ ਦੇ ਉਧਾਰ ਲਈ, ਪਰ ਹੁਣ ਤਾਂ ਬਿਨਾਂ ਪਹਿਲੇ ਤ੍ਰੈ ਆਸ਼ਰਮਾਂ ਵਿਚੋਂ ਲੰਘੇ ਦੇ ਸੰਨਜਾਸੀ (ਕਿ ਸਾਧੂ) ਹੋ ਨਿਕਲਦੇ ਹਨ। ਤਜਾਗ ਅਪਣੇ ਮਨੋਰਥ ਵਿਚ ਸਫਲ ਨਹੀਂ ਹੋ ਰਿਹਾ। ਸੋਚੋ, ਸਾਡੇ ਮਨਾਂ ਨੂੰ ਮਾਲ, ਮਿਲਖ, ਪਰਿਵਾਰ ਨਹੀਂ ਚੰਬੜੇ ਸਨ ਪਰ ਇਨ੍ਹਾਂ ਦੇ ਮੋਹ ਪਿਆਰ। ਸਾਡੀ "ਮੈਂ" ਨਾਲ ਚੰਬੜੇ ਸਨ ਇਨ੍ਹਾਂ ਦੇ 'ਮੋਹ' ਸੋ ਆਪਣੀ 'ਮੈਂ' ਨਾਲੋਂ ਇਨ੍ਹਾਂ ਦਾ 'ਮੋਹ' ਤੋੜਨਾ ਸੀ। ਇਹ ਸੀ ਅਸਲੀ ਸੰਨਯਾਸ। ਸੋ 'ਮੈਂ' ਦਾ ਅੰਤਮ ਤਿਆਗ ਇਹ ਹੈ ਕਿ ਆਪਣੀ 'ਰਾਇ' ਅਪਣੀ 'ਮਰਜ਼ੀ' 'ਪ੍ਰੀਤਮ ਜੀ' ਦੇ ਹੁਕਮ ਦੇ ਅੱਗੇ ਨਿਵਾ ਦੇਵੇ। ਉਹ ਕੰਮ ਕਰੇ, ਉਹ ਸੋਚ ਸੋਚੇ ਤੇ ਉਹ ਬੋਲ ਬੋਲੇ ਜੋ ਉਹ ਹੁਕਮ ਕਰਦੇ ਹਨ ਅਤੇ ਉਨ੍ਹਾਂ ਦੇ ਪਿਆਰ ਤੇ ਧਿਆਨ ਵਿਚ ਮਸਤ ਰਹੇ। 'ਮੈਂ' ਦਾ ਖਿਲਾਰਾ ਸੀ 'ਮੇਰੀ'। 'ਮੇਰੀ' ਦਾ ਤਜਾਗ ਇਹ ਹੈ ਕਿ ਸਰੀਰ ਜਿਸਨੂੰ ਮੇਰਾ ਕਹਦੀਦਾ ਹੈ ਇਸੇ ਦੇ ਮੋਹ ਕਰ ਕੇ ਮਾਲ ਮਿਲਖ 'ਮੇਰੇ' ਲਗਦੇ ਹਨ, ਏਹ ਸਾਰੇ ਤੇ ਸਰੀਰ ਤਕ ਆਪਣੇ ਨਾ

 www.sikhbookclub.com

ਸਮਝੇ ਜਾਣ, ਪਰ 'ਪ੍ਰੀਤਮ ਜੀ' ਦੇ; ਉਨ੍ਹਾਂ ਦੇ ਹੁਕਮ ਨੂੰ ਪਛਾਣ ਕੇ ਹੁਕਮ ਵਿਚ ਇਨ੍ਹਾਂ ਨੂੰ ਸਫਲਾਵੇ। 'ਪ੍ਰੀਤਮ ਜੀ' 'ਬ੍ਰਹਮ' (ਵਾਹਿਗੁਰੂ) ਨੂੰ ਪਿਆਰ ਕਰਦੇ ਹਨ ਜੋ 'ਪ੍ਰੇਯ' ਸਰੂਪ ਹੈ। ਉਸ ਦੇ ਪ੍ਰੇਯ ਸਰੂਪ ਨੂੰ ਪਿਆਰ ਕਰੀਏ ਤੇ ਉਸ ਨੂੰ ਅੰਗ ਸੰਗ ਜਾਣੀਏ। ਹਾਂ ਉਸ ਨਾਲ ਸਾਡੀ ਕਦੇ ਵਿੱਥ ਨਾ ਪਵੇ। ਇਸਤ੍ਰੀ, ਪੁੱਤ, ਪਿਆਰੇ ਜਦ ਕੋਈ ਗੁਜ਼ਰੇ ਤਾਂ 'ਪ੍ਰੀਤਮ ਜੀ' ਦੇ ਜਾਣਕੇ ਉਹਨਾਂ ਦੇ ਅਰਪਨ ਕਰੀਏ, ਧਰਮ ਕਰਮ ਜੋ ਕਰੀਏ ਉਹਨਾਂ ਨੂੰ ਅਰਪੀਏ। ਪਦਾਰਥ ਕਮਾਈਏ ਧਰਮ ਦੀ ਕਮਾਈ ਨਾਲ, ਫੇਰ ਭਲੇ ਅਰਥ ਲਾ ਕੇ ਭਲਾ ਮਨਾਈਏ, ਪਕੜ ਵਿਚ ਨਾ ਫਸੀਏ, ਨਾ ਦੇਣ ਦੀ ਨਾ ਲੈਣ ਦੀ, ਮੇਰੀ ਜਾਚੇ ਇਹ ਸਫਲ ਸੰਨਜਾਸ ਹੈ।

**ਜੋਗ:**

ਰਾਤ ਨੂੰ ਲੋੜ ਜੋਗੀ ਨੀਂਦ ਕਰਕੇ ਬਾਕੀ ਸਾਰਾ ਵੇਲਾ ਜੋਗ ਵਿਚ ਲੰਘੇ। ਜੋਗ-ਪਿਆਰੇ ਦੀ ਦਮ ਬਦਮ ਦੀ ਯਾਦ, ਯਾਦ ਵਿਚ ਲਿਵ, ਲਿਵ ਵਿਚ ਆਪਾ। ਸਾਡੀ ਜੋ ਆਪਣੇ ਸੰਕਲਪਾਂ ਨਾਲ ਪਕੜ ਤੇ ਪ੍ਰੀਤ ਹੈ, ਇਸ ਦਾ ਨਿਰੋਧ ਹੋਵੇ ਤੇ 'ਪ੍ਰੀਤਮ ਜੀ' ਦੀ ਯਾਦ, ਧਿਆਨ, ਮੇਲ ਵਿਚ ਪ੍ਰੀਤ ਹੋਵੇ। ਹਾਂ ਯਾਦ, ਦਮ ਬਦਮ ਹੋਵੇ। ਦਿਨ ਨੂੰ ਗ੍ਰਿਹਸਤ ਦੇ ਜ਼ਰੂਰੀ ਕੰਮਾਂ ਤੋਂ ਛੁਟ ਜੋ ਸਮਾਂ ਹੈ, ਇਸ ਪਿਆਰ ਦੇ ਰੰਗ ਵਿਚ ਲੰਘੇ ਤੇ ਸਰੀਰ ਨਾਲ 'ਪ੍ਰੀਤਮ ਜੀ' ਦੇ ਦੱਸੇ ਸੁਰਗ ਰਾਜ ਦੇ ਕੰਮ ਸੁਤੇ ਹੀ ਜੋ ਹੋਣ ਸੋ ਪਏ ਹੋਣ।

ਕਾਕੀ— ਇਹ ਮਨ ਦੇ ਸੰਕਲਪਾਂ ਤੋਂ ਛੁੱਟ ਕੇ ਲਿਵ ਵਿਚ ਰਹਿਣਾ, ਜੋ ਆਪ ਨੇ ਕਿਹਾ ਹੈ, ਵੈਰਾਗ ਤੇ ਵਿਵੇਕ ਨਾਲ ਪ੍ਰਾਪਤ ਕਰਨਾ, ਕਿ ਯੋਗ ਸਾਧਨ ਨਾਲ?

ਦਾਤਾ— ਕਿਸੇ ਤਰ੍ਹਾਂ ਹੋਵੇ ਵੈਰਾਗ ਐਵੇਂ ਹੋਣਾ ਕਠਨ ਹੈ, ਕਾਰਨ ਪਾਕੇ ਹੁੰਦਾ ਹੈ, ਪਰ 'ਪ੍ਰੀਤਮ ਜੀ' ਨਾਲ ਰਾਗ ਹੋ ਜਾਵੇ ਤਾਂ ਹੋਰ ਸਾਰੇ ਤੋਂ ਵੈਰਾਗ ਆਪੇ ਹੋ ਜਾਂਦਾ ਹੈ। ਇਸੇ ਤਰ੍ਹਾਂ 'ਪ੍ਰੀਤਮ ਜੀ' ਦੇ ਹੁਕਮ ਅੱਗੇ ਜਦੋਂ ਹੀਲ ਹੁੱਜਤ ਨਹੀਂ ਰਹਿੰਦੀ, ਉਨ੍ਹਾਂ ਦੀ ਮਤਿ ਆਪਣੀ ਹੋ ਜਾਂਦੀ ਹੈ ਤਦ 'ਹੁਕਮ ਪਛਾਣ' ਦਾ ਵਿਵੇਕ ਹੋ ਜਾਂਦਾ ਹੈਂ।

ਹਠ ਜੋਗ ਤੇ ਕਰਮ ਜੋਗ 'ਪ੍ਰੀਤਮ ਜੀ' ਐਉਂ ਕਰਵਾਉਂਦੇ ਹਨ। ਆਖਦੇ ਹਨ ਤੁਸੀਂ ਦਿੱਸਣ ਵਾਲੇ ਨਾਲ ਮੋਹ ਕਰਦੇ ਹੋ 'ਨਦਰੀ ਆਵੈ ਤਿਸੁ ਸਿਉ ਮੋਹੁ'। ਫੇਰ ਆਖਦੇ ਹਨ, ਜੋ ਦਿੱਸਦਾ ਹੈ ਸੋ ਬਿਨਸਨਹਾਰ ਹੈ, 'ਜੋ ਦੀਸੈ

ਸੋ ਸਗਲ ਬਿਨਾਸੈ' ਫੇਰ ਆਖਦੇ ਹਨ ਕਿ 'ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਨਹਾਰੁ' ਕਿਉਂਕਿ ਜਿਸ ਸ਼ੈ ਨਾਲ ਮੋਹ ਹੋਵੇ, ਉਹ ਜਦੋਂ ਬਿਨਸਦੀ ਹੈ, ਤਦੋਂ ਵਿਛੋੜਾ ਹੁੰਦਾ ਹੈ। ਸੋ ਇਹ ਦਿੱਸਣਹਾਰ ਨਾਲ ਮੋਹ ਦੁੱਖ ਪੈਦਾ ਕਰਨ ਵਾਲਾ ਕੰਮ ਹੈ, ਇਸ ਕਰਕੇ ਦਿੱਸਣ ਵਾਲੇ ਵਲੋਂ ਮੋਹ ਮੋੜ ਲੀਤਾ। ਫੇਰ 'ਪ੍ਰੀਤਮ ਜੀ' ਆਖਦੇ ਹਨ - 'ਐਸੀ ਸੰਚਿ ਜੁ ਬਿਨਸਤ ਨਾਹੀ.'; ਹੁਣ ਉਸੇ ਮੋਹ ਨੂੰ ਦੇਖਣਹਾਰ ਵੱਲ ਪਾ ਦਿੱਤਾ, ਜੋ ਬਿਨਸਣਹਾਰ ਨਹੀਂ। ਕਿਉਂਕਿ ਦੇਖਣਹਾਰ ਦਾ, ਜੋ ਅਵਿਨਾਸ਼ੀ ਹੈ, ਵਿਛੋੜਾ ਨਹੀਂ ਹੁੰਦਾ। ਸੋ 'ਪ੍ਰੀਤਮ ਜੀ' ਆਖਦੇ ਹਨ 'ਨਾ ਓਹ ਮਰੈ ਨ ਹੋਵੈ ਸੋਗੁ'। ਇਸ ਕਰਕੇ ਉਸ ਨੂੰ ਪਿਆਰ ਕਰਨ ਦਾ ਫਲ ਸ਼ੋਕ ਦੀ ਨਵਿਰਤੀ ਤੇ ਸਦਾ ਸੁਖ ਹੈ।

ਹੁਣ ਉਹ ਦੇਖਣ ਵਾਲਾ (ਦ੍ਰਿਸ਼ਟਾ) ਪ੍ਰੇਯ ਸਰੂਪ ਹੈ, ਅਸੀਂ ਉਸੇ ਦੀ ਅੰਸ਼ ਹਾਂ, ਇਸ ਕਰਕੇ ਸਾਡਾ ਅਸਲਾ ਬੀ 'ਪ੍ਰੇਮ' ਹੀ ਹੈ। ਅਸਾਂ ਨੇ ਆਪਣੀ ਪ੍ਰੇਮ ਦੀ ਸ਼ਕਤੀ ਨੂੰ ਦੀਸਣਹਾਰ ਯਾ ਦ੍ਰਿਸ਼ਟਮਾਨ ਵਲ ਲਾ ਰਖਿਆ ਹੈ, ਇਸ ਦਾ ਫਲ ਦੁਖ ਹੁੰਦਾ ਹੈ। ਜੇ ਅਸੀਂ ਆਪਣੀ ਪਿਆਰ ਦੀ ਸ਼ਕਤੀ ਨੂੰ ਦ੍ਰਿਸ਼ਟਾ (ਵਾਹਿਗੁਰੂ) ਵਲ ਲਾ ਦੇਈਏ ਤਾਂ ਉਸ ਨਾਲ ਮੇਲ ਹੋ ਜਾਏਗਾ। ਉਹ ਬੀ ਚੇਤਨ ਹੈ, 'ਪ੍ਰੇਯ' ਸਰੂਪ ਹੈ, ਸਾਡੇ ਵਿਚ ਬੀ ਉਸੇ ਦੀ ਚੇਤਨ ਸ਼ਕਤੀ ਤੇ 'ਪ੍ਰੇਮ' ਦੀ ਅੰਸ਼ ਹੈ। ਜਦ ਅਸਾਂ ਜੀਉਂਦਾ ਸਾਧਨ ਸਾਧਿਆ, ਅਰਥਾਤ ਆਪਣੇ ਕੁਦਰਤੀ ਪ੍ਰੇਮ ਦੇ ਸੁਭਾਵ ਨੂੰ ਦ੍ਰਿਸ਼ਟਮਾਨ ਵਲੋਂ ਹਟਾ ਕੇ ਉਸ ਵਲ ਲਾ ਲਿਆ ਤਾਂ ਮੇਲ ਹੋ ਜਾਏਗਾ, ਜੋਗ ਜੁੜਨ ਨੂੰ ਯਾ 'ਮੇਲ' ਨੂੰ ਆਖਦੇ ਹਨ। ਸੋ 'ਪ੍ਰੀਤਮ ਜੀ' ਏਹ ਜੋਗ ਸਿਖਾਲਦੇ ਹਨ*। ਐਉਂ ਦਿਨ ਰਾਤ ਊਠਤ ਬੈਠਤ ਸੋਵਤ ਜੁੜੇ (ਜੋਗ ਵਿਚ) ਹੀ ਰਹੀਦਾ ਹੈ। ਨਾਲੇ ਜੁੜੇ ਰਹੀਦਾ ਹੈ, ਨਾਲੇ ਗ੍ਰਿਹਸਤ ਵਿਚ ਬੈਠੇ ਓਹ ਕੰਮ ਕਾਜ ਕਰੀਦੇ ਹਨ ਜੋ 'ਪ੍ਰੀਤਮ ਜੀ' ਦੀ ਆਗਯਾ ਦੇ ਹਨ, ਜਿਨ੍ਹਾਂ

---

* ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੀ॥ (ਆਸਾ ਮ: ੧ ਪੰਨਾ-੩੬੦) ਭਾਵ ਏਹ ਹੈ ਕਿ ਨਿਰਾ ਆਪਣੇ ਵਿਚ ਜੁੜਨਾ ਜੋਗ ਨਹੀਂ, ਪਰਮ ਤਤ ਵਾਹਿਗੁਰੂ ਵਿਚ ਜੁੜਨਾ ਜੋਗ ਹੈ।

ਪੁਨ:- ਪ੍ਰਾਨੀ ਪਰਮ ਪੁਰਖ ਪਗ ਲਾਗੋ॥ (ਧਾ:੧੦)

ਪੁਨਾ:- ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ (ਧਾ: ੧੦)

ਦੇ ਕਰਨ ਦਾ ਕਾਰਨ ਸਾਡੀ ਆਪਣੀ ਵੱਖਰੀ ਮਰਜ਼ੀ ਨਹੀਂ ਹੁੰਦੀ, ਪਰ 'ਪ੍ਰੀਤਮ ਜੀ' ਦਾ ਹੁਕਮ ਹੁੰਦਾ ਹੈ। ਐਉਂ ਦਾ 'ਜੋਗ' 'ਪ੍ਰੀਤਮ ਜੀ' ਕਰਵਾਉਂਦੇ ਹਨ। ਉਹ ਬਨ ਤੇ ਘਰ ਨੂੰ ਇਕ ਤੁੱਲ ਕਰਵਾਕੇ, ਜਿਨ੍ਹਾਂ ਪਿਆਰਿਆਂ ਨੂੰ ਆਪੇ ਪੂਰਨ ਕਰ ਲੈਂਦੇ ਹਨ; ਉਨ੍ਹਾਂ ਦੀ ਆਪੇ ਮਹਿਮਾਂ ਕਰਦੇ ਹਨ:- 'ਜਿਤ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ'।

ਵੈਦ ਜੀ— ਸ੍ਰੀ ਜੀ! ਦ੍ਰਿਸ਼ਟਮਾਨ (ਅਰਥਾਤ ਆਪਣੀ ਹਉਂ, ਸਰੀਰ ਤੇ ਇਸਤ੍ਰੀ ਪੁਤ੍ਰ ਧਨ ਆਦਿ) ਨਾਲੋਂ ਪਿਆਰ ਉੱਠਕੇ ਦ੍ਰਿਸ਼ਟੇ - ਜਿਸਨੂੰ ਵਾਹਿਗੁਰੂ ਕਿਹਾ ਜੇ - ਵਿਚ ਪਿਆਰ ਪੈ ਜਾਵੇ, ਇਹ ਬੜਾ ਕਠਨ ਕੰਮ ਹੈ। ਕੀਹ ਇਸ ਲਈ ਪ੍ਰਾਣਾਯਾਮ, ਧਾਰਨਾ ਧਿਆਨ ਆਦਿਕ ਸਾਧਨਾਂ ਦੀ ਲੋੜ ਨਹੀਂ?[੧]

**ਸਤਿਸੰਗ:**

ਦਾਤਾ ਜੀ— 'ਪ੍ਰੀਤਮ ਜੀ' 'ਦੁਖ ਦਾਰੂ' ਆਖਦੇ ਹਨ। ਦੁੱਖ, ਜਿਸ ਤੋਂ ਲੋਕ ਡਰਦੇ ਹਨ ਉਹ ਦਾਰੂ ਹੈ, ਕਿਉਂ ਜੋ ਦੁੱਖ ਦਿੱਸਣ ਵਾਲੇ (ਦ੍ਰਿਸ਼ਟਮਾਨ) ਤੋਂ ਵੈਰਾਗ ਕਰਾਉਂਦਾ ਹੈ। ਉਧਰੋਂ ਉਨ੍ਹਾਂ ਨੇ ਇਕ ਨਵੀਂ ਸ਼ੈ ਬਣਾਈ ਹੈ 'ਸਤਿਸੰਗ', ਜੋ ਦੁਖੀ ਨੂੰ ਦੁਖ ਦੇਣ ਵਾਲੇ ਦੇ ਮੋਹ ਵਲੋਂ ਧੂਹ ਕੇ ਦ੍ਰਿਸ਼ਟੇ ਵਲ ਖਿੱਚ ਲੈਂਦਾ ਹੈ।

ਕਾਕੀ— ਸੱਤਿ ਹੈ, ਪਰੰਤੂ ਸ੍ਰੀ ਜੀ! 'ਪ੍ਰੀਤਮ ਜੀ' ਅਸਾਂ ਦੇਖੇ ਨਹੀਂ, ਸਾਨੂੰ ਉਨ੍ਹਾਂ ਦਾ ਪਿਆਰ 'ਸਤਿਸੰਗ[੨]' ਕਿਸ ਤਰ੍ਹਾਂ ਸਿਖਾਲਦਾ ਹੈ?

**ਪਿਆਰ-ਯਾਦ-ਪ੍ਰੇਮ:**

ਦਾਤਾ— ਪਹਿਲਾਂ ਪ੍ਰੇਮ ਨੂੰ ਸਮਝੀਏ ਕਿ ਕੀਹ ਸ਼ੈ ਹੈ? ਪ੍ਰੇਮ ਜੋ ਆਦਰਸ਼ਕ ਹੈ, ਅਰਥਾਤ ਜੋ ਨਿਰੋਲ ਰੂਹਾਨੀ ਯਾ ਆਤਮਾ ਦਾ ਪਰਮਾਤਮਾਂ ਵਿਚ ਹੁੰਦਾ ਹੈ ਅਜੇ ਅਸੀਂ ਸਮਝ ਨਹੀਂ ਰਹੇ। ਪਰ ਦ੍ਰਿਸ਼ਟਮਾਨ ਨਾਲ ਜੋ ਮੋਹ ਸਾਡਾ ਹੈ ਉਸ ਨੂੰ ਅਸੀਂ ਸਮਝਦੇ ਹਾਂ। ਇਸ ਤੋਂ ਅਗੇਰੀ ਗੱਲ ਸਮਝਣ ਦਾ

---

੧. ਇਸ ਪ੍ਰਸ਼ਨ ਦਾ ਉੱਤਰ ਅਗਲੇ ਪੈਰਾਗ੍ਰਾਫਸ ਵਿਚ ਹੈ।

੨. ਉਹ ਸੰਗ ਜੋ 'ਸੱਚ' ਵਿਚ ਲੈ ਜਾਵੇ, ਸਤਿ ਪੁਰਖ ਦਾ ਸੰਗ।

 www.sikhbookclub.com

ਯਤਨ ਕਰੀਏ। ਜਿਸ ਨਾਲ ਸਾਡਾ ਪਿਆਰ ਹੁੰਦਾ ਹੈ ਉਸ ਲਈ ਸਾਡੇ ਅੰਦਰ ਧੂਹ ਯਾ ਖਿੱਚ ਪੈਂਦੀ ਹੈ। ਇਹ ਖਿੱਚ ਜਾਂ ਧੂਹ ਇਹ ਚਾਹੁੰਦੀ ਹੈ ਕਿ ਪਿਆਰਾ ਕਿਸੇ ਵੇਲੇ ਵਿਛੁੜੇ ਨਾ, ਅੱਖਾਂ ਤੋਂ ਉਹਲੇ ਨਾ ਹੋਵੇ, ਹਰਦਮ ਦਿਸਦਾ ਰਹੇ। ਜਦੋਂ ਪਿਆਰਾ ਪ੍ਰਾਪਤ ਹੁੰਦਾ ਹੈ ਤਾਂ ਅੱਖਾਂ ਉਸ ਨੂੰ ਇਕ ਦਮ ਲਈ ਆਪਣੇ ਤੋਂ ਉਹਲੇ ਨਹੀਂ ਹੋਣ ਦੇਂਦੀਆਂ ਤੇ ਜੇ ਕਦੇ ਪਿਆਰਾ ਵਿਛੁੜ ਜਾਵੇ ਤਦ ਦਿਲ ਉਸਨੂੰ ਵਿਸਾਰਦਾ ਨਹੀਂ, ਹਰ ਵੇਲੇ ਅੰਦਰ ਧੂਹ ਪੈਂਦੀ ਹੈ ਤੇ ਪਿਆਰੇ ਦੀ ਯਾਦ ਅੰਦਰ ਲੱਗੀ ਰਹਿੰਦੀ ਹੈ। ਅਰਥ ਇਹ ਕਿ 'ਪਿਆਰਾ' ਇਕ ਦਮ ਲਈ ਭੁੱਲਦਾ ਨਹੀਂ ਹੈ। ਲਓ ਹੁਣ ਸਾਨੂੰ ਸਾਫ਼ ਸਮਝ ਪੈ ਗਈ ਕਿ 1. ਪਿਆਰੇ ਦੇ ਮੇਲ ਵੇਲੇ ਅੱਖੀਆਂ ਪਿਆਰੇ ਨੂੰ ਪਰੇ ਨਹੀਂ ਹੋਣ ਦਿੰਦੀਆਂ ਤੇ ਦਿਲ ਵਿਚ ਆਨੰਦ ਭਰਪੂਰ ਹੁੰਦਾ ਹੈ ਤੇ 2. ਵਿਛੋੜੇ ਵੇਲੇ ਪਿਆਰੇ ਦੀ 'ਯਾਦ' ਅੰਦਰੋਂ ਦੂਰ ਨਹੀਂ ਹੁੰਦੀ ਤੇ ਮਨ ਵਿਚ ਖਿੱਚ ਯਾ ਧੂਹ ਪੈਂਦੀ ਰਹਿੰਦੀ ਹੈ। ਇਸ 'ਪਿਆਰ' ਦਾ ਇਹ ਨਿਸ਼ਚਿਤ ਸਰੂਪ ਹੈ ਜਿਸ ਤੋਂ ਅਸੀਂ ਬਿਨਾਂ ਸੰਸੇ ਸਾਫ਼ ਸਾਫ਼ ਸਮਝ ਸਕਦੇ ਹਾਂ ਕਿ ਪਿਆਰ ਦਾ ਪ੍ਰਕਾਸ਼ ਯਾ ਪਿਆਰ ਦਾ ਪ੍ਰਗਟ ਹੋਣਾ ਯਾ 'ਪਿਆਰ' ਦਾ ਰੂਪ, ਜਿਸ ਨੂੰ ਸਾਡੀ ਸਮਝ ਹੁਣ ਸਮਝ ਸਕਦੀ ਹੈ, ਕੀ ਸ਼ੈ ਹੈ? ਉੱਤਰ-ਯਾਦ।

'ਸਤਿਸੰਗ' ਸਿਖਾਲਦਾ ਹੈ ਕਿ ਜਦ ਉਹ ਵਾਹਿਗੁਰੂ ਦੀਹਦਾ ਨਹੀਂ, ਅੱਖਾਂ ਦੇ ਸਾਹਮਣੇ ਨਹੀਂ ਹੈ, ਤਾਂ ਤੁਸੀਂ ਇਉਂ ਖਿਆਲ ਕਰੋ ਕਿ ਉਸ ਨਾਲ ਸਾਡਾ ਵਿਛੋੜਾ ਹੈ ਤੇ ਸਾਨੂੰ ਜਗਤ ਦੇ ਪਿਆਰ ਤੋਂ ਸਮਝ ਆ ਚੁਕੀ ਹੈ ਕਿ ਵਿਛੋੜੇ ਵਿਚ ਪਿਆਰੇ ਦੀ ਯਾਦ ਨਹੀਂ ਭੁੱਲਿਆ ਕਰਦੀ ਤੇ ਧੂਹ ਪਿਆ ਕਰਦੀ ਹੈ। ਸੋ ਜੇ ਹੁਣ ਅਸੀਂ ਪਿਆਰੇ ਨੂੰ ਵਿਛੁੜਿਆ ਸਮਝਕੇ ਉਸ ਨੂੰ ਯਾਦ ਕਰਿਆ ਕਰੀਏ ਤੇ ਉਸ ਦੀ ਯਾਦ ਨੂੰ ਹਰਦਮ ਪਕਾਈਏ ਤਦ ਸਾਨੂੰ ਉਸਦੀ ਧੂਹ ਯਾ ਖਿੱਚ ਪਵੇਗੀ। ਇਹ ਧੂਹ (ਖਿੱਚ) ਹੀ ਪ੍ਰੇਮ ਦਾ ਪ੍ਰਗਟ ਸਰੂਪ ਸਾਡੀ ਸਮਝ ਵਿਚ ਆਇਆ ਸੀ ਕਿ ਵਿਛੋੜੇ ਵੇਲੇ ਸਾਡੇ ਅੰਦਰ ਹੁੰਦਾ ਹੈ। ਸੋ ਯਾਦ ਦੇ ਪੱਕਿਆਂ ਮਾਨੋਂ ਪ੍ਰੇਮ ਲੱਗ ਪਿਆ ਯਾ ਯਾਦ ਪ੍ਰੇਮ ਵਿਚ ਪਲਟ ਗਈ। ਜਿਵੇਂ ਬੋੜ੍ਹ ਤੋਂ ਬੀਜ ਤੇ ਬੀਜ ਤੋਂ ਬੋੜ੍ਹ ਤਿਵੇਂ ਪ੍ਰੇਮ ਤੋਂ ਯਾਦ ਤੇ ਯਾਦ ਤੋਂ ਪ੍ਰੇਮ।

## ਨਾ ਹੋਇ ਉਹਲੇ

ਲੱਗੇ ਪਜਾਰ ਤਾਂ ਪਜਾਰੜਾ ਪਾਸ ਵੱਸੇ,
ਕਦੇ ਅੱਖੀਆਂ ਤੋਂ ਨਾ ਹੋਇ ਉਹਲੇ,
ਕਦੇ ਅੱਖੀਆਂ ਤੋਂ ਜੇ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਨਾ ਉਹਲੇ,
ਸੂਰਤ ਓਸਦੀ ਦਿਲੋਂ ਜੇ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਨਾ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਜੇ ਹੋਇ ਉਹਲੇ,
ਸੁਰਤ ਦੇਹ ਤੋਂ ਸ਼ਾਲਾ! ਤਦ ਹੋਇ ਉਹਲੇ।
(ਪੁਸਤਕ 'ਲਹਿਰ ਹੁਲਾਰੇ' ਵਿਚੋਂ)

ਜਿਉਂ ਜਿਉਂ ਇਹ ਪ੍ਰੇਮ ਵਧੇਗਾ, ਤਿਉਂ ਤਿਉਂ ਪਿਆਰੇ ਨੂੰ ਬੀ ਸਾਡੀ ਧੂਹ ਪਵੇਗੀ। ਉਹ ਕਿਉਂ? ਉਸ ਲਈ ਇਕ ਹੋਰ ਨਿਯਮ ਹੈ, ਉਹ ਸਮਝ ਲਓ। ਉਹ ਇਹ ਹੈ ਕਿ ਜਿਸ ਨੂੰ ਤੁਸੀਂ ਸਦਾ ਯਾਦ ਕਰੋਗੇ ਉਸ ਨੂੰ ਤੁਸੀਂ ਯਾਦ ਆਓਗੇ। ਇਉਂ ਸਦਾ ਯਾਦ ਕਰਦਿਆਂ 'ਪ੍ਰੀਤਮ ਜੀ' ਤੁਹਾਡੇ ਨਾਲ ਪ੍ਰੇਮ ਵਿਚ ਆਉਣਗੇ। ਲਓ ਮੈਂ ਫੇਰ ਦੁਹਰਾਂਦਾ ਹਾਂ :-

ਜਦੋਂ ਸਾਡੇ ਅੰਦਰ ਅੱਠ ਪਹਿਰ ਦੀ ਯਾਦ ਪਿਆਰੇ ਜੀ ਲਈ ਵੱਸ ਪਈ ਹੈ ਤਾਂ ਇਹ ਪ੍ਰੇਮ ਦਾ ਪ੍ਰਗਟ ਸਰੂਪ ਹੈ। ਪ੍ਰੇਮ ਮਾਨੋ ਸੁਰਜੀਤ ਹੋ ਪਿਆ ਹੈ। ਇਹ ਯਾਦ ਜਦ ਨਿਰੰਤਰ ਹੋ ਜਾਏਗੀ ਸਾਡੇ ਵਿਚ ਪ੍ਰੀਤਮ ਦੀ ਖਿੱਚ ਯਾ ਧੂਹ ਪੈਦਾ ਕਰੇਗੀ ਤੇ ਉਹ ਧੂਹ ਜਦ ਮਜ਼ਬੂਤ ਹੋ ਜਾਏਗੀ ਤਦੋਂ 'ਪ੍ਰੀਤਮ ਜੀ' ਬੀ ਸਾਨੂੰ ਯਾਦ ਕਰਨਗੇ ਅਰ ਖਿੱਚ ਖਾਣਗੇ। ਫੇਰ ਉਹ ਵਡੇ ਹਨ, ਸਮਰਥ ਹਨ, ਸਾਨੂੰ ਖਿੱਚਣਗੇ। ਅਸੀਂ ਛੋਟੇ ਹੋਣ ਕਰਕੇ, ਹਲਕੇ ਹੋਣ ਕਰਕੇ ਖਿੱਚੇ ਜਾਵਾਂਗੇ ਤੇ ਪਿਆਰੇ ਨਾਲ ਜਾ ਮਿਲਾਂਗੇ। ਮੇਲ ਹੋ ਗਿਆ, ਯੋਗ ਹੋ ਗਿਆ। ਇਉਂ ਦੀਆਂ ਮੱਤਾਂ ਦੇ ਦੇਕੇ ਅਣਡਿੱਠੇ ਵਾਹਿਗੁਰੂ ਜੀ ਨਾਲ ਸਤਿਸੰਗ ਮੇਲ ਕਰਾ ਦਿੰਦਾ ਹੈ।

## ਖਿੱਚ

ਤੁਸਾਂ ਬਨ੍ਹਿਆ ਨੇਮ-'ਵੱਡੇ ਖਿੱਚਣ ਛੋਟਿਆਂ'
ਸੂਰਜ ਖਿੱਚੇ ਧਰਤਿ, ਧਰਤ ਫਿਰ ਚੰਦ ਨੂੰ,

 www.sikhbookclub.com

ਚੰਦ ਮਾਰਦਾ ਖਿੱਚ ਉਛਾਲੇ ਸਾਗਰਾਂ।
ਰੱਖ ਅਪਣੇ ਵਲ ਖਿੱਚ ਸਭ ਤੋਂ ਵਡਿਆ!
ਖਿਚ ਅਪਣੀ ਵੱਲ ਖਿਚ, ਅਸਾਨੂੰ ਨਿਕਿਆਂ।
ਜੇ ਨਾ ਰਖੇਂ ਖਿੱਚ ਸਾਂਈਆਂ ਮੇਰਿਆ।
ਜਾਸਾਂ ਹਾਇ ਗੁਆਚ ਬਨ ਤੇ ਬੇਲਿਆਂ।
(ਪੁਸਤਕ 'ਮੇਰੇ ਸਾਈਆਂ ਜੀਓ' ਵਿਚੋਂ)

ਕਾਕੀ— ਹਰ ਵੇਲੇ ਦੀ ਯਾਦ ਅਣਡਿੱਠੇ 'ਪ੍ਰੀਤਮ ਜੀ' (ਵਾਹਿਗੁਰੂ) ਲਈ ਅੰਦਰ ਪੈਦਾ ਹੋ ਜਾਣੀ ਬੀ ਔਖਾ ਜਿਹਾ ਕੰਮ ਹੈ।

ਦਾਤਾ— ਹੈ ਤਾਂ ਸਹੀ, ਪਰ ਜੀਕੂੰ ਇਕ ਫੁੱਟੀ ਭਰ 'ਜਾਗ' ਨਾਲ ਮਣ ਦੁੱਧ ਜੰਮ ਜਾਂਦਾ ਹੈ, ਇਸ ਤਰ੍ਹਾਂ ਸਤਿਸੰਗ ਇਕ ਕਣੀ ਨਾਲ[1] ਇਹ ਕਾਰਜ ਸਾਰ ਦਿੰਦਾ ਹੈ। ਉਹ ਕਿਣਕਾ ਬਹੁਤ ਅਮੋਲਕ ਹੈ।

**"ਕਿਨਕਾ ਏਕ ਜਿਸੁ ਜੀਅ ਬਸਾਵੈ॥**
**ਤਾਕੀ ਮਹਿਮਾ ਗਨੀ ਨਾ ਆਵੈ॥"** (ਸੁਖਮਨੀ-੨੬੨)

**ਬਾਣੀ:**

ਅਤੇ ਉਹ ਕਣੀ ਇਉਂ ਅੰਦਰ ਪੈਂਦੀ ਹੈ ਕਿ ਜਦ ਸਤਿਸੰਗ ਨੂੰ ਮਿਲੋ, ਉੱਥੇ 'ਪ੍ਰੀਤਮ ਜੀ' ਦਾ ਪਿਆਰ ਡੁਲ੍ਹ ਡੁਲ੍ਹ ਪੈ ਰਿਹਾ ਹੁੰਦਾ ਹੈ, 'ਜੇਹੀ ਸੰਗਤ ਤੇਹਾ ਫਲ'। ਉਨ੍ਹਾਂ ਦੇ ਦਰਸ਼ਨ ਤੇ ਮੇਲ ਨਾਲ ਓਹੋ ਰੰਗ ਲਗਦਾ ਹੈ, ਫੇਰ ਸਤਿਸੰਗ 'ਪ੍ਰੀਤਮ ਜੀ' ਦਾ ਕੀਰਤਨ ਕਰਦਾ ਹੈ। ਇਹ ਕੀਰਤਨ ਸਿਰ ਕਰਮਾਂ ਦੇ ਕਰਮ ਹੈ, ਜਿਸ ਨਾਲ ਪਿਆਰੇ ਜੀ ਦੀ ਯਾਦ ਅੰਦਰ ਵੜਦੀ ਹੈ। ਫੇਰ 'ਪ੍ਰੀਤਮ ਜੀ' ਨੇ ਕੀਰਤਨ ਕਰਨ ਲਈ ਸਾਡੇ ਪ੍ਰੇਮ ਦੇ ਰੰਗ ਵੱਲੋਂ ਕੱਚੇ ਮਨਾਂ ਨੂੰ ਬੇਆਸਰੇ ਨਹੀਂ ਛਡਿਆ, ਆਪਣੇ ਪ੍ਰੇਮ ਰੰਗ ਵਿਚ ਆਪਣੇ ਪੱਕੇ ਹੋਏ ਮਨ ਤੋਂ 'ਬਾਣੀ' ਉਚਾਰੀ ਹੈ। ਉਸ ਬਾਣੀ ਵਿਚ ਮਹਿਮਾਂ, ਉਸਤਤਿ, ਪਿਆਰ, ਬਿਰਹੋਂ ਤੇ ਹੋਰ ਸੁੰਦਰ ਭਾਵ ਐਸੇ ਪੱਕੇ ਰੰਗ ਨਾਲ ਭਰੇ ਹਨ ਕਿ ਜਦ ਉਸ ਪੱਕੀ ਬਾਣੀ ਨਾਲ, ਚਾਹੇ ਚੁੱਪ ਚਾਹੇ ਬੋਲ ਕੇ, ਚਾਹੇ ਗਾਉਂਕੇ, ਚਾਹੇ ਸੁਣ ਕੇ ਕਿਸੇ ਤਰ੍ਹਾਂ ਅੰਮ੍ਰਿਤ ਦਾ ਘੁੱਟ ਭਰੋ

---

੧. ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥ (ਸ. ਮ. ੫)

 www.sikhbookclub.com

ਸਾਂਈ ਦੀ ਯਾਦ ਅੰਦਰ ਜਾਗਦੀ ਹੈ। ਇਸ ਬਾਣੀ ਦਾ ਕੀਰਤਨ ਸੁਣਨਾ ਜਾਂ ਆਪ ਕਰਨਾ, ਬਾਣੀ ਦਾ ਪਾਠ ਕਰਨਾ ਯਾ ਵਿਚਾਰਨਾ ਪਰਮ ਪੁਰਖ ਦੀ ਯਾਦ ਵੱਲ ਧੂੰਹਦਾ ਰਹਿੰਦਾ ਹੈ।

## ਨਾਮ:

ਸੋ ਏਸ ਤਰ੍ਹਾਂ ਦਾ ਰੰਗ ਜਮਾ ਕੇ ਸਤਿਸੰਗ ਸਾਨੂੰ ਸੁੰਞੇ ਆਕਾਸ਼ ਵਿਚ ਬਾਹੁਲੀਆਂ ਮਾਰ ਮਾਰਕੇ ਤਬਾਹ ਹੋ ਜਾਣ ਲਈ ਨਹੀਂ ਛੱਡ ਦਿੰਦਾ, ਸਗੋਂ ਬਾਣੀ ਦਾ ਰਸ ਪਾਕੇ ਸਾਨੂੰ ਦੱਸਦਾ ਹੈ ਕਿ ਯਾਦ ਇਕ ਸੂਖਮ ਅਵਸਥਾ ਹੈ ਤੇ ਅਸੀਂ ਅਸਥੂਲ ਦੇਹ ਵਾਲੇ ਹਾਂ। ਅਸਥੂਲ ਦੇਹ ਦੇ ਸੁੱਖਾਂ ਦੇ ਪ੍ਰੇਮ ਵਿਚ ਦਿਨਰਾਤ ਲੱਗਣ ਕਰਕੇ ਅਸੀਂ ਅਸਥੂਲਤਾ ਵਿਚ ਪਰਪੱਕ ਹਾਂ ਤਾਂ ਤੇ ਯਾਦ ਨੂੰ ਬੀ ਅਸਥੂਲਤਾ ਤੋਂ ਸ਼ੁਰੂ ਕਰੀਏ। ਸੋ ਉਹ ਆਪਣੇ ਪਿਆਰੇ ਅਰਥਾਤ ਅਕਾਲ ਪੁਰਖ ਦਾ ਨਾਮ ਦਸ ਦਿੰਦੇ ਹਨ ਤੇ ਆਖਦੇ ਹਨ ਕਿ ਜੀਭ ਉਤੇ ਇਸ ਨੂੰ ਰੱਖਕੇ ਤੇ ਮਨ ਵਿਚੋਂ ਖਿਆਲ ਨੂੰ ਉਸ ਪਾਸੇ ਕਰਕੇ ਉਸ ਭਾਵ ਨਾਲ, ਜੋ ਬਾਣੀ ਦੇ ਪਾਠ ਕੀਰਤਨ ਨੇ ਸਾਡੇ ਅੰਦਰ ਪੈਦਾ ਕੀਤਾ ਹੈ, ਸਾਂਈਂ ਨੂੰ ਜਪੀਏ! ਇਹ ਪ੍ਰੇਮ ਸੰਦੇਸਾ ਹੈ ਜੋ 'ਪ੍ਰੀਤਮ ਜੀ' ਲੈ ਕੇ ਆਏ ਹਨ! ਇਸ ਨੂੰ ਉਹ ਆਪ 'ਸੱਚਾ ਸੋਹਿਲਾ' ਆਖਦੇ ਹਨ, 'ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥' ਇਸ ਸੋਹਿਲੇ ਦਾ ਰੂਪ 'ਨਾਮ' ਜਾਂ 'ਸ਼ਬਦ' ਹੈ। 'ਪ੍ਰੀਤਮ ਜੀ' ਕਹਿੰਦੇ ਹਨ 'ਏਹੁ ਸੋਹਿਲਾ ਸਬਦੈ ਸੁਹਾਵਾ' ਐਉਂ ਇਸ ਸੋਹਿਲੇ ਨਾਲ ਯਾਦ ਦਾ ਸੂਖਮ ਭਾਵ ਜੀਭ ਦਾ ਆਸਰਾ ਲੈਕੇ ਉਠਦਾ ਹੈ ਤੇ ਫੇਰ ਮਨ ਵਿਚ ਵੜਦਾ ਯਾਦ ਬਣਦਾ ਜਾਂਦਾ ਹੈ। ਇਸ ਨੂੰ 'ਨਾਮ ਦਾ ਸਿਮਰਨ' ਆਖਦੇ ਹਨ। ਜਪ ਤੋਂ ਸਿਮਰਨ ਆਪੇ ਬਣ ਜਾਂਦਾ ਹੈ। ਐਥੋਂ ਤਾਈਂ ਕਿ ਨਿਰੋਲ ਯਾਦ ਬਣ ਜਾਂਦਾ ਹੈ ਅਤੇ ਯਾਦ ਵਿਚੋਂ ਖਿੱਚਤੇ ਖਿੱਚ ਤੋਂ ਪੱਕੇ ਪ੍ਰੇਮ ਵਿਚ ਪਲਟ ਜਾਂਦਾ ਹੈ, ਅਤੇ ਪ੍ਰੇਮ ਬਣਕੇ 'ਪ੍ਰੀਤਮ ਜੀ' ਨੂੰ ਖਿੱਚ ਪਾਉਂਦਾ ਹੈ ਤੇ 'ਪ੍ਰੀਤਮ ਜੀ' ਸਾਨੂੰ ਆਪਣੀ ਅਨੁਗ੍ਰਹ ਨਾਲ ਖਿੱਚ ਕੇ ਆਪਣੇ ਨਾਲ ਮੇਲ ਲੈਂਦੇ ਹਨ। ਇਹ ਜੋਗ ਸੰਪੂਰਨ ਹੋ ਗਿਆ। ਦ੍ਰਿਸ਼ਟਮਾਨ, ਜਿਸ ਵਿਚ ਸਾਡਾ ਪਿਆਰ ਲੱਗਾ ਪਿਆ ਹੈ, ਉਸ ਵਲੋਂ ਯਾਦ ਦੇ ਵਸੀਲੇ ਮਨ ਦਾ ਰੁਖ ਮੋੜ ਲਿਆ ਸੀ, ਮੂੰਹ ਮੋੜਦਿਆਂ ਹੀ ਅਸਾਂ ਉਸ ਵਲੋਂ ਸੰਨਜਾਸ ਧਾਰਨ ਕਰ ਲਿਆ ਸੀ। ਵੀਚਾਰ ਕਰੋ ਕਿ ਜਦੋਂ

ਅਸੀਂ ਆਪਣੇ ਸਾਰੇ ਕੁਝ ਨੂੰ ਬਿਨਸਣਹਾਰ ਜਾਣ ਕੇ ਅੰਦਰੋਂ ਤਿਆਗਦੇ ਹਾਂ 'ਪ੍ਰੀਤਮ ਜੀ' ਦੇ ਹੁਕਮ ਵਿਚ, ਅਤੇ ਦੂਸਰਿਆਂ ਦੇ ਸੁਖ ਲਈ, ਜਿਨ੍ਹਾਂ ਨੂੰ ਅਸੀਂ, ਪਹਿਲੋਂ ਓਪਰੇ ਜਾਣਦੇ ਸਾਂ, ਲਗਾਉਂਦੇ ਹਾਂ ਤਾਂ ਅਮਲੀ ਸੰਨਯਾਸੀ ਹੋ ਜਾਂਦੇ ਹਾਂ ਕਿ ਨਹੀਂ? ਆਪ ਪ੍ਰੀਤ-ਜੋਗ ਦਾ ਸੁਖ ਅੰਦਰ ਮਾਣਦੇ ਹਾਂ ਤੇ ਆਪਣੇ ਸੰਨਯਾਸ ਤੋਂ ਬਾਹਰ ਸਾਰੇ ਲੋਕਾਂ ਨੂੰ, ਜੋ ਆਪਣੇ 'ਹਮਸਾਏ ਹਨ, ਜੋ ਸ੍ਰਿਸ਼ਟੀ-ਖਲਕ-ਹਨ, ਜਾਂ 'ਪ੍ਰੀਤਮ ਜੀ' ਦੇ ਸਾਜੇ ਹੋਏ ਹੋਣ ਕਰਕੇ ਭਰਾ ਹਨ, ਸੁਖ ਦੇਂਦੇ ਹਾਂ, ਪਰ ਸਹਿ ਸੁਭਾ। ਇਸ ਨੂੰ ਅਸੀਂ ਆਖਦੇ ਹਾਂ 'ਸਰਬੱਤ ਦਾ ਭਲਾ', ਟੇਕ ਸਾਡੀ ਨਾਮ ਤੇ, ਧਿਆਨ 'ਪ੍ਰੀਤਮ ਜੀ' ਉੱਤੇ, ਐਉਂ ਜੁੜੇ ਰਹਿੰਦੇ ਹਾਂ ਅਬਿਨਾਸ਼ੀ ਪ੍ਰੀਤਮ ਨਾਲ। 'ਸਰਬੱਤ ਦਾ ਭਲਾ' ਸਹਿਜ ਸੁਭਾਵ ਹੋਈ ਜਾਂਦਾ ਹੈ ਸਾਡੇ ਸੰਨਯਾਸ ਦੇ ਸੁਭਾਵ ਕਰਕੇ। ਐਉਂ ਆਪ ਬੀ ਸੁਖੀ, ਜੀਉਂਦੇ ਜੀ ਸੁਖੀ, ਨਕਦੋ ਨਕਦ ਸੁਖੀ ਹੋ ਜਾਂਦੇ ਹਾਂ ਤੇ ਬਾਕੀ ਸ੍ਰਿਸ਼ਟੀ; ਜੋ ਆਪਣੇ ਤੋਂ ਭਿੰਨ ਸੀ, ਸਾਥੋਂ ਦੁਖੀ ਨਹੀਂ ਹੁੰਦੀ, ਪਰ ਸੁਖ ਪਾਉਂਦੀ ਹੈ। ਸੋ 'ਲੋਕ ਸੁਖੀ ਪਰਲੋਕ ਸੁਹੇਲੇ' ਹੋ ਜਾਂਦੇ ਹਾਂ।

ਅਸੀਂ ਇਉਂ ਆਪਣੇ ਅੰਦਰੋਂ 'ਪ੍ਰੇਮ' ਸਰੂਪਤਾ ਨੂੰ ਮੋਹ ਕਹਿ ਕਹਿਕੇ ਕੱਟਣ ਦੀ ਥਾਂਵੇਂ ਸਫਲ ਕਰਦੇ ਹਾਂ, ਪਰਮ ਪੁਰਖ ਨਾਲ ਪ੍ਰੇਮ ਕਰਕੇ। ਫੇਰ ਸੰਨਯਾਸੀ ਹੋ ਜਾਂਦੇ ਹਾਂ ਹੁਕਮ ਪਛਾਣਨ ਨਾਲ ਹਉਂ ਦੇ ਕੱਟੇ ਜਾਣ ਕਰਕੇ* ਤੇ ਗਜਾਨਵਾਨ ਹੋ ਜਾਂਦੇ ਹਾਂ, ਹਉਂ ਦੇ ਦੂਰ ਹੋ ਕੇ ਸ਼ੁਧ ਹੋ ਜਾਣ ਨਾਲ ਇਹ ਗੱਲ ਕੁਛ ਹੋਰ ਹੋ ਕੇ ਮੁੱਕੀ ਤਾਂ ਸੁਣਨ ਵਾਲਿਆਂ ਦੇ ਨੇਤ੍ਰ ਬੰਦ ਹੋ ਚੁਕੇ ਸਨ ਅਰ ਸਾਰੇ ਕਿਸੇ ਐਸੇ ਰਸ ਵਿਚ ਨਿਮਗਨ ਸਨ ਕਿ ਜਿਸ ਨੂੰ ਕਦੇ ਡਿੱਠਾ ਯਾ ਸੁਣਿਆ ਨਹੀਂ ਸੀ। ਦਾਤਾ ਜੀ ਬੀ ਸਮਝਦੇ ਸਨ, ਆਪਣੇ ਰੰਗ ਵਿਚ ਮਗਨ ਹੋ ਗਏ।

(ਕ: ਧ: ਚ-੧, ਪ੍ਰੀਤਮ ਜੀ ਪੰਨਾ ੩੪੧)

* ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਜਪੁਜੀ)

 www.sikhbookclub.com

## 5. ਰਾਗ*

(ਜਾਂ ਪੀਰ ਨੇ ਨਾਉਂ ਸੁਣਿਆ ਤਾਂ ਫਿਰ ਸੀਸ ਨਿਵਾਇਆ। ਪੀਰ ਉਨ੍ਹਾਂ ਦਾ ਨਾਉਂ ਸੁਣ ਚੁੱਕਾ ਸੀ। ਮੱਕੇ ਤੋਂ ਲੋਕਾਂ ਆਕੇ ਓਥੋਂ ਦੇ ਹਾਲਾਤ ਆਪ ਦੇ ਦੱਸੇ ਸਨ। ਸੋ 'ਪੀਰ ਹਿੰਦੀ' ਕਹਿਕੇ ਉਸ ਨੇ ਸੀਸ ਝੁਕਾਇਆ ਤੇ ਆਖਿਆ: ਠੰਢ ਪਈ ਹੈ ਸੁਣਕੇ ਆਪ ਦਾ ਨਾਮ, ਜੱਸ ਅੱਗੇ ਸੁਣ ਚੁੱਕਾ ਹਾਂ ਕਿ ਆਪ ਨੇ ਅੱਲਾ ਦੀ ਜ਼ਾਤ ਨੂੰ ਸਹੀ ਕੀਤਾ ਹੈ ਤੇ ਇਕੋ ਉਸੇ ਦੇ ਨਾਮ ਦਾ ਢੰਡੋਰਾ ਦੇਂਦੇ ਹੋ ਪਰ ਹੇ ਰੱਬ ਸਾਂਈ ਦੇ ਪਿਆਰੇ ਜੀ! ਇਹ ਰਾਗ ਬੜੀ ਚੰਚਲ ਵਸਤੂ ਹੈ, ਵਿਕਾਰਾਂ ਵਲ ਲੈ ਜਾਂਦੀ ਹੈ, ਜਗਤ ਦੇ ਅਯਾਸ਼ ਤੇ ਬਦਮਾਸ਼ ਇਸ ਦੇ ਸੰਗ ਨਾਲ ਤਬਾਹ ਹੋ ਰਹੇ ਹਨ। ਉਹ ਸ਼ੈ ਜੋ ਅੱਲਾ ਤੋਂ ਮੂੰਹ ਮੁੜਵਾਕੇ ਨਫ਼ਸ ਵਲ ਲੈ ਜਾਵੇ ਉਸਨੂੰ ਤੁਸੀਂ ਕਿਵੇਂ ਰਵਾ ਰੱਖਿਆ ਹੈ, ਮਿਹਰ ਹੋਵੇ ਤਾਂ ਚਾ ਸਮਝਾਓ, ਸਾਨੂੰ ਅਚਰਜ ਹੋ ਰਿਹਾ ਹੈ ਤੁਸਾਂ ਦਾ ਪਿਆਰ ਸਰੋਦ ਨਾਲ-ਰਾਗ ਨਾਲ-ਵੇਖਕੇ।)

ਗੁਰੂ ਜੀ— ਰਾਗ ਮਨ ਨੂੰ ਚੰਚਲ ਕਰਨ ਵਾਲੀ ਸ਼ੈ ਨਹੀਂ, ਪਰ ਏਕਾਗਰ ਕਰਨ ਵਾਲੀ ਸ਼ੈ ਹੈ। ਹਾਂ, ਰਾਗ ਮਨ ਨੂੰ ਪੰਘਾਰਦਾ ਹੈ, ਰਾਗ ਨੂੰ ਸੁਣਕੇ ਮਨ ਦ੍ਰਵਦਾ ਹੈ, ਨਰਮ ਹੁੰਦਾ ਹੈ, ਫਿਰ ਨਰਮ ਹੋਏ ਮਨ ਨੂੰ ਉਚੇ ਰੰਗ ਵਿਚ ਰੰਗ ਸਕੀਦਾ ਹੈ। ਇਸ ਮਨ ਵਿਚ ਰਾਗ ਨਾਲ ਵਿਸ਼ਾਲਤਾ ਆਉਂਦੀ ਹੈ, ਸੁਹਣੇ ਖਿਆਲ ਤੇ ਨਾ ਦੱਸੇ ਜਾ ਸਕਣ ਵਾਲੇ ਵਲਵਲੇ ਇਸ ਨਾਲ ਉਪਜਦੇ ਹਨ, ਤੇ ਫੇਰ ਸੁਹਣੇ ਕੰਮਾਂ ਵਲ ਪ੍ਰੇਰਨਾ ਹੁੰਦੀ ਹੈ। ਕਈ ਵੇਰ

---

* ਨੋਟ:-ਇਹ ਲੇਖ ਗੁਰੂ ਨਾਨਕ ਚਮਤਕਾਰ ਭਾਗ-2 (ਬਗਦਾਦ ਫੇਰੀ) ਵਿਚੋਂ ਲਿਆ ਗਿਆ ਹੈ।

ਉੱਖੜੇ, ਉਦਾਸ, ਔਖੇ ਹੋਏ ਮਨ ਇਸ ਨਾਲ ਸੁਖੀ ਤੇ ਪੱਧਰੇ ਹੋ ਜਾਂਦੇ ਹਨ। ਭੈੜੇ ਖਿਆਲ, ਮੰਦੀਆਂ ਵਾਸ਼ਨਾਂ ਦੀ ਰੌ ਨੂੰ ਰਾਗ ਨਿਰਮਲ ਕਰਕੇ ਸੂੱਛ ਕਰ ਦੇਂਦਾ ਹੈ। ਤੁਸਾਂ ਡਿੱਠਾ ਹੋਊ ਕਿ ਇਸ ਰਾਗ ਨੂੰ ਬ੍ਰਿਧ, ਬਾਲ, ਜੁਆਨ ਸਾਰੇ ਪਸਿੰਦ ਕਰਦੇ ਹਨ, ਪਸ਼ੂ ਪੰਛੀ ਰਾਗ ਸੁਣਕੇ ਮੋਹਿਤ ਹੁੰਦੇ ਹਨ।

ਪੀਰ (ਗਲ ਟੂੱਕਕੇ)— ਸਾਰੇ ਪਸਿੰਦ ਕਰਦੇ ਹਨ! ਕੀ ਰਾਗ ਕੁਈ ਅੱਲਾ ਨੇ ਬਣਾਇਆ ਹੈ?

ਗੁਰੂ ਜੀ— ਰਾਗ ਇਲਾਹੀ ਸ਼ੈ ਹੈ, ਇਨਸਾਨ ਨੇ ਇਸ ਨੂੰ ਰਚਿਆ ਨਹੀਂ, ਪਰ ਲੱਭਿਆ ਹੈ।

ਪੀਰ— ਪਰ ਜੀ ਰਬਾਬ, ਸਰੋਦਾ, ਸਤਾਰ ਆਦਿਕ ਰਾਗ ਦੇ ਸੰਦ ਤਾਂ ਇਨਸਾਨ ਨੇ ਰਚੇ ਹਨ, ਇਨ੍ਹਾਂ ਬਿਨਾਂ ਰਾਗ ਕਿਥੋਂ ਹੁੰਦਾ?

ਗੁਰੂ ਜੀ— ਸਰਕੜੇ ਦੀ ਪੌਣ ਨਲ ਲਗ ਕੇ ਸਰਰ ਸਰਰ ਕਰ ਰਹੀ ਸਾਰੀ ਰਾਗ ਕਰ ਰਹੀ ਹੈ। ਪੱਥਰਾਂ ਨਾਲ ਲਗ ਲਗ ਵਹਿ ਰਹੀ ਨਦੀ ਰਾਗ ਕਰ ਰਹੀ ਹੈ, ਬਨ ਦੇ ਵਿਚੋਂ ਲੰਘ ਰਹੀ ਹਵਾ ਰਾਗ ਛੇੜ ਰਹੀ ਹੈ, ਪੰਛੀਆਂ ਦੇ ਗਲੇ ਰਾਗ ਗਾ ਰਹੇ ਹਨ, ਮਨੁੱਖ ਦਾ ਹਲਕ (ਗਲਾ) ਰਾਗ ਗਾਉਣ ਵਾਲਾ ਸਾਂਈ ਨੇ ਬਣਾਇਆ ਹੈ। ਪਾਣੀ ਕੱਢਣ ਵਾਸਤੇ ਇਨਸਾਨ ਦਾ ਬਣਿਆ ਵਗਦਾ ਖੂਹ ਆਪਣੇ ਰੌ ਵਿਚ ਰਾਗ ਦੀ ਸੁਰ ਛੇੜ ਰਿਹਾ ਹੈ। ਰਾਗ ਨੂੰ ਸੁਣਨ ਵਾਲੇ ਕੰਨ ਅੱਲਾ ਨੇ ਬਣਾਏ ਹਨ ਤੇ ਰਾਗ ਦੀ ਸਮਝ ਵਿੱਤ੍ਰੇਕ, ਜੋੜ ਤੇ ਰਸ ਲੈਣ ਦੀ ਸ਼ਕਤੀ ਤੇ ਮੋਹਿਤ ਹੋਣ ਵਾਲਾ ਗੁਣ ਸਾਂਈ ਨੇ ਮਨ ਵਿਚ ਪਾਇਆ ਹੈ, ਰਾਗ ਸੁਣਕੇ ਨਕਲ ਕਰ ਲੈਣ ਦੀ ਤੇ ਰਾਗਾਂ ਉਤੇ ਧਿਆਨ ਦੇ ਦੇ ਕੇ ਇਸ ਦੇ ਦਰਜੇ ਫ਼ਰਕ ਸਮਝਣ ਦੀ ਬੁੱਧੀ ਉਸੇ ਦਾਨ ਕੀਤੀ ਹੈ, ਪੱਥਰ ਨੂੰ ਰਾਗ ਦਾ ਕੀ ਥਹੁ, ਰੀਡੋਏ ਨੂੰ ਰਾਗ ਦਾ ਕੀਹ ਪਤਾ?

ਪੀਰ— ਪਰ ਇਸ ਵਿਚ ਬੀ ਕੁਛ ਸ਼ੱਕ ਹੈ ਕਿ ਰਾਗ ਨੇ ਅੱਯਾਸ਼ੀ ਵਧਾਈ ਹੈ? ਰਾਗ ਬਦਚਲਨਾਂ ਤੇ ਭੈੜਿਆਂ ਦੇ ਘਰ ਰਹਿੰਦਾ ਹੈ, ਰਾਗ ਨੇ ਡੂਮ, ਮਿਰਾਸੀ ਆਦਿਕ ਮੰਗਣ ਵਾਲੇ ਤੇ ਕੰਜਰ ਆਦਿ ਨੀਚ ਲੋਕ ਪੈਦਾ ਕੀਤੇ ਹਨ।

ਗੁਰੂ ਜੀ— ਤੁਸੀਂ ਸੱਚ ਆਖਦੇ ਹੋ ਕਿ ਰਾਗ ਦਾ ਵਾਸਾ ਨੀਵੀਂ ਥਾਂਈ ਹੋ ਰਿਹਾ ਹੈ, ਪਰ ਇਹ ਰਾਗ ਦਾ ਦੋਸ਼ ਨਹੀਂ। ਰਾਗ ਇਕ ਉੱਚਾ ਗੁਣ

 www.sikhbookclub.com

ਹੈ, ਸ਼ਕਤੀ ਹੈ, ਇਸ ਵਿਚ ਬਲ ਹੈ, ਤਾਸੀਰ ਹੈ, ਜਦ ਇਸ ਨੂੰ ਨਿਰਾ ਆਪਣੇ ਆਤਮਾਂ ਦੀ ਬੋਲੀ ਬਣਾਕੇ ਵਰਤੋ ਤਦ ਇਸ ਰੌਲੇ, ਬੇਤਰਤੀਬੀ ਬਖੇੜੇ ਤੇ ਬੇਸੁਰੀ ਵਿਚ ਹਾਂ, ਝਗੜੇ ਤੇ ਕਲ੍ਹਾ ਵਾਸਤੇ ਸੰਸਾਰ ਵਿਚ ਇਕਸੁਰਤਾ ਪੈਦਾ ਕਰਦਾ ਹੈ, ਮਨ ਵਿਚ ਇਕ ਤੋਲ ਤੇ ਟਿਕਣ ਦਾ ਭਾਵ ਉਪਜਾਉਂਦਾ ਹੈ, ਜੇ ਮਨ ਉਦਾਸੀ, ਗਮ ਵਿਚ ਢਹਿ ਜਾਵੇ ਤਾਂ ਰਾਗ ਉਸਨੂੰ ਉੱਚਾ ਕਰਕੇ 'ਇਕ ਤੋਲਤਾ' ਵਿਚ ਲੈ ਆਉਂਦਾ ਹੈ। ਅੰਦਰ ਹੰਕਾਰ, ਪਾਟਵੀਂ ਖੁਸ਼ੀ ਤੇ ਜੋਸ਼ ਹੋਵੇ ਤਾਂ ਇਹ ਉਸਨੂੰ ਨੀਵਾਂ ਕਰਕੇ 'ਇਕ ਤੋਲਤਾ' ਤੇ ਟਿਕਾ ਦੇਂਦਾ ਹੈ। ਰਾਗ ਸੱਪ ਜੈਸੇ ਵਿਹੁਧਾਰੀ ਨੂੰ ਸਰੂਰ ਵਿਚ ਲੈ ਆਉਂਦਾ ਹੈ ਤਾਂ ਉਹ ਆਪਣੇ ਡੰਗ ਨੂੰ ਭੁੱਲਦਾ ਹੈ। ਪੀਰ ਜੀ! ਰਾਗ ਦੀ ਤਾਸੀਰ ਹੈ ਇਕਸੁਰਤਾ, ਇਕ ਤੋਲਤਾ, ਸੂਛਤਾ, ਸਰੂਰ ਤੇ ਮਗਨਤਾ, ਪਰ ਇਹ ਹੈ ਰਾਗ ਦੀ ਤਾਸੀਰ ਆਪਣੀ-ਨਿਰੋਲ ਰਾਗ ਮਾਤ੍ਰ ਦੀ। ਨਿਰਾ ਤੇ ਨਿਰੋਲ ਰਾਗ* ਮਾਨੋ ਅੰਦਰਲੇ ਦੀ ਬੋਲੀ ਹੈ। ਜਿਵੇਂ ਮਨ ਦੇ ਖਿਆਲਾਂ ਨੂੰ ਪ੍ਰਗਟ ਕਰਨ ਦੀ ਬੋਲੀ ਭਾਖਾ ਹੈ, ਜਿਸ ਵਿਚ ਅਸੀਂ ਆਪਣੇ ਭਾਵ ਦੱਸਦੇ ਹਾਂ, ਤਿਵੇਂ ਅੰਦਰਲੇ ਦਾ ਟਿਕਾਉ ਵੀ ਰਾਗ ਨਾਲ ਆਉਂਦਾ ਹੈ, ਪਰ ਇਸ ਬੋਲੀ ਵਿਚ ਰਾਗ ਸਮਝਣਾ ਬੜਾ ਔਖਾ ਹੈ, ਇਸ ਕਰਕੇ ਮਨੁੱਖ ਨੇ ਰਾਗ ਵਿਚ ਆਪਣੀ ਭਾਖਾ ਰਲਾਈ ਹੈ। ਉਹ ਬੁਲਬੁਲ ਤੇ ਕੋਇਲ ਵਾਂਙ ਨਿਰੋਲ ਰਾਗ ਦੀ ਸੁਰ ਛੇੜਨ ਦੇ ਨਾਲ ਉਸ ਵਿਚ ਆਪਣੀ (ਭਾਖਾ) ਬੈਖਰੀ ਬੋਲੀ ਵੀ ਗਾਉਂਦਾ ਹੈ, ਜਿਸ ਵਿਚ ਦਿਲ ਦੇ ਖਿਆਲ ਤੇ ਵਲਵਲੇ ਆਖਦਾ ਹੈ। ਇਹ ਖਿਆਲ ਬੋਲੀ ਵਿਚ ਉਚਾਰੇ ਹੋਏ ਰਾਗ ਨਾਲ ਮਿਲਕੇ ਆਪਣੀ ਤਾਸੀਰ ਵੱਧ ਪ੍ਰਗਟ ਕਰਦੇ ਹਨ। ਸੋ ਕਈ ਇਨਸਾਨਾਂ ਨੇ ਇਸ ਤਰ੍ਹਾਂ ਨਾਲ ਮਾੜੇ ਵਾਕ ਰਾਗ ਵਿਚ ਪਾ ਕੇ ਗਾਵੇਂ ਹਨ ਤੇ ਐਉਂ ਰਾਗ ਦਾ ਵਰਤਾਉ ਮਾੜੇ ਥਾਵਾਂ ਤੇ ਕੀਤਾ ਹੈ। ਇਹ ਰਾਗ ਹੈ ਜੋ ਸ਼ਾਇਦ ਤੁਸਾਂ ਦੀ ਸ਼ਰਅ ਨੇ ਮਨ੍ਹੇ ਕੀਤਾ ਹੋਵੇ। ਜਦੋਂ ਕਾਮ, ਕ੍ਰੋਧ, ਵੈਰ, ਵਿਰੋਧ ਦੇ ਵਾਕ ਰਾਗਾਂ ਵਿਚ ਪਾਕੇ ਗਾਵੇਂ ਜਾਣ ਤਦੋਂ ਰਾਗ ਦਾ ਅਸਰ ਮਾੜਾ ਹੁੰਦਾ ਹੈ, ਪਰ ਇਹ ਰਾਗ ਦਾ ਆਪਣਾ ਅਸਰ ਨਹੀਂ, ਇਹ ਉਨ੍ਹਾਂ ਮਾੜੇ ਵਾਕਾਂ ਦਾ ਹੈ, ਇਸ ਲਈ ਮਾੜੇ ਵਾਕਾਂ ਦੇ ਸੰਗ ਨਾਲ ਮਾੜੇ ਅਸਰ ਪੈਦਾ ਕਰਨ

---

* ਜਿਸ ਵਿਚ ਬੋਲ ਨਹੀਂ ਹਨ, ਸੁਰਾਂ ਦਾ ਅਲਾਪ ਰਾਗ ਮਾਤ੍ਰ ਹੈ।

 www.sikhbookclub.com

ਵਾਲਾ ਰਾਗ ਨੂੰ ਨਾ ਸਮਝੋ, ਪਰ ਮਾੜੇ ਵਾਕਾਂ ਨੂੰ। ਰਾਗ ਨੂੰ ਉਨ੍ਹਾਂ ਮਾੜੇ ਵਾਕਾਂ ਤੋਂ ਵੱਖਰਾ ਕਰ ਲਓ, ਰਾਗ ਫਿਰ ਆਪਣੀ ਨਿਰੋਲ ਤੇ ਨਿਰਮਲ ਤਾਸੀਰ ਦੇਵੇਗਾ। ਕਦੇ ਕਿਸੇ ਰਸੀਏ ਨੂੰ ਕੇਵਲ ਤੰਬੂਰਾ ਛੇੜਕੇ ਬੈਠਿਆਂ ਵੇਖੋ ਕਿ ਉਹ ਨਿਰੋਲ ਸੁਰਾਂ ਦੀ ਤਾਸੀਰ ਵਿਚ ਕੀਕੂੰ ਸਰੂਰ ਵਿਚ ਹੁੰਦਾ ਹੈ, ਯਾ ਕਦੇ ਆਪੇ ਦੇ ਰਸ ਵਿਚ ਨਿਮਗਨ ਹੁੰਦਾ ਹੈ। ਨਿਰੋਲ ਰਾਗ ਤਾਂ ਐਸੀ ਸ਼ੈ ਹੈ ਕਿ ਪਸ਼ੂ ਬਿਰਤੀ ਦੇ ਭਾਵਾਂ ਨੂੰ ਬੀ ਉਚਿਆਂ ਕਰਕੇ ਵਿਸਮਾਦ ਵਿਚ ਲੈ ਜਾਂਦਾ ਹੈ।

ਹੁਣ ਤੁਸੀਂ ਆਪ ਹੀ ਵਿਚਾਰ ਕਰੋ ਕਿ ਮੈਲੇ ਕਪੜੇ ਵਿਚ ਬੱਧੇ ਹੀਰੇ ਨੂੰ ਮੈਲਾ ਤੇ ਤਜਾਗਣੇ ਲਾਇਕ ਕਹਿਣਾ ਮਾੜਾ ਹੈ ਕਿ ਨਹੀਂ? ਹੀਰਾ ਹੀਰਾ ਹੈ, ਮੈਲੀ ਲੀਰ ਤੋਂ ਉਸਨੂੰ ਵੱਖਰਾ ਕਰ ਲਓ, ਫਿਰ ਮਾੜੇ ਵਾਕਾਂ (ਵਾਕ ਕਹੋ, ਟੱਪੇ ਕਹੋ, ਗੀਤ ਕਹੋ, ਬੋਲ ਕਹੋ, ਕੁਛ ਕਹੋ) ਮਾੜੇ ਵਚਨਾਂ ਦੀ ਥਾਂ ਤੁਸੀਂ ਰਾਗ ਵਿਚ ਚੰਗੇ, ਉੱਚੇ, ਸੁੱਚੇ ਖਿਆਲ ਤੇ ਨਿਰਮਲ ਵਲਵਲੇ ਵਾਲੇ ਵਾਕ ਪਾਕੇ ਗਾਵੋਂ ਤਾਂ ਉਸੇ ਰਾਗ ਦੀ ਮਦਦ ਨਾਲ ਤੁਹਾਡੇ ਨਿਰਮਲ ਭਾਵਾਂ ਦੀ ਆਪਣੀ ਸੁਹਣੀ ਤਾਸੀਰ ਵਧ ਜਾਏਗੀ। ..... ਕੀ ਤੁਸਾਂ ਵਿਚ ਅੱਲਾ ਦੀ ਸਿਫ਼ਤ ਸਲਾਹ ਨਹੀਂ ਲਿਖੀ?

ਪੀਰ— ਜ਼ਰੂਰ ਲਿਖੀ ਹੈ, ਇਹੋ ਤਾਂ ਉਸ ਦੀ ਇਬਾਦਤ ਹੈ।

ਗੁਰੂ ਜੀ— ਫੇਰ ਸੋਚੋ ਸਿਫ਼ਤ ਸਲਾਹ ਤਿੰਨ ਤਰ੍ਹਾਂ ਨਾਲ ਹੁੰਦੀ ਹੈ- ਇਕ ਤਾਂ ਸਿਫ਼ਤ ਸਲਾਹ ਦੇ ਭਾਵ ਖਿਆਲ, ਵਲਵਲੇ ਤੇ ਤਰੰਗ ਅੰਦਰ ਉਪਜਦੇ ਹਨ ਤੇ ਸਾਹਿਬ ਦੇ ਧਿਆਨ ਵਿਚ ਉਸ ਦੇ ਚਰਨਾਂ ਦੇ ਅਰਪਨ ਹੁੰਦੇ ਹਨ। ਦੂਸਰੇ ਓਹ ਖਿਆਲ ਜ਼ੁਬਾਨ ਦੁਆਰਾ ਬਾਣੀ ਦਾ ਰੂਪ ਲੈਕੇ ਪ੍ਰਗਟ ਹੁੰਦੇ ਹਨ, ਦਿਲ ਰੱਬ ਦੇ ਰੁਖ ਵਿਚ ਹੁੰਦਾ ਹੈ ਤੇ ਜ਼ੁਬਾਨ ਉਹ ਖਿਆਲ ਅਰਪਨ ਕਰਦੀ ਹੈ। ਤੀਜੇ ਉਹੋ ਸਿਫਤ ਸਲਾਹ ਅੰਦਰਲੇ ਤ੍ਰੰਗ ਤੇ ਵਲਵਲੇ ਬਾਣੀ ਦਾ ਰੂਪ ਲੈਕੇ ਰਾਗ ਨਾਲ ਮਿਲਕੇ ਗਾਇਨ ਹੁੰਦੇ ਹਨ। ਇਹ ਤੀਸਰੀ ਕਿਸਮ ਖਾਸ ਸਮਿਆਂ ਤੇ ਅਪਣੇ ਉਪਰ ਅਰ ਦੂਸਰਿਆਂ ਉਪਰ ਤਾਸੀਰ ਵਿਚ ਜ਼ਬਰਦਸਤ ਹੁੰਦੀ ਹੈ ਤੇ ਥੋੜ੍ਹਾ ਬਹੁਤ ਹਰ ਇਕ ਉਤੇ ਅਸਰ ਕਰਦੀ ਹੈ।

ਰਾਗ ਇਕ ਪੰਘਾਰ ਦੇਣੇ ਵਾਲੀ-ਦਿਲ ਨੂੰ-ਨਰਮ ਕਰਨ ਵਾਲੀ ਸ਼ੈ ਹੈ। ਜਿਸ ਵੇਲੇ ਮਨ ਸਖ਼ਤ ਹੋਵੇ ਇਸ ਉਤੇ ਚੰਗੇ ਖਿਆਲਾਂ ਨੂੰ ਉਕਰਨਾਂ

 www.sikhbookclub.com

ਬੜੀ ਔਖੀ ਗੱਲ ਹੈ, ਪਰ ਜਦ ਮਨ ਨਰਮ ਹੋਇਆ ਹੋਵੇ ਉਸ ਵੇਲੇ ਚੰਗੇ ਖ਼ਜਾਲਾਂ ਨੂੰ ਇਸ ਉਪਰ ਉਕਰਨਾ ਸੌਖਾ ਹੁੰਦਾ ਹੈ। ਇਸ ਕਰਕੇ ਜਦ ਰੱਬੀ ਪਜਾਰ ਦੇ ਖ਼ਜਾਲ, ਸਿਫ਼ਤ ਸਲਾਹ ਦੇ ਵਲਵਲੇ, ਪ੍ਰੇਮ ਦੇ ਤ੍ਰੁੰਗ, ਸਿੱਖਜਾ ਦੇ ਵਾਕ, ਮਨਾਂ ਪਰ ਉਕਰਨੇ ਹੋਣ ਤਾਂ ਰਾਗ ਦਾ ਸੇਕ ਦੇਕੇ ਮਨ ਪੰਘਾਰ ਲਵੀਏ, ਤਾਂ ਓਹ ਸੌਖ ਨਾਲ ਮਨ ਵਿਚ ਉੱਕਰੇ ਜਾਂਦੇ ਹਨ[1]।

ਪੀਰ— ਗੱਲਾਂ ਤਾਂ ਸਾਰੀਆਂ ਦਿਲ ਪੁੜਵੀਆਂ ਆਖੀਆਂ ਨੇ, ਇਹੋ ਗੱਲ ਹੋਣੀ ਹੈ ਜੋ ਰਾਗ ਮਨ੍ਹੇ ਹੈ, ਰਾਗ ਮਨ੍ਹੇ ਕਰਨਾ ਮਤਲਬ ਨਹੀਂ ਹੋਣਾ, ਪਰ ਮਾੜੇ ਖ਼ਜਾਲਾਂ ਦੇ ਗੌਣ ਗਾਵਣੇ ਮਨ੍ਹੇ ਹੋਸਣ।

ਗੁਰੂ ਜੀ— ਪੀਰ ਜੀ! ਇਕ ਹੋਰ ਬੇਵਸੀ ਦੀ ਗੱਲ ਹੈ, ਰਾਗ ਰੋਕਿਆਂ ਰੁਕ ਨਹੀਂ ਸਕਦਾ, ਚਾਹੋ ਮੁਸਲਮਾਨ ਹੈ ਚਾਹੋ ਯਹੂਦੀ, ਚਾਹੋ ਈਸਾਈ ਹੈ ਚਾਹੋ ਹਿੰਦੂ, ਚਾਹੋ ਉਸ ਦੇ ਮਤ ਵਿਚ ਰਾਗ ਰਵਾ ਹੈ ਤੇ ਚਾਹੋ ਰਵਾ ਨਹੀਂ ਹੈ, ਗਾਉਂਦਾ ਸਪ ਕੋਈ ਹੈ ਰਾਜਾ ਭੀ ਗਾਉਂਦਾ ਹੈ ਤੇ ਕੰਗਾਲ ਬੀ। ਹਾਲੀ ਨੂੰ ਹਲ ਮਗਰ ਟੁਰਦਾ ਤੱਕੋ ਕਿਸੇ ਨ ਕਿਸੇ ਵੇਲੇ ਕੁਛ ਗਾਵੇਗਾ, ਮਲਾਹ ਨੂੰ ਚੱਪੇ ਲਾਉਂਦਾ ਤੱਕੋ ਕਿਸੇ ਨ ਕਿਸੇ ਵੇਲੇ ਕੋਈ ਟੱਪਾ ਛੇੜੇਗਾ, ਚੰਗਾ ਗਾਵੇ ਚਾਹੇ ਮਾੜਾ ਪਰ ਗਾਵੇਗਾ। ਮਜ਼ਦੂਰ ਟੋਕਰੀ ਢੋਂਦਾ, ਚੂਨਾ ਕੁੱਟਦਾ ਕੋਈ ਨ ਕੋਈ ਸੁਰ ਲਾਵੇਗਾ, ਪਨਿਹਾਰੀ ਪਾਣੀ ਦੀ ਗਾਗਰ ਸਿਰ ਤੇ ਲਿਜਾਂਦੀ ਰਾਗ ਕਰੇਗੀ, ਰਾਣੀ ਜੰਗ ਨੂੰ ਗਏ ਰਾਜੇ ਦੀ ਯਾਦ ਵਿਚ ਬਿਰਹੇ ਕਰੇਗੀ। ਇਉਂ ਤੁਸੀਂ ਫਿਰ ਟੁਰਕੇ ਸਾਰੇ ਤੱਕ ਲਵੋ ਸਭ ਕੋਈ ਗਾਵਣ ਦੀ ਟੂੰ ਟਾਂ ਕਰਦਾ ਹੈ। ਜੇ ਇਹ ਗੱਲ ਹੋਣੀ ਹੈ ਕਿ ਗਾਉਣੋਂ

---

1. ਪਿਛਲੀ ਗਲਬਾਤ ਦਾ ਨਿਚੋੜ ਇਹ ਹੈ:-

(ੳ) ਰਾਗ ਮਨੁਖ ਦੀ ਰਚਨਾਂ ਨਹੀਂ, ਮਨੁਖ ਨੇ ਇਸ ਦੇ ਨੇਮਾਂ ਨੂੰ ਲੱਭਿਆ ਹੈ, ਤਾਂਤੇ ਇਹ ਕੋਈ ਕੁਦਰਤੀ ਸ਼ੈ ਹੈ।

(ਅ) ਇਹ ਰਾਗ ਅਸੀਂ ਦੇਖਦੇ ਹਾਂ ਕਿ ਮਨ ਨੂੰ ਪੰਘਾਰਦਾ ਹੈ, ਪੰਘਰੇ ਮਨ ਤੇ ਪਾਏ ਖ਼ਿਆਲ ਟਿਕਦੇ ਹਨ ਤੇ ਡੂੰਘੇ ਉਤਰਦੇ ਹਨ, ਤਾਂਤੇ ਉਤਮ ਖ਼ਿਆਲਾਂ ਤੋਂ ਉਚੇ ਵਲਵਲਿਆਂ ਦੇ ਮਨਾਂ ਪਰ ਉੱਕਰਨ ਲਈ ਅਸੀਂ ਰਾਗ ਜੈਸੀ ਸਹੁਣੀ ਸ਼ੈ ਨੂੰ ਕਿਉਂ ਨਾ ਵਰਤੀਏ? ਹਾਂ ਰਾਗ ਦੇ ਉਸ ਵਰਤਾਉ ਨੂੰ-ਜੋ ਮੰਦੇ ਗੀਤ ਤੇ ਗੌਣ ਰਾਗ ਵਿਚ ਪਾਕੇ ਗਾਵਿਆਂ ਅੰਦਰ ਮਾੜੇ ਖ਼ਿਆਲ ਉਪਜਦੇ ਹਨ-ਰੋਕੀਏ!

ਲੋਕਾਂ ਰੁਕ ਨਹੀਂ ਸਕਣਾ ਤਾਂ ਸੁਹਣੇ ਸੁਹਣੇ ਖਿਆਲ, ਉਚੇ ਉਚੇ ਵਲਵਲੇ, ਸੁੱਚੇ ਸੁੱਚੇ ਤ੍ਰੰਗ, ਸਿਫ਼ਤ ਸਲਾਹ ਦੇ ਭਾਵ, ਸਚੇ ਪ੍ਰੇਮ ਦੇ ਰੰਗ, ਸਿੱਖਿਆ ਦੇ ਵਾਕ, ਉਪਦੇਸ਼ਾਂ ਦੇ ਭਾਵ ਸੁਹਣੇ ਵਾਕਾਂ ਵਿਚ ਰਚੋ ਤੇ ਗਾਵੋਂ। ਗਰੀਬ ਅਮੀਰ ਸਭ ਨੂੰ ਪਿਆਰੇ ਲੱਗਦ, ਸਭ ਦੀਆਂ ਜੀਭਾਂ ਤੇ ਚੜ੍ਹ ਜਾਣ, ਆਪਣੇ ਰੰਗਾਂ ਮੌਜਾਂ ਵਿਚ ਪੰਛੀਆਂ ਵਾਂਙੂ ਸੁਰਾਂ ਛੇੜਨ, ਗਾਉਣ, ਖਬਰੇ ਕਿਹੜੇ ਵੇਲੇ ਕਿਹੜਾ ਖਿਆਲ, ਕਿਹੜਾ ਟੱਪਾ ਤਾਰਨ ਹਾਰ ਅਸਰ ਕਰ ਜਾਏਗਾ, ਸਰਬ ਸਾਧਾਰਣ ਦਾ ਇਖਲਾਕ ਸਵਰੇਗਾ, ਉਹਨਾਂ ਦੇ ਮਨ ਵਿਸ਼ਾਲ ਹੋਣਗੇ, ਉਹਨਾਂ ਦੀਆਂ ਪਸ਼ੂ ਬ੍ਰਿਤੀਆਂ ਤੇ ਨੀਂਵੇ ਵਲਵਲੇ ਉੱਚੇ ਹੋ ਜਾਣਗੇ ਜੇ ਤੁਸਾਂ ਰਾਗ ਨੂੰ ਧਰਮ ਨਾਲੋਂ, ਉਚੇ ਭਾਵਾਂ ਤੇ ਸੁਚੇ ਵਲਵਲਿਆਂ ਤੋਂ ਵੱਖਰਾ ਕਰ ਦਿੱਤਾ ਤਦ ਲੋਕਾਂ ਨੇ ਬੇਵਸੇ ਆਪਣੇ ਅਸਲੇ ਦੇ ਸੁਭਾਵ ਵਿਚ ਕੁਝ ਨਾ ਕੁਝ ਗਾਉਣਾ ਹੈ, ਓਹ ਗਾਉਣਗੇ ਜ਼ਰੂਰ ਪਰ ਕੀਹ? ਜੋ ਉਨ੍ਹਾਂ ਨੂੰ ਸੁਲਭ ਹੈ। ਸੁਲਭ ਕੀਹ ਹੈ? ਇਸ਼ਕ ਹੁਸਨ ਦੇ ਝਗੜੇ, ਭੈੜੀਆਂ ਵਾਸ਼ਨਾਂ ਦੇ ਟੱਪੇ, ਮਖੌਲ ਠੱਠੇ, ਵੈਰ, ਡਾਹ ਦੇ ਸੋਹਿਲੇ, ਝੂਠੇ ਝਗੜੇ, ਲੜਾਈਆਂ, ਇਹ ਸ਼ੈਆਂ ਰਾਗਾਂ ਵਿਚ ਗਾਉਂਦੇ ਲੋਕ ਨੀਵੇਂ ਨੀਵੇਂ ਖਿਆਲਾਂ ਵਿਚ ਰਹਿਣਗੇ।

ਹੇ ਪੀਰ ਜੀ! ਰਾਗ ਨੀਵਾਂ ਨਹੀਂ ਹੈ, ਰਾਗ ਆਪੂੰ ਨੀਵੇਂ ਨਿਵਾਸਾਂ ਵਿਚ ਨਹੀਂ ਜਾ ਰਿਹਾ, ਪਰ ਤੁਸਾਡੇ ਰਾਗ ਨੂੰ ਤ੍ਰਾਹ ਦੇਣ ਨਾਲ ਨੀਵੇਂ ਲੋਕ ਪੇਟ ਪਾਲਣ ਵਾਸਤੇ ਇਸ ਨੂੰ ਨੀਵੇਂ ਨਿਵਾਸਾਂ ਵਿਚ ਲੈ ਗਏ ਹਨ ਤੇ ਜਗਤ ਦਾ ਇਖ਼ਲਾਕ ਤੇ ਸਦਾਚਾਰ ਗੁਵਾਕੇ ਤੇ ਨਫ਼ਸ ਨੂੰ ਰਿਝਾਵਣ ਵਾਲੇ ਨਫਸਾਨੀ (ਸਰੀਰਕ) ਸੁਖਾਂ ਵਿਚ ਮਸਤ ਕਰ ਦੇਣ ਵਾਲੇ ਕੰਮਾਂ ਦੀ ਰੁਚੀ ਦਿਵਾਕੇ ਆਪਣਾ ਪੇਟ ਪਾਲਣ ਵਿਚ ਵਰਤ ਰਹੇ ਹਨ। ਸੋ ਇਹ ਭੁੱਲ ਹੈ, ਜੋ ਰਾਗ ਜੈਸੇ ਪਵਿੱਤ੍ਰ ਕੁਦਰਤੀ ਪ੍ਰੇਰਕ ਨੂੰ ਇਬਾਦਤ, ਭਗਤੀ ਤੇ ਉੱਚੇ ਵਲਵਲੇ ਦੇ ਮੰਡਲ ਤੋਂ ਵੱਖ ਕੀਤਾ ਜਾਵੇ। ਰਾਗ ਦਾ ਪ੍ਰਯੋਜਨ ਇਹ ਹੈ ਕਿ ਇਹ ਰੂਹ ਨੂੰ ਹਿਸਾਬੀ ਕਿਤਾਬੀ ਲੇਖੇ ਗੇਣਤੀਆਂ ਤੋਂ ਉੱਚਾ ਕਰੇ, ਸਰੀਰਕ ਸੁਖਾਂ ਤੋਂ ਨਜ਼ਰ ਉਚੇਰੀ ਲੈ ਜਾਵੇ, ਵਿਸਮਾਦ ਦੁਆਰਾ ਨਿਰੋਲ ਆਤਮ ਦੇ ਮੰਡਲ ਵਿਚ ਲੈ ਜਾਵੇ ਤੇ ਫਿਰ ਪਰਮਾਤਮਾ ਦੇ ਮੇਲ ਆਦਿ ਵਿਚ ਸੱਟ ਦੇਵੇ। ਰਾਗ ਇੱਕ ਪੌੜੀ ਹੈ ਜੋ ਧਰਤੀ ਤੋਂ ਅਰਸ਼ਾਂ ਨੂੰ ਲੈ ਜਾਂਦੀ ਹੈ, ਰਾਗ ਇਕ ਕਿਸ਼ਤੀ ਹੈ ਜੋ ਨਫ਼ਸ ਦੀ ਤੰਗ ਨਦੀ ਤੋਂ ਬੇਖੁਦੀ ਦੇ ਸਮੁੰਦਰ ਵਿਚ ਲੈ ਜਾਂਦੀ ਹੈ।

ਪੀਰ (ਠੰਢਾ ਤੇ ਲੰਮਾ ਸਾਹ ਭਰਕੇ)— ਠੀਕ ਫੁਰਮਾਯਾ ਨੇ, ਹੈਰਾਨੀ ਹੈ ਕਿ ਸਾਡੇ ਵਿਚ ਰਾਗ ਕਿਉਂ ਮਨ੍ਹੇ ਕੀਤਾ?

ਗੁਰੂ ਸਾਹਿਬ ਤਾਂ ਉੱਪਰਲੀ ਵਾਰਤਾ ਕਰਦੇ ਆਪਣੇ ਮਾਲਕ ਦੇ ਸਿਫਤ ਸਲਾਹੀ ਰੰਗ ਵਿਚ ਮਗਨ ਹੋ ਗਏ ਸੇ, ਨੈਣ ਬੰਦ ਸੇ, ਸਾਰਾ ਸਰੀਰ ਇਕ ਸੰਗੀਤਕ ਸਾਜ਼ ਵਾਂਙੂ ਇਲਾਹੀ ਝਰਨਾਟ ਨਾਲ ਰਾਗ ਰੂਪ ਹੋ ਰਿਹਾ ਸੀ, ਪਰ ਪੀਰ ਦੀ ਛੇਕੜਲੀ ਗੱਲ ਪਰ ਬੀ ਆਪ ਦੇ ਨੈਣ ਨਹੀਂ ਖੁਲ੍ਹੇ। ਤਦ ਪੀਰ ਜੀ ਨੇ ਮਰਦਾਨੇ ਵਲ ਤੱਕਿਆ, ਮਰਦਾਨੇ ਨੇ ਆਪਣੇ ਮਾਲਕ ਨੂੰ ਅਪਣੇ ਰੰਗ ਵਿਚ ਵੇਖਕੇ ਜ਼ਰਾ ਅੱਗੇ ਹੋਕੇ ਪੀਰ ਜੀ ਨੂੰ ਹੌਲੇ ਜੇਹੇ ਕਿਹਾ:-ਹਜ਼ਰਤ ਮੁਹੰਮਦ ਜੀ ਨੇ ਬੀ ਇਲਾਹੀ ਸਰੋਦ ਸਿਫ਼ਤ ਸਲਾਹ ਦੀ ਮਨ੍ਹੇ ਨਹੀਂ ਕੀਤੀ। ਤੁਸੀਂ ਚੇਤੇ ਕਰੋ। ਇਕ ਜ਼ਿਕਰ ਹੈ ਕਿ ਨਹੀਂ ਕਿ ਇਕ ਦਿਨ ਹਜ਼ਰਤ ਜੀ ਇੱਕ ਰਾਗ ਰੰਗ ਦੇ ਮੰਡਲ ਵਿਚ ਆਪਣੀ ਆਦਰ ਯੋਗ ਸੁਪਤਨੀ ਨੂੰ ਲੈਕੇ ਆਪ ਗਏ ਸਨ, ਰਾਗ ਤੋਂ ਨਫ਼ਰਤ ਹੁੰਦੀ ਤਾਂ ਆਪਣੀ ਸੁਪਤਨੀ ਨੂੰ ਕਿਉਂ ਆਗਿਆ ਦੇਂਦੇ ਤੇ ਫੇਰ ਆਪ ਕਿਉਂ ਨਾਲ ਜਾਂਦੇ ਤੇ ਸੁਣਦੇ*।

ਕੁਰਾਨ ਸਾਰਾ ਵਾਰਤਕ ਨਹੀਂ, ਕਵਿਤਾ ਵਿਚ ਬੀ ਹੈ, ਕਵਿਤਾ ਦੀ ਰਚਨਾ ਦਾ ਇੱਕ ਪ੍ਰਯੋਜਨ ਉਸ ਦੇ ਰਾਗ ਵਿਚ ਗਾਵੇਂ ਜਾਣ ਦਾ ਹੁੰਦਾ ਹੈ। ਸੋ ਰਾਗ ਦਾ ਰਵਾ ਹੋਣਾ ਇੱਕ ਤਰ੍ਹਾਂ ਨਾਲ ਕੁਰਾਨ ਹੀ ਤੋਂ ਜਾਇਜ਼ ਹੋ ਗਿਆ। ਫਿਰ ਸੋਚੋ, ਕੋਈ ਆਇਤ ਰਾਗ ਦੇ ਨਾਰਵਾ ਹੋਣ ਵਿਚ ਓਥੇ ਹੈ ਨਹੀਂ।

(ਗੁ. ਨਾ. ਚ.-੨, ਅਧਿ-੭੫)

---

* ਸਹੀਆ ਬੁਖਾਰੀ ਤੇ ਰੋਜ਼ਾ ਤੁੱਲ ਇਹਬਾਬ।

 www.sikhbookclub.com

# 6. ਸੁੰਦਰਤਾ*

ਅੱਜ ਚੰਦ ਨਹੀਂ ਚੜ੍ਹਿਆ, ਪਰ ਚੰਦਾ! ਸੁੰਦਰਤਾ ਨਿਰੀ ਤੇਰੀ ਹੀ ਤਾਂ ਮੁਥਾਜ ਨਹੀਂ! ਸੁੰਦਰਤਾ ਇਕ ਇਲਾਹੀ ਜਲਵਾ ਹੈ। ਕਦੇ ਤੇਰੇ ਵਿਚੋਂ ਝਾਤੀਆਂ ਮਾਰਦੀ ਹੈ, ਕਦੇ ਵਹਿੰਦੇ ਪਾਣੀਆਂ ਵਿਚੋਂ ਝਾਕੇ ਦੇਂਦੀ ਹੈ, ਕਦੇ ਪਹਾੜਾਂ ਵਿੱਚੋਂ ਉੱਮਲ ਉੱਮਲ ਪੈਂਦੀ ਹੈ; ਕਦੇ ਬਨਸਪਤੀ ਵਿਚੋਂ ਮੌਲ ਉਠਦੀ ਹੈ, ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿਚੋਂ ਲਿਸ਼ਕਾਰਾ ਮਾਰ ਜਾਂਦੀ ਹੈ, ਕਦੇ ਸਮੁੰਦਰ ਦੀਆਂ ਲਹਿਰਾਂ ਵਿਚੋਂ ਤਰ ਆਉਂਦੀ ਹੈ, ਕਦੇ ਗਲੇ ਦੀਆਂ ਨਾਲੀਆਂ ਤੇ ਸਾਜਾਂ ਦੀਆਂ ਤਾਰਾਂ ਤੋਂ ਪ੍ਰਕਾਸ਼ ਪੈਂਦੀ ਹੈ, ਕਦੇ ਮੈਦਾਨ ਜੰਗ ਦੇ ਗੋਲਿਆਂ ਵਿਚੋਂ ਕੂਕ ਦੇ ਜਾਂਦੀ ਹੈ, ਕਦੇ ਸੰਗਮਰਮਰ, ਕਦੇ ਇੱਟ, ਚੂਨੇ, ਕਾਠ, ਲੋਹੇ ਵਿਚੋਂ ਪ੍ਰਗਟਦੀ ਹੈ, ਕਦੇ ਗੱਤੇ, ਕਾਗਤ, ਰੰਗ ਵਿਚੋਂ ਤੇ ਕਦੇ ਅੱਖਰ, ਵਾਕ ਦੇ ਭਾਵਾਂ ਵਿਚੋਂ ਪਈ ਦਰਸ਼ਨ ਦੇਂਦੀ ਹੈ, ਕਦੇ ਸੁੰਦਰੀਆਂ ਦੇ ਨੈਣਾਂ ਵਿਚੋਂ ਪਲਕਾਰੇ ਮਾਰਦੀ ਹੈ, ਕਦੇ ਸੁਹਣਿਆਂ ਮੁਛਹਿਰਿਆਂ ਤੇ ਬਾਂਕੀਆਂ ਨੁਹਾਰਾਂ ਵਿਚੋਂ ਫੁਟ ਫੁਟ ਨਿਕਲਦੀ ਹੈ। ਸੁੰਦਰਤਾ! ਤੂੰ ਸਥੂਲ ਸ਼ੈ ਨਹੀਂ ਹੈਂ, ਪਰ ਸਥੂਲ ਟਿਕਾਣਿਆਂ ਤੋਂ ਜਲਵੇ ਖ਼ੂਬ ਮਾਰਦੀ ਹੈਂ। ਤੂੰ ਦੇਵੀ ਹੈਂ ਕਿ ਦੈਵ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ਹੈਂ? ਦੇਖ ਇਕ ਸਿਆਣਾ ਪਿਆ ਆਖਦਾ ਹੈ ਕਿ ਜੋ ਸ਼ੈ ਲਾਭਦਾਇਕ ਹੈ ਉਹੀ ਸੁੰਦਰ

---

* ਇਹ ਲੇਖ ਕਲਗੀਧਰ ਚਮਤਕਾਰ ਪੁਰਬਾਰਧ ਦੇ ਅਧਿਆਇ 4 "ਮੇਰਾ ਬਾਲਾ ਪ੍ਰੀਤਮ" ਵਿਚੋਂ ਲਿਆ ਹੈ ਜੋ ਸੰ: ਗੁ: ਨਾ: ਸਾ: ੪੪੫ (੧੯੧੪ ਈ.) ਦੇ ਗੁਰਪੁਰਬ ਪੋਹ ਸੁਦੀ ਸਪਤਮੀ ਪਰ ਟਰੈਕਟ ਦੀ ਸੂਰਤ ਵਿਚ ਸੰਗਤਾਂ ਵਿਚ ਪ੍ਰਕਾਸ਼ਿਆ ਸੀ।

ਹੈ, ਪਰ ਤੇਰੇ ਰਸੀਏ ਜਾਣਦੇ ਹਨ ਕਿ ਤੂੰ ਕੋਈ ਅਰਸ਼ਾਂ ਦੀ ਦੇਵੀ ਹੈਂ, ਹਾਂ, ਕਿਸੇ ਇਕ ਦੀ ਕਿ ਬਹੁਤਿਆਂ ਦੀ ਲੋੜ ਪੂਰਕ ਵਸਤੂ ਭਲੀ ਹੈਂ, ਪਰ ਸੁੰਦਰਤਾ ਤਾਂ ਲੋੜਾਂ ਬੇਲੋੜਾਂ ਤੋਂ ਵੱਖਰੇ ਲਿਸ਼ਕਾਰੇ ਮਾਰਦੀ ਹੈ। ਹਾਂ ਸੁੰਦਰਤਾ ਲਾਭਦਾਯਕ ਤੋਂ ਵੀ ਵਧੀਕ ਲਾਭਦਾਯਕ ਹੈ। ਤੇਰੇ ਟਿਕਾਣੇ ਫਕੀਰਾਂ, ਕਵੀਸ਼ਰਾਂ, ਗਵੱਯਾਂ, ਚਿਤ੍ਰਕਾਰਾਂ ਤੇ ਸੰਗਤ੍ਰਾਸ਼ਾਂ ਦੇ ਮਨ ਮੰਦਰਾਂ ਵਿਚ ਹਨ। ਸੁੰਦਰਤਾ ਕੁਦਰਤ ਵਿਚ ਆਪੇ ਪਈ ਲਿਸ਼ਕਾਰੇ ਮਾਰਦੀ ਹੈ, ਪਰ ਕੋਮਲ ਉਨਰ ਵਾਲਿਆਂ ਦੇ ਦਿਲ ਬੀ ਨਿਆਰੀਏ ਵਾਂਙੂ ਜਗਤ ਦੇ ਰੇਤਿਆਂ ਵਿਚੋਂ ਕੱਢ ਦਿਖ਼ਾਲਦੇ ਹਨ, ਕਦੇ ਕਦੇ ਤੇਰਾ ਲਿਸ਼ਕਾਰਾ ਵੱਜਦਿਆਂ ਚਿੱਤ ਆਪਣੇ ਵਿਚ ਕੱਠਾ ਹੋਕੇ ਅਨੰਤ ਦੇ ਰਸ ਵਿਚ ਟੁੱਭੀ ਲਾ ਲੈਂਦਾ ਹੈ। ਤੂੰ ਵਹਿਮ ਦੀ ਸ਼ੈ ਨਹੀਂ, ਤੂੰ ਖਯਾਲ ਤੇ ਭਰਮ ਦੀ ਬਨਾਵਟ ਨਹੀਂ, ਤੂੰ ਪਾਰਲੇ ਦੇਸ਼ ਦਾ ਫਰਿਸ਼ਤਾ ਹੈਂ। ਇਸ ਸੰਸਾਰ ਤੋਂ ਅੱਗੇ ਜਿਨ੍ਹਾਂ ਨੂੰ ਕੁਝ ਨਹੀਂ ਦਿੱਸਦਾ, ਤੂੰ ਉਹਨਾਂ ਨੂੰ ਦੱਸਦੀ ਹੈਂ ਕਿ ਆਹ ਤੱਕੋ ਅੱਗੇ ਦਾ ਦਰਸ਼ਨ। ਲੋਕੀਂ ਸਮਝਦੇ ਹਨ ਕਿ ਸੁੰਦਰਤਾ ਜਿਨ੍ਹਾਂ ਪਦਾਰਥਾਂ ਯਾ ਸਥੂਲ ਸਾਮਾਨਾਂ ਤੋਂ ਝਲਕੇ ਮਾਰਦੀ ਹੈ, ਇਹ ਉਨ੍ਹਾਂ ਦਾ ਕੋਈ ਗੁਣ ਯਾ ਖਾਸੀਅਤ ਹੈ। ਕੋਈ ਸਮਝਦੇ ਹਨ ਕਿ ਕ੍ਰਮਵਾਰ ਇਕੱਤ੍ਰਤਾ ਤੋਂ ਸੁੰਦਰਤਾ ਪੈਦਾ ਹੁੰਦੀ ਹੈ, ਰੇਖਾਂ ਤੇ ਰੰਗਾਂ ਦੀ ਇਕਸੂਰਤਾ ਸੁੰਦਰਤਾ ਹੈ। ਬਾਜ਼ੇ ਸ੍ਰਮਝਦੇ ਹਨ ਕਿ ਸੁੰਦਰਤਾ ਕੇਵਲ ਆਪਣਾ ਭਾਵ ਮਾਤ੍ਰ ਹੈ। ਸੁੰਦਰਤਾ ਇਹ ਸਭ ਕੁਝ ਹੁੰਦੀ ਹੋਈ ਅਜੇ ਕੁਛ ਹੋਰ ਹੈ ਤੇ ਇਹ ਸਭ ਕੁਛ ਲੈਂਦੀ ਹੋਈ ਇਨ੍ਹਾਂ ਦੀ ਮੁਥਾਜ ਨਹੀਂ ਤੇ ਜੋ ਭੀ ਸੁੰਦਰਤਾ ਦੇ ਲੱਛਣ ਕਹੋ ਅਜੇ ਕੁਛ ਬਾਕੀ ਰਹਿ ਜਾਂਦਾ ਹੈ। ਸੁੰਦਰਤਾ ਰੂਪ ਵਾਲੇ ਸਮਾਨਾਂ ਯਾ ਸਥੂਲ ਆਸਰਿਆਂ ਤੇ ਖੇਡਦੀ ਦਿੱਸਦੀ ਹੈ, ਪਰ ਹੈ ਇਹ ਕਿਸੇ ਹੋਰ ਦੇਸ਼ ਦੀ ਦੇਵੀ ਇਸ ਦਾ ਅਸਰ ਜਦ ਵਜਦਾ ਹੈ ਤਦ ਰਸ ਪੈਂਦਾ ਹੈ, ਉਹ ਰਸ ਚਿੱਤ ਨੂੰ ਸੋਚਾਂ ਦੇ ਮੰਡਲ ਤੋਂ ਕੱਢ ਲੈਂਦਾ ਹੈ। ਇਕ ਵੇਰ ਰਸ ਵਿਚ ਲੀਨਤਾ ਐਸੀ ਕਰਦਾ ਹੈ ਕਿ ਸੋਚ ਵਿਚਾਰ, ਪ੍ਰਤੀਤੀ, ਖਿਆਲ ਸਭ ਗੁੰਮ ਹੋ ਜਾਂਦੇ ਹਨ, ਮਾਨੋ ਸਮਾਧੀ ਹੋ ਜਾਂਦੀ ਹੈ। ਭਾਵੇਂ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਇਹ ਛਿਨ ਦਾ ਹਜ਼ਾਰਵਾਂ ਹਿੱਸਾ ਠਹਿਰੇ ਪਰ ਅਸਰ ਇਹੋ ਪਾਉਂਦੀ ਹੈ। ਹਾਂ ਜੀ ਸੁੰਦਰਤਾ ਦਾ ਝਲਕਾ ਇਕ ਚਸੇ ਵਿਚ 'ਰਸਮੰਡਲ' ਦਾ ਹੁਲਾਰਾ ਦੇ ਜਾਂਦਾ ਹੈ। ਉਹ ਹੁਲਾਰਾ ਚਿਤ ਨੂੰ ਸਾਰੇ ਦਿੱਸਣ ਵਾਲੇ ਨਜ਼ਾਰੇ ਤੋਂ ਤਰੋੜਕੇ ਆਪਣੇ ਸਰੂਪ ਵਿਚ-

 www.sikhbookclub.com

-ਦੇਖਣਹਾਰ ਨੂੰ ਦੇਖਣਹਾਰ ਵਿਚ-ਜੋੜ ਜਾਂਦਾ ਹੈ। ਉਹ ਅੱਖ ਫਰਕਣ ਜਿੰਨੇ ਚਿਰ ਵਿਚ ਉਸ ਰਸ ਦਾ ਝਲਕਾ ਮਾਰ ਜਾਂਦਾ ਹੈ ਜੋ ਅੱਖਾਂ, ਨੱਕ, ਕੰਨ, ਜੀਭ ਤੇ ਸਰੀਰ ਦੇ ਰਸ ਤੋਂ ਵੱਖਰਾ ਰਸ ਹੈ, ਜੋ ਅੰਦਰਲੇ ਦੇਖਣਹਾਰ ਦੇ ਦੀਸਣਹਾਰ ਤੋਂ ਛੁਟਿਆ--ਆਪੇ ਵਿਚ ਆਇਆਂ ਖੁੱਲਦਾ ਹੈ ਤੇ ਦੱਸਦਾ ਹੈ ਕਿ ਦੇਖ:-

**ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ**
**ਭਾਵੈ ਤਿਸਹਿ ਪੀਆਈ॥**
(ਕੇਦਾਰਾ ਕਬੀਰ-੧੧੨੩)

ਘਰ ਦੇ ਅੰਦਰ ਬੈਠਿਆਂ ਬਜ਼ਾਰ ਵਿਚੋਂ ਸੁੰਦਰ ਧੁਨੀ ਵਾਜਿਆਂ ਤੂਤੀਆਂ ਦੀ ਆਉਂਦੀ ਹੈ। ਰਾਗ ਦੀ ਸੁੰਦਰਤਾ ਸਾਡੇ ਮਨ ਉਤੇ ਅਸਰ ਕਰਦੀ ਹੈ, ਮਨ ਅਪਣੇ ਵਿਚ ਕੱਠਾ ਹੋ ਜਾਂਦਾ ਹੈ, ਨੈਣ ਮੁੰਦ ਜਾਂਦੇ ਹਨ, ਰਸ ਆ ਜਾਂਦਾ ਹੈ। ਰਾਗ ਦੀ ਸੁੰਦਰਤਾ ਨੇ ਮਨ ਨੂੰ ਮਨ ਵਿਚ ਜੋੜ ਦਿਤਾ, ਬ੍ਰਿਤੀ ਚੜ੍ਹ ਗਈ, ਪਰ ਸਾਡਾ ਸੁਭਾਵ ਹੀ ਸਾਡਾ ਵੈਰੀ ਹੈ, ਜੋ ਦਿੱਸਣ ਵਾਲੇ ਪਦਾਰਥਾਂ ਦਾ ਅਤਿ ਪਿਆਰਾ ਹੋ ਚੁਕਾ ਹੈ। ਰਾਗ ਦੀ ਸੁੰਦਰਤਾ ਨੇ ਮਨ ਨੂੰ ਕੱਠਿਆਂ ਕੀਤਾ ਤੇ ਰਸ ਦੇਸ਼ ਵਿਚ ਸਿੱਟ ਦਿੱਤਾ ਸੀ ਪਰ ਉਸ ਰਸ ਨੂੰ ਛੱਡਕੇ ਬਾਹਰ ਭੱਜੀਦਾ ਹੈ, ਬਾਰੀਆਂ ਖੋਲ੍ਹ ਕੇ ਵਾਜੇ ਵਜਾਉਣ ਵਾਲਿਆਂ ਨੂੰ ਲੱਕੜ ਚੰਮ ਦੇ ਢੋਲਾਂ ਤੂਤੀਆਂ ਨੂੰ ਤੱਕੀਦਾ ਹੈ, ਤੇ ਇਸ ਤੱਕਣ ਵਿਚ ਦ੍ਰਿਸ਼ਟਮਾਨ ਵਿਚ ਲੱਗ ਜਾਈਦਾ ਹੈ। ਸੁੰਦਰਤਾ ਦੇ ਝਲਕੇ ਦਾ ਅਸਰ ਸੀ 'ਰਸ ਮੰਡਲਾਂ' ਵਿਚ ਲੈ ਜਾਣਾ, ਅੰਤਰਮੁਖ ਸੁਆਦ ਵਿਚ ਡੋਬਣਾ--ਉਹ ਗੁਆ ਲਈਦਾ ਹੈ। ਸੁੰਦਰਤਾ ਦੇ ਝਲਕਾਰੇ ਵਜਦੇ ਸਾਰ ਤ੍ਰਿਖੇ ਵੇਗ ਨਾਲ ਲੰਘ ਜਾਣ ਵਾਲਾ ਰਸ ਰੂਪ ਇਕ ਅਸਰ ਹੁੰਦਾ ਹੈ, ਉਹ ਆਪੇ ਨੂੰ ਜੋੜ ਜਾਂਦਾ ਹੈ, ਜੇ ਉਸਦਾ ਹੀ ਅਸੀਂ ਲਾਭ ਉਠਾਈਏ ਤਾਂ ਸਮਾਧੀ ਕਹੋ, ਲੀਨਤਾ ਕਹੋ, ਪਰਮ ਸੁਖ ਕਹੋ, ਪਾ ਲਈਏ। ਪਰ ਅਸੀਂ ਸੁੰਦਰਤਾ ਪ੍ਰਕਾਸ਼ਣ ਵਾਲੇ ਪਦਾਰਥਾਂ ਵੱਲ ਦੌੜਦੇ ਹਾਂ, ਜਿਥੇ ਸੁੰਦਰਤਾ ਵਸਦੀ ਦਿੱਸਦੀ ਹੈ, ਉਹਨਾਂ ਟਿਕਾਣਿਆਂ ਨੂੰ ਕਾਬੂ ਕਰਨ ਤੇ ਭੋਗਣ ਵਲ ਲਗਦੇ ਹਾਂ, ਸੋ ਐਸਾ ਕਰਨ ਵਿਚ ਦ੍ਰਿਸ਼ਟਮਾਨ ਵਿਚ ਵਧੀਕ ਫਸਦੇ ਹਾਂ। ਦ੍ਰਿਸ਼ਟਮਾਨ ਬਿਨਸਦਾ ਹੈ, ਵਿਛੁੜਦਾ ਹੈ, ਬਦਲਦਾ ਹੈ ਤਦੇ ਦ੍ਰਿਸ਼ਟਮਾਨ

 www.sikhbookclub.com

ਦੇ ਪ੍ਰੇਮੀ ਨੂੰ ਸੁਖ ਦੀ ਥਾਂ ਦੁਖ ਹੁੰਦਾ ਹੈ। ਜੇ ਕਦੇ ਬੰਦੇ ਨੂੰ ਇਹ ਸਮਝ ਪੈ ਜਾਵੇ ਕਿ ਹਰ ਪ੍ਰਕਾਰ ਦੀ ਸੁੰਦਰਤਾ 'ਕਲਜਾਨਕਾਰੀ', ਤਾਕਤ ਹੈ, ਮੁਕਤੀ ਦਾਤਾ ਹੈ, ਰਸ ਦਾਤਾ ਹੈ, ਸੋਚ ਦੇ ਮੰਡਲ ਵਿਚੋਂ ਖਲਾਸੀ ਦੇਕੇ ਰਸ ਦੇ ਮੰਡਲ ਵਿਚ ਲੈ ਜਾਣ ਵਾਲੀ ਦੇਵੀ ਹੈ ਤਾਂ ਕਲਜਾਨ ਖੱਬੇ ਹੱਥ ਦੀ ਖੇਡ ਹੈ ਪਰ ਰਸੀਏ--ਨਾਮ ਰਸੀਏ--ਬਿਨਾਂ ਸੁੰਦਰਤਾ ਦਾ ਇਹ ਲਾਭ ਕੌਣ ਉਠਾਉਂਦਾ ਹੈ ? ਲੋਕੀਂ ਤਾਂ ਏਹ ਕਰਦੇ ਹਨ ਕਿ 'ਸੁੰਦਰਤਾ' ਡਿੱਠੀ 'ਸੁੰਦਰਾਂ' ਦੇ ਮਗਰ ਉਠ ਭੱਜੇ। 'ਸੁੰਦਰਾਂ' ਦੇ ਪ੍ਰਾਪਤ ਕਰਨ ਵਿਚ ਮਨ ਖਿੰਡ ਗਿਆ, ਪ੍ਰਾਪਤ ਕਰਕੇ ਭੋਗਾਂ ਵਿਚ ਲਾਇਆ। ਭੋਗਾਂ ਨਾਲ ਮਨ ਮੈਲਾ ਹੋ ਗਿਆ; ਖਿੰਡੇ ਤੇ ਮੈਲੇ ਮਨ ਨੇ ਸੁੰਦਰਤਾ ਬੀ ਵਲੂੰਧਰ ਦਿੱਤੀ। ਸੁੰਦਰਤਾ ਤਾਂ ਕੀ ਵਲੂੰਧਰੀ ਜਾਣੀ ਸੀ, ਉਹ ਤਿਲਕ ਗਈ, ਸੁੰਦਰ ਝਉਂ ਗਏ, ਮੈਲਾ ਤੇ ਖਿੰਡਿਆ ਮਨ 'ਬਲਹੀਨ ਤੇ ਦੁਖੀ' ਹੋ ਗਿਆ। ਜਿਸ ਸੁੰਦਰਤਾ ਦੇ ਝਲਕਾਰੇ ਨੇ ਇਕਾਗ੍ਰ ਤੇ ਨਿਰਮਲ ਕਰਨਾ ਸੀ, ਜਿਸ ਨਿਰਮਲਤਾ ਤੇ ਇਕਾਗ੍ਰਤਾ ਨੇ ਰਸਰੂਪ ਤੇ ਬਲਵਾਨ ਕਰਨਾ ਸੀ, ਉਹ ਸੁੰਦਰਤਾ, ਜਿਸ ਨੇ ਅੰਤਰਮੁਖ ਕਰਕੇ ਆਪੇ ਨੂੰ ਆਪੇ ਵਿਚ--ਦੇਖਣਹਾਰ ਨੂੰ ਦੇਖਣਹਾਰ ਵਿਚ--ਟਿਕਾਉਣਾ ਸੀ, ਜਿਸ ਨੇ ਸਰਬਾਧਾਰ ਦੇ ਮੰਡਲ--ਪਰਮ ਆਨੰਦ--ਵਿਚ ਪਹੁੰਚਾਉਣਾ ਸੀ; ਉਸੇ ਸੁੰਦਰਤਾ ਦਾ ਝਲਕਾ ਉਲਟੇ ਪਾਸੇ ਦ੍ਰਿਸ਼ਟਮਾਨ ਵਿਚ ਲੈ ਜਾਂਦਾ ਹੈ। ਹਾਂ ਹਾਂ, ਤ੍ਰਾਣ ਕਰਤਾ ਫਸਾਣ ਕਰਤਾ ਹੋ ਜਾਂਦਾ ਹੈ। ਪਰ ਇਹ ਸੁੰਦਰਤਾ ਦੇ ਜ਼ਿੰਮੇ ਨਹੀਂ, ਵਰਤਨਹਾਰੇ ਦੇ ਜ਼ਿੰਮੇ ਹੈ। ਵਰਤਨਹਾਰਾ ਕੀਹ ਕਰੇ? ਉਸ ਦਾ ਸੁਭਾਵ ਇਹੋ ਹੋ ਚੁਕਾ ਹੈ। ਜਦ ਸੁੰਦਰ ਸ਼ੈ, ਯਾ ਸੁੰਦਰ ਜੀਵ ਡਿੱਠਾ, ਉਸ ਦੀ ਪ੍ਰਾਪਤੀ ਵਿਚ ਲਗ ਗਏ। ਇਹ ਸੁਭਾਵ ਕੀਕੂੰ ਬਦਲੇ? ਸੁਭਾਵ ਦੀ ਬਦਲੀ ਕੇਵਲ ਸਤਿਸੰਗ ਨਾਲ ਹੈ। ਸਤਿਸੰਗ ਸੁਭਾਵ ਬਦਲਣ ਲਈ 'ਵੈਰਾਗ' ਤੇ 'ਹਜ਼ੂਰੀ' ਦਾ ਸਬਕ ਦੇਂਦਾ ਹੈ। ਸਾਂਈਂ ਦੀ ਹਜ਼ੂਰੀ ਵਿਚ ਰਹਿਣ ਦਾ ਪ੍ਰਯਤਨ ਨਿਰੰਕਾਰ ਹਜ਼ੂਰੀ-ਸੁੰਦਰਤਾ ਦਾ ਰਸੀਆ ਬਣਾ ਦੇਂਦਾ ਹੈ। ਹਾਂ ਜੀ, ਜਿਥੇ ਜਿਥੇ ਸੁੰਦਰਤਾ ਹੈ ਇਸ ਮਨ ਨੂੰ ਉਸ ਦਾ ਨਿਰੋਲ ਪ੍ਰੇਮੀ ਬਣਾ ਦੇਂਦਾ ਹੈ, ਉਸ ਤੋਂ 'ਰਸ-ਆਨੰਦ' ਲੈਣ ਦੀ ਜਾਚ ਦੱਸ ਦੇਂਦਾ ਹੈ, ਜੋ ਇਹ ਹੈ ਕਿ ਸੁੰਦਰਤਾ ਦਾ ਪਹਿਲਾ ਲਿਸ਼ਕਾਰਾ ਮਨ ਨੂੰ ਮਨ ਵਿਚ ਜੋੜ ਕੇ ਆਪੇ ਦੇ ਰਸ ਵਿਚ ਲੀਨ ਕਰ ਦੇਂਦਾ ਹੈ। ਇਹ ਰਸ-ਲੀਨਤਾ ਤੀਸਰੇ ਸਤਿਗੁਰਾਂ ਦੀ ਦੱਸੀ ਲਿਵ ਦਾ ਮਾਰਗ ਹੈ।


www.sikhbookclub.com

ਇਹ ਸੁੰਦਰਤਾ ਦੇ ਲਿਸ਼ਕਾਰੇ ਨਹੀਂ, 'ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ' ਦੇ ਸੰਦੇਸ਼ੇ ਹਨ, ਉਸ ਦੇ ਨਿਉਤੇ ਹਨ, ਉਸ ਦੀਆਂ ਦਾਅਵਤਾਂ ਹਨ, ਉਸ ਦੇ ਪ੍ਰੇਮ ਬੁਲਾਵੇ ਹਨ; ਆਪਣੀ ਗੋਦ ਵਿਚ ਲੈ ਕੇ ਲਾਡ ਲਡਾਉਣ ਦੇ ਸੱਦੇ ਹਨ।

ਵਾਹਵਾ, ਚੰਦਹੀਨ ਰਾਤ! ਅਸਾਂ ਅੱਜ ਤੇਰੇ ਵਿਚ ਸੁੰਦਰਤਾ ਤੱਕੀ ਹੈ। ਅੰਮ੍ਰਿਤ ਵੇਲਾ ਹੈ, ਨੀਂਦ ਨੇ ਆਖਿਆ: "ਜਾਓ ਹੁਣ ਜਾਗ ਦੀ ਗੋਦ ਖੇਲੋ"। ਭਾਵੇਂ, ਠੰਢ ਹੈ, ਪਰ ਧੁਰ ਛੱਤ ਤੇ ਗਿਆਂ, ਗੂੜ੍ਹੇ ਨੀਲੇ ਅਕਾਸ਼ ਵਿਚ ਕ੍ਰੋੜਾਂ ਤਾਰੇ ਡਲ੍ਹਕਾਂ ਮਾਰ ਰਹੇ ਹਨ। ਚਾਂਦਨੀ ਰਾਤ ਨੂੰ ਤਾਂ ਥੋੜੇ ਜਿਹੇ ਤਾਰੇ ਦਿੱਸਦੇ ਹਨ ਤੇ ਓਹ ਬੀ ਮੱਧਮ, ਪਰ ਅੱਜ ਤਾਂ ਲੱਖਾਂ ਹੀ ਪਏ ਦਿੱਸਦੇ ਹਨ ਤੇ ਪੂਰੀਆਂ ਲਿਸ਼ਕਾਂ ਮਾਰਦੇ ਹਨ। ਪੱਛੋਂ ਵਲੋਂ ਮੱਧਮ ਰੁਮਕੇ ਪੌਣ ਦੇ ਆ ਰਹੇ ਹਨ, ਤ੍ਰੇਲ ਪੈ ਰਹੀ ਹੈ 'ਭਿੰਨੀ ਰੈਨੜੀਐ ਚਾਮਕਨਿ ਤਾਰੇ' ਦਾ ਨਕਸ਼ਾ ਬੱਝ ਰਿਹਾ ਹੈ। ਰਾਤ ਤਾਂ ਚਾਂਦਨੀ ਹੀ ਸੀ, ਪਰ ਪੰਚਮੀ ਸੀ, ਚੰਦ ਸਵੀਂ ਸਾਂਝੇ ਹੀ ਦਿਦਾਰੇ ਦੇ, ਲੁਕਣ ਮੀਟੀ ਖੇਡ ਗਿਆ, ਪਰ ਸੁੰਦਰਤਾ ਨੇ ਅਕਾਸ਼ ਦੇ ਗੂੜ੍ਹੇ ਨੀਲ ਤੇ ਤਾਰਿਆਂ ਦੀ ਚਮਕੀਲੀ ਝਲਕ ਵਿਚ ਡੇਰੇ ਲਾ ਲਏ। ਹਨੇਰੇ ਨੇ ਤੇਜ ਵਾਲਿਆਂ ਦਾ ਤੇਜ ਚਮਕਾ ਦਿੱਤਾ। ਪੱਛੋਂ ਦੀ ਪੌਣ ਨੇ ਅੰਬਰ ਬਹੁਤ ਹੀ ਸਾਫ਼ ਕਰ ਰਖਿਆ ਹੈ। ਹਰ ਸ਼ੈ ਦਾ ਰੁਖ਼ ਪੂਰਬ ਵੱਲ ਕਰ ਦਿੱਤਾ ਹੈ; ਸਾਡੀ ਪਿੱਠ ਵੀ ਆਪਣੀ ਵੱਲ ਫਿਰਾ ਲਈ ਤੇ ਮੂੰਹ ਪੁਰੇ ਵੱਲ ਕਰਾ ਦਿੱਤਾ। ਅਸੀਂ ਉੱਠਕੇ ਤਖ਼ਤਪੋਸ਼ ਤੇ ਬੈਠ ਗਏ, ਤੇ ਪੁਰੇ ਦੇ ਅਕਾਸ਼ਾਂ ਵੱਲ ਇਕ ਹੋਰ ਨਜ਼ਾਰੇ ਵੱਲ ਖਿੱਚੇ ਗਏ। ਚੰਦ ਨਹੀਂ, ਪਰ ਚੰਦ ਨਾਲੋਂ ਘੱਟ ਬੀ ਨਹੀਂ, ਇਕ ਤਾਰਾ ਚੜ੍ਹ ਰਿਹਾ ਹੈ, ਕੌਣ ਹੈ! ਹਿੰਦੂਆਂ ਦਾ ਸ਼ੁੱਕ੍ਰ, ਮੁਸਲਮਾਨਾਂ ਦਾ ਜ਼ੁਹਰਾ; ਪੱਛਮੀਆਂ ਦਾ ਵੀਨਸ। ਜ਼ੁਹਰਾ ਤੇ ਵੀਨਸ ਵਾਲਿਆਂ ਤਾਂ ਬੜੇ ਸੁਆਦਲੇ ਕਿੱਸੇ ਪ੍ਰੇਮ ਦੇ ਇਸ ਨਾਮ ਨਾਲ ਜੋੜੇ ਹਨ, ਪਰ ਹਿੰਦੂਆਂ ਨੇ ਤਾਂ ਇਸ ਨੂੰ ਆਪਣੇ ਆਨੰਦਾਂ ਦਾ ਸੰਗੀ ਬਣਾ ਲਿਆ ਹੈ। ਜਦੋਂ ਸ਼ੁਕ੍ਰ ਨਾ ਚੜ੍ਹੇ ਕੋਈ ਵਿਆਹ ਨਾ ਹੋਵੇ, ਕੋਈ ਢੰਗ ਸੁਆਰਥ ਨਾ ਪਵੇ, ਸਭ ਖੁਸ਼ੀਆਂ ਦੇ ਕੰਮ ਇਸ ਮਿੱਤ੍ਰ ਦੇ ਵਿਛੋੜੇ ਵਿਚ ਬੰਦ। ਜਦੋਂ ਚੜ੍ਹੇ ਤਾਂ ਹਿੰਦੂ ਘਰਾਂ ਵਿਚ ਮੰਗਲ ਦੇ ਪੈਰ ਪੈਣ।

ਦੇਖੋ, ਅੱਜ ਇਹ ਖੁਸ਼ੀਆਂ ਨਾਲ ਵਿਆਹਿਆ ਸ਼ੁੱਕ੍ਰ ਸਾਨੂੰ ਬੀ ਖਿੱਚਣ ਲੱਗਾ ਤੇ ਪੂਰੇ ਵੱਲ ਧੂਹਣ ਲੱਗਾ ਹੈ। ਇਸ ਦੀਆਂ ਤ੍ਰਿਖੇ ਤੇਜ ਦੀਆਂ ਪਰ ਪਯਾਰੀਆਂ ਡਲ੍ਹਕਾਂ ਪੂਰੇ ਵੱਲ ਧੂ ਲਿਚੱਲੀਆਂ, ਅਸੀਂ ਮਾਨੋਂ ਸ਼ੁੱਕ੍ਰ ਵੱਲ ਉਠ ਟੁਰੇ। ਪਰ ਨਹੀਂ ਉੱਚੇ ਉੱਚੇ ਨਹੀਂ ਚੜ੍ਹੇ। ਪੂਰੇ ਵੱਲ ਟੁਰੇ, ਦੂਰ ਇਕ ਸੁੰਦਰ ਟਿਕਾਣੇ ਜਾ ਨਿਕਲੇ। ਗੰਗਾ ਦਾ ਰਮਣੀਕ ਕਿਨਾਰਾ ਹੈ; ਸਾਵਾ ਸਾਵਾ ਕਚਾਹ ਵਰਗਾ ਗੰਗਾ ਦੇ ਨਿਤਰੇ ਪਾਣੀ ਦਾ ਡਲ ਚੁੱਪ ਚਾਪ ਵਗ ਰਿਹਾ ਹੈ। ਮੀਲਾਂ ਦਾ ਪੇਹਨ ਹੈ, ਜਿਸ ਵਿਚ ਪਾਣੀ ਤੇ ਬਰੇਤਾ ਹੈ। ਇਕ ਕਿਨਾਰੇ ਲੰਮ ਸਲਮਾ ਨੱਗਰ ਵਸਦਾ ਹੈ। ਹਾਂ ਜੀ, ਉਹ ਨਗਰ ਵੱਸਦਾ ਹੈ ਜਿਸ ਨੂੰ ਸੰਸਾਰ ਦੇ ਇਕ ਮਹਾਨ ਪੁਰਖ ਦੇ ਅਵਤਾਰ ਦਾ ਫ਼ਖਰ ਹੈ। ਜਿਸ ਨੂੰ ਇਕ ਸਦਾਚਾਰ ਤੇ ਦੂਸਰੇ ਭਗਤੀ ਦੇ ਦੈਵ ਦੇ ਚਰਨਾ ਦੀ ਰਜ ਪ੍ਰਾਪਤ ਹੋਣ ਦੀ ਵਡਯਾਈ ਹੈ। ਦੇਖੋ ਅੰਮ੍ਰਿਤ ਵੇਲੇ ਹੀ ਦਰਯਾ ਦੇ ਇਕ ਪੱਕੇ ਘਾਟ ਪਰ ਪੌੜਾਂ ਉਤੇ ਕੁਸ਼ਾ ਦਾ ਆਸਣ ਵਿਛਾਈ ਪਸ਼ਮੀਨੇ ਦੀ ਚਾਦਰ ਦੀ ਬੁੱਕਲ ਮਾਰੀ ਇਕ ਸੂਰਤ ਬਿਰਾਜ ਰਹੀ ਹੈ। ਨੈਣ ਬੰਦ ਹਨ, ਪਰ ਦਿਲ ਦੇ ਦਰਵਾਜ਼ੇ ਖੁੱਲ੍ਹੇ ਹਨ, ਕੋਈ ਮੋਹਨੀ ਮੂਰਤ ਅੰਦਰ ਆ ਜਾ ਰਹੀ ਹੈ ਤੇ ਖੇਲਾਂ ਕਰ ਰਹੀ ਹੈ। ਆਪ, ਕਿਸੇ 'ਬਾਲਾ ਪ੍ਰੀਤਮ ਦੇ ਪ੍ਰੇਮ ਵਿਚ ਇਸ ਠੰਢ ਵਿਚ ਏਕਾਂਤ ਪਰ ਸੁਖਦਾਈ ਟਿਕਾਣੇ ਬੈਠ ਪ੍ਰੇਮ ਦਾ ਰਸ ਲੈ ਰਹੇ ਸਨ। ਅਰਸ਼ਾਂ ਤੋਂ ਨੂਰ ਵੱਸ ਰਿਹਾ ਹੈ, ਤਾਰੇ ਪ੍ਰਕਾਸ਼ ਦਾ ਮੀਂਹ ਵਸਾ ਰਹੇ ਹਨ, ਪਵਨ ਸੰਗੀਤ ਕਰ ਰਹੀ ਹੈ ਤੇ ਗਾ ਰਹੀ ਹੈ:-

**ਭਿੰਨੀ ਰੈਨੜੀਐ ਚਾਮਕਨਿ ਤਾਰੇ॥**
**ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥**
(ਆਸਾ ਛੰਤ ਮ:੫-੪੫੯)

ਵਾਹ ਵਾਹ ਸੁਆਦ, ਰਾਤ ਦੀ ਏਕਾਂਤ ਤੇ ਚੁੱਪ ਦਾ ਸੁਆਦ, ਜਲ ਦੇ ਕਿਨਾਰੇ ਦਾ ਸੁਆਦ, ਮਿੱਠੀ ਪਵਨ ਦਾ ਸੁਆਦ, ਕੁਦਰਤੀ ਨਜ਼ਾਰੇ ਦਾ ਸੁਆਦ 'ਸੰਤ ਜਨਾ ਮੇਰੇ ਰਾਮ ਪਿਆਰੇ' ਨੂੰ ਕਿਸ ਮੌਜ ਵਿਚ ਹੁਲਾਰੇ ਦੇ ਰਿਹਾ ਹੈ:-

**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥**
(ਵਾਰ ਮਾਝ ਮ: ੨-੧੪੬)

ਪੂਰੇ ਵਲੋਂ ਹੁਣ ਹੋਰ ਚਾਨਣਾ ਆਉਣ ਲਗਾ, ਲਾਲੀ ਭਾਹ ਵੱਜ ਪਈ:-

**ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥**
**ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥੧॥**
(ਗਉੜੀ ਵਾ:ਮ: ੫-੩੧੯)
(ਕ. ਧ. ਚ.-੧, ਅਧਿ: ੪)

**ਚਾਨਣ ਜਿਵੇਂ ਅਕਾਸ਼ੋਂ ਆਵੇ ਸ਼ੀਸ਼ਿਆਂ ਤੇ ਪੈ ਦਮਕੇ,**
**ਤਿਵੇਂ ਸੁੰਦਰਤਾ ਅਗਸ਼ੋਂ ਆਵੇ ਸੁਹਣਿਆਂ ਤੇ ਪੈ ਚਮਕੇ।**
(ਲਹਿਰ ਹੁਲਾਰੇ, ਗੁਲਦਊਦੀਆਂ ਆਈਆਂ)


www.sikhbookclub.com

# 7. ਇਕਾਂਤ ਤੇ ਇਕੱਲ*

ਥੱਕ ਜਾਏ ਇਨਸਾਨ ਤਾਂ ਆਰਾਮ ਚਾਹੁੰਦਾ ਹੈ, ਅੱਕ ਜਾਏ ਤਾਂ ਛੁਟਕਾਰਾ ਚਾਹੁੰਦਾ ਹੈ ਅਕਾਉਣ ਵਾਲਿਆਂ ਤੋਂ, ਹੁੱਸ ਜਾਏ ਤਾਂ ਨਾ ਆਰਾਮ ਦੀ ਸੋਝੀ ਹੁੰਦੀ ਹੈ ਨਾ ਛੁਟਕਾਰੇ ਦੀ ਹੋਸ਼, ਅੰਦਰ ਬਾਹਰ ਘਬਰਾ ਛਾ ਜਾਂਦਾ ਹੈ, ਪਰ ਜੇ ਥਕਾਉਣ ਵਾਲੇ ਅਕਾਉਣ ਵਾਲੇ ਤੇ ਹੁੱਸਾ ਦੇਣ ਵਾਲੇ ਸਾਰੇ ਸਾਮਾਨ ਦੂਰ ਹੋ ਜਾਣ ਤੇ ਇਹ ਰਹਿ ਜਾਏ ਇਕੱਲਾ ਤਾਂ ਵਹਿਸ਼ਤ ਆ ਘੇਰਦੀ ਹੈ ਤੇ ਸ਼ੁਦਾ ਉਂਗਲਾਂ ਦਿਖਾਉਣ ਲੱਗ ਪੈਂਦਾ ਹੈ, ਇਕੱਲ ਬੁਰੀ, ਇਹ ਨਾ ਆ ਵਾਪਰੇ ਕਿਸੇ ਨੂੰ। ਇਕੱਲ ਸਭਨਾਂ ਤੋਂ ਵਧੀਕ ਡਰਾਉਣੀ ਸ਼ੈ ਹੈ। ਇਕੱਲ ਉਦਾਸੀਆਂ ਦੀ ਮਾਂ ਤੇ ਨਿਰਾਸਤਾਈਆਂ ਦੀ ਦਾਦੀ ਹੈ। ਹੈਂ? ਕੀ ਇਕੱਲ ਮਾੜੀ ਹੈ? ਇਕੱਲ ਏਕਾਂਤ ਹੈ, ਏਕਾਂਤ ਨੂੰ ਕੋਮਲ ਉਨਰਾਂ ਵਾਲਿਆਂ ਦਾਨਿਆਂ, ਦਾਰਸ਼ਨਿਕਾਂ ਤੇ ਰੱਬ ਦੇ ਪਿਆਰਿਆਂ ਨੇ ਸਲਾਹਿਆ ਹੈ। ਕਿਉਂ ਕਹਿੰਦੇ ਹੋ ਕਿ ਇਕੱਲ ਯਾ ਏਕਾਂਤ ਮਾੜੀ ਹੈ? ਇਸ ਲਈ ਕਿ 'ਇਕੱਲ' 'ਏਕਾਂਤ' ਨਹੀਂ ਹੈ। 'ਇਕਾਂਤ' ਇਨਸਾਨ ਆਪ ਭਾਲਦਾ ਹੈ ਤੇ 'ਇਕੱਲ' ਇਸਨੂੰ ਆ ਵਾਪਰਦੀ ਹੈ। 'ਇਕਾਂਤ' 'ਰੂਹ ਦਾ ਆਰਾਮ ਅਸਥਾਨ' ਹੈ, 'ਇਕੱਲ' 'ਤਨਹਾਈ ਦੀ ਕੈਦ ਹੈ'। 'ਇਕਾਂਤ' ਵਿਚ ਜਾ ਕੇ ਥਕਾਨ, ਅਕੇਵੇਂ ਤੇ ਹੁੱਸਣਾ ਦੂਰ ਹੁੰਦੀਆਂ ਹਨ, ਪਰ 'ਇਕੱਲ' ਵਿਚ ਜਾ ਕੇ ਵਹਿਸ਼ਤਾਂ ਛਾ ਜਾਂਦੀਆਂ ਹਨ। ਏਕਾਂਤ ਜੀਵਨ ਨੂੰ ਨਵਜੋਬਨ ਦੇਂਦੀ ਹੈ, ਇਕੱਲ ਜੀਵਨ ਨੂੰ ਖਾਰਦੀ ਤੇ ਬੁਢੇਪਾ ਲਾਉਂਦੀ ਹੈ।

---

* ਇਹ ਲੇਖ ੭ ਮਾਘ ਸੰਮਤ ਗੁ: ਨਾ: ਸਾ: ੪੬੮ ਅਰਥਾਤ ੧੯ ਜਨਵਰੀ ੧੯੩੭ ਈ: ਨੂੰ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ ਸੀ।

ਏਕਾਂਤ ਵਿਚ ਆਪਾ ਆਪਣੇ ਠੀਕ ਤੋਲ ਅੰਦਾਜ਼ ਵਿਚ ਆਉਂਦਾ ਹੈ, ਇਕੱਲ ਵਿਚ ਆਪੇ ਦਾ ਵਜ਼ਨ ਘਟ ਜਾਂਦਾ ਹੈ। ਹਾਂ, ਏਕਾਂਤ ਵਿਚ ਦਿਲ ਵਧਾਉਣ ਵਾਲੀ ਉਸਤੁਤਿ ਤੇ ਦਿਲ ਢਾਹੁਣ ਵਾਲੀ ਨਿੰਦਾ ਨਹੀਂ ਹੁੰਦੀ, ਇਸ ਕਰਕੇ ਮਨ ਦੇ ਤੋਲ-ਪਲੜੇ ਨੀਉਂਦੇ ਝੁਕਦੇ ਕਿਸੇ ਪਾਸੇ ਨਹੀਂ, ਐਨ ਤਰਾਜ਼ੂ ਤੋਲ ਪੂਰਾ ਰਹਿੰਦਾ ਹੈ, ਸੋ ਇਨਸਾਨ ਆਪਣਾ ਮੁੱਲ ਪਾਉਂਦਾ ਹੈ ਠੀਕ ਠੀਕ, ਨਾ ਵੱਧ, ਨਾ ਘੱਟ। ਏਕਾਂਤ ਵਿਚ ਤਵੱਜੋ ਨੂੰ ਬਾਹਰਲੇ ਤੇ ਓਪਰੇ ਖਿਚੇਵੇਂ ਨਹੀਂ ਪੈਂਦੇ, ਆਪਾ ਟਿਕਦਾ ਤੇ ਆਪੇ ਵਿਚ ਟੁੱਭੀਆਂ ਮਾਰਦਾ ਹੈ ਤੇ ਕਈ ਵੇਰ ਇਨ੍ਹਾਂ ਟੁੱਭੀਆਂ ਨਾਲ ਆਪੇ ਦੀਆਂ ਡੂੰਘਾਈਆਂ ਵਿਚੋਂ ਗੁਣ-ਰਤਨ ਲੱਭ ਲਿਆਉਂਦਾ ਹੈ। ਮਨ ਦੇ ਵਲ ਤੇ ਵਿੰਗ ਏਕਾਂਤ ਵਿਚ ਦਿਸ ਪੈਂਦੇ ਹਨ ਤੇ ਨਿਕਲ ਜਾਂਦੇ ਹਨ। ਏਕਾਂਤ ਵਿਚ ਬੁੱਧੀ ਉੱਜਲ ਹੋ ਜਾਂਦੀ ਹੈ ਤੇ ਨਿਸ਼ਚੇ ਦੇ ਘਰ ਨੂੰ ਲੱਭ ਲੈਂਦੀ ਹੈ। ਏਕਾਂਤ ਵਿਚ ਧਿਆਨ ਜੁੜਦਾ ਹੈ ਅਤੇ ਉਹ ਰਾਹ ਦਿੱਸ ਪੈਂਦਾ ਹੈ ਜੋ 'ਅਨੰਤ' ਵਿਚ ਜਾ ਖੁੱਲ੍ਹਦਾ ਹੈ। ਏਕਾਂਤ ਵਿਚ ਰੂਹ ਰੂਹ ਨਾਲ ਗੱਲਾਂ ਕਰਦੀ ਹੈ ਤੇ ਏਕਾਂਤ ਵਿਚ ਹੀ ਰੱਬ ਰੂਹ ਨਾਲ ਗੱਲਾਂ ਕਰਦਾ ਹੈ। ਜੇ ਇਨਸਾਨ ਚਾਹੇ ਕਿ ਜਗਤ ਨੂੰ ਕੁਛ ਦੇਵੇ ਤਾਂ ਏਕਾਂਤ ਨਾਲ ਪਿਆਰ ਪਾਵੇ, ਦਾਤਾ ਹੋਣ ਲਈ ਉਸਨੂੰ ਏਕਾਂਤ ਵਿਚੋਂ ਸਾਮਾਨ ਮਿਲੇਗਾ।

ਇਕੱਲ ਵਿਚ ਸੁਰਤ ਦੇ ਆਸਰੇ ਭੱਜੇ ਹੋਏ, ਓਪਰੇ ਹੋ ਗਏ ਤੇ ਦੂਰ ਚਲੇ ਗਏ ਦਿੱਸਦੇ ਹਨ, ਤਾਹੀਓਂ ਇਕੱਲ ਵਿਚ ਉਦਾਸੀ ਡਰ ਤੇ ਵਹਿਸ਼ਤ ਛਾਉਂਦੀ ਹੈ। ਕਿਸੇ ਆਦਮੀ ਨੂੰ ਕਿਸੇ ਨਿਰਜਨ ਟਾਪੂ ਵਿਚ ਛੋੜ ਆਓ, ਛੇ ਮਹੀਨੇ ਬਾਦ ਉਸਨੂੰ ਜਾ ਕੇ ਪੁੱਛੋ ਕਿ ਤੇਰੇ ਬਾਬ ਕੀ ਵਰਤੀ ਤਾਂ ਉਹ ਇਕੱਲ ਦੇ ਮਹਾਂ ਭਜਾਨ ਨੂੰ ਦੱਸ ਸਕੇਗਾ। ਤੁਸੀਂ ਇਕ ਮੰਦਰ ਵਿਚ ਸਮਾਧੀ ਲਾ ਕੇ ਬੈਠੇ ਹੋ, ਯਾਤਰੂਆਂ ਦੀ ਗਹਿਮਾਂ ਗਹਿਮ ਹੈ ਤੇ ਭੌਣ ਭਰੇ ਪਏ ਹਨ। ਜਦ ਅੱਖ ਖੋਹਲਦੇ ਹੋ ਤਾਂ ਜੀ ਸਾਂਈਂ ਦਾ ਨਜ਼ਰੀਂ ਨਹੀਂ ਪੈਂਦਾ, ਖਯਾਲ ਕਰ ਲਓ ਉਸ ਵੇਲੇ ਦੀ ਇਕੱਲ ਦਾ ਨਕਸ਼ਾ ਤੇ ਉਸ ਦਾ ਅਸਰ। ਸੋਚ ਲਓ ਕਿ ਤੁਸੀਂ ਕਿਸੇ ਸ਼ਿਕਾਰ ਗਏ ਕਈ ਦਿਨਾਂ ਲਈ ਬਨ ਵਿਚ ਗੁਆਚ ਗਏ ਹੋ, ਕੋਈ ਪਿਆਰਾ ਨਾਲ ਨਹੀਂ, ਕੋਈ ਜਾਣੂ ਸਿਆਣੂ ਮਿਲਦਾ ਨਹੀਂ, ਕੋਈ ਓਪਰਾ ਬੀ ਨਜਰੀਂ ਨਹੀਂ ਪੈਂਦਾ, ਜੀਵ ਮਾਤ੍ਰ ਅੱਖਾਂ ਅੱਗੋਂ ਨਹੀਂ ਲੰਘਦਾ, ਉਸ ਵੇਲੇ ਦੇ ਦਿਲ-ਟੋਟੇ ਦਾ ਅੰਦਾਜ਼ਾ ਲਾ ਲਓ। ਹਾਂ ਜੀਓ, ਬਨਾਂ ਵਿਚ

 www.sikhbookclub.com

ਕਦੇ ਗੁਆਚੇ ਨੂੰ ਇਕੱਲ ਦੇ ਰੰਗਾਂ ਦਾ ਪਤਾ ਹੈ ਤੇ ਤਨਹਾਈ ਦੀ ਕੈਦ ਵਾਲੇ ਨੂੰ ਇਸਦੀ ਪੀੜਾ ਦਾ ਵਧੇਰੇ ਥਹੁ ਹੈ। ਬਾਬਾ! ਇਕਲ ਬੁਰੀ।

ਉਂਜ ਦੇਖੋ ਤਾਂ ਜੀਵ ਇਕੱਲਾ ਹੈ। ਇਕੱਲਾ ਆਉਂਦਾ ਹੈ ਤੇ ਚਲਾ ਬੀ ਇਕੱਲਾ ਜਾਂਦਾ ਹੈ, ਪਰ ਇਸ ਇਕੱਲ ਦੀ ਸੋਚ ਇਸ ਨੂੰ ਨਹੀਂ ਫੁਰਦੀ, ਫੁਰੇ ਤਾਂ ਭੈ ਖਾਂਦਾ ਹੈ। ਕਿੰਤੂ ਜਗਤ ਵਿਚ ਵਸਦਿਆਂ ਇਸ ਨੂੰ ਜੇ ਕਦੇ ਇਕੱਲ ਆ ਵਾਪਰੇ ਤਾਂ ਬਹੁਤ ਦੁਖੀ ਹੁੰਦਾ ਹੈ। ਜੇ ਵੀਚਾਰ ਕਰੋ ਤਾਂ ਇਨਸਾਨ ਜਗਤ ਵਿਚ ਵਸਦਾ ਰਸਦਾ ਬੀ ਇਕੱਲ ਵਿਚ ਹੈ, ਪਰ ਦੁਆਲੇ ਵਸਦੇ ਭੀੜ ਭੜੱਕਿਆਂ ਕਰਕੇ ਇਸ ਨੂੰ ਇਸ ਆਪਦੀ ਇਕੱਲ ਦੀ ਵੀਚਾਰ ਨਹੀਂ ਫੁਰਦੀ। ਜਿਵੇਂ ਸੌ ਅੰਡੇ ਨਾਲੋ ਨਾਲ ਪਏ ਹਨ, ਸਭ ਆਪੋ ਆਪਣੀ ਹਦਬੰਦੀ ਵਿਚ ਬੰਦ ਹਨ, ਪਏ ਹਨ ਚਾਹੋ ਕੋਲੋ ਕੋਲ ਪਰ ਹੈਨ ਅਡੋ ਅੱਡ ਇਕੱਲੇ ਇਕੱਲੇ। ਹਾਂ ਸੈ ਪਿੰਜਰੇ ਨੇੜੇ ਨੇੜੇ ਪਏ ਹਨ, ਪਰ ਪੰਛੀ ਵਿਚ ਇਕੱਲੇ ਇਕੱਲੇ ਬੈਠੇ ਹਨ। ਸੈ ਦੀਪ ਕਿਸੇ ਸਾਗਰ ਵਿਚ ਨੇੜੇ ਨੇੜੇ ਹਨ, ਵਿਚ ਜਲ ਹੈ, ਹਨ ਨੇੜੇ ਨੇੜੇ ਪਰ ਹਨ ਇਕੱਲੇ ਇਕੱਲੇ, ਆਪੋ ਆਪਣੀ ਹਦਬੰਦੀ ਦੇ ਅੰਦਰ ਵੱਖਰੇ ਵੱਖਰੇ, ਇਸੀ ਤਰ੍ਹਾਂ ਇਨਸਾਨ ਇਨਸਾਨ ਦੇ ਭਾਵੇਂ ਨੇੜੇ ਹੋਵੇ ਪਰ ਹੈ ਹਰ ਕੋਈ ਵੱਖਰਾ ਵੱਖਰਾ, ਇਕੱਲਾ ਇਕੱਲਾ। ਹਰੇਕ ਦਾ ਆਪਾ ਜੁਦਾ ਜੁਦਾ ਹੈ, ਹਰੇਕ ਦੀ ਅੰਦਰਲੀ ਦੁਨੀਆਂ ਹੈ ਆਪੋ ਆਪਣੀ। ਪੁੱਤ ਨੂੰ ਪੀੜ ਹੋ ਰਹੀ ਹੈ, ਮਾਂ ਪਾਸ ਬੈਠੀ ਟਕੋਰ ਕਰ ਰਹੀ ਹੈ, ਜਵੈਣ ਫਕਾ ਰਹੀ ਹੈ ਤੇ ਵਾਰੀ ਘੋਲੀ ਹੋ ਰਹੀ ਹੈ, ਪਰ ਜਿੱਥੇ ਕੁ ਪੁਤ੍ਰ ਨੂੰ ਪੀੜ ਪ੍ਰਤੀਤ ਹੋ ਰਹੀ ਹੈ ਓਥੇ ਮਾਂ ਦੀ ਪਹੁੰਚ ਨਹੀਂ ਹੈ। ਕਚੀਚੀਆਂ ਲੈਂਦੀ ਹੈ ਕਿ ਵੱਸ ਹੋਏ ਤਾਂ ਪੀੜ ਨੂੰ ਓਥੋਂ ਧੂ ਕੱਢਾਂ, ਪਰ ਇਡੇ ਹਿਤ ਤੇ ਹਿਤੂ ਦੇ ਪਾਸ ਹੁੰਦਿਆਂ ਬੀ ਪੁੱਤ ਪੀੜਾ-ਮੰਡਲ ਵਿਚ ਇਕੱਲਾ ਹੈ। ਇਸ ਇਕੱਲ ਦੀ ਸੋਝੀ ਵਿਤ੍ਰੇਕੀ ਵੈਰਾਗਵਾਨ ਨੂੰ ਪੈਂਦੀ ਹੈ। ਇਕ ਹੋਰ ਇਕੱਲ ਹੈ, ਜਿਸ ਵਿਚ ਇਨਸਾਨ ਖੁਸ਼ੀ ਖੁਸ਼ੀ ਵੱਸ ਰਿਹਾ ਹੈ। ਹਰ ਇਨਸਾਨ ਇਕੱਲਾ ਹੈ ਤੇ ਜਗਤ ਨਾਲ ਉਸ ਨੂੰ ਸਹਿ ਸੁਭਾ ਜੰਗ ਵਾਪਰ ਰਿਹਾ ਹੈ। ਹਰੇਕ ਆਪਣੇ ਲਾਭ ਦੇ ਮਗਰ ਹੈ, ਦੂਏ ਨੂੰ ਓਪਰਾ ਜਾਣ ਕੇ ਉਸ ਦੇ ਲਾਭ ਦਾ ਕਿਸੇ ਨੂੰ ਫ਼ਿਕਰ ਨਹੀਂ। ਆਪਣਾ ਲਾਭ ਲੈਣ ਵੇਲੇ, ਆਪਣਾ ਨੱਫ਼ਾ ਕੱਢਣ ਵੇਲੇ, ਦੂਏ ਨਾਲ ਦਰਦ ਨਹੀਂ ਫੁਰਦਾ ਸਗੋਂ ਉਸ ਦੀ ਹਾਨੀ ਦੀ ਬੀ ਪਰਵਾਹ ਨਹੀਂ ਰਹਿੰਦੀ। ਐਉਂ ਬੀ ਹਰ ਕੋਈ ਇਕੱਲਾ ਹੈ ਤੇ

 www.sikhbookclub.com

ਇਕੱਲ ਉਸ ਦੇ ਅੰਦਰ ਵਾਪਰ ਰਹੀ ਹੈ। ਹਾਂ ਜੀਓ, ਇਹ ਇਕੱਲ ਬਾਹਰ ਦੀ ਨਹੀਂ ਅੰਦਰ ਦੀ ਹੈ। ਆਪਣਾ ਲਾਭ ਤੇ ਲਾਭ ਵਿਚ ਜਤਨ (ਕਸ਼-ਮਕਸ਼) ਤੇ ਇਸ ਜਤਨ ਤੋਂ ਪ੍ਰਾਪਤ ਹੋਈ ਜਿੱਤ ਦਾ ਰਸ ਇਸ ਇਕੱਲ ਦੀ ਸੋਝੀ ਨਹੀਂ ਪੈਣ ਦੇਂਦਾ।

ਇਕ ਹੋਰ ਇਕੱਲ ਹੈ ਜੋ ਭੀੜਾਂ ਵਿਚ ਬੀ ਆ ਵਾਪਰਦੀ ਹੈ। ਕਿਸੇ ਨੂੰ ਹਵਾਈ ਜਹਾਜ਼ ਤੇ ਚੜ੍ਹਾਕੇ ਪੰਜ ਹਜ਼ਾਰ ਮੀਲ ਤੇ ਜਾ ਕੇ ਕਿਸੇ ਘੁੱਘ ਵਸਦੇ ਨਗਰ ਵਿਚ ਛੋੜ ਆਓ, ਜਿਥੋਂ ਦੇ ਵਾਸੀਆਂ ਦੀ ਕਿ ਉਹ ਬੋਲੀ ਬੀ ਨਹੀਂ ਜਾਣਦਾ। ਉਸ ਗਹਿਮਾ ਗਹਿਮ ਵਿਚ ਉਸ ਓਪਰੇ ਨੂੰ 'ਭੀੜ ਵਿਚ ਵਾਪਰਨ ਵਾਲੀ ਇਕੱਲ' ਦਾ ਥਹੁ ਪਏਗਾ ਤੇ ਉਸ ਨੂੰ ਇਸ ਤੋਂ ਛੁਟਕਾਰੇ ਦਾ ਰਸ ਤਦੋਂ ਪਵੇਗਾ ਜਦੋਂ ਡਾਂਵਾਂ ਡੋਲ ਹੋਏ ਨੂੰ ਇਕ ਓਪਰਾ ਹੀ ਭਾਵੇਂ ਹੋਵੇ, ਉਸ ਦੀ ਬੋਲੀ ਸਮਝਣ ਵਾਲਾ ਮਿਲ ਪਵੇ।

ਇਕ ਇਕੱਲ ਹੋਰ ਹੈ। ਜਦੋਂ ਭੀੜਾਂ ਬੀ ਦੁਆਲੇ ਹੈਨ, ਜਾਣੂ ਸਿਆਣੂ ਬੀ ਹੈਨ, ਕੋਈ ਦਰਦ ਵੰਡਾਉਣ ਵਾਲੇ ਬੀ ਹੈਨ, ਪਰ ਕੋਈ ਇਕ ਪਿਆਰਾ, ਜਿਸ ਨੂੰ ਆਪਣੀ ਸੁਰਤ ਦਾ ਆਧਾਰ ਬਣਾ ਲਿਆ ਸੀ, ਉਹ ਬਿਨਸ ਗਿਆ ਹੈ। ਹਾਂ, ਇਸ ਇਕੱਲਾਂ ਵਾਲੇ ਜਗਤ ਵਿਚ, ਜਿਥੇ ਬਾਹਰ ਭੀ 'ਵਿੱਥ' ਦਾ ਪਸਾਰਾ ਹੈ ਤੇ ਅੰਦਰ ਬੀ ਵਿੱਥ ਦਾ ਖਿਲਾਰਾ ਹੈ, ਇਕ ਪਿਆਰਾ ਹੈ-ਹਮਦਰਦੀ ਹੈ-ਜੇ ਇਸ ਵੇਲੇ ਕਿਤੋਂ ਉਹ ਆ ਪ੍ਰਕਾਸ਼ੇ ਤਾਂ ਇਕੱਲ ਰੂਪੀ ਵਿੱਥ ਤੇ ਪੁਲ ਬਣ ਜਾਂਦਾ ਹੈ। ਇਸੇ ਪੁਲ ਸ਼੍ਰੇਣੀ ਦੇ ਆਸਰੇ ਇਨਸਾਨ ਆਪਣੀ ਕੁਦਰਤੀ 'ਇਕੱਲ' ਨੂੰ ਭੁੱਲਾ ਰਹਿੰਦਾ ਹੈ। ਪਰ ਜਦੋਂ ਕਦੀ ਇਹ ਪੁਲ ਟੁੱਟੇ, ਜਾਂ ਕੋਈ ਪਿਆਰਾ, ਜਿਸ ਨਾਲ ਕਿ ਸੁਰਤ ਨੇ ਇਹ ਪਜਾਰ ਲਗਾਉ ਦਾ ਪੁਲ ਬਣਾ ਲਿਆ ਸੀ, ਵਿਛੁੜੇ ਤਾਂ ਇਕੱਲ ਅੰਦਰ ਆ ਵੜਦੀ ਹੈ, ਉਹ ਲੋਕਾਂ ਦੇ ਪਾਸ ਹੁੰਦਿਆਂ ਬੀ ਇਕੱਲ ਦੀ ਪੀੜ ਝਰਨਾਟ ਦੇਂਦੀ ਹੈ।

ਇਕ ਪੋਠੋਹਾਰ ਦੀ ਬੀਬੀ ਹੈ, ਜਿਸ ਦਾ ਪ੍ਰਾਣਪਤੀ ਐਨ ਜਵਾਨੀ ਵਿਚ ਸੰਸਾਰ ਤੋਂ ਟੁਰ ਗਿਆ ਹੈ।... ਪਤੀ ਆਪ ਚੋਖੇ ਪੈਸੇ ਵਾਲਾ ਸੀ। ਇਸ ਦੇ ਪੁੱਤ੍ਰ ਧੀ ਨਾ ਹੋਣ ਕਰਕੇ ਉਹ ਪਦਾਰਥ ਬੀ ਸਾਰਾ ਸੁਘੜੋ (ਬੀਬੀ ਦਾ ਨਾਮ) ਦੇ ਪਾਸ ਹੈ। ਪਰ ਇਹ ਹੈ ਇਕੱਲੀ। ਨਾ ਹਨ ਪੇਕੇ, ਨਾ ਸਹੁਰੇ, ਨਾ ਪਿਤਾ, ਨਾ ਪਤੀ, ਨਾ ਮਾਂ, ਨਾ ਸੱਸ। ਅਗੋਂ ਵੇਲ ਵਧੀ ਨਹੀਂ, ਨਾ ਹੈ ਪੁੱਤ ਨਾ ਹੈ ਧੀ। ਸੰਸਾਰ ਵਿਚ ਬੈਠੀ ਹੈ ਇਹ ਬੀਬੀ ਇਕੱਲੀ,

 www.sikhbookclub.com

ਨੌਕਰ ਚਾਕਰ ਹੈਨ, ਦੂਰ ਨੇੜੇ ਦੇ ਸੰਬੰਧੀ ਹੈਨ, ਕੁਸ਼ਾਮਤੀ ਬੀ ਅਨੇਕਾਂ ਹੈਨ, ਧਨ ਪਿੱਛੇ ਜੀ ਜੀ ਕਰਨ ਵਾਲੇ ਬੀ ਹੈਨ, ਪਰ ਉਹ ਆਪ ਨੂੰ ਇਕੱਲ ਵਿਚ ਹੀ ਵੇਖ ਰਹੀ ਹੈ। ਬਾਹਰ ਇਕੱਲ ਪਿਆਰਨ ਵਾਲਿਆਂ ਦੇ ਬਿਨਸ ਜਾਣ ਦੀ, ਅੰਦਰ ਇਕੱਲ ਹੈ ਸੁਰਤ ਦੇ ਆਸਰੇ-ਪਤੀ-ਦੇ ਵਿਯੋਗ ਦੀ। ਅੱਧੀ ਰਾਤ ਹੈ, ਗਰਮੀ ਦੀ ਰੁਤ ਹੈ, ਧੁਰ ਛੱਤ ਤੇ ਪਲੰਘ ਡੱਠਾ ਹੈ, ਜਿਸ ਉਤੇ ਇਹ ਬੀਬੀ ਲੇਟ ਰਹੀ ਹੈ। ਹਾਂ ਸੁਘੜੋ ਲੇਟੀ ਤਾਂ ਹੈ, ਪਰ ਹੈ ਜਾਗਦੀ ਤੇ ਗੱਲਾਂ ਕਰ ਰਹੀ ਹੈ।

...."ਸੁਘੜੋ! ਪਿਤਾ ਜੀ ਨੇ ਤੈਨੂੰ ਵਿਦਜਾ ਪੜ੍ਹਾਈ ਸੀ, 'ਜਗਤ ਅਸਾਰ ਹੈ' ਤੂੰ ਪੜ੍ਹਿਆ ਸੀ। ਕੋਈ ਕਿਸੇ ਦੇ ਨਾਲ ਨਹੀਂ, ਕੱਲਾ ਆਉਂਦਾ ਕੱਲਾ ਟੁਰ ਜਾਂਦਾ ਹੈ। ਵਿੱਚ ਵਿਚਾਲੇ ਕੱਲਾ ਹੋ ਗਿਆ ਤਾਂ ਹੋ ਗਿਆ ਸਹੀ। ਪਰ ਹਾਂ, ਸੋਚਾਂ ਤਦੋਂ ਚੰਗੀਆਂ ਲਗਦੀਆਂ ਸਨ, ਪਰ ਹੁਣ ਕੰਮ ਨਹੀਂ ਸਾਰਦੀਆਂ। ਹਿਰਦੇ ਪੀੜ ਹੈ ਤੇ ਹਟਦੀ ਨਹੀਂ। ਬਾਪੂ ਜੀਓ, ਬਾਪੂ ਜੀਓ! ਆਓ ਦੇਖੋ ਲਾਡਾਂ ਪਲੀ ਕਿਵੇਂ ਵਿਲਕ ਰਹੀ ਹੈ। ਮੌਤ, ਬੁਰੀ ਮੌਤ, ਵਿਛੋੜਿਆਂ ਦੀ ਛੁਰੀ ਮੌਤ,— ਮਾਂ ਵਿਛੋੜੀ, ਪਿਤਾ ਵਿਛੋੜੇ, ਪਤੀ ਬੀ ਨਾ ਛੋੜਿਆ, ਪਰ ਹਾਇ, ਮੌਤ ਰਹਿਮਤ ਬੀ ਹੈ। ਤੁਸੀਂ ਮਰੇ ਬਾਪੂ ਜੀਓ! ਤਾਂ ਮੈਂ ਗ਼ਮ ਖਾਧਾ ਸੀ ਕਿ ਹਾਇ ਕਿਉਂ ਟੁਰ ਗਏ, ਪਰ ਮੈਂ ਅੱਜ ਦੇਖਦੀ ਹਾਂ ਕਿ ਤੁਸਾਂ ਤੇ ਮੌਤ ਨੇ ਰਹਿਮਤ ਕੀਤੀ ਸੀ। ਜੇ ਤਦੋਂ ਓਹ ਆਪ ਨੂੰ ਨਾ ਲੈ ਜਾਂਦੀ ਤਾਂ ਅਜ ਤੁਸੀਂ ਮੈਨੂੰ ਦੁਖੀ ਦੇਖ ਕੇ ਦੁਖੀ ਹੁੰਦੇ ਤੇ ਜੇ ਓਹ ਤਦੋਂ ਮੈਨੂੰ ਬੀ ਸਮੇਟ ਲੈਂਦੀ ਤਾਂ ਮੈਂ ਬੀ ਪਤੀ— ਵਿਯੋਗ ਦਾ ਦੁਖ ਅੱਜ ਨਾ ਦੇਖਦੀ। ਮੌਤ ਰਹਿਮਤਾਂ ਵਾਲੀ ਹੈ, ਪਰ ਇਸ ਦੀ ਮਿਹਰ ਇਸ ਦੀ ਆਪਣੀ ਖ਼ੁਸ਼ੀ ਤੇ ਹੈ। ਮੰਗਿਆਂ ਖ਼ੈਰ ਨਹੀਂ ਪਾਉਂਦੀ, ਅਪਣੀ ਖੁਸ਼ੀ ਨਾਲ ਮੇਹਰਾਂ ਦੇ ਮੀਂਹ ਵਸਾ ਦੇਂਦੀ ਹੈ। ਇਸ ਦੇ ਬਥੇਰੇ ਤਰਲੇ ਕੱਢੇ ਕਿ ਮੈਨੂੰ ਬੀ ਲੈ ਚੱਲ ਪਤੀ ਦੇ ਨਾਲ, ਪਰ ਇਕ ਨਾ ਸੁਣੀ ਇਸ ਆਪਣੀ ਕੀਤੀ ਕਰਨਹਾਰ ਨੇ!"

......ਸਿਆਣਪ ਵਾਲੇ ਤੇ ਸੋਝੀ ਵਾਲੇ ਮਨ ਨੇ ਸੋਚਿਆ ਕਿ ਪਤੀ ਪਿਆਰੇ ਦੀ ਯਾਦ ਮੈਂ ਸੰਭਾਲ ਸਕਦੀ ਹਾਂ। ਮੈਂ ਹੁਣ ਰੁੜ੍ਹਦੀ ਹਾਂ ਵਿੰਜੋਗ ਦੀ ਪੀੜਾ ਵਿਚ, ਕਿਉਂ ਨਾ ਜੀਵਾਂ 'ਮੇਲ-ਰਸ ਦੀ ਯਾਦ' ਵਿਚ? ਉਹ ਛਿਨਾਂ, ਉਹ ਘੜੀਆਂ, ਉਹ ਵਕਤ ਦੇ ਲਹਿਰਾਉ ਜੋ ਲੰਘੇ ਪਤੀ ਪ੍ਰੇਮ ਦੇ ਆਨੰਦ ਵਿਚ, ਕੀ ਮੈਂ ਉਹਨਾਂ ਦੀ ਯਾਦ ਵਿਚ ਜੀਉ ਨਹੀਂ ਸਕਦੀ।

ਇਹ ਸੋਚਕੇ ਸੁਘੜੋ ਨੇ ਆਪਣੇ ਮਨ ਨੂੰ ਲੱਗੀ ਚੋਟ ਦਾ ਦਾਰੂ ਲੱਭ ਲਿਆ। ਹਾਂ, ਆਖੇ: "ਹੇ ਇਕੱਲ ਜੇ ਤੂੰ ਵੜ ਗਈ ਹੈਂ ਮੇਰੇ ਮਨ ਵਿਚ, ਨਿਕਲ ਕਿ ਇਥੇ ਮੈਂ 'ਪੀਅ ਰਸ ਦੀ ਯਾਦ' ਵਸਾਵਾਂ ਹੁਣ।"

ਕਿਸੇ ਪਿਆਰੇ ਦੇ ਵਿਯੋਗ ਦੇ ਲੱਗੇ ਘਾਉ ਦਾ ਇਲਾਜ ਸਮਾਂ ਬੀ ਕਰਦਾ ਹੈ। ਸੁਘੜੋ ਦੇ ਸੁਤੇ ਹੀ ਸੁਘੜ ਮਨ ਨੂੰ ਇਕ ਦਾਰੂ ਤਾਂ ਅੰਦਰੋਂ ਹੀ ਲੱਭ ਪਿਆ ਸੀ, ਪਰ ਉਸ ਵਿਚ ਉਹ ਟਿਕਵਾਂ ਭਰੋਸਾ ਨਹੀਂ ਸੀ ਜੋ ਕਿਸੇ ਸਤਿਸੰਗ ਤੋਂ ਮਿਲੀ ਸਾਂਈਂ ਦੀ ਯਾਦ ਵਿਚ ਉਪਜਦਾ ਹੈ।.... ਉਸ ਨੇ ਇਕ ਬਾਹਰਲਾ ਆਸਰਾ ਹੋਰ ਲੱਭਾ। ਆਏ ਗਏ ਸਾਧੂ ਮਹਾਤਮਾਂ ਲਈ ਕੁਟੀਆਂ ਪੁਵਾਈਆਂ। ਦੁਆਲੇ ਇਕ ਬਗ਼ੀਚਾ ਬੀ ਲੁਆਇਆ, ਤੇ ਅੰਨ ਪਾਣੀ ਦਾ ਪ੍ਰਬੰਧ ਬੀ ਕਰ ਦਿੱਤਾ।.....

ਵੈਰਾਗ ਤੋਂ ਉਸ ਦਾ ਝੁਕਾਉ ਸਤਿਸੰਗ ਵਲ ਪੈ ਗਿਆ, ਜਿਸ ਵਿਚ ਇਸ ਨੂੰ ਦਿੱਸੇ ਕਿ ਰੂਹ ਦਾ ਭਲਾ ਹੋਊ ਤੇ ਪਦਾਰਥ ਦੀ ਸਫ਼ਲਤਾ ਦਾ ਅਵਸਰ ਮਿਲਦਾ ਰਹੂ। ਕੁਟੀਆਂ ਜੋ ਪੁਵਾਈਆਂ ਸਨ ਓਥੇ ਨੌਕਰ ਕੰਮ ਕਰਦੇ ਸਨ, ਪਰ ਹੁਣ ਇਹ ਆਪ ਓਥੇ ਜਾਣ ਆਉਣ ਲਗ ਪਈ। ਵਿਦਵਾਨਾਂ ਤੇ ਭਲੇ ਪੁਰਖਾਂ ਨਾਲ ਵੀਚਾਰ ਦਾ ਓਥੇ ਸਮਾਂ ਮਿਲ ਜਾਂਦਾ ਸੀ, ਜਿਸ ਨਾਲ ਉਸ ਨੂੰ ਆਪਣੀ ਅੰਤ੍ਰੀਵ ਭੁੱਖ ਲਈ ਭੋਜਨ ਮਿਲ ਜਾਂਦਾ ਤੇ ਹੱਥ ਨਾਲ ਅੰਨ ਪਾਣੀ ਦੀ ਸੇਵਾ ਕਰਕੇ ਜੋ ਅਸ਼ੀਰਵਾਦਾਂ ਮਿਲਦੀਆਂ ਯਾ ਸਾਧੂ ਲੋਕ ਮਹਿਮਾਂ ਕਰ ਜਾਂਦੇ ਉਹ ਬੀ ਸੁਰਤ ਨੂੰ ਕੁਛ ਆਸਰਾ ਦੇ ਜਾਂਦੇ।*

(ਕ: ਧ: ਚ:, ਅਧਿ: ੪੪ (ਬੀਬੀ ਸੁਘੜ ਬਾਈ)

## ਮੇਰੀ ਜਿੰਦੇ!

ਤੇਰਾ ਥਾਉਂ ਕਿਸੇ ਨਦੀ ਦੇ ਕਿਨਾਰੇ, ਤੇਰਾ ਥਾਉਂ ਕਿਸੇ ਜੰਗਲ ਬੇਲੇ,
ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉਡਣਾ, ਤੇ ਗਾਂਦਿਆਂ ਫਿਰਨ ਅਕੇਲੇ,
ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ, ਤੂੰ ਆਪੇ 'ਆਪੇ' ਨਾਲ ਖੇਲੇਂ,
ਤੂੰ ਕਿਵੇਂ ਰੌਲਿਆਂ ਵਿਚ ਆ ਖਲੋਤੀ, ਤੇਰੇ ਚਾਰ ਚੁਫੇਰੇ ਝਮੇਲੇ?

(ਮਟਕ ਹੁਲਾਰੇ)

---

* ਸਤਿਸੰਗ ਦੇ ਮਾਧਿਅਮ ਨਾਲ ਇਹ ਬੀਬੀ ਕਲਗੀਧਰ ਜੀ ਦੇ ਚਰਨਾਂ ਨੂੰ ਪ੍ਰਾਪਤ ਹੋਈ।


www.sikhbookclub.com

(ਦਾਰੂ)

## ਇਕੱਲ

ਸੁਣੀਓ ਦੇ ਕੰਨ ਦਾਤਾ! ਕੰਨਾਂ ਹਜ਼ਾਰ ਵਾਲੇ!
ਤੇਰੇ ਬਿਨਾਂ 'ਇਕੱਲ' ਨੇ ਘਬਰਾ ਲਿਆ ਹੈ ਮੈਨੂੰ,
ਭੰਨਾ ਹਾਂ ਦਰ ਤੇ ਆਯਾ, ਇਸ ਤੋਂ ਛੁਡਾ ਲੈ ਸ਼ਾਹਾ!
ਵਿਚ ਆਪਣੇ ਬਿਗਾਨੇ, ਵਿਚ ਭੀੜ ਕੇ ਭੜੱਕੇ,
ਵਿਚ ਜੰਗਲਾਂ ਕਿ ਬੇਲੇ, ਨਦੀਆਂ ਸਮੁੰਦ ਕੰਢੇ
ਇਹ ਛੱਡਦੀ ਨ ਖਹਿੜਾ, ਖਾਂਦੀ ਹੈ ਕਾਲਜੇ ਨੂੰ।
ਤੇਰੇ ਬਿਨਾ ਨ ਕੋਈ ਇਸ ਤੋਂ ਛੁਡਾ ਸਕੇ ਹੈ,
ਦੀਦਾਰ ਦੇ ਕੇ ਅਪਨਾ ਇਸ ਤੋਂ ਛੁਡਾ ਲੈ ਮੈਨੂੰ।
ਸਿਰ ਸੱਦਕਾ ਕਿਸੇ ਦਾ ਪਜਾਰੇ ਹਾਂ ਆਪਣੇ ਦਾ,

ਪਾ ਖ਼ੈਰ ਦਰ ਖਲੇ ਨੂੰ,
ਤੇਰਾ ਹੀ ਹੈ ਸਨਾ ਖਾਂ
ਤੇਰਾ ਹੀ ਹੈ ਸਨਾ ਖਾਂ।

(ਮੇਰੇ ਸਾਈਆਂ ਜੀਓ)

# 8. ਦ੍ਰਿਸ਼ਟੀ ਤੇ ਅਭਿਆਸ*

## 1. ਸਿਵਾਣ ਤੇ ਗਤੀ

ਇਕ ਉਜਾੜ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਲੇਟੇ ਹੋਏ ਹਨ ਤੇ ਮਰਦਾਨਾ ਪਾਸ ਬੈਠਾ ਹੋਇਆ ਕਹਿ ਰਿਹਾ ਹੈ:-

"ਪਾਤਸ਼ਾਹ! ਤੁਸੀਂ ਆਖਨੇ ਹੋ ਸਾਰੇ ਪਰਮੇਸ਼ੁਰ ਹੈ ਤੇ ਏਹ ਜੋ ਦਿੱਸਦਾ ਹੈ ਦਿੱਸਦੇ ਦੇ ਵਿਚ ਉਹੋ ਹੈ, ਇਹ ਦਿੱਸਦਾ ਉਸਦਾ ਪੁਸ਼ਾਕਾ ਮਾਤ੍ਰ ਹੈ, ਮੈਨੂੰ ਇ ਐਕੁਰ ਕਿਉਂ ਨਹੀਂ ਦੀਂਹਦਾ?"

ਗੁਰੂ ਜੀ— ਮਰਦਾਨਿਆਂ! ਹੱਛੂੰ ਤਰ੍ਹਾਂ ਵੇਖਿਆਂ ਕਰ। ਜਦ ਕੋਈ ਦੂਰ ਦੀ ਚੀਜ਼ ਵੇਖਣੀ ਹੁੰਦੀ ਹੈ ਤਾਂ ਚੰਗੀ ਤਰ੍ਹਾਂ ਨਜ਼ਰ ਬੰਨ੍ਹਕੇ ਵੇਖੀਦਾ ਹੈ, ਏਸੇ ਤਰ੍ਹਾਂ ਤੂੰ ਮਨ ਨੂੰ ਬੰਨ੍ਹਿਆ ਕਰ, ਜਦ ਠੀਕ ਟਿਕ ਜਾਏਗਾ ਤਾਂ ਮਿਹਰ ਨਾਲ ਪ੍ਰਤੀਤ ਹੋ ਜਾਵੇਗਾ।

ਮਰਦਾਨਾ— ਡਾਢੀਆਂ ਨਜ਼ਰਾਂ ਲਾ ਲਾ ਤੱਕਦਾ ਹਾਂ, ਕੀਰਤਨ ਕਰਦਾ ਹਾਂ ਤਾਂ ਭੀ ਕਈ ਵੇਰੀ ਅੰਦਰੋਂ ਜੁੜ ਜਾਂਦਾ ਹਾਂ, ਪਰ ਸੁਬਹਾਨ ਤੇਰੇ ਕਰਤਾਰ ਨੂੰ, ਕਰਤਾਰ ਦਾ ਝਲਕਾ ਨਹੀਂ ਵੱਜਦਾ। ਤੁਸੀਂ ਆਖਿਆ ਸੀ ਨਾਮ ਜਪਿਆ ਕਰ, ਮੈਂ ਜਪਦਾ ਹਾਂ ਹੁਣ ਤਾਂ ਟੁਰਦਾ ਫਿਰਦਾ ਖਿਆਲ ਰੱਖਦਾ ਹਾਂ, ਪਰ ਹੇ ਕਰਤਾਰ ਦੇ ਮਹਿਰਮ ਜੀ! ਮਿਹਰ ਵਰਤਾਓ ਦਿਓ ਨਾ ਦੀਦੇ।

ਸਤਿਗੁਰ ਜੀ— ਮਰਦਾਨਿਆਂ ਸਿਮਰਿਆ ਕਰ, ਟਿਕਿਆ ਕਰ। ਵੇਖਾਂ! ਸਿਆਣੇ ਹਦਵਾਣੇ ਦੀ ਬਾਹਰੋਂ ਸਬਜ਼ੀ ਵਿਚੋਂ ਅੰਦਰਲੀ ਲਾਲੀ ਤਕ ਲੈਂਦੇ

---

* ਇਹ ਲੇਖ ਗੁ: ਪੁ: ਪੁੰਨਮ ਸੰ: ਗੁ: ਨਾ: ਸਾ: ੪੫੧ (੧੯੨੦ ਈ:) ਨੂੰ ਖਾਲਸਾ ਸਮਾਚਾਰ ਵਿਖੇ ਪ੍ਰਕਾਸ਼ਿਆ "ਪਟਨਾ-ਸਾਲਸ ਰਾਇ" ਵਿਚੋਂ ਲਿਆ ਹੈ।


www.sikhbookclub.com

ਹਨ। ਤੂੰ ਹੋਸ਼ ਵਾਲਾ ਹੈਂ, ਨਜ਼ਰ ਨਾਲ ਸਾਰਾ ਸੰਸਾਰ ਵੇਂਹਦਾ ਹੈ, ਕਿਸੇ ਉਪਾਉ ਕਰ ਨਜ਼ਰ ਨੂੰ ਬੀ ਵੇਂਹਦਾ ਹੈਂ ਕਿ ਨਾਂ, ਕਿ ਤੇਰੇ ਪਾਸ ਸਾਂਈਂ ਕਰਤਾਰ ਦੀ ਬਖਸ਼ੀ ਨਜ਼ਰ ਹੈ। ਸਾਰਾ ਜਹਾਨ ਬੋਲਦਾ ਹੈ, ਵਾਜਾਂ ਕੱਢਦਾ ਹੈ, ਕਿਸੇ ਨਾ ਕਿਸੇ ਸੁਰ ਤੇ ਬੋਲਦਾ ਹੈ, ਕੋਈ ਖਰਜ ਤੇ ਗੱਲਾਂ ਕਰਦਾ ਹੈ, ਕੋਈ ਰਿਖਭ ਤੇ, ਕੋਈ ਪੰਚਮ ਤੇ; ਕੋਈ ਕੁਛ ਗਾਉਂਦੇ ਭੀ ਹਨ ਪਰ ਕਿਸੇ ਨੂੰ ਸਾਰ ਨਹੀਂ, ਤੈਨੂੰ ਕਿਵੇਂ ਸਾਰ ਹੈ ਕਿ ਆਹ ਅਵਾਜ਼ ਪੰਚਮ ਦੀ ਹੈ ਤੇ ਆਹ ਗੰਧਾਰ ਹੈ ਤੇ ਆਹ ਨਿਖਾਧ ਹੈ? ਕਿਵੇਂ ਤੂੰ ਆਖ ਦੇਂਦਾ ਹੈ ਕਿ ਆਹ ਰਾਮਕਲੀ ਹੈ? ਕਿਹੜੇ ਤਰਾਜ਼ੂ ਤੇ ਤੋਲਦਾ ਹੈਂ ਤੇ ਕਿਹੜੇ ਗਜ਼ ਨਾਲ ਮਿਣਤੀ ਕਰਦਾ ਹੈਂ? ਕਿਹੜੇ ਸ਼ੀਸ਼ੇ ਵਿਚ ਪਾਕੇ ਵੇਹਨਾ ਹੈਂ ਤੇ ਕਿਹੜੇ 'ਪਾਰਖੂ-ਤੱਤ' ਮੇਲਕੇ ਪਰਖਾਂ ਕਰਦਾ ਹੈਂ? ਤੇਰੇ ਅੰਦਰ ਤੇਰਾ ਆਪਾ ਕਿਸੇ ਜਾਚ ਨਾਲ ਆਪੇ ਦੱਸ ਦੇਂਦਾ ਹੈ ਕਿ ਆਹ ਤਾਂ ਕਾਨੜਾ ਹੈ ਤੇ ਆਹ ਕਲਿਆਨ ਹੈ, ਆਹ ਤਿੰਨ ਤਾਰ ਹੈ ਤੇ ਆਹ ਚਾਰ। ਕਿਵੇਂ ਪਰਖਦਾ ਹੁੰਦਾ ਹੈਂ ਦੱਸ ਤਾਂ ਸਹੀ?

ਮਰਦਾਨਾ— ਪਾਤਸ਼ਾਹ! ਇਹ ਤਾਂ ਕਈ ਸਮੇਂ ਗਾਉਂਦਿਆਂ, ਅੰਦਰੋਂ ਸੁਰਤ ਜੋੜ ਜੋੜ ਫ਼ਰਕ ਸਮਝਦਿਆਂ, ਸਜਾਣਦਿਆਂ ਕੋਈ ਆਪੇ ਸੋਝੀ ਹੋ ਆਈ।

ਸਤਿਗੁਰ— ਠੀਕ ਹੈ ਮਰਦਾਨਿਆਂ! ਆਪੇ ਸੋਝੀ ਹੋ ਆਉਂਦੀ ਹੈ। ਰਬਾਬ ਉਤੇ ਤਾਂ ਤਾਰਾਂ ਹਨ, ਫੇਰ ਹਰ ਸੁਰ ਲਈ ਸੇਧ ਸਿਧੀ ਹੋਈ ਹੈ ਕਿ ਇਥੋਂ ਟੁਨਕਾਰਿਆਂ ਖਰਜ ਉਠਦੀ ਹੈ ਤੇ ਏਥੋਂ ਪੰਚਮ, ਉਧਰ ਤੇਰੇ ਸੰਘ ਵਿਚੋਂ ਭੀ ਸਾਰੀਆਂ ਸੁਰਾਂ ਨਿਕਲਦੀਆਂ ਹਨ, ਦੱਸ ਤਾਂ ਸਹੀ ਉਥੇ ਕਿਹੜੀ ਕਿਹੜੀ ਥਾਂ ਸੁਰ, ਰਿਖਭ, ਗੰਧਾਰ ਲਈ ਲੱਭੀ ਹੋਈ? ਤੇ ਕਿਹੜੀਆਂ ਉਂਗਲਾਂ ਨਾਲ ਸਰੀਰ ਦੇ ਕਿਸੇ ਟੁੰਕਾਰ ਦੇਣ ਵਾਲੇ ਵਸੀਲੇ ਨਾਲ ਟਿਕਾਣੇ ਸਿਆਣ ਸਿਆਣ ਕੇ ਪਰਦਿਆਂ ਨੂੰ ਥਰ੍ਹਾਟ ਵਿਚ ਲਿਆਉਂਦਾ ਹੈਂ? ਸੋਚਕੇ ਦੱਸੀਂ ਕਿ ਓਸੇ ਸੰਘ ਵਿਚੋਂ ਓਸੇ ਹਵਾ ਨਾਲ ਤੂੰ ਕੀਕੂੰ ਸਾਰੀਆਂ ਸੁਰਾਂ ਤੇ ਹਜ਼ਾਰਾਂ ਤਾਨਾਂ ਅੱਡੋ ਅੱਡੀ ਕੱਢ ਲੈਂਦਾ ਹੈਂ, ਤੈਨੂੰ ਬਈ ਕੀਕੂੰ ਅੰਦਰੋਂ ਹਰ ਟਿਕਾਣੇ ਦੀ ਸੋਝੀ ਸਿਆਣ ਆ ਗਈ ਹੈ?

ਮਰਦਾਨਾ— ਪਾਤਸ਼ਾਹ! ਗੱਲ ਤਾਂ ਡਾਢੀ ਆਖੀ ਨੇ। ਗਲੇ ਦੀਆਂ ਨਾਲੀਆਂ ਦੀ ਕੋਈ ਸੁਰਤ ਸੋਝੀ ਨਹੀਂ, ਕਦੇ ਓਹ ਟਿਕਾਣੇ ਦੇਖੇ ਭੀ ਨਹੀਂ

 www.sikhbookclub.com

ਕਿ ਜਿਨ੍ਹਾਂ ਤੋਂ ਸੱਤੇ ਸੁਰਾਂ ਤੇ ਤਾਨਾਂ ਪਈਆਂ ਕੱਢੀਦੀਆਂ ਹਨ, ਫੇਰ ਅਸਚਰਜ ਹੈ ਕਿ ਜੋ ਮਨ ਵਿਚ ਚਾਹੋ ਓਹੋ ਰਾਗ ਨਿਕਲਦਾ ਹੈ, ਓਹੋ ਤਾਨ ਉਠਦੀ ਹੈ, ਓਹੋ ਸੁਰ ਬੋਲਦੀ ਹੈ, ਸਮਝ ਨਹੀਂ ਪੈਂਦੀ ਕੀਕੂੰ?

ਸਤਿਗੁਰ ਜੀ— ਫੇਰ ਹੈ ਨਾ ਕੋਈ ਅੰਦਰ ਜਾਚ, ਕੋਈ ਸਿਆਣ, ਕੋਈ ਸੋਝੀ, ਜਿਸ ਨਾਲ ਤੂੰ ਰਾਗ ਦੀਆਂ ਸਾਰੀਆਂ ਗੱਲਾਂ ਦਾ ਪਾਰਖੂ ਹੈਂ? ਤੇ ਆਪ ਹੁਨਰੀਆ ਹੈਂ ਕਿ ਜੋ ਚਾਹੇਂ ਅੰਦਰੋਂ ਰਾਗ ਕੱਢਦਾ ਹੈਂ ਤੇ ਉਂਵ ਨਾ ਤੇਰੇ ਸਾਹਮਣੇ ਪੱਟੀ ਹੈ ਨਾ ਬੁਤਕਾ, ਨਾ ਕਾਗਤ ਹੈ ਨਾ ਦੁਆਤ, ਨਾ ਹਕੀਮ ਦੀ ਹੱਟੀ ਹੈ ਨਾ ਪਾਰਖੂ ਦਾ ਤਖਤਾ ਹੈ, ਨਾ ਮਿਣਤੀ ਦਾ ਨਿਸ਼ਾਨ ਹੈ ਨਾ ਗਿਣਤੀ ਦਾ ਅੰਕ, ਆਪੇ ਨੂੰ ਆਪੇ ਵਿਚ ਕਾਈ ਸੋਝੀ ਹੈ, ਕੋਈ ਸਿਆਣ ਹੈ, ਕੋਈ ਜਾਚ ਹੈ ਕਿ ਆਪ ਆਪੇ ਸੁਰਾਂ ਦੇ ਸਾਰੇ ਪ੍ਰਕਾਰਾਂ ਵਿਚ ਗ਼ਮਕਾਂ ਮਾਰਦਾ ਹੈ ਤੇ ਰੰਗ ਰਲੀਆਂ ਖੇਡਦਾ ਹੈਂ, ਮਸਤ ਕਰ ਦੇਂਦਾ ਹੈਂ ਮਸਤ ਹੋ ਹੋ ਜਾਂਦਾ ਹੈਂ; ਮਨ ਨੂੰ ਸੰਸਾਰ ਤੋਂ ਚੁੱਕ ਕੇ ਮਗਨਤਾਈ ਵਿਚ ਚਾੜ੍ਹ ਦੇਂਦਾ ਤੇ ਬਿਸਮਾਦੀ ਜਿਹਾ ਕਰ ਦੇਂਦਾ ਹੈਂ। ਦੱਸ ਇਸ ਤਰ੍ਹਾਂ ਦੀ ਕੋਈ ਸੋਝੀ ਹੈ ਨਾ ਜਿਸ ਨੂੰ ਤੂੰ ਲਖਦਾ ਤਾਂ ਹੈਂ, ਪਰ ਦੱਸ ਨਹੀਂ ਸਕਦਾ।

ਮਰਦਾਨਾ— ਠੀਕ ਹੈ ਜੀ।

ਸਤਿਗੁਰ— ਤਿਵੇਂ ਭਈ ਜਪਦਿਆਂ ਜਪਦਿਆਂ ਸਿਮਰਦਿਆਂ ਸਿਮਰਦਿਆਂ, ਜੁੜਦਿਆਂ ਜੁੜਦਿਆਂ ਆਪੇ ਨੂੰ ਆਪੇ ਵਿਚੋਂ ਅੰਦਰੋਂ ਮਿਹਰ ਨਾਲ ਇਕ ਸੋਝੀ ਹੋ ਆਉਂਦੀ ਹੈ, ਉਸ ਸੋਝੀ ਨਾਲ 'ਦਿੱਸਦਾ ਤੇ ਵੱਸਦਾ' ਜੋ ਕੁਛ ਦਿੱਸ ਆਉਂਦਾ ਹੈ ਏਹ ਪੁਸ਼ਾਕਾ ਦੀਹਦਾ ਹੈ ਤੇ ਪੁਸ਼ਾਕੇ ਦੇ ਵਿਚ ਕਰਤਾਰ ਮਾਲਕ ਤੇ ਪਾਲਕ ਆਪਣੇ ਜਲਾਲ ਤੇ ਜੋਬਨਾਂ ਵਿਚ ਦਮਕਾਂ ਮਾਰਦਾ ਅਡੋਲ ਬੀ, ਚੋਜ ਕਰਦਾ ਬੀ ਦਿੱਸ ਪੈਂਦਾ ਆਖੀਏ ਕਿ ਕੁਛ ਹੋਰ? ਸੋਝੀ ਹੋ ਆਉਂਦੀ ਹੈ, ਇਕ ਸਿਆਣ ਜਾਗ ਪੈਂਦੀ ਹੈ, ਰੱਬ ਹੀ ਰੱਬ ਦਾ ਜਲਵਾ ਝਲਕੇ ਮਾਰਦਾ ਪ੍ਰਤੀਤ ਦੇਂਦਾ ਹੈ:-

**ਸੋਰਠਿ ਮਹਲਾ ੧॥**
**ਅਲਖ ਅਪਾਰ ਅਗੀਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥**
**ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥੧॥**
**ਸਾਚੇ ਸਚਿਆਰ ਵਿਟਹੁ ਕੁਰਬਾਣੁ॥**

 www.sikhbookclub.com

ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥ਰਹਾਉ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ॥
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ॥੨॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ॥੩॥
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ॥
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ॥੪॥
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥੫॥੬॥

(ਪਨਾ ੫੯੭)

## 2. ਦ੍ਰਿਸ਼ਟੀ

ਇਕ ਰੌਣਕੀ ਨੱਗਰ ਦੇ ਸੁਹਣੇ ਮਹੱਲ ਦੇ ਅੰਦਰ ਇਕ ਸ਼ਾਹ ਤੇ ਨੌਕਰ ਗੱਲਾਂ ਕਰ ਰਹੇ ਹਨ।

ਅਧਰਕਾ— ਮੇਰੇ ਮਾਲਕ ਜੀ! ਆਪ ਦੀ ਸੇਵਾ ਵਿਚ ਉਮਰਾ ਦਾ ਇਕ ਹਿੱਸਾ ਲੰਘ ਗਿਆ ਹੈ, ਹੀਰੇ, ਲਾਲ; ਪੰਨੇ, ਫੀਰੋਜ਼ੇ, ਨੀਲਮ, ਪੁਖਰਾਜ, ਲਸਨੀਏ; ਗੋਮੇਧ; ਗੁੱਲੀਆਂ ਨਵੇਂ ਰਤਨ ਤੇ ਚੁਰਾਸੀ ਸੰਗ ਆਪ ਦੇ ਪਾਸ ਹਨ, ਰੋਜ਼ ਆਪ ਖੋਲ੍ਹਦੇ; ਵੇਚਦੇ, ਖਰੀਦਦੇ ਹੋ ਤੇ ਡੱਬੇ ਗੀਢਾਂ ਮੈਂ ਬੰਨ੍ਹਦਾਂ ਸਾਂਭਦਾ ਹਾਂ, ਮੈਨੂੰ ਸੋਝੀ ਕੋਈ ਨਹੀਂ ਆਂਵਦੀ ਕਿ ਖਰੇ ਖੋਟੇ ਪਰਖ ਲਿਆ ਕਰਾਂ। ਨਾ ਰੰਗ, ਨਾ ਨੀਰ; ਨਾ ਜ਼ਾਤ; ਨਾ ਵੰਨ ਮੇਰੀ ਸਮਝ ਵਿਚ ਪੈਂਦੀ ਹੈ, ਸੁਣਦਾ ਮੈਂ ਨਿੱਤ ਸਾਰਾ ਕੁਛ ਹਾਂ।

ਸਾਲਸਰਾਇ— ਅਧਰਕੇ! ਇਹ ਦ੍ਰਿਸ਼ਟੀ ਹੈ, ਕੋਈ ਲੇਖਾ ਨਹੀਂ ਕਿ ਕਿਸੇ ਪਹਾੜੇ ਪੜ੍ਹਾ ਕੇ ਜੋੜ, ਬਾਕੀ, ਗੁਣਾ, ਸਿਖਾ ਦੇਣਾ ਹੈ ਦੇਖਦਾ ਰਿਹਾ ਕਰ, ਦੇਖਦਾ ਰਿਹਾ ਕਰ, ਦੇਖਦਾ ਰਿਹਾ ਕਰ, ਕਦੇ ਕੋਈ ਛਿਨ ਆਵੇਗੀ ਕਿ ਤੇਰੀ ਨਜ਼ਰ ਟਿਕ ਜਾਵੇਗੀ, ਰਤਨ, ਸੰਗ ਤੇ ਕੱਚ, ਬਲੌਰ ਦੀ ਪਰਖ ਤੇਰੇ ਅੰਦਰੋਂ ਹੋ ਆਵੇਗੀ, ਫੇਰ ਤੂੰ ਪਰਖਿਆ ਕਰੇਂਗਾ ਤੇ ਮੁਸਕ੍ਰਾਇਆ ਕਰੇਂਗਾ।

ਅਧਰਕਾ— ਪਰ ਸੁਆਮੀ ਜੀ, ਜਿਵੇਂ ਹੋਰ ਵਿਦਿਆ ਉਸਤਾਦ ਪੜ੍ਹਾਉਂਦੇ ਹਨ; ਏਸ ਵਿਦਿਆ ਦਾ ਕੋਈ ਸੁਝਾਊ ਰਸਤਾ ਤੇ ਸੋਝੀ ਸਿੱਖਿਆ ਨਹੀਂ?

ਸਾਲਸ— ਸਭੋ ਕੁਛ ਹੈ ਤੇ ਤੈਨੂੰ ਪ੍ਰਾਪਤ ਹੈ, ਹੋਰਨਾਂ ਵਿਦਿਆਂ ਦੀ

 www.sikhbookclub.com

ਜੁਗਤ ਬਾਹਰੋਂ ਪਰਖ ਕਰਨ ਦੀ ਹੈ; ਸਿੱਟੇ ਸਿੱਧਾਂਤ ਕੱਢਣ ਦੀ ਹੈ। ਖਟਾਸ ਵਿਚ ਕੁਛ ਪਾਇਆ ਜੇ ਸੂੰ ਸੂੰ ਕਰ ਉਠੇ ਤਾਂ ਸਮਝ ਲੀਤਾ ਕਿ ਜੋ ਸ਼ੈ ਏਸ ਵਿਚ ਪਾਈ ਸੀ ਉਹ ਸ਼ੈ ਖਾਰ ਸੀ, ਇਹ ਇਕ ਤ੍ਰੀਕਾ ਹੈ। ਪਰ ਇਸ ਵਿਦਿਆ ਦਾ ਤ੍ਰੀਕਾ ਜੋ ਤੂੰ ਪੁੱਛ ਰਿਹਾ ਹੈਂ ਅੰਦਰੋਂ ਆਪੇ ਨਾਲ ਆਪੇ ਸਿਆਣ ਪਛਾਣ ਦਾ ਹੈ, ਇਹ ਹੋਰ ਤਰ੍ਹਾਂ ਦਾ ਹੈ। ਜਿਸ ਤਰ੍ਹਾਂ ਇਕ ਰਸੋਈਆ ਸੇਰ ਦਾਲ ਪਾਉਂਦਾ ਹੈ ਫੇਰ ਤੋਲਕੇ ਪਾਣੀ ਪਾਉਂਦਾ ਹੈ, ਫੇਰ ਹਿਸਾਬ ਨਾਲ ਤੋਲ ਕੇ ਲੂਣ ਪਾਉਂਦਾ ਹੈ; ਜਦੋ ਦਾਲ ਨੂੰ ਰਿੰਨ੍ਹ ਲੈਂਦਾ ਹੈ ਤਾਂ ਉਹ ਠੀਕ ਉਤਰਦੀ ਹੈ। ਦੂਸਰਾ ਤ੍ਰੀਕਾ ਇਹ ਹੈ ਕਿ ਇਕ ਤ੍ਰੀਮਤ ਪਾਣੀ ਧਰਦੀ ਹੈ, ਉਸ ਵਿਚ ਦਾਲ ਪਾਕੇ ਵੇਖਦੀ ਹੈ ਤੇ ਆਖਦੀ ਹੈ ਠੀਕ ਹੈ; ਫੇਰ ਲੂਣ ਤਲੀ ਤੇ ਲੈਕੇ ਇਕ ਨਜ਼ਰ ਦਾਲ ਵਿਚ ਤੇ ਇਕ ਪਾਣੀ ਵੰਨੇ ਪਾਉਂਦੀ ਹੈ ਤੇ ਆਖਦੀ ਹੈ; ਠੀਕ ਹੈ, ਲੂਣ ਝੱਟ ਵਿਚ ਪਾ ਦੇਂਦੀ ਹੈ, ਜਦੋਂ ਦਾਲ ਰਿੱਝ ਜਾਂਦੀ ਹੈ ਤਾਂ ਦੇਖੋ ਲੂਣ ਪਾਣੀ ਪੂਰਾ ਉਤਰਦਾ ਹੈ। ਦੱਸ ਅਧਰਕੇ! ਇਸਨੇ ਕਿੱਕੂੰ ਸਿਆਣ ਲਿਆ ਸੀ ਕਿ ਲੂਣ ਪੂਰਾ ਹੋਵੇਗਾ? ਇਹ ਤ੍ਰੀਕਾ ਹੈ 'ਦ੍ਰਿਸ਼ਟੀ' ਦਾ, ਉਹ ਪਹਿਲਾ ਤ੍ਰੀਕਾ ਹੈ 'ਦ੍ਰਿਸ਼ਟਮਾਨੀ' ਪਰਖ ਦਾ। ਇਕ ਤ੍ਰੀਕਾ ਹੋਰ ਸੁਣੀਦਾ ਹੈ 'ਦ੍ਰਿਸ਼ਟਾ' ਦਾ, ਉਹ ਡਿੱਠਾ ਨਹੀਂ, ਸੁਣਿਆ ਹੈ। ਜ੍ਹਾਂਹਰਾਤ ਦੇ ਤੋਲ ਤੇ ਕੰਮ ਵਿਚ ਜੋ ਰਤੀ, ਚੌਲ ਆਦਿ ਦਾ ਤ੍ਰੀਕਾ ਹੈ ਇਹ ਹੈ ਦ੍ਰਿਸ਼ਟਮਾਨੀ ਪਰਖ ਦਾ, ਪਰ ਜਵਾਹਰਾਤ ਦੀ ਜ਼ਾਤ ਪਾਣੀ ਆਦਿ ਦੀ ਪਰਖ 'ਦ੍ਰਿਸ਼ਟੀ' ਦਾ ਤ੍ਰੀਕਾ ਹੈ, ਬੱਚਾ ਵੇਖਿਆ ਕਰ, ਮੈਂ ਜਿਵੇਂ ਅੱਖਾਂ ਅੱਗੇ ਰੱਖਕੇ ਵੇਖਦਾ ਹਾਂ, ਤਿਵੇਂ ਤੂੰ ਵੀ ਕਰਿਆ ਕਰ, ਤੇਰੀ ਨਜ਼ਰ ਵੀ ਪਾਰਖੂ ਹੋ ਜਾਏਗੀ।

ਅਧਰਕਾ (ਠੰਢਾ ਸਾਹ ਭਰਕੇ; ਡੂੰਘਾ ਅੰਦਰੋਂ ਗ਼ਮ ਹੋਕੇ)— ਹੱਛਾ ਸ਼ਾਹ ਜੀ! ਅੱਜ ਕੁਝ ਜੀ ਜੁੜਿਆ ਹੈ, ਤੁਸਾਡੀ ਮਿਹਰ ਨਾਲ ਦੀਦੇ ਖੁੱਲ੍ਹ ਆਸਣ।

ਸਾਲਸ— ਦੇਖਿਆ ਕਰ, ਦੇਖਿਆ ਕਰ, ਦੇਖਿਆ ਕਰ।.......

ਮਰਦਾਨੇ ਨੇ ਇਕ ਪੋਟਲੀ ਖੋਹਲਕੇ ਪੰਜ ਛੇ ਮਾਸੇ ਦੀ ਚਮਕਦੀ ਚਮਕਦੀ ਲਾਲੋ ਲਾਲ ਗੀਟੀ ਜੇਹੀ ਅੱਗੇ ਧਰ ਦਿੱਤੀ।

ਸਾਲਸਰਾਇ (ਹੱਛੂੰ ਤਰ੍ਹਾਂ ਪਰਤ ਪਰਤਕੇ ਦੇਖ ਕੇ)— ਸ਼ੁਕਰ ਹੈ, ਧੰਨ! ਉਸਤਾਦਾਂ ਦੇ ਵਾਰੇ ਵਾਰੇ ਜਾਈਏ। ਅਧਰਕੇ! ਬੱਚਾ, ਸੌ ਰੁਪੱਯਾ ਲੈ ਆਉ।

ਅਧਰਕਾ ਸੌ ਰੁਪੱਯਾ ਲੈ ਆਇਆ।

ਸਾਲਸ (ਮਰਦਾਨੇ ਦੇ ਅੱਗੇ ਧਰਕੇ)— ਲਓ ਮਹਾਰਾਜ ਜੀ, ਤੇ ਇਹ ਲਓ ਅਪਣਾ ਲਾਲ, ਸੰਭਾਲ ਕੇ ਪੋਟਲੀ ਵਿਚ ਬੰਨ੍ਹ ਲੈਣਾ।

ਮਰਦਾਨਾ— ਤੇ ਸੌ ਰੁਪੱਯਾ ਕਿਸ ਗੱਲ ਦਾ ਹੈ?

ਸਾਲਸ (ਚੰਗੀ ਤਰ੍ਹਾਂ ਮਰਦਾਨੇ ਵਲ ਤੱਕਕੇ)— ਇਹ ਸੌ ਰੁਪੱਯਾ ਇਸ ਦੀ ਦਰਸ਼ਨ-ਭੇਟਾ ਹੈ। ਮਲੂਮ ਹੁੰਦਾ ਹੈ, ਇਹ ਸ਼ੈ ਕਿਸੇ ਜੌਹਰੀ ਦੀ ਹੈ ਤੇ ਤੁਹਾਨੂੰ ਉਸਨੇ ਦੇਕੇ ਸ਼ਹਿਰ ਦੇ ਜੌਹਰੀਆਂ ਦੀ ਪਰਖ ਵਾਸਤੇ ਘੱਲਿਆ ਹੈ, ਨਹੀਂ ਤਾਂ ਇਹ ਲਾਲ ਕੌਣ ਵੇਚਦਾ ਹੈ? ਉਹ ਸੁਭਾਗ ਹੈ ਜਿਸ ਨੇ ਰੰਗ ਦਾ ਇੰਨਾਂ ਚੁਹਚੁਹਾ ਤੇ ਨੀਰ ਦਾ ਐਨਾ ਸਾਫ਼ ਤੇ ਵਡਾ ਲਾਲ ਜ਼ਿੰਦਗੀ ਵਿਚ ਵੇਖ ਲਿਆ ਹੋਵੇ। ਉਸਤਾਦ ਸਾਡੇ ਇਕ ਗਲ ਕਹਿੰਦੇ ਹੁੰਦੇ ਸਨ ਇਸ ਪ੍ਰਕਾਰ ਦੇ ਲਾਲ ਦੀ। ਸੋ ਅਸਾਂ ਅੱਜ ਅੱਖੀਂ ਤੱਕਿਆ ਹੈ। ਉਹ ਆਖਦੇ ਹੁੰਦੇ ਸਨ ਕਿ ਇਸ ਪਾਏ ਦਾ ਰਤਨ ਜਦ ਦੇਖੋ ਤਾਂ ਪਹਿਲਾਂ ਦਰਸ਼ਨ ਭੇਟਾ ਕਰੋ। ਮੁੱਲੋਂ ਇਹ ਲਾਲ ਇੰਨੇ ਮੁੱਲ ਵਾਲਾ ਹੈ ਕਿ ਅਮੁੱਲ ਹੈ। ਸੋ ਅਸਾਂ ਓਹਨਾਂ ਉਸਤਾਦਾਂ ਦੀ ਮੱਤ ਕਮਾਈ ਹੈ, ਆਪ ਇਹ ਦਰਸ਼ਨ ਭੇਟਾ ਲੈ ਜਾਓ।

ਅਧਰਕਾ— ਸ਼ਾਹ ਜੀ! ਜ਼ਰਾ ਮੈਨੂੰ ਬੀ ਦਿਖਾਉਣਾ ਇਹ ਲਾਲ।

ਸਾਲਸ (ਚਾ ਕੇ)— ਲਓ ਬੱਚਾ ਵੇਖੋ।

ਅਧਰਕਾ (ਵੇਖ ਵੇਖ ਕੇ)— ਸ਼ਾਹ ਜੀ! ਅੱਜ ਤਾਂ ਮੈਂ ਬੀ ਕੁਛ ਅੱਖ ਵਾਲਾ ਹੋ ਗਿਆ ਹਾਂ। ਸੱਚ ਮੁੱਚ ਇਹ ਬੜੀ ਸੁੱਚੀ ਬੇਰਗ ਡਾਢੀ ਸੁਥਰੀ ਸ਼ੈ ਹੈ। ਮੈਂ ਕਦੇ ਇਹ ਡਲ੍ਹਕ, ਇਹ ਪਾਣੀ ਦੀ ਝਾਲ ਨਹੀਂ ਸੀ ਤੱਕੀ।.....

ਸਾਲਸ— ਤੁਸੀਂ ਸੌ ਰੁਪੱਯਾ ਤੇ ਲਾਲ ਆਪਣੇ ਸ਼ਾਹ ਪਾਸ ਲੈ ਜਾਓ, ਜੇ ਉਹਨਾਂ ਵੇਚਣਾ ਹੀ ਹੋਇਆ ਤਾਂ ਫੇਰ ਆ ਜਾਣ, ਮੁੱਲ ਕਰ ਲਵਾਂਗੇ। ਪਰ ਇਸ ਸ਼ੈ ਦਾ ਮੁੱਲ ਅਮੁੱਲ ਹੈ।.....

ਸਤਿਗੁਰ— ਮਰਦਾਨਿਆਂ! ਅਮੋਲਕ ਚੀਜ਼ਾਂ ਦਾ ਇਹੋ ਹਾਲ ਹੈ। ਦ੍ਰਿਸ਼ਟੀ ਵਾਲੀ ਥਾਂ 'ਅਮੋਲਕ' ਹਨ ਤੇ ਨਾ ਦ੍ਰਿਸ਼ਟੀ ਵਾਲੀ ਥਾਂ 'ਮੁੱਲ ਰਹਿਤ' ਹਨ।

ਉੱਚੀ ਦ੍ਰਿਸ਼ਟੀ ਮੂਲ ਹੈ, ਜਿਸ ਨੂੰ ਸੋਝੀ ਸਿਆਣ ਨਹੀਂ ਸੀ, ਓਸ ਮੂਲੀ ਮੁੱਲ ਪਾਇਆ, ਜਿਸ ਦੇ ਨੈਣ ਸਨ ਉਸ ਅਮੋਲਕ ਦੱਸਿਆ। ਇਹ ਸੌ ਰੁਪੱਯਾ ਉਸ ਦੀ ਅੰਦਰਲੀ ਦ੍ਰਿਸ਼ਟੀ ਦੀ ਕਦਰ ਹੈ, ਪਰ ਸਾਡਾ ਹੱਕ ਕਾਈ ਨਹੀਂ ਕਿ ਬਿਨਾਂ ਕੋਈ ਮਾਲ ਦਿੱਤੇ ਮੁੱਲ ਲਵੀਏ, ਜਾਹੁ ਇਹ ਮੋੜ ਆ।

 www.sikhbookclub.com

ਮਰਦਾਨਾ ਥੱਕਾ ਟੁੱਟਾ ਸੀ, ਪਰ ਜਾਣਦਾ ਸੀ ਕਿ ਸੌ ਰੁਪੱਯਾ ਅਨਹੱਕਾ ਹੈ ਤੇ ਗੁਰੂ ਜੀ ਨੇ ਲੈਣਾ ਨਹੀਂ, ਸੋ ਚਾਹੇ ਅਨਚਾਹੇ ਦੇਣ ਮੁੜ ਗਿਆ।

......... ......... ......... ......... .........

ਮਰਦਾਨਾ ਹੁਣ ਜੌਹਰੀ ਦੇ ਘਰ ਰੁਪੱਯੇ ਸੱਟਕੇ ਆ ਗਿਆ ਤੇ ਜੌਹਰੀ ਇਹ ਪਰਮ ਤਯਾਗ ਦੇਖਕੇ ਮਗਰੇ ਮਗਰ ਆਇਆ। ਸਤਿਗੁਰ ਜੀ ਦੇ ਦਰਸ਼ਨ ਕਰਕੇ ਅਸਚਰਜ ਹੋ ਗਿਆ, ਚਰਨ ਬੰਦਨਾਂ ਕੀਤੀ। ਸਤਿਗੁਰ ਜੀ ਨੇ ਆਦਰ ਦਿਤਾ। ਬੈਠ ਗਿਆ ਤੇ ਬੋਲਿਆ:-

ਲਾਲ ਆਪ ਦਾ ਵੇਖਕੇ ਚਿਤ ਬਹੁਤ ਪ੍ਰਸੰਨ ਹੋਇਆ ਹੈ ਤੇ ਹੁਣ ਆਪ ਦੇ ਦਰਸ਼ਨ ਕਰਕੇ ਹੋਰ ਬੀ ਅਨੰਦ ਹੋਇਆ ਹੈ; ਆਸਚਰਜ ਹੋ ਰਿਹਾ ਹਾਂ। ਆਪ ਦਾ ਦੇਸ਼, ਨਾਮ?

ਸਤਿਗੁਰ— ਦੇਸ਼-ਨਿਰੰਕਾਰ।

ਨਾਮ— ਨਿਰੰਕਾਰੀ।

ਸਾਲਸ (ਗਹੁ ਨਾਲ ਤੱਕ ਕੇ ਤੇ ਖਿੱਚ ਖਾਕੇ)— ਕੁਛ ਸਾਨੂੰ ਬੀ ਨਿਰੰਕਾਰ ਦੀ ਸੋਝੀ ਪਾਓ?

ਸਤਿਗੁਰ— "**ਜਹ ਦੇਖਾ ਤਹ ਦੀਨ ਦਇਆਲਾ॥ ਆਇ ਨ ਜਾਈ ਪ੍ਰਭੁ ਕਿਰਪਾਲਾ॥ ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥੧॥**" (ਮਾਰੂ: ਸੋ: ਮ: ੧-੧੮-੧੦੩੮)

ਸਾਲਸ— ਜੋ ਆਪ ਨੂੰ ਜਿੱਧਰ ਦੇਖੋ ਦਿੱਸਦਾ ਹੈ, ਅਸਾਂ ਨੂੰ ਨਹੀਂ ਦਿੱਸਦਾ।

ਸਤਿਗੁਰ— ਨਿਰਮਲ ਪਾਣੀ ਵਿਚ ਜਾਲਾ ਤੇ ਕੌਲ ਫੁਲ, ਜਿਸਦੇ ਅੰਦਰ ਨਿਰਮਲ ਮਕਰੰਦ ਰਸ ਹੈ, ਦੋਵੇਂ ਹੀ ਵੱਸਦੇ ਹਨ[1]। ਇਕੋ ਜਲ ਦੀ ਹੀ ਦੁਹਾਂ ਨੂੰ ਸੰਗਤ ਹੈ ਪਰ ਕੌਲ ਫੁਲ ਨੂੰ ਜਾਲੇ ਦਾ 'ਸੰਗ-ਦੋਖ' ਨਹੀਂ ਲਗਦਾ[2]। ਡੱਡੂ ਬੀ ਓਸੇ ਪਾਣੀ ਵਿਚ ਵੱਸਦਾ ਹੈ, ਪਰ ਓਹ ਕੰਵਲ ਫੁਲ ਨੂੰ ਨਹੀਂ ਸਿਆਣਦਾ, ਅੰਮ੍ਰਿਤ (ਰੂਪੀ ਮਕਰੰਦ ਰਸ) ਨੂੰ ਨਹੀਂ ਲਖਦਾ[3]।

---

1. ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥ (ਮਾਰੂ: ਮ: ੧)
2. ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥ (ਮਾਰੂ: ਮ: ੧)
3. ਦਾਦਰ ਤੂੰ ਕਬਹਿ ਨ ਜਾਨਸਿ ਰੇ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤ ਨ ਲਖਸਿ ਰੇ॥੧॥ਰਹਾਉ॥ (ਮਾਰੂ: ਮ: ੧-੯੯੦)

 www.sikhbookclub.com

ਡਡੂ ਜਲ ਦੇ ਵਿਚ (ਕੌਲਾਂ ਦੇ ਨਾਲ) ਨਿਤ ਵਸਦਾ (ਹੋਯਾ ਨਹੀਂ ਸੋਝੀ ਪਾਉਂਦਾ ਤੇ ਭੌਰੇ ਭੌਰੀਆਂ) (ਜਲ ਵਿਚ) ਨਹੀਂ ਵਸਦੇ, (ਪਰ) ਉਪਰੋਂ (ਆਕੇ) ਉਸਦੇ ਗੁਣਾਂ ਨੂੰ ਚੁੰਘ (ਪ੍ਰਾਪਤ ਕਰ) ਲੈਂਦੇ ਹਨ[1]।

ਸਾਲਸ ਰਾਇ— ਹੇ ਮਹਾਂ ਪੁਰਖ ਜੀ! ਇਸ ਵਿਚ ਕਾਰਨ ਕੀ ਹੈ?

ਸਤਿਗੁਰ— ਅਨੁਭਉ ਦੀ ਕਮੀ, ਜਿਸ ਤਰ੍ਹਾਂ ਚੰਦ੍ਰਮਾਂ ਨੂੰ ਕੁਮੁਦਨੀਆਂ ਦੂਰੋਂ ਹੀ ਦਰਸ਼ਨ ਕਰਕੇ ਖਿੜ ਜਾਂਦੀਆਂ ਹਨ, ਕਾਰਨ ਅਨੁਭਵ ਹੈ[2]।

ਸਾਲਸ— ਸਾਂਈਂ ਦੇ ਸਾਂਈਂ ਲੋਕ ਜੀ! ਅਨੁਭਵ ਖੋਲ੍ਹੀਏ?

ਸਤਿਗੁਰ— ਜਿਸ ਤਰ੍ਹਾਂ ਭਾਏ ਤੇਰੀ ਦ੍ਰਿਸ਼ਟੀ ਨੂੰ ਹੀਰੇ ਜਵਾਹਰ ਪਰਖਣ ਵਿਚ ਅਨੁਭਉ ਹੋ ਆਯਾ ਹੈ, ਸਾਡੇ ਸਜਣ ਮਰਦਾਨੇ ਨੂੰ ਰਾਗ ਦੀਆਂ ਲਹਿਰਾਂ ਵਿਚ ਅਨਭਉ ਹੋ ਆਇਆ ਹੈ। ਜਿਸ ਤਰ੍ਹਾਂ ਕਵਿ ਨੂੰ ਕਿਸੇ ਉੱਚੇ ਰਸ ਵਿਚ ਅਨਭਉ ਹੋ ਆਉਂਦਾ ਹੈ, ਨਿਰੰਕਾਰੀਆਂ ਦੇ ਅੰਦਰਲੇ ਨੂੰ ਇਕ ਓਸੇ ਤਰ੍ਹਾਂ ਦਾ, ਪਰ ਇਕ ਹੋਰ ਅਗੰਮ ਤਰ੍ਹਾਂ ਦਾ, ਨਿਰੰਕਾਰ ਵਿਚ ਅਨੁਭਉ ਦਾਨ ਮਿਲਦਾ ਹੈ।............

ਸਾਲਸ ਰਾਇ— ਹੇ ਨਿਰੰਕਾਰ ਦੇ ਪਿਆਰੇ ਜੀ! ਅਸਾਂ ਨੂੰ ਭੀ ਉਹ ਦ੍ਰਿਸ਼ਟੀ ਦਾਨ ਕਰੋ ਜੋ ਨਿਰੰਕਾਰ ਦਿੱਸ ਆਵੇ।

ਸਤਿਗੁਰ— ਤੇਰੇ ਨੌਕਰ ਨੂੰ ਤਾਂ ਉਹ ਦ੍ਰਿਸ਼ਟੀ ਹੋ ਆਈ ਹੈ। ਗਹੁ ਕਰ ਦੇਖਿਆ ਸੂ ਤੇ ਆਪਾ ਬੰਨ੍ਹਕੇ ਦੇਖਿਆ ਸੂ ਤੇ ਆਪਾ ਵਿਚ ਗੁੰਮ ਕੀਤਾ ਸੂ ਤੇ ਮਿਹਰ ਦਾ ਸਦਕਾ ਦਿਸ ਆਇਆ ਸੂ।

ਇਹ ਸੁਣਕੇ ਜੌਹਰੀ ਨੇ ਦਾਸ ਵੱਲ ਤੱਕਿਆ ਤੇ ਉਸਦੇ ਚਰਨੀਂ ਢੈ ਪਿਆ। ਸਤਿਗੁਰ ਜੀ ਉਸ ਦੀ ਇਸ ਦ੍ਰਵਣਤਾ ਨਿਰਮਾਣਤਾ ਪਰ ਰੀਝਕੇ ਉੱਠੇ, ਆਪਣੇ ਸਿਰ ਪਰ, ਜੋ ਡੇਢ ਗਜ ਸਾਫ਼ਾ ਸੀ ਲਾਹਕੇ ਸਾਲਸ ਦੇ ਸਿਰ ਬੰਨ੍ਹ ਦਿਤਾ ਤੇ ਕਰੁਣਾ ਦ੍ਰਿਸ਼ਟੀ ਪਾਕੇ ਉੱਚ ਦ੍ਰਿਸ਼ਟੀ ਦਾਨ ਕਰ ਦਿੱਤੀ।......

ਇਸ ਤਰ੍ਹਾਂ ਦੋਵੇਂ ਨਿਹਾਲ ਹੋ ਗਏ, ਤਦ ਸਤਿਗੁਰ ਨੇ ਵਾਕ ਉਚਾਰਿਆ:-ਭਾਈ! ਜਿਵੇਂ ਜੌਹਰੀ ਦੀ, ਰਾਗੀ ਤੇ ਕਵੀ ਦੀ ਦ੍ਰਿਸ਼ਟਿ ਇਸ

---

1. ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥ (ਮਾਰੂ: ਮ: ੧)
2. ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥੨॥
(ਰਾਗ ਮਾਰੂ: ਮ: ੧-੪-੯੯੦)

 www.sikhbookclub.com

ਦ੍ਰਿਸ਼ਟਿ ਹਿਸਾਬ ਤੋਂ ਉੱਚੀ ਹੈ, ਪਰ ਤਦ ਭੀ ਬੇ-ਮਲੂਮੇ ਹਿਸਾਬ ਦੀ ਹੈ। ਇਕ ਹੋਰ ਦ੍ਰਿਸ਼ਟੀ ਹੈ, ਜਿਹੜੀ ਦ੍ਰਿਸ਼ਟੀ ਸਭ ਦ੍ਰਿਸ਼ਟੀਆਂ ਤੋਂ ਪਰੇ ਦੀ ਹੈ, ਇਹ ਤੁਹਾਨੂੰ ਹੁਣ ਫੁਰੀ ਹੈ, ਇਹ ਪੂਰਨ ਅਨਭਉ ਹੈ, ਜਦੋਂ ਦਿੱਸਦੇ ਵੱਸਦੇ ਜਗਤ ਤੋਂ ਧਿਆਨ ਉੱਠਕੇ ਵਿਸਮਾਦ ਦੇ ਘਰ ਚੜ੍ਹਦਾ ਹੈ, ਆਪਾ ਆਪੇ ਵਿਚ ਆਉਂਦਾ, ਲੀਨ ਹੁੰਦਾ ਤੇ ਆਪੇ ਵਿਚ ਜਾਗਦਾ ਹੈ, ਝਲਕਾ ਅਨੰਤ ਅਪਾਰ ਦਾ ਵਜਦਾ ਹੈ, ਤਦੋਂ ਹੱਦਾਂ ਬੰਨੇ ਹੇਠ ਰਹਿ ਜਾਂਦੇ ਹਨ। ਇਹ ਝਲਕਾ ਮਨ ਪਰ ਇਕ ਅਸਰ ਛੱਡ ਜਾਂਦਾ ਹੈ, ਜਿਸ ਨਾਲ ਟੁਰਦੇ, ਫਿਰਦੇ, ਵਸਦੇ ਜਗਤ ਵਿਚ ਵਾਹਿਗੁਰੂ, ਕਰਤਾਰ, ਨਿਰੰਕਾਰ, ਧੰਨ ਨਿਰੰਕਾਰ ਦਾ ਜਲਵਾ ਆਪਾ ਅਨਭਉ ਕਰਾਉਂਦਾ ਰਹਿੰਦਾ ਹੈ। ਫੇਰ ਜੀਵ ਦਿੱਸਦੇ ਨੂੰ ਵੇਖਕੇ ਭੁੱਲਦਾ ਨਹੀਂ, ਦਿੱਸਦਾ ਇਸਨੂੰ ਕੁਛ ਕੁਛ ਪੁਸ਼ਾਕੇ ਦੀ ਨਿਆਈਂ ਦਿੱਸਦਾ ਹੈ, ਵਿਚ ਲੱਸਦਾ ਕਰਤਾਰ ਦਿੱਸਦਾ ਹੈ। 'ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਤੇ ਦੇਖਣਹਾਰ ਉਸ 'ਵਿਚ ਵਸਦੇ' ਪਿਆਰੇ ਤੋਂ ਬਲਿਹਾਰ ਹੁੰਦਾ ਹੈ:-ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਿਖਿਆ॥

(ਗੁ: ਨਾ: ਚ-੧, ਅਧਿ-੨੧)


www.sikhbookclub.com

## 9. ਮਨ - 1

### [ਗਉੜੀ ਕਬੀਰ ਜੀ, ਚਉਪਦਾ ੨੮]

**ਪ੍ਰਾਕ੍ਰਥਨ**— ਕਿਸੇ ਹਠ ਯੋਗੀ ਨੇ ਕਿਹਾ ਕਿ ਜਦ ਤਕ ਮਨ ਨੂੰ 'ਅਮਨ' ਨਾ ਕਰ ਲਓ; ਅਰਥਾਤ ਮੂਲੋਂ ਨਾਂ ਮਾਰ ਲਓ ਤਦ ਤਕ ਸਿੱਧ ਅਵਸਥਾ ਨੂੰ ਨਹੀਂ ਪਹੁੰਚੀਦਾ। ਉਸ ਨੂੰ ਉੱਤਰ ਦੇਂਦੇ ਹਨ ਕਿ ਮਨ ਜੇ ਮੂਲੋਂ ਮਾਰ ਘੱਤਿਆ ਤਾਂ ਸਿੱਧੀ ਕੀ ਪ੍ਰਾਪਤ ਹੋਈ? ਜੇ ਮਨ ਹੀ ਨਾ ਰਿਹਾ ਤਾਂ ਬਾਕੀ ਰਹਿ ਹੀ ਕੀ ਗਿਆ? ਇਹ ਜਵਾਬ ਇਸ ਸ਼ਬਦ ਵਿਚ ਹੈ।

ਗਉੜੀ ਕਬੀਰ ਜੀ, ਚਉਪਦਾ ੨੮
**ਮਨ ਕਾ ਸੁਭਾਉ ਮਨਹਿ ਬਿਆਪੀ॥**
**ਮਨਹਿ ਮਾਰਿ ਕਵਨ ਸਿਧਿ ਥਾਪੀ॥੧॥**
**ਕਵਨੁ ਸੁ ਮੁਨਿ ਜੋ ਮਨੁ ਮਾਰੈ ॥**
**ਮਨ ਕਉ ਮਾਰਿ ਕਹਹੁ ਕਿਸੁ ਤਾਰੈ॥੧ ॥ਰਹਾਉ॥**
**ਮਨ ਅੰਤਰਿ ਬੋਲੈ ਸਭੁ ਕੋਈ॥**
**ਮਨ ਮਾਰੇ ਬਿਨੁ ਭਗਤਿ ਨ ਹੋਈ॥੨॥**
**ਕਹੁ ਕਬੀਰ ਜੋ ਜਾਨੈ ਭੇਉ॥**
**ਮਨੁ ਮਧੁਸੂਦਨੁ ਤ੍ਰਿਭਵਣ ਦੇਉ॥੩॥੨੮॥**

(ਹੇ ਜੋਗੀ!) ਮਨ ਦਾ ਸੁਭਾਵ ਮਨ ਵਿਚ ਵਜਾਪ ਰਿਹਾ ਹੈ। (ਮਨ ਦਾ ਇਹ ਸੁਭਾਵ ਯਾ ਸਰੂਪ ਅੰਤਲੀ ਤੁਕ ਵਿਚ ਦੱਸਿਆ ਹੈ) ਮਨ ਨੂੰ ਮਾਰ ਕੇ (ਤੁਸਾਂ) ਕਿਹੜੀ ਸਿੱਧੀ ਸਿਰੇ ਚਾੜ੍ਹ ਲੈਣੀ ਹੈ॥੧॥

(ਮੈਨੂੰ ਦਿਖਾਓ ਤਾਂ) ਕਿਹੜਾ ਮੁਨੀ ਹੈ ਜੋ ਮਨ ਨੂੰ (ਮੂਲੋਂ) ਮਾਰ ਲੈਂਦਾ ਹੈ। (ਭਲਾ ਜੇ ਮੰਨ ਲਓ ਕਿ ਐਸਾ ਮੁਨੀ ਕੋਈ ਹੈ ਤਾਂ ਦੱਸੋ ਅਪਣੇ)

 www.sikhbookclub.com

ਮਨ ਨੂੰ ਮਾਰ ਕੇ (ਉਹ) ਤਾਰਦਾ ਕਿਸ ਨੂੰ ਹੈ (ਤੇ ਕਿਵੇਂ ਹੈ? ਭਾਵ ਜੇ ਉਸਦਾ ਮਨ ਹੀ ਨਹੀਂ ਰਿਹਾ ਤਾਂ ਕਿਸੇ ਨੂੰ ਤਾਰਨ ਹਿਤ ਉਪਦੇਸ਼ ਕੀਕੂੰ ਕਰਦਾ ਹੈ? ਕਿਉਂਕਿ ਤਾਰਣ ਹਿਤ ਬੋਲਣਾ ਪੈਂਦਾ ਹੈ ਤੇ) ਬੋਲਣਾ ਸਭ ਕਿਸੇ ਦਾ ਮਨ ਦੇ ਅੰਦਰ (ਜੀਉਂਦਿਆਂ) ਹੋਣ ਨਾਲ ਹੁੰਦਾ ਹੈ। (ਵਾਦੀ ਨੇ ਕਿਹਾ: ਤੁਸੀਂ ਬੀ ਮਨ ਦਾ ਮਾਰਨਾ ਕਈ ਵੇਰ ਆਖਦੇ ਹੋ, ਕਬੀਰ ਜੀ ਨੇ ਕਿਹਾ ਅਸੀਂ ਬੀ ਆਖਦੇ ਹਾਂ ਕਿ) ਮਨ ਮਾਰੇ ਬਿਨਾ ਭਗਤੀ ਨਹੀਂ ਹੋ ਸਕਦੀ॥੨॥

(ਪਰ ਉਹ ਇਕ ਭੇਤ ਦੀ ਗੱਲ ਹੈ) ਜੋ (ਉਸ) ਭੇਤ ਨੂੰ ਜਾਣ ਲਏ (ਉਹ ਸਿਆਣ ਲੈਂਦਾ ਹੈ ਕਿ) ਮਨ ਹੀ ਮਧੁਸੂਦਨ ਹੈ ਤੇ ਤਿੰਨਾ ਭਵਨਾਂ ਦਾ ਦੇਵ ਹੈ, ਕਹਿੰਦੇ ਹਨ ਕਬੀਰ ਜੀ॥੩॥੨੮॥

**ਵਜਾਖਜਾ**– ਕੋਈ ਹਠ ਯੋਗੀ ਜੋ ਮਨ ਨੂੰ ਮੂਲੋਂ ਮਾਰ ਦੇਣਾ ਸਿੱਧੀ ਸਮਝਦਾ ਹੈ, ਜੋ ਮਨ ਦੀ ਜਾਣਨਾ, ਸੋਚਣਾ ਤੇ ਪ੍ਰਤੀਤ ਕਰਨਾ ਆਦਿ ਸਮੇਤ ਸਾਰੀ ਚੇਤਨਤਾ ਦਾ ਪੂਰਨ ਅਭਾਵ ਕਰਨਾ ਚਾਹੁੰਦਾ ਹੈ, ਕਬੀਰ ਜੀ ਨੂੰ ਕਹਿ ਰਿਹਾ ਹੈ ਕਿ ਤੁਸੀਂ ਫੁਰਮਾਇਆ ਹੈ 'ਚੀਤੁ ਨਿਰੰਜਨ ਲਾਇਆ'; ਜਦ ਤਕ 'ਚਿਤ' ਕਹੋ ਯਾ 'ਮਨ' ਕਹੋ ਇਹ ਹੈ, ਤਦ ਤਕ ਸਿਧੀ ਕਿੱਥੇ? ਮਨ ਨੂੰ ਮੂਲੋਂ ਮਾਰ ਕੇ ਸ਼ੂਨ ਕਰ ਘੱਤੀਏ ਤਾ ਸਿੱਧੀ ਹੈ। ਇਸ ਬਾਤ ਦਾ ਉੱਤਰ ਇਸ ਸ਼ਬਦ ਵਿਚ ਕਬੀਰ ਜੀ ਨੇ ਦਿੱਤਾ ਹੈ। ਤੇ ਵਾਦੀ ਉਤੇ ਪ੍ਰਸ਼ਨ ਕਰ ਕਰ ਕੇ ਬੀ ਉਸ ਨੂੰ ਨਿਰੁੱਤਰ ਕਰ ਦਿੱਤਾ ਹੈ।

ਅੰਕ ੧ ਤੇ ਰਹਾਉ-'ਮਨ' ਸੰਸਕ੍ਰਿਤ ਪਦ ਹੈ, ਧਾਤੂ ਹੈ ਮਨ੍= ਗਜਾਨੇ। ਸੋ ਮਨ ਅਪਣੇ ਪਹਿਲੇ ਅਰਥ ਵਿਚ ਗਜਾਨ ਸਰੂਪਤਾ ਹੈ। 'ਮਨ੍' ਧਾਤੂ ਤੋਂ ਬਣਿਆ 'ਮਨਸ੍' ਪਦ ਜਿਸ ਦਾ ਆਮ ਰੂਪ ਹੈ ਮਨ। ਇਹ ਪਦ ਸਰੀਰ ਵਿਚ ਉਸ ਇੰਦ੍ਰੇ ਨੂੰ ਦਿੱਤਾ ਗਿਆ ਹੈ ਜੋ ਜਾਣਨ ਸੱਤਜਾ ਵਾਲਾ ਹੈ ਤੇ ਸਾਰੇ ਇੰਦ੍ਰਿਆਂ ਤੇ ਸਰੀਰ ਨੂੰ ਟੋਰਦਾ ਹੈ। ਪਦ 'ਸੁਭਾਉ' ਸੰਸਕ੍ਰਿਤ ਪਦ 'ਸ੍ਵਭਾਵ' ਤੋਂ ਬਣਿਆ ਹੈ, ਜਿਸਦਾ ਅਰਥ ਹੈ- ਖ਼ਲਕਤ, ਪ੍ਰਕ੍ਰਿਤੀ, ਫ਼ਿਤਰਤ, ਨਿਜ ਦਸ਼ਾ। (ਅ) ਆਦਤ, ਵਾਦੀ। ਸੋ ਮਨ ਦੀ ਫ਼ਿਤਰਤ ਹੈ ਜਾਣਨਾ, ਮਨ ਦਾ ਮੂਲ ਹੈ ਗਜਾਨ ਸਰੂਪਤਾ, ਇਸ ਦੀ ਅਸਲੀ ਫ਼ਿਤਰਤ ਇਹੋ ਹੋਈ: ਜਾਣਨਾ। ਮਨ ਦਾ ਕੋਈ ਸਰੂਪ ਲਓ, ਜੋ ਬਾਵਨ ਅਖਰੀ ਦੇ 'ਮਮਾ' ਅੱਖਰ ਵਿਚ ਕਬੀਰ ਜੀ ਨੇ ਦੱਸੇ ਹਨ, ਸਭਨਾ ਵਿਚ ਚੇਤਨਤਾ ਵਜਾਪਤ

ਰਹੇਗੀ। ਜੇ ਇਸ ਨੂੰ ਮਾਰ ਲਿਆ ਤਾਂ ਚੇਤਨਤਾ ਮਾਰ ਲਈ, ਫੇਰ ਬਾਕੀ ਕੀਹ ਰਹੇਗਾ? ਹੁਣ ਜੇ ਚੇਤਨਤਾ ਨੂੰ ਮੂਲੋਂ ਮਾਰਿਆ ਤਾਂ ਸਰੀਰ ਹੀ ਨਾਂ ਰਹੇਗਾ, ਕਿਉਂਕਿ ਮਨ ਹੀ ਸਰੀਰ ਦੀ ਜੀਵਨ ਕਲਾ ਹੈ। ਤਦ ਹੋਰ ਕ੍ਰਿਯਾ ਤਾਂ ਰਹੀਆਂ ਜਗਤ ਤਾਰਨੇ ਹਿਤ, 'ਮਨ ਰਹਿਤ' ਸਰੀਰ ਉਪਦੇਸ਼ ਕੀਕੂੰ ਕਰੇਗਾ? ਮਨ ਵਿਚ ਇਕ ਹੋਰ ਸ਼ਕਤੀ ਹੈ ਕਿ ਅਪਣੇ ਆਪ ਨੂੰ ਬੀ ਉਪਦੇਸ਼ ਕਰਦਾ ਹੈ, ਮਾੜੇ ਕੰਮਾਂ ਤੋਂ ਹੋੜਦਾ ਤੇ ਭਲੇ ਵਲ ਪ੍ਰੇਰਦਾ ਹੈ। ਜੇ ਮਨ ਹੀ ਨਾ ਰਿਹਾ ਤਾਂ ਇਹ ਕੰਮ ਕੌਣ ਕਰੇਗਾ? ਪਰਮਾਰਥ ਵਲ ਕੌਣ ਲਾਏਗਾ? ਜਾਪਦਾ ਹੈ ਕਿ ਇੱਥੇ ਕੁ ਜੋਗੀ ਨੇ ਕਿਹਾ ਕਿ ਮੁਨੀ ਲੋਕ ਹਨ ਜੋ ਮਨ ਨੂੰ ਮੂਲੋਂ ਮਾਰ ਲੈਂਦੇ ਹਨ। ਤਦ ਆਪ ਕਹਿੰਦੇ ਹਨ ਕਿ ਦਿਖਾ ਸਾਨੂੰ ਕੋਈ ਮੁਨੀ ਜੀਉਂਦਾ ਜਾਗਦਾ, ਜਿਸ ਨੇ ਮਨ ਨੂੰ ਮੂਲੋਂ ਮਾਰ ਲਿਆ ਹੋਵੇ ਤੇ ਫੇਰ ਮਨ ਮਾਰਨ ਦਾ ਉਪਦੇਸ਼ ਦੇ ਕੇ ਜਗਤ ਨੂੰ ਤਾਰ ਰਿਹਾ ਹੋਵੇ।

ਅੰਕ 2 - ਕਿਉਂਕਿ ਬੋਲੇ ਬਿਨਾ ਉਪਦੇਸ਼ ਨਹੀਂ ਦਿੱਤਾ ਜਾ ਸਕਦਾ ਅਤੇ ਬੋਲ ਆਦਮੀ ਤਦ ਸਕਦਾ ਹੈ ਜੇ ਮਨ ਅੰਦਰ ਜੀਉਂਦਾ ਜਾਗਦਾ ਹੋਵੇ। ਜੇ ਮਨ ਮੂਲੋਂ ਮਰ ਗਿਆ ਹੈ ਤਾਂ ਸਰੀਰਕ ਕ੍ਰਿਯਾ ਖੜੋ ਗਈ ਹੈ, ਫੇਰ ਕੋਈ ਬੋਲ ਨਹੀਂ ਸਕਦਾ। ਤਦ ਦੱਸੋ ਉਹ ਮੁਨੀ ਬੋਲ ਕਿਵੇਂ ਰਿਹਾ ਹੈ?

ਇਥੇ ਆਕੇ ਵਾਦੀ ਨਿਰੁੱਤਰ ਹੋ ਗਿਆ ਹੈ, ਪਰ ਉਸ ਨੂੰ ਇਕ ਉਸ਼ਟ ਲਕੜ ਨਜਾਯ ਵਰਗੀ ਗਲ ਸੁੱਝੀ ਤੇ ਆਖਦਾ ਹੈ: ਤੁਸੀਂ ਬੀ ਤਾਂ ਇਹੋ ਗਲ ਆਖਦੇ ਹੋ ਕਿ ਮਨ ਮਾਰੇ ਬਿਨਾਂ ਭਗਤੀ ਨਹੀਂ ਹੋ ਸਕਦੀ। ਕਬੀਰ ਜੀ ਇਹ ਸੁਣਕੇ ਨਿਰੁੱਤਰ ਨਹੀਂ ਹੋਏ, ਉਸ ਨੂੰ ਜਵਾਬ ਦੇਂਦੇ ਹਨ, ਪਰ ਜਵਾਬ ਸੰਪਟ ਰੂਪ ਵਿਚ ਹੈ। ਉਸ ਵਿਚ ਭਾਵ ਜਣਾ ਜਾਂਦੇ ਹਨ*।

ਅੰਕ 3-ਕਹਿੰਦੇ ਹਨ: ਹੇ ਭਾਈ! ਇਸ ਗਲ ਦਾ ਇਕ ਭੇਤ ਹੈ, ਜੋ ਉਸ ਭੇਤ ਨੂੰ ਸਮਝ ਲਵੇ ਉਹ ਸਮਝ ਸਕਦਾ ਹੈ ਕਿ ਸਾਡਾ ਕੀਹ ਭਾਵ ਹੁੰਦਾ ਹੈ। ਜਦੋਂ ਅਸੀਂ ਆਖਦੇ ਹਾਂ ਕਿ 'ਮਨ ਮਾਰੇ ਬਿਨ ਭਗਤੀ ਨਹੀਂ ਹੋ ਸਕਦੀ'। ਉਸ ਸਾਡੇ ਭੇਦ ਨੂੰ ਜਾਣਨ ਵਾਲਾ ਜਾਣ ਲੈਂਦਾ ਹੈ ਕਿ ਮਨ ਮਧੁਸੂਦਨ ਹੈ ਤੇ ਤਿੰਨਾਂ ਦੇਵਾਂ ਦਾ ਪ੍ਰਕਾਸ਼ ਸਰੂਪ (=ਦੇਵ) ਹੈ।

---

* ਭੇਦ ਅੱਗੇ ਚੱਲਕੇ ਗਉੜੀ ਬਾਵਨ ਅਖਰੀ ਕਬੀਰ ਜੀ ਵਾਲੀ ਵਿਚ ਖੁਲ੍ਹਦਾ ਹੈ; ਦੇਖੋ 'ਮਮਾ' ਅਖਰ ਜੋ ਇਸ ਤੋਂ ਅਗਲੇ ਲੇਖ ਵਿਚ ਦਸਿਆ ਹੈ।

 www.sikhbookclub.com

ਐਸਾ ਕਹਿਣ ਵਿਚ ਭੇਦ ਨਹੀਂ ਦੱਸਿਆ; ਪਰ ਕਟਾਖਜ ਸੱਟਿਆ ਹੈ ਕਿ ਸਾਡਾ ਮਤਲਬ ਮਨ ਨੂੰ ਮੂਲੋਂ ਮਾਰਨ ਤੋਂ ਨਹੀਂ ਹੁੰਦਾ, ਪਰ ਮਨ ਨੂੰ ਮਾਇਆ ਪ੍ਰੇਮ ਵੱਲੋਂ ਉਲਟਾਕੇ ਬ੍ਰਹਮ ਪ੍ਰੇਮ ਵਿਚ ਲਾਕੇ ਇਸ ਨੂੰ ਇਸ ਦੇ ਸਨਾਤਨ ਰੂਪ ਵਿਚ ਲੈ ਜਾਣ ਦਾ ਸਾਧਨ ਹੁੰਦਾ ਹੈ, ਯਥਾ:-

**ਅਬ ਮਨੁ ਉਲਟਿ ਸਨਾਤਨੁ ਹੂਆ॥**
**ਤਬ ਜਾਨਿਆ ਜਬ ਜੀਵਤ ਮੂਆ॥** (ਗਉੜੀ ਕਬੀਰ ਜੀ ੧੭)

ਸਨਾਤਨ ਰੂਪ ਇਸ ਦੀ 'ਸ਼ਿਵ' ਸਰੂਪਤਾ* ਹੈ ਜੈਸਾ ਕਿ ਆਪ ਨੇ ਫੁਰਮਾਇਆ ਹੈ:-

**ਇਹੁ ਮਨੁ ਸਕਤੀ ਇਹੁ ਮਨੁ ਸੀਉ॥**
**ਇਹੁ ਮਨੁ ਪੰਚ ਤਤ ਕੋ ਜੀਉ॥**
(ਗਉੜੀ ਕਬੀਰ ਜੀ, ਬਾਵਨ ਅਖਰੀ ੩੩)

ਸੋ ਇਸ ਮਨ ਦੀ 'ਸ਼ਕਤੀ ਰੂਪਤਾ' ਤੇ 'ਪੰਚ ਤਤ ਰੂਪਤਾ' ਉਲਟਾ ਕੇ 'ਸ਼ਿਵ ਰੂਪਤਾ'* ਵਿਚ ਇਸ ਨੂੰ ਲੈ ਗਏ, ਜੋ ਇਸ ਦਾ ਸਨਾਤਨ ਰੂਪ ਹੈ। ਉਹ ਰੂਪ ਮਧੁਸੂਦਨ ਰੂਪ ਹੈ, ਭਾਵ ਪਰਮਾਤਮ ਰੂਪ ਹੈ ਤੇ ਤਿੰਨਾਂ ਭਵਨਾਂ ਦਾ 'ਪ੍ਰਕਾਸ਼ ਸਰੂਪ' ਹੈ।

ਇਹ ਜੋ ਸਨਾਤਨ ਰੂਪ ਵਿਚ ਲੈ ਜਾਣਾ ਹੈ ਇਹ ਮਾਰਨਾ ਨਹੀਂ ਮਨ ਨੂੰ ਸਾਧਣਾ ਹੈ, ਯਥਾ:-

**ਮੰਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥**
**ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥**
(ਗਉੜੀ ਬਾਵਨ ਅਖਰੀ ਕਬੀਰ ਜੀ-੩੨)

ਇਸ ਸਾਰੇ ਵਿਚ ਕਬੀਰ ਜੀ ਦਾ ਭਾਵ ਇਹੀ ਸਹੀ ਹੁੰਦਾ ਹੈ ਕਿ ਅਸਾਂ ਮਨ ਨੂੰ ਮਾਰਨਾ ਨਹੀਂ, ਇਸਨੂੰ ਸੰਸਾਰਾਕਾਰਤਾ ਤੋਂ ਬਦਲਕੇ ਈਸ਼੍ਰਾਕਾਰ ਕਰਨਾ ਹੈ। ਸਾਧਾਰਣ ਜੀਵਾਂ ਦਾ ਮਨ 'ਦ੍ਰਿਸ਼ਟਮਾਨ' ਵਿਚ ਲਗਾ ਹੋਇਆ

---

* ਕਲਿਆਣ ਸਰੂਪਤਾ। ਗਿਆਨ ਸਰੂਪਤਾ।
ਰਾਮ ਅੰਸ਼ੀ ਦੀ ਅੰਸ਼ ਹੋਣ ਕਰਕੇ ਬ੍ਰਹਮ ਸਰੂਪਤਾ।

 www.sikhbookclub.com

ਹੈ ਇਸ ਨੂੰ ਆਲੰਬ ਪਦਾਰਥਾਂ ਦਾ, ਮਿਤ੍ਰਾਂ ਦਾ, ਸਨਬੰਧੀਆਂ ਦਾ, ਮਾਇਆ ਦਾ, ਵਿਕਾਰਾਂ ਦਾ, ਸ਼ੁਭਾਸ਼ੁਭ ਪ੍ਰਵਿਰਤੀਆਂ ਦਾ ਹੈ; ਇਸ ਦਾ ਅਸਰਾ ਯਾ ਅਲੰਬ ਬਦਲਣਾ ਹੈ। ਇਨ੍ਹਾਂ ਦੀ ਥਾਵੇਂ ਭਗਤੀ ਦੁਆਰਾ ਈਸ਼੍ਵਰ ਇਸ ਦਾ ਆਲੰਬ ਬਣਾ ਦੇਣਾ ਹੈ। ਅਰਥਾਤ ਮਨ ਨੂੰ ਬ੍ਰਹਮ ਦੇ ਨਾਮ ਸਿਮਰਣ ਨਾਲ ਬ੍ਰਹਮ ਵੱਲ ਤਵੱਜੋ ਤੇ ਧਿਆਨ ਦਿਵਾ ਦਿਵਾਕੇ ਬ੍ਰਹਮ ਆਸਰੇ ਕਰ ਦੇਣਾ ਹੈ। ਉਸ ਪਰਮਾਤਮ ਦੇਵ ਦੇ ਆਸਰੇ ਹੋ ਗਿਆਂ ਕੇਵਲ ਉਸੇ ਦੇ ਧਿਆਨ ਵਿਚ ਨਿਸ਼ਟ ਹੋਇਆਂ ਇਸ ਨੂੰ ਸਾਖਜਾਤ ਹੋ ਜਾਏਗਾ। ਫਿਰ ਕੀ ਦੇਖੋਗੇ ਕਿ ਇਹੋ ਮਨ, ਜਿਸ ਨੂੰ ਤੁਸੀਂ ਮਾਰਨੇ ਦਾ ਯਤਨ ਕਰਦੇ ਸਾਓ, ਬ੍ਰਹਮ ਰੂਪ ਹੋ ਗਿਆ ਹੈ; ਖ਼ੁਦ ਪ੍ਰਕਾਸ਼ ਸਰੂਪ ਹੋ ਗਿਆ ਹੈ। ਜੈਸਾ ਕਿ ਸ੍ਰੀ ਜੀ ਫੁਰਮਾਉਂਦੇ ਹਨ:-

**ਮਮਾ ਮੂਲ ਗਹਿਆ ਮਨੁ ਮਾਨੈ॥**
**ਮਰਮੀ ਹੋਇ ਸੁ ਮਨ ਕਉ ਜਾਨੈ॥**
**ਮਤ ਕੋਈ ਮਨ ਮਿਲਤਾ ਬਿਲਮਾਵੈ॥**
**ਮਗਨ ਭਇਆ ਤੇ ਸੋ ਸਚੁ ਪਾਵੈ॥ ੩੧॥**
(ਗਉੜੀ ਬਾਵਨ ਅਖਰੀ ਕਬੀਰ ਜੀ-੩੧)

ਇਹੋ ਗਲ ਤੀਜੇ ਸਤਿਗੁਰਾਂ ਨੇ ਕਹੀ ਹੈ:-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥**
**ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥**
**ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥**
**ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥**
**ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥੫॥**
(ਆਸਾ ਮ: ੩, ਛੰਤ-੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੀ ਆਪਣੀ ਅਸਟਪਦੀ ਅੱਠਵੀਂ ਵਿਚ ਮਨ ਦਾ ਸਾਰਾ ਹਾਲ ਤੇ ਅੰਤ ਇਸ ਦੇ 'ਰਾਮ ਰਸਾਇਣਿ ਮਾਤਾ' ਤੱਕ ਅੱਪੜਨ ਦਾ ਹਾਲ ਦਿੱਤਾ ਹੈ, ਯਥਾ:-

 www.sikhbookclub.com

ਆਸਾ ਮਹਲਾ੧॥ ਮਨੁ ਮੈਗਲੁ ਸਾਕਤੁ ਦੇਵਾਨਾ॥ ਬਨਖੰਡਿ ਮਾਇਆ ਮੋਹਿ ਹੈਰਾਨਾ॥ ਇਤ ਉਤ ਜਾਹਿ ਕਾਲ ਕੇ ਚਾਪੇ॥ ਗੁਰਮੁਖਿ ਖੋਜਿ ਲਹੈ ਘਰੁ ਆਪੇ॥੧॥ ਬਿਨ ਗੁਰ ਸਬਦੈ ਮਨ ਨਹੀ ਠਉਰਾ॥ ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ॥੧॥ਰਹਾਉ॥ ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ॥ ਆਪੇ ਬਖਸੇ ਸਤਿਗੁਰੁ ਮੇਲੈ॥ ਕਾਲੁ ਕੰਟਕੁ ਮਾਰੇ ਸਚੁ ਪੇਲੈ॥੨॥ ਇਹੁ ਮਨੁ ਕਰਮਾ ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ॥ ਸਾਕਤੁ ਲੋਭੀ ਇਹੁ ਮਨੁ ਮੂੜਾ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ॥੩॥ ਗੁਰਮੁਖਿ ਮਨੁ ਅਸਥਾਨੇ ਸੋਈ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ॥ ਇਹੁ ਮਨੁ ਜੋਗੀ ਭੋਗੀ ਤਪੁ ਤਾਪੈ॥ ਗੁਰਮੁਖਿ ਚੀਨ੍ਹੈ ਹਰਿ ਪ੍ਰਭੁ ਆਪੈ॥੪॥ ਮਨੁ ਬੈਰਾਗੀ ਹਉਮੈ ਤਿਆਗੀ॥ ਘਟਿ ਘਟਿ ਮਨਸਾ ਦੁਬਿੱਧਾ ਲਾਗੀ॥ ਰਾਮ ਰਸਾਇਣੁ ਗੁਰਮੁਖਿ ਚਾਖੈ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ॥੫॥ ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥ ਮਾਰੇ ਪੰਚ ਅਪੁਨੈ ਵਸਿ ਕੀਏ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ॥੬॥ ਗੁਰਮੁਖਿ ਰਾਗ ਸੁਆਦ ਅਨ ਤਿਆਗੇ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ॥ ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ॥ ਆਤਮੁ ਚੀਨਿ੍ ਭਏ ਨਿਰੰਕਾਰੀ॥੭॥ ਇਹੁ ਮਨੁ ਨਿਰਮਲੁ ਦਰਿ ਘਰਿ ਸੋਈ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ॥ ਅਹਿਨਿਸਿ ਹਰਿ ਜਸੁ ਗੁਰ ਪਰਸਾਦਿ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥ ਰਾਮ ਰਸਾਇਣਿ ਇਹੁ ਮਨੁ ਮਾਤਾ॥ ਸਰਬ ਰਸਾਇਣੁ ਗੁਰਮੁਖਿ ਜਾਤਾ॥ ਭਗਤਿ ਹੇਤੁ ਗੁਰ ਚਰਣ ਨਿਵਾਸਾ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ॥੯॥੮॥

(ਸੰਥਯਾ ਪੋਥੀ-੪, ਪੰ: ੧੯੮੮-੧੯੯੧)

 www.sikhbookclub.com

## 10. ਮਨ – 2

[ਗਉੜੀ ਕਬੀਰ ਜੀ, ਬਾਣੀ ਬਾਵਨ ਅਖਰੀ ਵਿਚੋਂ]

ਮਮਾ ਮੂਲ ਗਹਿਆ ਮਨੁ ਮਾਨੈ ॥
ਮਰਮੀ ਹੋਇ ਸੁ ਮਨ ਕਉ ਜਾਨੈ ॥
ਮਤ ਕੋਈ ਮਨ ਮਿਲਤਾ ਬਿਲਮਾਵੈ ॥
ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥
ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥
ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥
ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥

ਮਮੇ (ਅੱਖਰ ਦੁਆਰਾ ਕਹਿੰਦੇ ਹਨ:) ਆਪਣੇ ਮੂਲ (ਜਜੋਤਿ ਸਰੂਪ) ਨੂੰ ਪਕੜਿਆਂ (ਭਾਵ ਲੱਭ ਲਿਆਂ) ਮਨ ਪਤੀਜਦਾ ਹੈ। (ਮਨ ਦੇ ਇਸ) ਭੇਤ ਨੂੰ ਜੋ ਕੋਈ ਜਾਣਦਾ ਹੋਵੇ ਉਹੀ ਮਨ ਨੂੰ ਜਾਣ ਸਕਦਾ ਹੈ (ਕਿ ਮਨ ਕੀਹ ਵਸਤੂ ਹੈ)। ਹੁਣ ਮਨ ਦਾ ਮਰਮ ਦੱਸਦੇ ਹਨ:- ਮਨ ਜਦ (ਜਯੋਤੀ ਸਰੂਪ ਨੂੰ) ਮਿਲਣ ਲਗੇ ਤਾਂ (ਖ਼ਬਰਦਾਰ) ਮਤ ਕੋਈ ਢਿੱਲ ਕਰੀਓ, (ਕਿਉਂਕਿ ਮਨ ਦੇ ਉਸ ਵਿਚ) ਮਗਨ ਹੋ ਗਿਆਂ ਹੀ ਉਹ ਸਤਜ ਸਰੂਪ ਪ੍ਰਾਪਤ ਹੁੰਦਾ ਹੈ॥੩੧॥

ਮੰਮਾ— ਮਨ ਨਾਲ ਹੀ (ਸਾਡਾ ਕੰਮ=) ਵਾਸਤਾ ਹੈ, (ਪਰ) ਸਿੱਧੀ ਮਨ ਨੂੰ ਸਾਧਿਆਂ ਪ੍ਰਾਪਤ ਹੁੰਦੀ ਹੈ। ਹੇ ਕਬੀਰ! ਮਨ ਹੀ ਮਨ ਨੂੰ ਆਖਦਾ

ਹੈ (ਕਿ ਹੇ) ਮਨ! ਤੇਰੇ ਵਰਗਾ (ਪਰਮ ਮਿਤ੍ਰ ਯਾ ਸਿਖਜਾ ਦਾਤਾ) ਕੋਈ ਨਹੀਂ ਮਿਲਿਆ॥੩੨॥

[ਹੁਣ ਮਨ ਦਾ ਹੋਰ ਮਰਮ ਦੱਸਦੇ ਹਨ] ਇਸ ਮਨ ਦੇ ਤ੍ਰੈ ਸਰੂਪ ਹਨ-੧.) ਇਹ ਮਨ ਸ਼ਕਤੀ (ਰੂਪ) ਹੈ, ਇਹ ਮਨ ਸ਼ਿਵ (ਕਲਜਾਣ ਸਰੂਪ) ਹੈ, ਇਹ ਮਨ ਪੰਜਾਂ ਤਤਾਂ ਦਾ ਜੀਉ ਹੈ। ਇਸ ਮਨ ਨੂੰ ਲੈ ਜਾਕੇ ਜੇ (ਕੋਈ) ਉਨਮਨੀ (ਅਵਸਥਾ) ਵਿਚ ਰਹੇ ਤਦ (ਉਹ) ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸਦਾ ਹੈ॥੩੩॥

ਵਜਾਖਜਾ— ਇਨ੍ਹਾਂ ਤ੍ਰੈ ਅੰਕਾਂ ਦਾ ਭਾਵ ਸਮਝਣ ਤੋਂ ਪਹਿਲਾਂ ਪਿਛੇ ਆਏ ਕਬੀਰ ਜੀ ਦੇ ਗਉੜੀ ਰਾਗ ਦੇ '੨੮ ਵੇਂ' ਸ਼ਬਦ ਨੂੰ ਸਮਝ ਲੈਣਾ ਚਾਹੀਏ; ਜਿੱਥੇ ਦੱਸ ਆਏ ਸਨ ਕਿ ਮਨ ਨੂੰ ਮੂਲੋਂ ਅਭਾਵ ਨਹੀਂ ਕਰ ਦੇਣਾ। ਜੇ ਮੂਲੋਂ ਮਰ ਗਿਆ ਤਾਂ ਕਲਜਾਣ ਕਿਸ ਦੀ ਹੋਣੀ ਹੈ ਤੇ ਕਿਸ ਨੇ ਕਰਨੀ ਹੈ, ਕਿਉਂਕਿ ਮਾਇਆ ਮਗਨਤਾ ਤੇ ਵਿਕਾਰਾਂ ਵਿਚੋਂ, ਹਰ ਪ੍ਰਕਾਰ ਦੇ ਅਗਜਾਨ ਵਿਚੋਂ ਬੀ ਤਾਂ ਮਨ ਹੀ ਕੱਢਦਾ ਹੈ। ਜਿਸ ਦਾ ਭਾਵ ਹੋਇਆ ਕਿ ਨੀਵੀਆਂ ਰੁਚੀਆਂ ਮਨ ਦੀਆਂ ਦੂਰ ਕਰਨੀਆਂ ਹਨ ਤੇ ਉੱਚੀਆਂ ਰੁਚੀਆਂ ਧਾਰਨੀਆਂ ਹਨ, ਫੇਰ ਮਨ ਨੂੰ ਸਰਵ ਮਾਇਆ ਕਹੋ, ਹਉਮੈਂ ਕਹੋ, ਇਸ ਤੋਂ ਸੁਤੰਤ੍ਰ ਹੋ ਕੇ ਜਗਤ ਜੀਵਨ ਵਿਚ ਲੀਨ ਹੋ ਜਾਣਾ ਹੈ, ਯਥਾ:-

**ਮਨੁ ਭਇਆ ਜਗ ਜੀਵਨ ਲੀਣਾ॥**
(ਪ੍ਰਭਾਤੀ ਕਬੀਰ ਜੀ-੧)

ਲੀਨ ਹੋ ਕੇ ਇਸ ਨੇ ਨਾਸ਼ ਨਹੀਂ ਹੋ ਜਾਣਾ, ਜਿਸ ਵਿਚ ਲੀਨ ਹੋਣਾ ਹੈ ਉਸ ਨਾਲ ਤਦਰੂਪ ਹੋ ਜਾਣਾ ਹੈ, ਜੈਸੇ ਉਥੇ ਹੀ ਫੁਰਮਾਇਆ ਹੈ:- **ਮਨੁ ਮਧੁਸੂਦਨੁ ਤ੍ਰਿਭਵਣ ਦੇਉ॥** (ਗਉੜੀ ਕਬੀਰ ਜੀ ੨੮) **ਓਥੇ ਹੀ ਅਪਣੇ ਵਾਦੀ ਨੂੰ ਕਹਿੰਦੇ ਹਨ:-"ਕਹੁ ਕਬੀਰ ਜੋ ਜਾਨੈ ਭੇਉ"**॥

ਉਹ ਭੇਉ ਏਥੇ ਮਮੇ ਅੱਖਰ ਵਿਚ ਖੋਹਲਿਆ ਹੈ। ਮਨ ਦੇ ਤ੍ਰੈ ਸਰੂਪ ਦੱਸੇ ਹਨ, ਪੰਜਾਂਤੱਤਾਂ ਦੀ ਸ਼ੁੱਧ ਅੰਸ਼ ਤੋਂ ਮਨ ਬਣਦਾ ਹੈ, ਇਸ ਕਰਕੇ ਇਸ ਨੂੰ 'ਪੰਚ ਤਤ ਕੋ ਜੀਉ' ਕਿਹਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੀ ਇਸੇ ਤਰ੍ਹਾਂ ਫੁਰਮਾਇਆ ਹੈ:- **'ਇਹ ਮਨੁ ਪੰਚ ਤਤੁ ਤੇ ਜਨਮਾ'** (ਆਸਾ ਮ: ੧, ਅਸ਼ਟ: ੮)

 www.sikhbookclub.com

ਇਸ ਕਰਕੇ ਇਸ ਨੂੰ ਪੰਚਮ ਸਤਿਗੁਰੂ ਜੀ ਨੇ 'ਪੰਚ ਭੂ-ਆਤਮਾ' ਕਿਹਾ ਹੈ। ਪੰਜਾਂ ਤਤਾਂ ਦਾ ਸੂਖਮ ਅੰਸ਼, ਯਥਾ:- '**ਪੰਚ ਭੂ ਆਤਮਾ ਹਰਿ ਨਾਮ ਰਾਸ ਪੋਖੈ**'॥ (ਗਉੜੀ ਥਿਤੀ ਮ:-੧੨)

ਇਸ ਮਨ ਨੂੰ ਵੱਸ ਕਰਨਾ, ਜਿਸ ਨੂੰ ਹਰੀ ਨਾਮ ਨਾਲ ਰੰਗਣਾ ਉਪਰਲੀ ਤੁਕ ਵਿਚ ਕਿਹਾ ਹੈ। ਤੀਸਰੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਪੰਚ ਭੂ-ਆਤਮਾ ਮਨ ਨੂੰ ਪਹਿਲੋਂ ਵੱਸ ਕਰਨਾ ਹੈ, ਯਥਾ:-

**ਪੰਚ ਭੂ ਆਤਮਾ ਵਸਿ ਕਰਹਿ**
**ਤਾ ਤੀਰਥ ਕਰਹਿ ਨਿਵਾਸੁ॥੨॥**
(ਗੂਜਰੀ ਮ: ੩-੮)

ਦੂਸਰਾ ਮਨ ਸ਼ਿਵ ਰੂਪ ਹੈ। ਇਹ ਮਨ ਆਤਮ ਜਯੋਤਿ ਹੈ। ਜਿਸ ਨੂੰ ਤੀਸਰੇ ਸਤਿਗੁਰਾਂ ਨੇ ਜਯੋਤਿ ਸਰੂਪੁ ਕਿਹਾ ਹੈ: **ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥** (ਆਸਾ ਮ: ੩, ਛੰਦ-੭)

ਕਬੀਰ ਨੇ ਮਨ ਦਾ ਇਹ ਅਸਲੀ ਤੇ ਆਦਿ ਸਰੂਪ, ਜਿਸ ਨੂੰ ਹੁਣ 'ਸੀਉ' ਕਿਹਾ ਨੇ, ਐਉਂ ਆਪ ਦੱਸਿਆ ਹੈ:- **ਅਬ ਮਨੁ ਉਲਟਿ ਸਨਾਤਨੁ ਹੂਆ॥ ਤਬ ਜਾਨਿਆ ਜਬ ਜੀਵਤ ਮੂਆ॥** (ਗਉੜੀ ਕਬੀਰ ਜੀ-੧੭)

ਭਾਵ ਹੈ ਕਿ ਜਦ ਜੀਵਤ ਭਾਵ ਤੋਂ ਹਟ ਗਿਆ ਤਦ ਮਨ ਜੋ ਸ਼ਕਤੀ ਤੇ ਪਚੀਂ ਭੂ-ਆਤਮਾ ਰੂਪ ਸੀ 'ਸੀਉ' ਰੂਪ ਹੋ ਗਿਆ। ਇਸ ਸ਼ਬਦ ਵਿਚ ਦੱਸਦੇ ਹਨ ਕਿ ਇਹ ਅਵਸਥਾ ਸਹਜ ਸੁਖ ਵਿਚ ਸਮਾਏ ਜਾਣ ਦੀ ਹੈ।

ਤੀਸਰਾ ਮਨ ਹੈ, ਸ਼ਕਤੀ। ਇਹ ਦੋਹਾਂ ਦੇ ਵਿਚਕਾਰ ਹੈ। ਸ਼ਕਤੀ ਰੂਪ ਮਨ ਤੇ ਪੰਜ ਤਤ ਦੇ ਜੀਉ ਰੂਪੀ ਮਨ ਦਾ ਪ੍ਰਕਾਸ਼ਕ 'ਸੀਉ' ਰੂਪੀ ਮਨ ਹੈ- (ਸਿਉ=ਸਿਵ=ਕਲਜਾਣ ਸਰੂਪ ਯਾ ਜੋਜਤਿ ਸਰੂਪ) ਮਨ ਦਾ ਪ੍ਰਭਾਵ ਜਦ ਸ਼ਕਤੀ ਰੂਪ ਮਨ ਲੈਂਦਾ ਹੈ ਤਾਂ ਸੰਕਲਪ ਉੱਚੇ ਪਾਸੇ ਦੇ ਉਪਜਦੇ ਹਨ ਤੇ ਇਹੋ ਸ਼ਕਤੀ ਰੂਪੀ ਮਨ ਪੰਜ ਤਤ ਹਾਲੇ ਮਨ ਨੂੰ ਪੰਚ ਤਤਾਂ ਦੀ ਖਿੱਚ ਵਿਚ ਜਾ ਕੇ ਵਿਕਾਰਾਂ ਤੋਂ ਤੇ ਮਾੜੇ ਸੰਕਲਪਾਂ ਤੋਂ ਹੋੜਦਾ ਹੈ। ਪੰਚ ਤਤ੍ਰੀ ਮਨ ਜਦ ਵਿਕਾਰਾਂ ਭੋਗਾਂ ਵਿਚ ਜਾਂਦਾ ਹੈ ਤਾਂ ਸ਼ਕਤੀ ਸਾਰੀ ਇਸੇ ਸ਼ਕਤੀ ਰੂਪ ਮਨ ਦੀ ਹੁੰਦੀ ਹੈ। ਹੁਣ ਸਾਧਨਾ ਇਸੇ ਮਨ ਨੂੰ ਹੈ ਕਿ ਇਹ ਨੀਵੀਆਂ ਰੁਚੀਆਂ ਵਾਲੇ ਨੂੰ ਜਿੱਤ ਲਵੇ, ਮਨਿ ਜੀਤੈ ਜਗੁ ਜੀਤੁ' ਹੋ ਜਾਏ। ਇਹ ਸ਼ਕਤੀ ਰੂਪ ਮਨ ਜਦ ਪੰਚ ਤਤ੍ਰੀ-ਮਨ ਨੂੰ ਵੱਸ ਕਰ


www.sikhbookclub.com

ਲੈਂਦਾ ਹੈ ਤਾਂ ਉੱਪਰ ਨੂੰ ਉੱਚਾ ਉਠਦਾ ਹੈ ਤੇ ਅਪਣੀ ਸਾਰੀ ਸ਼ਕਤੀ ਇੰਦ੍ਰਿਆਂ ਨੂੰ ਕਾਬੂ ਰੱਖਣ ਵਿਚ ਭਲੇ ਆਚਰਣ ਵਿਚ ਜੀਵਨ ਬਸਰ ਕਰਨ ਵਿਚ ਤੇ ਨਾਮ ਸਿਮਰਨ, ਹਰੀ ਕੀਰਤਨ ਕਰਨ, ਸਤਿਸੰਗ ਤੇ ਗਜਾਨ ਵੀਚਾਰ ਵਲ ਖਰਚ ਕਰਦਾ ਹੈ; ਅੰਤ ਜਦ ਇਸ ਵਿਚੋਂ ਦਵੈਤ ਭਾਵਨਾਂ ਨਿਕਲ ਜਾਂਦੀ ਹੈ ਤਾਂ ਇਹ ਦੁਇ ਮਨ ਸਿਵ ਸਰੂਪੀ ਮਨ ਵਿਚ ਲੀਨ ਹੋ ਜਾਂਦੇ ਹਨ ਤੇ ਸਿਵ ਸਰੂਪੀ ਮਨ ਸਿਵ (=ਕਲਜਾਣ ਸਰੂਪ ਪਰਮ ਜੋਤਿ) ਵਿਚ ਤਦਰੂਪ ਹੋ ਜਾਂਦਾ ਹੈ।

ਜਦ ਤਕ ਸ਼ਰੀਰ ਰਹਿੰਦਾ ਹੈ ਤਦ ਤਕ ਮਨ ਤਿੰਨੇ ਰਹਿੰਦੇ ਹਨ, ਨਹੀਂ ਤਾਂ ਸਰੀਰ ਦੀ ਕ੍ਰਿਯਾ ਖੜੋ ਜਾਂਦੀ ਹੈ। ਪਰ ਪੰਜ ਤਤੀ ਮਨ ਫੇਰ ਨੀਵੇਂ ਪਾਸੇ ਨਹੀਂ ਲਿਜਾਂਦਾ ਸੁਖ ਪੂਰਬਕ ਸਰੀਰ ਦੀ ਕ੍ਰਿਯਾ ਸਾਧਦਾ ਹੈ ਤੇ ਉੱਚੇ ਪਾਸੇ ਦੇ ਕਾਰਜਾਂ ਵਿਚ ਸੱਤਜਾ ਦੇਂਦਾ ਹੈ।

ਸ਼ਕਤੀ ਰੂਪ ਮਨ ਫੇਰ ਅਪਣੇ ਸਰੀਰ ਨੂੰ ਸੁਸਥ ਰਖਦਾ ਹੈ, ਸਰੀਰ ਰਖਜਾ ਪਾਲਣਾ ਆਦਿ ਕਰਦਾ ਹੋਇਆ ਇੰਦ੍ਰਿਆਂ ਨੂੰ ਭੋਗਾਂ ਵੱਲ ਨਹੀਂ ਜਾਣ ਦੇਂਦਾ। ਭਜਨ ਬੰਦਗੀ, ਉਪਕਾਰ ਵਿਚ ਸਰੀਰ ਨੂੰ ਰੱਖਦਾ ਹੈ, ਤੇ ਅੰਦਰ ਸਰਬ ਵਜਾਪੀ ਜਜੋਤਿ ਸਰੂਪ ਨਾਲ ਅਪਣੇ ਸ਼ਿਵ ਸਰੂਪ ਮਨ ਨੂੰ ਲੱਗੇ ਰਹਿਣ ਤੋਂ ਉੱਠਣ ਨਹੀਂ ਦੇਂਦਾ। ਇਹ ਇਕ ਲਿਵ ਦਾ ਰੂਪ ਬਣਾਈ ਰਖਦਾ ਹੈ, ਜਿਸ ਕਰਕੇ ਇਕ ਪਾਸੇ ਅਪਣੀ ਚੇਤਨਤਾ ਪਰਮ ਚੇਤਨਤਾ ਨਾਲ ਮਿਲੀ ਰਹਿੰਦੀ ਹੈ, ਦੂਜੇ ਪਾਸੇ ਸਰੀਰ ਦੇ ਕਾਰਜ ਪਵਿਤ੍ਰਤਾ ਵਿਚ ਭੁਗਤਦੇ ਜਾਂਦੇ ਹੈਨ।

ਇਹ ਅਵਸਥਾ ਜਦ ਹੋ ਜਾਵੇ ਕਿ ਏਹ ਦੋਇ ਮਨ ਜਦ ਲੈਕੇ ਭਾਵ ਅਪਣੇ ਅਧੀਨ ਕਰਕੇ ਉੱਚੇ ਮਨ (=ਸ਼ਿਵ ਸਰੂਪ ਮਨ) ਵਿਚ ਰਹੇ ਤਦ ਤਿੰਨਾ ਲੋਕਾਂ ਦੀਆਂ ਗੱਲਾਂ ਕਰੇ। ਭਾਵ ਜੀਕੂੰ ਸ਼ਿਵ ਤਿੰਨਾ ਲੋਕਾਂ ਦਾ ਜਾਣੂ ਹੈ ਉਹ ਬੀ ਸ਼ਿਵ ਸਮਾਇਆ ਤ੍ਰੈ ਲੋਕੀ ਦਾ ਜਾਣਨਹਾਰ ਹੋਵੇਗਾ।

ਇਸ ਤੋਂ ਪਤਾ ਲਗਾ ਕਿ ਮਨ ਦਾ ਮੂਲ (ਸ਼ਿਵ=) ਕਲਜਾਣ ਸਰੂਪਤਾ ਹੈ। ਇਸ ਮੂਲ ਨੂੰ ਪਕੜਿਆਂ ਮਨ ਪਤੀਜਦਾ ਹੈ, ਨਹੀਂ ਤਾਂ ਡੋਲਦਾ ਰਹਿੰਦਾ ਹੈ। ਸੋ ਮਨ ਨੂੰ ਜਾਣਨਾ ਇਸ ਮਰਮ (=ਭੇਤ) ਦੇ ਜਾਣਨ ਉਤੇ ਨਿਰਭਰ ਰਖਦਾ ਹੈ। ਹੁਣ ਇਕ ਖ਼ਬਰਦਾਰੀ ਦਾਨ ਕਰਦੇ ਹਨ ਕਿ ਖ਼ਬਰਦਾਰ ਰਹੋ ਜਦੋਂ ਮਨ ਅਪਣੇ ਮੂਲ ਸਰੂਪ ਵਿਚ ਮਿਲਣ ਲੱਗੇ ਤਾਂ ਦੇਰ ਨਾ ਲਾਵੋ


www.sikhbookclub.com

ਕਿ ਇਹ ਕੀ ਹੋਣ ਲਗਾ ਹੈ, ਮੇਰਾ ਵੱਖਰਾ ਪਨ ਨਾ ਰਿਹਾ ਤਾਂ ਮੈਂ ਹੀ ਕੀਹ ਰਿਹਾ; ਐਸਾ ਨਾ ਵੀਚਾਰੇ। ਜਦੋਂ ਮਨ (ਨਾਮ ਸਿਮਰਨ, ਕੀਰਤਨ ਪ੍ਰੇਮ ਆਦਿ ਨਾਲ) ਅਪਣੇ ਆਪ ਵਿਚ ਇਕੱਠਾ ਹੋ ਕੇ ਮਗਨਤਾ ਵਿਚ ਜਾਵੇ ਉਸ ਨੂੰ ਨਾ ਰੋਕੋ, ਕਿਸੇ ਕਾਰਣ ਦੇਰ ਨਾ ਲਾਵੋ। ਕਿਉਂਕਿ ਮਗਨ ਹੋਣ ਨਾਲ ਹੀ ਸਤਜ ਸਰੂਪ (ਪ੍ਰਭੂ) ਦੀ ਪ੍ਰਾਪਤੀ ਹੋਣੀ ਹੈ। ਜੋ ਪ੍ਰੇਮੀ ਸਿਮਰਨ ਕੀਰਤਨ ਦੇ ਆਸਰੇ ਟੁਰਦੇ ਹਨ ਉਹਨਾਂ ਨੂੰ ਆਪੇ ਵਿਚ ਮਗਨ ਹੋਣ ਦੇ ਸਮੇਂ ਆਉਂਦੇ ਹਨ। ਉਸ ਵੇਲੇ ਕੋਲ ਬੈਠਿਆਂ ਦੀ ਸ਼ਰਮ ਕਰਕੇ ਅਥਵਾ ਕਿਸੇ ਹੋਰ ਕਾਰਜ ਦੇ ਪੱਜ ਕਰਕੇ ਮਨ ਨੂੰ ਮਗਨ ਹੋਣ ਵਿਚ ਢਿੱਲ ਨਾ ਲਾਵੇ। ਉਹ ਛਿਨ ਉਹ ਘੜੀ ਸੁਲੱਖਣੀ ਹੁੰਦੀ ਹੈ, ਕੀ ਜਾਣੀਏ ਉਸ ਮਗਨਤਾ ਵਿਚ ਅੰਤ ਵਿਚਲੀ ਜੀਵਾਤਮਾ ਅਨੰਤ ਪਰਮਾਤਮਾ ਵਿਚ ਲੀਨ ਹੋਣ ਲਗੀ ਹੈ ਤੇ ਉਸ ਵੇਲੇ:-ਬਾਹ ਪਕਰਿ ਪ੍ਰਿਅ ਸੇਜੈ ਆਨੀ॥ (ਆਸ ਮਹਲਾ ੫-੭) ਵਾਲੀ ਗਲ ਵਰਤਣ ਲਗੀ ਹੈ। ਮਤੇ ਉਸ ਮਗਨਤਾ ਨੂੰ ਹੋੜਨਾ ਉਸ ਪ੍ਰਿਯ ਦੀ ਬੇਅਦਬੀ ਹੋ ਜਾਵੇ।

ਇਸ ਕਰਕੇ ਅੰਕ 32 ਵਿਚ ਦੱਸਦੇ ਹਨ ਕਿ ਇਸ ਮਨ ਨੂੰ ਕੋਹ ਕੇ ਮਾਰੋ ਨਾ, ਗਮਰੁੱਠ ਨਾ ਕਰੋ, ਇਸੇ ਮਨ ਨਾਲ ਹੀ ਜਗਜਾਸੂ ਨੂੰ ਗਿਆਨੀ ਨੂੰ, ਭਗਤ ਨੂੰ, ਕੰਮ ਹੈ, ਇਸੇ ਨੇ ਜੀਵਨ ਮੁਕਤ ਕਰਨਾਂ ਹੈ, ਇਸੇ ਨੇ ਭਗਤ ਗਿਆਨੀ ਬਨਾਉਣਾ ਹੈ, ਇਸੇ ਨੇ ਨੀਵੀਂਆਂ ਰੁਚੀਆਂ ਤੋਂ ਕੱਢਕੇ ਉਨਮਨ, ਉੱਚ-ਸੁਰਤੇ ਕਰ ਦੇਣਾ ਹੈ। ਇਸ ਨੂੰ ਮਾਰਨਾ ਕੁੱਟਣਾ, ਕੋਹਣਾ ਨਹੀਂ ਇਸ ਨੂੰ ਸਾਧਣਾ ਹੈ। 'ਪੰਚ ਤਤ੍ਰੀ ਸੁਭਾਵ' ਤੋਂ, 'ਪੰਚ ਤਤਮਯ ਸ਼ਕਤੀ ਸੁਭਾਵ' ਤੋਂ ਉੱਚਾ ਕਰਕੇ 'ਸ਼ਿਵ ਰੂਪਤਾ' ਵਿਚ ਲੈ ਜਾਣਾ ਹੈ। ਇਸ ਨੂੰ ਕਹੀਦਾ ਹੈ ਮਨ ਦਾ ਸਾਧਣਾ। ਇਸੇ ਦੇ ਸਾਧ ਲੈਣ ਨਾਲ ਸਿਧੀ ਪ੍ਰਾਪਤ ਹੋਣੀ ਹੈ, ਇਸ ਕਰਕੇ ਮਨ ਹੀ ਮਨ ਨੂੰ ਆਖਦਾ ਹੈ ਕਿ ਹੇ ਮਨ ਤੂੰ ਹੀ ਸ਼ੱਤਰੂ ਸੈਂ, ਪਰ ਸੱਜਣਾ ਤੇਰੇ ਵਰਗਾ ਮਿਤ੍ਰ ਬੀ ਸਾਨੂੰ ਹੋਰ ਕੋਈ ਨਹੀਂ ਮਿਲਿਆ। ਪ੍ਰਸ਼ਨ ਹੁੰਦਾ ਹੈ ਕਿ ਸਤਿਸੰਗ, ਗੁਰੂ, ਕੀਰਤਨ, ਨਾਮ ਕਿਆ ਏਹ ਮਿੱਤ੍ਰ ਨਹੀਂ ਹਨ? ਏਹ ਮਿੱਤ੍ਰ ਹਨ, ਪਰ ਜੇ ਮਨ ਅਵੈੜਾ ਰਹੇ, ਮਨ ਹੀ ਪਲਟਾ ਨਾ ਖਾਵੇ ਤਾਂ ਸਤਿਸੰਗ ਵਿਚ ਕੌਣ ਜਾਵੇ, ਗੁਰੂ ਦੀ ਸ਼ਰਣ ਕੌਣ ਲਵੇ, ਪਰਮਾਤਮਾ ਵੱਲ ਸੇਧ ਕੌਣ ਬੰਨ੍ਹੇ, ਨਾਮ ਬਾਣੀ ਦੀ ਸ਼ਰਣ ਕੌਣ ਲਵੇ, ਇਸ ਕਰਕੇ ਮਨ ਵਰਗਾ ਮਿੱਤ੍ਰ ਬੀ ਕੋਈ ਨਹੀਂ ਹੈ।

ਉਪਰਲੇ ਦਰਸਾਏ ਭਾਵ ਗੁਰਬਾਣੀ ਦੇ ਚਾਨਣੇ ਵਿਚ ਤੇ ਗੁਰਮੁਖਾਂ ਦੇ ਤਜਰਬੇ ਵਿਚ ਜੀਕੂੰ ਆਉਂਦੇ ਹਨ ਵਰਣਨ ਹੋਏ ਹਨ। ;

ਹੁਣ ਜੀਕੂ ਨਿਰੇ ਗਿਆਨ ਪੱਖ ਵਾਲੇ ਅੰਕ 33 ਦੇ ਅਖਰਾਂ ਨੂੰ ਲਾਉਂਦੇ ਹਨ ਵਰਣਨ ਕਰਦੇ ਹਾਂ:–

1. ਮਨ ਜਦ ਮਾਇਆ ਨਾਲ ਮਿਲਦਾ ਹੈ ਤਾਂ ਤਦ ਇਹ ਸ਼ਕਤੀ ਵਾਲਾ ਕਹੀਦਾ ਹੈ। ਜਦ ਇਹ ਮਨ ਪਰਮਾਤਮਾ ਨਾਲ ਮਿਲਦਾ ਹੈ ਤਦ ਸ਼ਿਵ ਰੂਪੀ ਕਹੀਦਾ ਹੈ। ਜਦ ਇਹ ਮਨ ਪੰਚ ਤਤਾਂ ਦੇ ਸਰੀਰ ਦਾ ਅਭਿਮਾਨੀ ਹੁੰਦਾ ਹੈ ਤਦ ਜੀਉ ਕਹੀਦਾ ਹੈ। ਜਦ ਜਗਜਾਸੂ ਉਨਮਨ (=ਤੁਰੀਆ ਪਦ) ਵਿਚ ਜਾ ਟਿਕਦਾ ਹੈ ਤਦ ਤਿੰਨਾ ਲੋਕਾਂ ਨੂੰ ਮਿਥਿਆ ਆਖਦਾ ਹੈ ਕਿ ਇਹ ਤਾਂ ਬਾਤ ਮਾਤ੍ਰ ਹਨ, ਵਾਸਤਵ ਵਿਚ ਕੁਛ ਨਹੀਂ।

2. ਇਹ ਮਨ ਗਜਾਨ ਸਰੂਪ ਬ੍ਰਹਮ ਹੀ ਕਲਪਤ ਵਸਤੂ ਨੂੰ ਅਭਿੰਨ ਨਾ ਰੱਖਕੇ ਸ਼ਕਤੀ ਰੂਪ ਹੈ। ਇਹ ਮਨ ਗਜਾਨ ਸਰੂਪ ਬ੍ਰਹਮ ਹੀ ਅਪਣੇ ਆਪ ਵਿਚ ਕਲਜਾਨ ਸਰੂਪ ਹੈ। ਇਹ ਮਨ ਗਜਾਨ ਸਰੂਪ ਬ੍ਰਹਮ ਹੀ ਮਾਇਆ ਦੇ ਕਾਰਯ ਪੰਜ ਤਤਾਂ ਦਾ ਜੀਉ ਹੈ, ਭਾਵ ਆਸਰਾ ਰੂਪ ਹੈ। ਸੋ ਜੇ ਗਜਾਨ ਸਰੂਪ ਬ੍ਰਹਮ ਨੂੰ ਹੀ ਅਪਣੇ ਅੰਤਹਕਰਣ ਵਿਚਲੇ (=ਗ੍ਰਹਣ) ਕਰਕੇ; ਉਨਮਨਿ (=ਮਨ ਤੋਂ ਉੱਚਾ) ਭਾਵ ਨਿਰਸੰਕਲਪ ਹੋਇਆ ਰਹੇ ਤਾਂ ਤਿੰਨਾਂ ਲੋਕਾਂ ਬਾਬਤ ਐਸ ਤਰ੍ਹਾਂ ਗਲਾਂ ਕਰੇਗਾ ਕਿ ਤਿੰਨੇ ਲੋਕ ਬੀ ਬ੍ਰਹਮ ਸਰੂਪ ਹਨ।

(ਸੰਥਯਾ ਪੋਥੀ-੫, ਪੰਨਾ ੨੧੫੨)

 www.sikhbookclub.com

# 11. ਸਹਿਜ-1

## [ਸਿਰੀ ਰਾਗੁ ਮਹਲਾ ੩, ਅਸਟਪਦੀ-੨੩]

ਸਿਰੀ ਰਾਗੁ ਮਹਲਾ ੩ ॥ ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥੧॥ਰਹਾਉ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥੪॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥੫॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ

 www.sikhbookclub.com

ਮਾਇਆ ਮੋਹੁ ਗੁਬਾਰੁ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥

ਸਭ (ਲੁਕਾਈ) ਸਹਜ ਨੂੰ ਲੋਚਦੀ ਹੈ (ਪਰ) ਗੁਰੂ ਤੋਂ ਬਿਨਾਂ (ਸਹਜ ਦੀ) ਪ੍ਰਾਪਤੀ ਨਹੀਂ ਹੁੰਦੀ। ਪੰਡਿਤ ਪੜ੍ਹ ਪੜ੍ਹਕੇ ਥੱਕ ਗਏ (ਪਤਾ ਨਾਂ ਲਗਾ) ਜੋਤਸ਼ੀ (ਜੋਤਸ਼ ਲਾ ਲਾ ਥਕੇ, ਥਹੁ ਨਾ ਪਿਆ ਕਿ ਸਹਜ ਕਿਥੋਂ ਲੱਭਦਾ ਹੈ*; ਇਸੀ ਤਰ੍ਹਾਂ) ਭੇਖਧਾਰੀ (ਨਾਂ ਲੱਭ ਸਕੇ) ਭਰਮ ਵਿਚ ਭੁੱਲੇ ਰਹੇ। (ਕੇਵਲ ਉਹਨਾਂ ਨੇ) ਸਹਜ ਪ੍ਰਾਪਤ ਕੀਤਾ ਹੈ (ਜੋ) ਗੁਰੂ ਦੇ ਮੇਲੇ (ਹੋਏ ਹੋਏ) ਹਨ, (ਗੁਰੂ ਦੇ ਕੌਣ ਮੇਲੇ ਹੋਏ ਹਨ? ਜਿਨ੍ਹਾਂ ਉਤੇ ਵਾਹਿਗੁਰੂ) ਅਪਣੀ ਰਜ਼ਾ ਵਿਚ ਕ੍ਰਿਪਾ ਕਰਦਾ ਹੈ॥੧॥ ਗੁਰੂ ਤੋਂ ਬਿਨਾਂ ਸਹਜ (ਪ੍ਰਾਪਤ) ਨਹੀਂ ਹੁੰਦਾ। (ਗੁਰੂ ਦੇ ਦਿਤੇ) ਉਪਦੇਸ਼ (ਦੀ ਕਮਾਈ) ਨਾਲ ਹੀ ਸਹਜ ਪੈਦਾ ਹੁੰਦਾ ਹੈ। (ਸਹਜ ਕੀ ਹੈ?) ਉਹ ਸਚਾ ਹਰੀ (ਜਿਸ ਵੇਲੇ) ਪ੍ਰਾਪਤ ਹੋ ਗਿਆ (ਸਹਜ ਹੋ ਗਿਆ)॥੧॥ਰਹਾਉ॥

ਸਹਜ ਵਿਚ ਹੀ (ਹਰੀ ਦਾ ਜਸ ਕੀਤਾ) ਗਾਂਵਿਆ ਪ੍ਰਵਾਨ ਹੁੰਦਾ ਹੈ, ਸਹਜ ਤੋਂ ਬਿਨਾ (ਸਾਰੀ) ਕਥਨੀ ਹੀ ਬਿਰਥਾ ਹੈ। (ਭਗਤੀ ਦਾ ਰੂਪਕ ਕੀਹ ਹੈ? ਉੱਤਰ:) (ਸੰਸਾਰ ਤੋਂ) ਵੈਰਾਗ ਵਿਚ ਰਹਿਣਾ (ਤੇ ਹਰਿ ਜੀਉ ਦੇ) ਸਹਜ ਪਿਆਰ ਵਿਚ ਰਹਿਣਾ (ਭਗਤੀ ਹੈ), (ਇਹ) ਭਗਤੀ ਸਹਜ ਨਾਲ ਹੀ ਉਪਜਦੀ (ਪ੍ਰਾਪਤ ਹੁੰਦੀ) ਹੈ। (ਫਿਰ ਤ੍ਰਿਸ਼ਨਾ ਵਲੋਂ) ਸ਼ਾਂਤਿ ਤੇ (ਅੰਤ੍ਰੀਵ ਆਤਮੇ) ਸੁਖ ਬੀ (ਭਗਤਾਂ ਨੂੰ) ਸਹਜ ਤੋਂ ਹੀ ਮਿਲਦਾ ਹੈ, (ਹਾਂ) ਸਹਜ ਤੋਂ ਬਿਨਾ (ਸਾਰਾ) ਜੀਵਨ ਹੀ ਬਿਰਥਾ ਹੈ॥੨॥

(ਭਗਤ) ਸਹਜ ਵਿਚ ਹੀ ਨਿਤ ਨਿਤ (ਹਰਿ ਜੀਉ ਨੂੰ) ਸਲਾਹੁੰਦਾ ਹੈ, ਸਹਜ ਵਿਚ ਹੀ ਸਮਾਧੀ ਲਗਾਉਂਦਾ ਹੈ। (ਜਦ ਸਮਾਧੀ ਵਿਚ ਨਾਂ

---

* ਕੋਈ ਸ਼ੈ ਗੁਆਚ ਜਾਏ ਤਾਂ ਜਜੋਤਸ਼ੀ ਜਜੋਤਸ਼ ਲਾ ਲਾਕੇ ਥਹੁ ਪਤੇ ਦੱਸਦੇ ਹਨ।

ਹੋਵੇ ਤਦ ਉਥਾਨ ਨਹੀਂ ਹੋ ਜਾਂਦਾ ਤਦੋਂ ਹਰਿ ਜੀਉ ਦੇ) ਸਹਜ ਨਾਲ ਗੁਣ ਗਾਉਂਦਾ ਹੈ (ਅਤੇ ਇਹ ਕੀਰਤਨ) ਭਗਤੀ ਲਿਵ ਲਾ ਕੇ ਹੀ ਕਰਦਾ ਹੈ, ਨਾਮ ਬਾਣੀ ਨਾਲ ਹੀ ਮਨ ਵਿਚ ਹਰਿ ਜੀਉ ਆ ਵਸਦਾ ਹੈ ਤੇ ਰਸਨਾਂ ਹਰੀ ਦੇ ਰਸ ਦਾ ਸੁਖ ਮਾਣਦੀ ਹੈ॥੩॥

(ਅਸਾਂ ਕਾਲ ਦੂਰ ਕਰਨ ਲਈ ਯੋਗਕ ਕ੍ਰਿਯਾ 'ਕਾਲ ਬੰਚਨ' ਆਦਿ ਨਹੀਂ ਕੀਤੀਆਂ, ਅਸਾਂ ਤਾਂ ਅਪਣੇ ਆਪ ਨੂੰ ) ਸੱਚ (ਸੱਤ- ਸਰੂਪ) ਦੀ ਸ਼ਰਣੀ ਪਾਕੇ ਸਹਜ ਨਾਲ ਹੀ ਕਾਲ ਨੂੰ ਦੂਰ ਕਰ ਲਿਆ ਹੈ। (ਕੀਕੂੰ ? ਉੱਤਰ:) (ਪਹਿਲੋਂ) ਸੱਚੀ ਕਾਰ ਕੀਤੀ (ਗੁਰੂ ਸ਼ਰਣਾਈ ਪੈਣ ਦੀ ਤੇ ਉਹਨਾਂ ਦਾ ਦੱਸਿਆ) ਸਹਜ ਵਿਚ ਹਰੀ ਨਾਮ ਮਨ ਵਿਚ ਆ ਵਸਿਆ। (ਹਾਂ ਜੀਉ) ਓਹ (ਸਾਰੇ ਹੀ) ਵਡਭਾਗੀ ਹਨ ਜਿਨ੍ਹਾਂ ਨੇ (ਹਰੀ) ਪਾ ਲਿਆ ਹੈ (ਤੇ ਜੋ ) ਸਹਜ ਵਿਚ ਸਮਾ ਰਹੇ ਹਨ॥੪॥

ਮਾਇਆ ਵਿਚ ਸਹਜ ਨਹੀਂ ਉਪਜਦਾ, ਮਾਇਆ ਦੂਤੀਆ ਭਾਵ ਵਿਚ (ਰਖਦੀ) ਹੈ, (ਦੂਜੇ ਭਾਵ ਵਿਚ) ਮਨਮੁਖ ਕਰਮ ਕਰਦੇ ਹਨ* (ਆਪ) ਹਉਮੈ ਵਿਚ ਸੜਦੇ ਹਨ (ਹੋਰਨਾਂ ਨੂੰ) ਸਾੜਦੇ ਹਨ, (ਉਹਨਾਂ ਦਾ) ਜੰਮਣ ਮਰਣ ਮੁੱਕਦਾ ਨਹੀਂ, ਫਿਰ ਫਿਰ ਆਉਂਦੇ ਜਾਂਦੇ ਰਹਿੰਦੇ ਹਨ॥੫॥

ਤ੍ਰੈ ਗੁਣਾਂ ਵਿਚ ਸਹਜ ਨਹੀਂ ਲੱਭਦਾ, ਤ੍ਰੈ ਗੁਣ ਭਰਮ ਵਿਚ ਭੁਲਾਈ ਰਖਦੇ ਹਨ। (ਜੀਵ ਸੁਖ ਦੁਖ ਮੋਹ ਆਦਿ ਵਿਚ ਪੀੜਤ ਰਹਿੰਦਾ ਹੈ), (ਜੇ ਓਹ) ਪੜ੍ਹੇ ਤੇ ਵੀਚਾਰ ਵੀ ਲਵੇ ਤੇ ਕਥਨ ਬੀ ਕਰ ਲਵੇ ਤਾਂ ਕੀਹ (ਲਾਭ ?) ਜਦ ਕਿ (ਉਹ) ਮੁੰਢੋਂ ਹੀ ਘੁੱਸਿਆ (ਪਿਆ ਫਿਰਦਾ) ਹੈ! ਸਹਜ਼ ਤਾਂ ਚਉਥੇ ਪਦ (ਤੁਰੀਆ) ਵਿਚ ਹੁੰਦਾ ਹੈ, ਜੋ ਗੁਰੂ ਦੁਆਰਾ ਮਿਲਦਾ ਹੈ*॥੬॥

ਨਿਰਗੁਣ (ਪਰਮੇਸ਼ੁਰ) ਦਾ ਨਾਮ (ਇਕ) ਨਿਧੀਆਂ ਦਾ ਖਜ਼ਾਨਾ ਹੈ, (ਇਸ ਦੀ) ਸੋਝੀ ਸਹਜ ਦੁਆਰਾ ਹੋ ਜਾਂਦੀ ਹੈ। (ਸਹਜ ਦੁਆਰਾ ਹੀ) ਗੁਣਵੰਤਿਆਂ ਨੇ (ਉਸ) ਸੱਚੇ ਨੂੰ ਸਲਾਹਿਆ ਹੈ, (ਉਹਨਾਂ ਦੀ) ਸ਼ੋਭਾ ਬੀ (ਫੇਰ) ਸੱਚੀ ਹੁੰਦੀ ਹੈ। (ਪਰਮਾਤਮਾਂ ਤੋਂ) ਭੁੱਲਿਆਂ ਨੂੰ ਬੀ (ਗੁਰੂ) ਸਹਜ ਦੁਆਰਾ (ਸਾਈਂ ਨਾਲ) ਮਿਲਾ ਦੇਵੇਗਾ (ਪਰ ਤਾਂ ਜੇ ਪਹਿਲੋਂ ਉਹਨਾਂ

---

* ਗੁਰ ਵਾਕ ਹੈ:- ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ॥
(ਸਿਰੀ: ਮ: 3 ਅਸਟ:-20)
ਭਾਵ ਹੈ ਕਿ ਕਾਰ ਹੁਕਮ ਵਿਚ ਹੈ ਪਰ ਹੁਕਮ ਕੀਤੀ ਕਾਰ ਮੂਜਬ ਪੈਂਦਾ ਹੈ।

 www.sikhbookclub.com

ਨੂੰ) ਸ਼ਬਦ ਦੁਆਰਾ (ਗੁਰੂ ਦਾ) ਮਿਲਾਵਾ ਹੋ ਜਾਵੇ॥੭॥

ਸਹਜ (ਅਵਸਥਾ ਨੂੰ ਪ੍ਰਾਪਤ ਹੋਏ) ਬਿਨਾਂ (ਜੀਵ ਨੂੰ) ਸਭ ਅੰਧੇਰਾ (ਅਗ-ਾਨ ਹੀ) ਰਹਿੰਦਾ ਹੈ, (ਉਸ ਪਰ) ਮਾਇਆ ਦੇ ਮੋਹ ਦਾ ਗੁਬਾਰ (ਛਾਇਆ ਰਹਿੰਦਾ) ਹੈ, (ਪਰ) ਸੱਚੇ ਦੇ ਅਪਾਰ ਸ਼ਬਦ ਦੁਆਰਾ (ਸਹਜ ਦੀ ਸੋਝੀ) ਸਹਜੇ ਹੀ ਪੈ ਜਾਂਦੀ ਹੈ। (ਹਾਂ) ਪੂਰਾ ਗੁਰੂ ਕਰਤਾਰ ਆਪੇ ਹੀ (ਅਪਣੀ) ਬਖਸ਼ੀਸ਼ ਦੁਆਰਾ ਮੇਲ ਦੇਂਦਾ ਹੈ॥੮॥

ਸਹਜ (ਦੀ ਪ੍ਰਾਪਤੀ ਹੋ ਜਾਏ ਤਾਂ ਇਸ ਸਹਜ) ਨਾਲ ਨਾ ਦਿੱਸਣ ਵਾਲੇ (ਪਰਮਾਤਮਾ) ਨੂੰ (ਜੋ ਅੰਦਰ ਬਾਹਰ ਹੁੰਦਾ ਹੋਇਆ ਬੀ ਨਹੀਂ ਦਿੱਸਦਾ ਤੇ ਜੋ) ਨਿਰਭਉ ਹੈ, ਜੋਤ ਸਰੂਪ ਹੈ ਤੇ ਅਕਾਰ ਰਹਿਤ ਹੈ, ਪਛਾਣ ਲਈਦਾ ਹੈ, (ਭਾਵ ਜਦ ਆਤਮਾਂ ਹਉਂ ਤੋਂ ਅਤੀਤ ਹੋ ਅਪਣੇ ਸਹਜ ਵਿਚ ਆ ਜਾਂਦੀ ਹੈ ਤਾਂ ਉਹ ਨਿਰਗੁਣ ਪਰਮਾਤਮਾ ਨੂੰ ਬੀ ਸਿਆਣ ਲੈਂਦੀ ਹੈ। ਉਹ ਨਿਰਗੁਣ ਨਿਰੰਕਾਰ ਜੋ) ਸਭਨਾਂ ਜੀਆਂ ਦਾ ਇਕੋ ਦਾਤਾ ਹੈ (ਸਹਜ ਨੂੰ ਪ੍ਰਾਪਤ ਹੋਏ) ਜੋਤ (ਰੂਪ ਭਗਤ) ਨੂੰ (ਅਪਣੀ) ਜੋਤ ਵਿਚ ਮਿਲਾਵਣਹਾਰ ਹੋ ਜਾਂਦਾ ਹੈ। (ਇਸ ਲਈ) ਪੂਰੇ ਗੁਰੂ ਦੇ ਸ਼ਬਦ ਦੁਆਰਾ (ਨਿਰੰਕਾਰ ਦੀ) ਸਿਫਤ ਸਲਾਹ ਕਰੋ ਜਿਸ ਦਾ ਕਿ ਨਾਂ ਅੰਤ ਹੈ ਨਾ ਪਾਰ ਉਰਾਰ ਹੈ (ਯਾ ਜੋ ਸਮੁੰਦਰ ਵਾਂਙੂ ਬੇਅੰਤ ਹੈ)॥੯॥

(ਇਹ ਨਾ ਸਮਝੋ ਕਿ ਗਜਾਨਵਾਨ ਹੋਕੇ ਗਜਾਨੀ ਨਾਮ ਛੋੜ ਦੇਂਦੇ ਹਨ, ਨਹੀਂ) ਗਜਾਨੀ ਦੀ ਤਾਂ ਦੌਲਤ ਹੀ ਨਾਮ ਹੈ, (ਓਹ ਨਾਮ ਧਨ ਦੇ ਸ਼ਾਹ ਹੁੰਦੇ ਹਨ ਤੇ ਜਗਜਾਸੂਆਂ ਨਾਲ) ਸਹਜ ਵਿਚ (ਨਾਮ ਦਾ) ਵਪਾਰ ਕਰਦੇ ਹਨ। ਹਰ ਰੋਜ਼ ਹਰੀ ਦੇ ਨਾਮ ਦੇ ਵਪਾਰ ਦਾ ਲਾਭ ਲੈਂਦੇ

---

* ਰਾਗ ਮਾਝ ਵਿਚ ਆਪ ਜੀ ਦਾ ਵਾਕ ਹੈ:-
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੈ ਦੁਖੁ ਪਾਵਣਿਆ॥
(ਮਾਝ ਮ: ੩ ਅਸਟ:-੩੧)
ਸ੍ਰੀ ਕ੍ਰਿਸ਼ਨ ਜੀ ਨੇ ਬੀ ਗੀਤਾ ਵਿਚ ਦੱਸਿਆ ਹੈ ਕਿ ਵੇਦ ਤ੍ਰੈ ਗੁਣਾਂ ਨੂੰ ਦੱਸਦੇ ਹਨ, ਤੂੰ ਤ੍ਰੈ ਗੁਣਾਂ ਤੋਂ ਅਤੀਤ ਹੈ। ਯਥਾ-ਤ੍ਰੈ ਗੁਣ੍ ਵਿਖਯਾ ਵੈਦਾ ਨਿਸ੍ਤ੍ਰੈ ਗੁਣਜੋ ਭਵਾਰ੍ਜੁਨ॥ (ਗੀਤਾ ਦੂਸਰਾ ਅਧਜਾਯ)
ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:- ਸਾਖਾ ਤੀਨਿ ਕਹੈ ਨਿਤ ਬੇਦੁ॥
(ਆਸਾ ਮ: ੧-੧੨)

ਹਨ, (ਇਸ ਤਰ੍ਹਾਂ ਨਾਮ ਨਾਲ ਉਨ੍ਹਾਂ ਦੇ) ਭੰਡਾਰੇ ਭਰੇ ਪਏ ਹਨ (ਜੋ) ਅਖੁੱਟ ਹਨ। ਹੇ ਨਾਨਕ! ਦੇਣਹਾਰ (ਪ੍ਰਭੂ ਦੇ) ਦਿਤੇ ਹੋਣ ਕਰਕੇ (ਉਨ੍ਹਾਂ ਨਾਮ ਖਜ਼ਾਨਿਆਂ ਦੀ) ਤੋਟ (ਕਦੇ ਨਹੀਂ) ਆਉਂਦੀ॥੧੦॥

ਆਤਮਾਂ ਜਦ ਅਪਣੇ ਆਪ ਵਿਚ ਹੈ ਤਾਂ ਸਹਜ ਵਿਚ ਹੈ। ਜਦ ਹਉਂ ਕਰਕੇ ਆਛਾਦਨ ਹੋ ਜਾਏ ਤਾਂ ਅਸਹਜ ਵਿਚ ਹੈ। ਇਸ ਹਉਮੈ ਦੇ ਨਵਿਰਤ ਕੀਤਿਆਂ ਆਤਮਾਂ ਫਿਰ ਸਹਜ ਅਵਸਥਾ ਵਿਚ ਹੈ। ਸਹਜ ਨੂੰ ਦੂਜਾ ਭਾਉ ਅਸਹਜ ਕਰਦਾ ਹੈ, ਦੂਜਾ ਭਾਉ ਮਾਯਾ ਹੈ। ਯਥਾ:-

**ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥**
(ਸਿਰੀ: ਮ: ੩, ਅਸ਼ਟਪਦੀ-੬)

ਤ੍ਰੈ ਗੁਣ ਮਾਇਆ ਵਿਚ ਹਨ ਸੋ ਸਹਜ ਤ੍ਰੈ ਗੁਣਾਂ ਤੋਂ ਉਪਰ ਹੈ, ਯਥਾ:- ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ....। ਸਹਜ ਕਿਥੇ ਹੈ?- 'ਚਉਥੇ ਪਦ ਮਹਿ ਸਹਜੁ ਹੈ।' ਇਸ ਕਰਕੇ 'ਸਹਜ' ਦਾ ਅਰਥ ਗਿਆਨ ਬੀ ਕੀਤਾ ਜਾਂਦਾ ਹੈ, ਅਦ੍ਰਿਸ਼ਟ ਆਤਮਾ ਦੀ ਪਛਾਣ ਦਾ ਨਾਮ ਬੀ 'ਸਹਜ' ਦਸਿਆ ਹੈ; ਇਸ ਕਰਕੇ ਬੀ ਗਿਆਨ ਅਰਥ ਲਾਉਂਦੇ ਹਨ। ਯਥਾ:

**ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥**
(ਸਿਰੀ: ਮ: ੩, ਅਸ਼ਟਪਦੀ-੬)

ਪਰ ਸਹਜ ਪਦ ਉਸ ਗਿਆਨ ਲਈ, ਜੋ ਕਰਮ ਕਾਂਡ ਦੇ ਪ੍ਰਯਤਨ ਨਾਲ; ਹਠ ਯੋਗ ਨਾਲ ਤੇ ਕਈ ਤਤਿਖ੍ਯਾ ਨਾਲ ਲੱਭਿਆ ਜਾਵੇ ਉਸ ਵਾਸਤੇ ਨਹੀਂ। ਪਰ ਜੋ ਸਹਿ ਸੁਭਾ, ਸੁਤੇ ਹੀ, ਸੁਗਮਤਾ ਨਾਲ ਸਰੂਪ ਦੀ ਪ੍ਰਾਪਤੀ ਹੋਵੇ ਉਹ ਸਹਜ ਹੈ। ਇਸ ਤਰ੍ਹਾਂ ਸਹਜ ਭਗਤੀ ਮਾਰਗ ਹੈ, ਜਿਸ ਵਿਚ ਸੁਖੱਲਿਆਂ ਨਾਮ ਬਾਣੀ, ਸਿਫਤ ਸਲਾਹ, ਪ੍ਰੇਮ, ਅਰਦਾਸ, ਸ਼ੁਕਰ ਆਦਿ ਨਾਲ ਹਉਂ ਨਵਿਰਤ ਹੋਕੇ ਆਤਮਾ ਅਪਣੇ ਅਸਲੀ ਆਤਮ ਸੁਭਾਵ ਵਿਚ ਆ ਜਾਂਦੀ ਹੈ, ਤੇ ਜਿਸ ਪਰਮਾਤਮ ਦੇਵ ਦੀ ਪ੍ਰੇਮਾ ਭਗਤੀ ਕਰਦੀ ਰਹੀ ਹੈ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ। ਇਸ ਸਾਰੇ ਮਾਰਗ ਨੂੰ ਬੀ ਸਹਜ ਹੀ ਕਿਹਾ ਹੈ। ਸਹਜੇ ਦਾ ਅਰਥ ਸੁੱਖਲੇ ਬੀ ਹੈ; ਨਿਰਯਤਨ ਬੀ ਅਰਥ ਹੈ। ਇਸ ਤਰ੍ਹਾਂ ਸਾਰੇ ਅਰਥ ਇਸ ਸ਼ਬਦ ਵਿਚ ਲਗਦੇ ਹਨ। ਇਸ ਸ਼ਬਦ ਦੇ ਪਹਿਲੇ ਪਦੇ ਵਿਚ ਦੋ ਵੇਰ ਸਹਜ ਪਦ 'ਸਹਜ ਮਾਰਗ' ਦੇ ਅਰਥ ਦੇਂਦਾ ਹੈ। ਜਿਸਦਾ ਵਪਾਰ ਦਸਵੇਂ ਪਦੇ ਵਿਚ ਦਸਿਆ ਹੈ, ਯਥਾ:-

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥**

(ਸਹਜ ਕਿਵੇਂ ਪ੍ਰਾਪਤ ਹੁੰਦਾ ਹੈ? ਉੱਤਰ:) (ਪਹਿਲਾਂ) ਸ਼ਬਦ ਦੁਆਰਾ ਨਾਮ ਮਨ ਵਿਚ ਵਸਦਾ ਹੈ, ਯਥਾ-ਸ਼ਬਦੇ ਹੀ ਹਰਿ ਮਨਿ ਵਸੈ ...॥ ਫੇਰ ਜਦ ਹਰੀ ਮਨ ਵਿਚ ਵਸ ਜਾਂਦਾ ਹੈ ਤਾਂ ਸਹਜ ਵਿਚ ਆਕੇ ਅੰਦਰ ਰਚ ਰਹੇ ਅਦ੍ਰਿਸ਼ਟ ਪਰਮਾਤਮਾ ਨੂੰ ਪਛਾਣ ਲਈ ਦਾ ਹੈ, ਯਥਾ:-

**ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥**

ਪੰਜਵੇਂ ਸਤਿਗੁਰਾਂ ਨੇ ਬੀ ਸਹਜ ਪ੍ਰਾਪਤੀ ਦਾ ਤ੍ਰੀਕਾ ਇਹੋ ਦੱਸਿਆ ਹੈ। ਯਥਾ:-

**ਗਉੜੀ ਮਹਲਾ ੫॥**
**ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥**
**ਪੰਚ ਜਨਾ ਸਿਉ ਸੰਗੁ ਨਿਵਾਰੈ॥**
**ਦਸ ਇੰਦ੍ਰੀ ਕਰਿ ਰਾਖੈ ਵਾਸਿ॥**
**ਤਾਕੈ ਆਤਮੈ ਹੋਇ ਪਰਗਾਸੁ॥੧॥**
**ਐਸੀ ਦ੍ਰਿੜਤਾ ਤਾਕੈ ਹੋਇ॥**
**ਜਾ ਕਉ ਦਇਆ ਮਇਆ ਪ੍ਰਭ ਸੋਇ ॥ਰਹਾਉ॥**
**ਸਾਜਨੁ ਦੁਸਟੁ ਜਾ ਕੈ ਏਕ ਸਮਾਨੈ॥**
**ਜੇਤਾ ਬੋਲਣੁ ਤੇਤਾ ਗਿਆਨੈ॥**
**ਜੇਤਾ ਸੁਨਣਾ ਤੇਤਾ ਨਾਮੁ॥**
**ਜੇਤਾ ਪੇਖਨੁ ਤੇਤਾ ਧਿਆਨੁ॥੨॥**
**ਸਹਜੇ ਜਾਗਣੁ ਸਹਜੇ ਸੋਇ॥**
**ਸਹਜੇ ਹੋਤਾ ਜਾਇ ਸੁ ਹੋਇ॥**
**ਸਹਜਿ ਬੈਰਾਗੁ ਸਹਜੇ ਹੀ ਹਸਨਾ॥**
**ਸਹਜੇ ਚੂਪ ਸਹਜੇ ਹੀ ਜਪਨਾ॥੩॥** (ਅਸਟਪਦੀ-੩)

ਸਹਜ ਪਦ ਦੇ ਅਰਥ ਤੇ ਭਾਵਾਂ ਵਿਚ, ਲੱਛਣਾਂ ਵਿਚ ਕਿ ਰੂਪ ਵਿਚ, ਕਿਸੇ ਭੁਲੇਵੇ ਦੀ ਗੁੰਜਾਇਸ਼ ਨਾ ਰਹਿ ਜਾਵੇ, ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸ਼ਬਦ ਵਿਚ ਖੁਹਲਕੇ ਵਜਾਖਜਾ ਆਪ ਕਰ ਦਿਤੀ ਹੈ। ਇਹ ਪਦ ਆਦਿ ਪਾਤਸ਼ਾਹੀ ਤੋਂ ਵਰਤਣ ਵਿਚ ਸੀ, ਇਸ ਕਰਕੇ ਆਪ ਜੀ

 www.sikhbookclub.com

ਨੇ ਇਹ ਸਿਖੀ ਦਾ ਮੁਕਤੀ ਦਾ 'ਆਦਰਸ਼ਕ ਪਦ' ਟੀਕੇ ਕਰਨ ਵਾਙੂ ਆਪ ਖੁਹਲ ਦਿਤਾ ਹੈ ਕਿ ਨਿਰਸੰਸੇ ਤੇ ਵਿਤ੍ਰੇਕਵੀਂ ਸਮਝ ਪੈ ਜਾਵੇ[1]। ਪੰਜਵੀਂ ਪਾਤਸ਼ਾਹੀ ਦੇ ਵਾਕ ਬੀ ਇਸ ਪਰ ਹੈਨ[2]।

ਨਮੂਨਾ ਉਪਰ ਦਿਤਾ ਹੈ। ਖ਼ੁਦ ਗੁਰੂ ਨਾਨਕ ਸਾਹਿਬ ਜੀ ਦੇ ਵਾਕ ਇਸ ਪ੍ਰਕਾਰ ਹੈਨ:-

**ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ॥**
**ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ॥**
(ਸਾਰਗ ਮ: ੧ ਅਸਟ: ੧)

**ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ॥**
**ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ॥੪॥**
(ਪ੍ਰਭਾਤੀ ਮ: ੧ ਅਸਟ:-੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਹੀ- 'ਸੁਣਿਐ ਲਾਗੈ ਸਹਜਿ ਧਿਆਨੁ' ਫੁਰਮਾਯਾ ਹੈ।

ਚੌਥੇ ਸਤਿਗੁਰਾਂ ਦਾ ਵਾਕ ਹੈ:-

**ਮਤਿ ਪ੍ਰਗਾਸ ਭਈ ਹਰਿ ਧਿਆਇਆ**
**ਗਿਆਨਿ ਤਤਿ ਲਿਵ ਲਾਇ॥**
**ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ**
**ਹਰਿ ਸਹਜਿ ਸਮਾਧਿ ਲਗਾਇ॥**
(ਸਾਰਗ ਮ: ੪-੪)

(ਸੰਥਯਾ ਪੋਥੀ-੨, ਪੰਨਾ-੬੧੦)

---

1. ਸੰਸਕ੍ਰਿਤ ਭਾਸ਼ਾ ਦੇ ਪਦ ਅਕਸਰ ਬਹੁਤ ਅਰਥਾਂ ਵਿਚ ਵਰਤਣੇ ਦਾ ਰਿਵਾਜ ਹੈ। ਕੋਈ ਭੁਲੇਵਾ ਨਾ ਰਹੇ ਇਸ ਲਈ ਜਿਸ ਅਰਥ ਵਾਸਤੇ ਸਤਗੁਰਾਂ ਨੇ ਇਸਨੂੰ ਸੰਕੇਤ ਕੀਤਾ ਹੈ ਉਹ ਇਸ ਸ਼ਬਦ ਵਿਚ ਖੁਹਲਕੇ ਦੱਸਣ ਵਿਚ ਬੜੀ ਰਹਮਤ ਕੀਤੀ ਹੈ।
2. ਦੇਖੋ ਰਾਗ ਗਉੜੀ ਅਸਟਪਦੀਆ, ਮਹਲੇ ਪੰਜਵੇਂ ਦੀ ਤੀਜੀ: 'ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥

 www.sikhbookclub.com

## 12. ਸਹਿਜ - 2

### [ਗਉੜੀ ਕਬੀਰ ਜੀ, ਚਉਪਦਾ-੪੮]

ਪਿਛਲੇ ਸ਼ਬਦ ਵਿਚ ਹਠ ਯੋਗ ਦੇ ਅਭਜਾਸੀ ਨੂੰ ਉਸ ਦੇ ਕਮਾਏ ਯੋਗ ਦੀ ਸਫਲਤਾ ਲਈ ਪਰਮਾਤਮ ਦੇਵ ਦੇ ਅਨੁਰਾਗੀ ਹੋਣ ਦਾ, ਅਰਥਾਤ ਭਗਤੀ ਦਾ, ਉਪਦੇਸ਼ ਦਿੱਤਾ ਸੀ। ਹੁਣ ਅਗਲੇ ਸ਼ਬਦ ਵਿਚ ਪੁੱਗ ਗਏ ਭਗਤ ਦੇ ਹਿਰਦੇ ਵਿਚ ਜੋ ਸਰਬ ਅਵਸਥਾ ਤੋਂ ਪਰੇ ਤੇ ਦੂੰਦਾਂ ਤੋਂ ਅਤੀਤ, 'ਯਥਾਰਥ' ਦਰਸ਼ਨ ਦੇਂਦਾ ਹੈ, ਉਸ ਨੂੰ 'ਸਹਜ' ਆਖਕੇ ਸਹਜ ਦੇ ਲੱਛਣ ਤੇ ਪ੍ਰਾਪਤੀ ਦੀ ਜਾਚ ਦੱਸਦੇ ਹਨ ਤੇ ਲੱਛਣ ਨਖੇਧੀ ਪੱਖ ਦੇ ਤ੍ਰੀਕੇ ਤੇ ਦੱਸੇ ਹਨ*।

**ਗਉੜੀ॥ ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥ ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥੧॥ ਸਹਜ ਕੀ ਅਕਥ ਕਥਾ ਹੈ ਨਿਰਾਰੀ॥ ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥੧॥ਰਹਾਉ॥ ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ॥ ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ॥੨॥ ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ॥ ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥੪॥੪੮॥**

---

* ਕਿਸੇ ਦਾ ਰੂਪ ਉਸ ਦੇ ਸਰੂਪ ਲੱਛਣਾਂ ਤੋਂ ਦੱਸਣਾ ਵਿਧੀ ਪੱਖ ਹੈ, ਅਤੇ ਉਹ ਆਹ ਬੀ ਨਹੀਂ, ਆਹ ਬੀ ਨਹੀਂ ਕਹਿਕੇ ਬਾਕੀ ਜੋ ਰਹਿ ਜਏ ਸੋ ਹੈ, ਇਹ ਨਿਖੇਧੀ ਪੱਖ ਹੈ। ਬ੍ਰਹਮ ਸਤਿ ਚਿਤ ਆਨੰਦ ਹੈ, ਇਹ ਵਿਧੀ ਪੱਖ ਹੈ, ਉਹ ਅਦੇਸ਼ ਹੈ, ਅਕਾਲ ਹੈ, ਅਜੋਨਿ ਹੈ, ਇਹ ਨਿਖੇਧੀ ਪੱਖ ਹੈ।

 www.sikhbookclub.com

(ਅਰਥ ਰਹਾਉ ਤੋਂ ਚੱਲੇਗਾ:-) ਸਹਜ ਦੀ ਕਥਾ (ਐਸੀ) ਨਿਰਾਲੀ (ਭਾਂਤਿ ਦੀ ਹੈ ਕਿ) ਵਰਣਨ ਨਹੀਂ ਹੋ ਸਕਦੀ। (ਉਹ ਕਿਸੇ) ਤੱਕੜੀ ਤੇ ਨਹੀਂ ਚੜ੍ਹਦੀ (ਅਰਥਾਤ ਇਨਸਾਨੀ ਅਕਲ ਦੇ ਅੰਦਾਜ਼ ਵਿਚ ਨਹੀਂ ਆਉਂਦੀ) ਨਾ ਹੀ ਮੁਕਦੀ ਹੈ, (ਜਦ ਤੋਲ ਵਿਚ ਨਹੀਂ ਆਉਂਦੀ ਤਾਂ) ਹਲਕੀ ਭਾਰੀ ਲਗਦੀ (ਬੀ) ਨਹੀਂ (ਕਹੀ ਜਾ ਸਕਦੀ)। (ਉਸ ਸਹਜ ਵਿਚ) ਬਰਸਾਤ (ਆਦਿ ਰੁੱਤਾਂ) ਨਹੀਂ (ਹਨ), ਸਮੁੰਦਰ (ਆਦਿ ਪਾਣੀ ਦੇ ਡਲ) ਨਹੀਂ ਹਨ, ਨਾ ਓਥੇ ਧੁਪ ਹੈ ਨਾ ਛਾਂ ਹੈ, ਓਥੇ ਨਾ ਉਪਜ ਹੈ ਨਾ ਪਰਲੋ ਹੈ। ਨਾ ਓਥੇ ਜੀਵਨ ਹੈ ਨਾ ਮੌਤ ਹੈ, ਨਾ ਓਥੇ ਦੁਖ ਸੁਖ ਵਜਾਪਦਾ ਹੈ; ਸੁੰਨ ਸਮਾਧੀ ਦੋਊ ਬੀ ਓਥੇ ਨਹੀਂ ਹਨ॥੧॥

ਹੇਠਾਂ ਤੇ ਉਪਰ ਓਥੇ ਦੋਵੇਂ (ਦਿਸ਼ਾ) ਨਹੀਂ ਹਨ, ਰਾਤ ਤੇ ਦਿਨ ਬੀ ਓਥੇ ਨਹੀਂ। ਪਾਣੀ ਨਹੀਂ, ਪੌਣ ਤੇ ਫੇਰ ਅੱਗ ਬੀ ਨਹੀਂ, ਓਥੇ (ਓਸ ਸਹਜ ਵਿਚ) ਸਤਿਗੁਰੂ ਸਮਾ ਰਿਹਾ ਹੈ॥੨॥

(ਮਨ ਬੁੱਧੀ ਦੀ) ਗੰਮਤਾ ਤੋਂ ਪਰੇ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਦੂਰ (ਪ੍ਰਭੂ ਉਥੇ) ਲਗਾਤਾਰ ਵੱਸ ਰਿਹਾ ਹੈ, (ਉਸ ਨੂੰ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰ ਸਕੀਦਾ ਹੈ। ਕਬੀਰ ਜੀ ਕਹਿੰਦੇ ਹਨ ਆਪਣੇ ਗੁਰੂ ਤੋਂ ਸਦਕੇ ਹੋ ਜਾਵਾਂ (ਉਸ ਗੁਰੂ ਦੀ) ਸੱਚੀ ਸੰਗਤ ਵਿਚ (ਸਦਾ ਹੀ) ਮਿਲੇ ਰਹੀਏ॥੩॥੪॥੪੮॥

ਵਜਾਖਜਾ— 'ਸਹਜ' ਪਦ ਭਗਤੀ ਮਾਰਗ ਦੇ ਯੋਗ ਲਈ ਵਰਤਿਆ ਗਿਆ ਹੈ। ਇਹ ਉਸ ਅਵਸਥਾ ਨੂੰ ਦੱਸਦਾ ਹੈ ਜੋ ਭਗਤ ਨੂੰ ਸਭ ਤੋਂ ਸ਼ਿਰੋਮਣੀ ਵਸਤੂ ਹੁੰਦੀ ਹੈ! 'ਅਵਸਥਾ' ਪਦ ਵਿਚ ਬਦਲਨੇ ਦੀ ਸੰਭਾਵਨਾ ਹੈ, 'ਸਹਜ' ਵਿਚ ਨਹੀਂ। ਇਸ ਕਰਕੇ 'ਸਹਜ' ਸਰਬ ਉੱਤਮ ਅਵਸਥਾ ਤੋਂ ਉਪਰ ਹੈ, ਇਸ ਨੂੰ ਸਰਬ ਅਵਸਥਾ ਤੋਂ ਉਪਰ 'ਯਥਾਰਥ' ਕਹੀਏ ਤਾਂ ਢੁੱਕਦਾ ਹੈ*। ਸਹਜ ਯੋਗੀ ਨੂੰ ਜੋ ਪ੍ਰਾਪਤੀ ਹੁੰਦੀ ਹੈ, ਉਹ ਪਿੰਡ ਵਿਚ ਬੀ ਤੇ ਬ੍ਰਹਮੰਡ ਵਿਚ ਬੀ ਹੈ। ਬ੍ਰਹਮੰਡ ਇਕ ਵਿਸ਼ਾਲ ਟਿਕਾਣਾ ਹੈ; ਇਸ ਵਿਚ ਨੀਵੇਂ ਉਚੇ ਕਈ ਟਿਕਾਣੇ ਹਨ। ਇਸ ਸਹਜ ਦਾ ਜੇ ਟਿਕਾਣਾ ਸਮਝੀਏ

---

* ਸਹਜ ਸਮਝਣ ਲਈ ਤੀਸਰੀ ਪਾਤਸ਼ਾਹੀ ਦੀ ਸਿਰੀ ਰਾਗ ਦੀ 23ਵੀਂ ਅਸਟਪਦੀ ਸਾਰੀ ਵਾਚੋ। (ਸੰਥਜਾ ਪੋਥੀ ਦੂਜੀ ਪੰਨਾ ੬੧੭ ਤੋਂ ੬੨੧ - ਯਾਨੀ ਇਸਤੋਂ ਪਿਛਲਾ ਲੇਖ ਨੰ. ੧੧)

 www.sikhbookclub.com

ਤਾਂ ਸਰਬ ਤੋਂ ਉੱਤਮ ਤੇ ਉੱਚਾ ਹੈ। ਉੱਤਮ ਥਾਨ ਹੋਣ ਕਰਕੇ ਇਸ ਨੂੰ ਪਦਵੀ ਤੇ ਪਦ ਬੀ ਆਖ ਲੈਂਦੇ ਹਨ। 'ਟਿਕਾਣੇ' ਵਿਚ ਬੀ ਸੰਭਾਵਨਾ ਬਦਲਨੇ ਦੀ ਹੈ, ਦੇਸ਼ ਕਾਲ ਵਿਚ ਜੁ ਹੋਇਆ।

(1) ਸਹਜ ਪਦ-ਇਹ ਥਾਨ ਯਾ ਟਿਕਾਣਾ ਸਭ ਟਿਕਾਣਿਆ ਥਾਵਾਂ ਤੋਂ ਉਪਰ ਹੈ, ਇਸ ਕਰਕੇ ਉਹ 'ਅਦੇਸ' ਹੈ, ਪਰ ਸਾਰੇ ਦੇਸ਼ ਵਿਚ ਹੋਣ ਕਰਕੇ ਉਸ ਨੂੰ 'ਪਦ' ਤੇ 'ਥਾਨ' ਕਹਿ ਲਈਦਾ ਹੈ*।

(2) ਸਹਜ ਸਰੂਪ-ਸਾਰੇ 'ਦੇਸ' ਵਿਚ ਹੋਣ ਕਰਕੇ, ਸਾਰੇ 'ਅਦੇਸ' ਵਿਚ ਬੀ ਹੋਣ ਕਰਕੇ ਤੇ ਵਜਾਪਕ ਪਰੀ ਪੂਰਣ ਹੋਣ ਕਰਕੇ ਉਸ ਨੂੰ ਨਿਰਗੁਣ ਬ੍ਰਹਮ ਗਜਾਨ ਸਰੂਪ ਪਰਮਾਤਮ ਦੇਵ ਕਹੀਦਾ ਹੈ ਤੇ ਜੋ ਅਪਣੇ ਵਿਚ ਅਪਣੇ ਤੋਂ ਅਪਣੇ ਸਰੂਪ ਕਰਕੇ ਇਸਥਿਤ ਹੈ ਉਹ 'ਸਹਜ' ਹੈ।

(3) ਸਹਜ ਅਵਸਥਾ ਜੋ ਅਪਣੀ ਸੁਭਾਵਕ ਖਾਸੀਅਤ ਕਰਕੇ ਉਸ ਅਬਦਲਤਾ ਵਿਚ ਕਾਯਮ ਹੋਣ ਕਰਕੇ ਅਵਸਥਾ ਤੋਂ ਲੰਘ ਕੇ 'ਯਥਾਰਥ' ਹੈ ਉਸ ਨੂੰ 'ਸਹਜ' ਕਹੀਦਾ ਹੈ। ਸੋ ਸਹਜ ਪਦ ਦੀਆਂ ਤ੍ਰੈ ਵਿਵੇਚਨਾ ਇੱਕੋ ਨੁਕਤੇ ਉਤੇ ਆ ਟਿਕਦੀਆਂ ਹਨ।

ਰਹਾਉ ਵਿਚ ਦਸਿਆ ਹੈ:-ਉਸ ਸਹਜ ਦੀ ਕਥਾ ਅਕੱਥ ਹੈ ਤੇ ਨਿਰਾਲੀ ਹੈ। ਬਾਕੀ ਤੁਕਾਂ ਵਿਚ ਇਸੇ ਸਹਜ ਪਦ ਲਈ 'ਸਰਵ ਨਾਮ' ਪਦ 'ਤਹ' ਵਰਤਿਆ ਹੈ। ਸੋ ਇਹ 'ਤਹ' ਇਸੇ ਕਰਕੇ ਜਿੰਨੇ ਤਾਰੀਫੀ ਪਦ ਇਸ ਸਬਦ 'ਸਹਜ' ਵਿਚ ਵਰਤੇ ਹਨ ਤੇ ਜੋ ਬਹੁਤੇ 'ਨਿਖੇਧੀ ਪੱਖ' ਦੇ ਹਨ ਉਸੇ ਨੂੰ ਜਨਾਉਣ ਵਾਸਤੇ ਹਨ।

ਫੇਰ 'ਸਹਜ' ਨਾਮ ਆਸਾਨੀ, ਸੁਖੱਲ, ਨਿਰਯਤਨਤਾ ਨਾਲ ਸੁਤੇ ਸਿਧ ਜੋ ਸਿਰੇ ਚੜ੍ਹ ਜਾਵੇ, ਅਰਥਾਤ-ਜ਼ੋਰ, ਹਠ, ਸ੍ਰਮਾਂ ਦੇ ਵਿਰੁੱਧ ਇਕ ਸੁਭਾਵਕ ਸੁਖੱਲੇ ਤ੍ਰੀਕੇ ਨਾਲ ਕੰਮ ਕਰਨ ਦੀ ਡੌਲ ਮੁਰਾਦ ਹੁੰਦੀ ਹੈ ਜੋ ਜਪੁਜੀ ਵਿਚ ਫੁਰਮਾਈ ਹੈ-'ਜੋਰੁ ਨ ਸੁਰਤੀ ਗਿਆਨਿ ਵੀਚਾਰਿ'। ਜੋ ਸੁਖੱਲੇ, ਆਸਾਨ, ਕੁਦਰਤੀ, ਸੁਭਾਵਕ ਤ੍ਰੀਕੇ ਨਾਲ ਘਾਲ ਕੀਤੀ ਜਾਵੇ ਉਹ ਸਹਜ ਦੀ ਘਾਲ ਹੈ। ਭਗਤ ਜਨ ਇਨਾਸਾਨ ਵਿਚ ਸੁਭਾਵਕ ਸਮਾਏ 'ਪਜਾਰ' ਨੂੰ ਦ੍ਰਿਸ਼ਟਮਾਨ

---

* ਤ੍ਰਿਹੁ ਗੁਣਾਂ ਵਿਚਿ ਸਹਜ ਨ ਪਾਈਐ ਤ੍ਰੈ ਗੁਣ ਭਰਮ ਭੁਲਾਇ.....ਚਉਥੇ ਪਦ ਮਹਿ ਸਹਜੁ ਹੈ ਗੁਰਮੁਖ ਪਲੈ ਪਾਇ (ਸਿਰੀ ਰਾਗ ਮ: ੩, ਅਸ਼ਟ-੩)

 www.sikhbookclub.com

ਤੋਂ ਚੁੱਕ ਕੇ ਦ੍ਰਿਸ਼ਟਾ ਵੱਲ ਲਾਉਂਦੇ ਹਨ ਤੇ ਲਾਉਣ ਦਾ ਤ੍ਰੀਕਾ-ਸਿਮਰਣ-ਵਰਤਦੇ ਹਨ। ਇਹ ਬੀ ਸਹਜ ਕਹੀਦਾ ਹੈ।

ਸਹਜ = ਬ੍ਰਹਮ ਹੈ, ਤੁਰੀਆ ਹੈ, ਯਥਾਰਥ ਹੈ, ਸਹਜ ਅਵਸਥਾ ਬੀ ਹੈ। ਹਠ ਯੋਗ ਤੇ ਰਾਜ ਯੋਗ ਤੋਂ ਅੱਗੇ ਸਹਜ ਯੋਗ ਬੀ ਹੈ। ਸਹਜ = ਨਿਰਯਤਨਤਾ, ਸੁਖੱਲ, ਸੁਤੇ ਸਿੱਧਤਾ ਬੀ ਹੈ।

ਉਪਰ ਸੰਖੇਪ ਵਿਚ ਕੁਛ ਅੱਖਰ ਲਿਖੇ ਹਨ ਕਿ ਸਬਦ ਵਿਚ ਦੱਸੇ 'ਸਹਜ' ਦੇ ਲੱਛਣਾਂ ਨੂੰ ਪਾਠਕ ਆਸਾਨੀ ਨਾਲ ਸਮਝ ਲਵੇ ਕਿ ਏਥੇ ਓਹ ਉਸ 'ਯਥਾਰਥ' ਪਰ ਘਟਦੇ ਹਨ ਜੋ ਸਹਜ ਮਾਰਗ ਦੇ ਤੁਰਾਊ ਭਗਤ ਦੇ ਹਿਰਦੇ ਵਿਚ ਵਸਦਾ ਹੈ ਤੇ ਜਿਸ ਦੀ ਲੱਖਤਾ ਉਸ ਨੂੰ ਹੋ ਗਈ ਹੈ ਤੇ ਹੁਣ ਉਸ ਵਿਚ ਪ੍ਰਾਪਤ ਹੈ ਤੇ ਸਰੀਰ ਹੋਣ ਕਰਕੇ ਜਿਸ ਅਵਸਥਾ ਵਿਚ ਵਿਚਰਦਾ ਹੈ ਉਹ ਚਿਮਨੀ ਦੇ ਅੰਦਰਲੀ ਲਾਟ ਵਾਙੂ ਦਿਪਤ ਹੈ ਜੋ ਮੂਲ ਵਸਤੂ ਹੈ। ਉਹ ਸਹਜ ਵਜਾਪਕ ਹੈ ਦੇਸ਼ ਵਿਚ, ਉਹ ਦੇਸ਼ ਤੋਂ ਉੱਪਰ ਅਦੇਸ਼ ਅਕਾਲ ਬੀ ਹੈ। ਇਹ ਗੱਲ ਸ਼ਬਦ ਦੇ ਤੀਸਰੇ ਅੰਕ ਵਿਚ 'ਰਹੈ ਨਿਰੰਤਰਿ' (ਅਰਥਾਤ ਸਦੈਵੀ) ਕਰਕੇ ਦੱਸੀ ਹੈ। ਇਸੇ ਕਰਕੇ ਰਹਾਉ ਵਿਚ ਦੱਸਿਆ ਹੈ ਕਿ ਉਸ 'ਸਹਜ' ਦਾ ਵਰਣਨ ਹੋ ਨਹੀਂ ਸਕਦਾ। ਮਿਤ ਵਾਲੀ ਰਸਨਾ ਤੇ ਮਿਤ ਵਾਲੀ ਬੁਧੀ ਅਮਿਤ ਨੂੰ ਕੀਕੂੰ ਕਹਿ ਸਕਦੀ ਹੈ। ਉਸ ਦੀ ਦਲੀਲ ਆਪ ਦੇਂਦੇ ਹਨ ਕਿ ਉਹ ਤੱਕੜੀ ਤੇ ਨਹੀਂ ਚੜ੍ਹ ਸਕਦੀ। ਨਾ ਤਾਂ ਸਥੂਲ ਪਦਾਰਥਾਂ ਵਾਙੂ ਤੋਲੀ ਜਾ ਸਕਦੀ ਹੈ ਨਾਂ ਹੀ ਮਨ ਰੂਪ ਤੱਕੜੀ ਤੇ ਤੋਲੀ ਜਾ ਸਕਦੀ ਹੈ। ਮਨ ਉਸ ਦੀ ਥਾਹ ਨਹੀਂ ਲੈ ਸਕਦਾ। ਭਾਵ ਅੰਤ ਨਹੀਂ ਪਾ ਸਕਦਾ। ਕਿਉਂਕਿ ਉਹ ਅਗੰਮ ਤੇ ਅਗੋਚਰ ਹੈ, ਮਨ ਦੀ ਗੰਮਤਾ ਤੋਂ ਪਰੇ ਹੈ ਤੇ ਇੰਦ੍ਰਿਆਂ ਦੇ ਜਾਣੇ ਜਾਣ ਤੋਂ ਅਵਿਸ਼ੈ ਹੈ। ਅੰਕ 3 ਵਿਚ ਅਗਮ ਅਗੋਚਰ ਆਖ ਕੇ, 'ਤੁਲਿ ਨਹੀਂ ਚਢੈ' ਦਾ ਕਾਰਣ ਦੱਸ ਦਿੱਤਾ।

ਜੋ ਸ਼ੈ ਤੋਲੀ ਜਾ ਸਕੇ ਓਹ ਤੋਲਦਿਆਂ ਮੁੱਕ ਜਾਂਦੀ ਹੈ, ਇਹ ਜਦ ਤੋਲੀ ਨਹੀਂ ਜਾ ਸਕਦੀ, ਮਨ ਕਰਕੇ ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ-ਉਹ ਅਮੁੱਕ ਹੈ। 'ਹਲਕਾ ਤੇ ਭਾਰਾ' ਏਹ ਦੋ ਨਿਰਣੇ ਕਰਨੇ ਤੱਕੜੀ ਦਾ ਕੰਮ ਹੈ ਸੋ ਜੋ ਸ਼ੈ ਤੱਕੜੀ ਚੜ ਹੀ ਨਹੀਂ ਸਕਦੀ, ਉਸ ਦਾ ਹਲਕਾ ਲੱਗਣਾ ਯਾ ਭਾਰਾ ਲੱਗਣਾ ਕੁਛ ਅਰਥ ਨਹੀਂ ਰਖਦਾ। ਇਹ ਆਖ ਕੇ


www.sikhbookclub.com

ਇਹ ਜਣਾਇਆ ਹੈ ਕਿ ਓਹ ਹੈ:- "ਕੀਮਤਿ ਪਾਇ ਨ ਕਹਿਆ ਜਾਇ॥" (ਆਸਾ ਮਹਲਾ ੧)

ਅੰਕ 1. ਉਸ ਸਹਜ-ਯਥਾਰਥ, ਪਦ ਯਾ ਅਵਸਥਾ ਵਿਚ ਬਰਸਾਤ ਆਦਿ ਰੁੱਤਾਂ ਨਹੀਂ ਹਨ। ਇਕ ਰੁਤ ਕਹਿਕੇ ਸਭ ਰੁੱਤਾਂ ਜਣਾਈਆਂ ਹਨ ਤੇ ਸਰਬ ਰੁੱਤਾਂ ਜਣਾਕੇ ਉਸ ਨੂੰ ਅਕਾਲ' ਦੱਸਿਆ ਹੈ, ਕਿਉਂਕਿ ਰੁੱਤਾਂ ਕਾਲ ਦਾ ਹੀ ਇਕ ਅੰਗ ਹੈਨ। ਫੇਰ ਕਿਹਾ ਹੈ: ਸਮੁੰਦਰ ਉਸ ਵਿਚ ਨਹੀਂ। ਇਥੇ ਜਣਾਇਆ ਕਿ ਖੁਸ਼ਕੀ ਤੇ ਤਰੀ-ਧਰਤੀ ਤੇ ਸਾਗਰ-ਇਹ ਬੀ ਉਸ ਵਿਚ ਨਹੀਂ। ਇਸ ਵਿਚ ਜਣਾਇਆ ਕਿ ਉਹ ਦੇਸ਼ ਤੋਂ ਰਹਿਤ ਹੈ-ਅਦੇਸ਼ ਹੈ। ਇਹ ਕਹਿਕੇ ਜਲ ਥਲ' ਦਾ ਦ੍ਵੰਦ ਜਣਾਕੇ ਹੁਣ ਸਪਸ਼ਟ ਤੌਰ ਤੇ ਦੱਸਣ ਲੱਗੇ ਹਨ ਕਿ ਉਹ ਦ੍ਵੰਦ ਅਤੀਤ ਹੈ। ਉਹ ਦ੍ਵੰਦ-ਅਰਥਾਤ ਟਾਕਰੇ ਦੇ ਜੋੜੇ-ਇਉਂ ਗਿਣਦੇ ਹਨ:-ਧੁਪ ਤੇ ਛਾਂ ਓਥੇ ਨਹੀਂ ਹੈ, ਓਥੇ ਦ੍ਵੰਦਾਤੀਤ ਸੂਰਜ ਅਰਥਾਤ ਨਿਰਪੇਖਜਕ 'ਸੱਤਜ' ਦਾ ਪ੍ਰਕਾਸ਼ ਹੈ। ਫੇਰ ਓਥੇ ਉਤਪਤ ਤੇ ਪਰਲੋ ਦੱਸੀ ਹੈ ਕਿ ਨਹੀਂ ਹੈ। ਜੀਵ ਦਾ ਜੰਮਣਾ ਤੇ ਮਰਨਾ, ਜਗਤ ਦਾ ਉਤਪਤ ਹੋਣਾ ਤੇ ਪਰਲੋ ਨਾਲ ਨਾਸ਼ ਹੋ ਜਾਣਾ ਇਹ ਦ੍ਵੰਦ ਬੀ ਓਥੇ ਨਹੀਂ। ਫੇਰ ਦੁਖ ਸੁਖ ਦਾ ਜੋੜਾ ਲਿਆ। ਓਥੇ ਦੁਖ ਤੇ ਸੁਖ ਦੋਵੇਂ ਨਹੀਂ। ਇਕ ਸੁਖ ਦੁਖ ਦੇ ਟਾਕਰੇ ਦਾ ਸੁਖ ਹੈ ਜੇ ਦ੍ਵੰਦਾਂ ਤੋਂ ਉਪਰ 'ਪਰਮਾਨੰਦ' ਰੂਪ ਹੈ, ਓਹ ਇਸ ਦ੍ਵੰਦ ਤੋਂ ਉਪਰ ਹੈ।

ਹੁਣ ਕਹਿੰਦੇ ਹਨ 'ਸੁੰਨ' ਤੇ 'ਸਮਾਧਿ ਇਹ ਬੀ ਦ੍ਵੰਦਾਂ ਦੀ ਗੇਣਤੀ ਵਿਚ ਲਿਆ ਹੈ। ਇਸ ਸੁੰਨ ਤੋਂ ਮੁਰਾਦ ਚੌਥੇ ਪਦ ਦੀ ਸੁੰਨ ਪਰਮਾਤਮ ਦੇਵ ਤੋਂ ਨਹੀਂ, ਪਰ ਉਸ ਘੂਰਮ ਅਵਸਥਾ ਤੋਂ ਹੈ ਜੋ ਹਠ ਜੋਗੀ ਵਰਣਨ ਕਰਦੇ ਹਨ ਅਤੇ ਜਿਸ ਲਈ ਕਈ ਵੇਰ ਬੂਟੀਆਂ ਤੇ ਮਦਰਾ ਆਦਿ ਦਾ ਬੀ ਸੇਵਨ ਕਰ ਲੇਂਦੇ ਹਨ ਤੇ ਸਮਾਧੀ ਤੋਂ ਮੁਰਾਦ 'ਬ੍ਰਹਮ ਲੀਨਤਾ' ਦੀ ਨਹੀਂ, ਪਰ ਉਸ ਤੋਂ ਉਰੇ 'ਅਪਣੇ ਆਪੇ ਵਿਚ ਟਿਕਣੇ ਦੀ' ਹੈ। ਏਹ ਦੁਇ ਅਵਸਥਾ ਹਨ। ਸੋ ਇਹ ਜੋੜਾ ਬੀ ਓਥੇ ਨਹੀਂ। ਜੇ 'ਸੁੰਨ ਸਮਾਧ' ਅਰਥ ਲਈਏ ਉਹ ਸਮਾਧੀ ਜਿਸ ਵਿਚ ਮਨ 'ਸ਼ੂਨ' ਹੋ ਜਾਂਦਾ ਹੈ, ਤੇ ਟਾਕਰੇ ਤੇ 'ਦੋਊ' ਦਾ ਅਰਥ ਕਰੀਏ ਦ੍ਵੈਤ ਭਾਵ ਵਾਲੀ ਅਵਸਥਾ ਤਾਂ ਢੁੱਕ ਤਾਂ ਕੁਛ ਜਾਂਦਾ ਹੈ ਪਰ 'ਦੋਊ' ਦਾ ਅਰਥ ਵਜਾਕਰਣਕ ਰੂਪ ਤੋਂ ਬਦਲਨਾ ਪੈਂਦਾ ਹੈ। ਦੋਊ ਪਦ ਏਥੇ ਸੰਗਜਾ ਵਾਚੀ 'ਦ੍ਵੈਤ' ਨਹੀਂ ਹੈ;

 www.sikhbookclub.com

ਦੋਊ ਦਾ ਸਪਸ਼ਟ ਅਰਥ 'ਦੋਵੇਂ ਹੀ' ਹੈ, ਜੋ ਦੇਖੋ ਅੰਕ 2 ਵਿਚ ਫੇਰ ਆਇਆ ਹੈ ਤੇ ਓਥੇ 'ਦੋਵੇਂ ਹੀ' ਦੇ ਅਰਥ ਦੇਂਦਾ ਹੈ:- 'ਅਰਧ ਉਰਧ ਦੋਊ ਤਹ ਨਾਹੀਂ।

ਅੰਕ 2. ਹੁਣ ਅੰਕ 2 ਵਿਚ ਹੇਠਾਂ ਉਪਰ ਦੀਆਂ ਦੋ ਦਿਸ਼ਾ ਦਾ ਜੋੜਾ ਲੈਂਦੇ ਹਨ, ਇਹ ਫੇਰ 'ਦੇਸ' ਦਾ ਲਖਾਯਕ ਹੈ। ਜਿੱਥੇ ਦੇਸ਼ ਨਹੀਂ ਓਥੇ ਹੇਠਾਂ ਉਪਰ ਹੋ ਹੀ ਨਹੀਂ ਸਕਦਾ। ਇਸ ਵਿਚ ਧੁਨੀ ਇਹ ਬੀ ਹੈ ਕਿ ਆਕਾਸ਼, ਪਾਤਾਲ ਅਤੇ ਸ਼ਿਵ ਪੁਰੀ ਆਦਿ ਲੋਕ ਪੁਰੀਆਂ ਭਵਨ ਓਥੇ ਕੋਈ ਨਹੀਂ ਹਨ। ਅਰਧ ਉਰਧ ਦੋ ਦਿਸ਼ਾ ਕਹਿਣ ਤੋਂ ਦਸੋ ਦਿਸ਼ਾ ਸਮਝ ਲਈ ਦੀਆਂ ਹਨ। ਭਾਵ ਓਥੇ ਦਿਸ਼ਾ ਦਾ ਵੇਰਵਾ ਨਹੀਂ। ਇਸ ਤੋਂ ਮਗਰੋਂ ਰਾਤ ਦਿਨ ਦਾ ਜੋੜਾ ਲਿਆ ਹੈ। ਇਹ ਬੀ ਰੁਤ ਵਾਙੂ 'ਕਾਲ' ਦਾ ਲਖਾਯਕ ਹੈ ਕਿ ਕਾਲ ਓਥੇ ਹੈ ਨਹੀਂ, ਤਾਂ ਕਾਲ ਦੀ ਗਤੀ ਰਾਤ ਦਿਨ ਆਦਿ ਜੋੜੇ ਓਥੇ ਹੋ ਨਹੀਂ ਸਕਦੇ। ਸੋ ਸਾਡੇ ਹਿਸਾਬ ਰਾਤ ਦਿਨ ਦੀ ਗਤੀ ਗੇਣਤੀ ਨਾਲ ਬਣਦੀ ਵਰਹੇ ਮਹੀਨੇ ਆਦਿ ਬੀ ਨਹੀਂ ਹਨ।

ਹੁਣ ਗਿਣਦੇ ਹਨ: ਜਲ, ਪੌਣ ਤੇ ਅਗਨੀ। ਏ ਤ੍ਰੈ ਦੂੰਦਾਂ ਵਾਙੂ ਵਰਣਨ ਨਹੀਂ ਕੀਤੇ। ਇਹ ਸਿੱਧੇ ਤਿੰਨ ਤੱਤ ਗਿਣੇ ਹਨ, ਪਰ ਮੁਰਾਦ ਪੰਜਾਂ ਹੀ ਤੱਤਾਂ ਤੋਂ ਹੈ। ਸੋ ਦੱਸਦੇ ਹਨ ਕਿ ਓਥੇ ਪੰਜ ਤੱਤ ਬੀ ਨਹੀਂ ਹਨ। ਜਿਥੇ ਤੱਤ ਹੋਣਗੇ, ਓਥੇ ਤੱਤਾਂ ਤੋਂ ਬਣੇ ਸਾਰੇ ਪਦਾਰਥ ਹੋਣਗੇ। ਉਹ 'ਸਹਜ' ਪਦਾਰਥਾਂ ਦਾ ਟਿਕਾਣਾ ਨਹੀਂ, ਚਾਹੇ ਓਹ ਅਸਥੂਲ ਹੋਣ ਚਾਹੇ ਦਿੱਵਜ। ਇਹ ਕਹਿਕੇ 'ਸਹਜ' ਨੂੰ 'ਅਭੌਤਿਕ' ਦੱਸਿਆ। ਇਉਂ ਨਿਖੇਧੀ ਪੱਖ ਦੇ ਤ੍ਰੀਕੇ ਨਾਲ ਓਹ ਸਾਮਾਨ ਗਿਣ ਦਿੱਤੇ ਹਨ ਕਿ ਜੋ ਓਥੇ ਨਹੀਂ ਹਨ। ਹੁਣ ਪ੍ਰਸ਼ਨ ਹੁੰਦਾ ਹੈ ਕਿ ਜੋ ਐਸਾ ਅਰੂਪ, ਅਰੰਗ, ਅਭੌਤਕ ਤੇ ਅਲਖ ਰੂਪ ਸਹਜ ਹੈ ਓਹ ਤੁਹਾਨੂੰ ਕਿਵੇਂ ਪਤਾ ਲੱਗਾ ਹੈ ਕਿ ਹੈ? ਤਾਂ ਉੱਤਰ ਦੇਂਦੇ ਹਨ ਕਿ ਉਸ ਸਹਜ ਵਿਚ ਸਤਿਗੁਰੂ ਸਮਾ ਰਿਹਾ ਹੈ, ਉਹ ਜੋ ਉਸ ਵਿਚ ਸਮਾ ਰਿਹਾ ਹੈ, ਉਸ ਨੂੰ ਲੱਖਤਾ ਹੈ ਕਿ ਉਹ ਹੈ ਤੇ ਉਸ ਤੋਂ ਉਹ ਲੱਖਤਾ ਪ੍ਰਾਪਤ ਹੋਈ ਹੈ।

ਅੰਕ 3-ਇਸ ਲਈ ਅੰਕ ਤਿੰਨ ਵਿਚ ਫੁਰਮਾਉਂਦੇ ਹਨ ਕਿ ਚਾਹੇ ਉਹ ਸਹਜ ਮਨ ਤੇ ਇੰਦ੍ਰਿਆਂ ਦੀ ਗੰਮਤਾ ਤੇ ਪਹੁੰਚ ਤੋਂ ਪਰੇ ਹੈ, ਪਰ ਉਹ ਹੈ' ਅਤੇ ਉਹ 'ਨਿਰੰਤਰ ਹੈ'। ਅਰਥਾਤ ਉਹ ਹੈ-ਸਤਜ ਸਰੂਪ


www.sikhbookclub.com

ਹੈ-ਤੇ ਸਦਾ ਇਕ ਰਸ ਸੱਤਜ ਸਰੂਪ ਰਹਿੰਦੀ ਹੈ। ਹੁਣ ਆਕਾਂਖਜਾ ਉਪਜਦੀ ਹੈ ਕਿ ਹੇ ਕਬੀਰ ਜੀ ਕਿਵੇਂ ਅਸੀਂ ਬੀ ਉਸ ਨੂੰ ਲਹੀਐ=ਲਖ ਲਈਏ ? ਤਾਂ ਦੱਸਦੇ ਹਨ ਕਿ ਉਸ ਦੀ ਲੱਖਤਾ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ, ਕਿਉਂਕਿ ਦੱਸ ਆਏ ਹਨ ਕਿ ਗੁਰੂ ਉਸ ਵਿਚ ਸਮਾ ਰਿਹਾ ਹੈ, ਉਹ ਜਾਣਦਾ ਹੈ ਕਿ ਉਸ ਵਿਚ ਕੀਕੂੰ ਸਮਾਈਦਾ ਹੈ, ਉਹ ਜਾਚ ਦੱਸੇਗਾ ਸਮਾਉਣੇ ਦੀ। ਸਮਾਉਣਾ ਪਦ ਕਿਉਂ ਵਰਤਿਆ ? ਇਸ ਲਈ ਕਿ ਉਸ ਵਿਚ ਸਮਾ ਕੇ ਹੀ ਉਸ ਨੂੰ ਲਖੀਦਾ ਹੈ ਯਾ ਪਾਈਦਾ ਹੈ। ਉਸ ਨੂੰ ਐਉਂ ਨਹੀਂ ਜਾਣੀਦਾ ਜਿਵੇਂ ਦ੍ਰਿਸ਼ਟਮਾਨ ਪਦਾਰਥਾਂ ਨੂੰ ਆਪ ਦ੍ਰਿਸ਼ਟਾ ਹੋ ਕੇ ਦੇਖੀਦਾ ਹੈ। ਅਰਥਾਤ ਆਪ ਫਾਇਲ ਹੋ ਕੇ ਵਸਤਾਂ ਨੂੰ ਮਫਊਲ ਕਰਕੇ ਵੇਖੀਦਾ ਹੈ, ਪਰ ਜਿਸ ਵਿਚ ਉਸੇ ਦਾ ਰੂਪ ਸੱਤਜ ਹੋ ਕੇ ਸੱਤਜ ਵਿਚ ਸਮਾ ਜਾਈਦਾ ਹੈ, ਇਸ ਸਮਾਏ ਬਿਨਾ ਜੋ ਗਜਾਨ ਹੈ ਸੋ ਸਾਖਜਾਤਕਾਰ-ਪ੍ਰਤੱਖ ਗਜਾਨ ਨਹੀਂ।

ਹੁਣ ਆਪ ਜੀ ਇਹ ਸੁਮੱਤਿ ਦੇਂਦੇ ਹੋਏ ਕਿ ਉਹ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ, ਵਿਚ ਇਹ ਕਟਾਖਜ ਸਟਦੇ ਹਨ ਕਿ ਤੁਸੀਂ ਬੀ ਸਤਿਗੁਰੂ ਦੀ ਸ਼ਰਨ ਲਓ ਤੇ ਅਪਣੇ ਸਤਿਗੁਰੂ ਦੇ ਫ਼ਖ਼ਰ ਲਾਡ ਵਿਚ ਆ ਕੇ ਬੋਲਦੇ ਹਨ: "ਮੈਂ ਸਦਕੇ ਹੋ ਜਾਵਾਂ ਅਪਣੇ ਗੁਰੂ ਤੋਂ ਜਿਸ ਨੇ ਮੈਨੂੰ ਸਹਜ ਵਿਚ ਸਮਾਈ ਬਖਸ਼ੀ ਹੈ"।

ਸਮਾਈ ਬਖ਼ਸ਼ਕੇ 'ਘਰ ਉਸਰਿਆ ਤੇ ਰਾਜ ਵਿਸਰਿਆ' ਵਾਲੀ ਗੱਲ ਨਹੀਂ ਹੁੰਦੀ। 'ਸਹਜ' ਨੂੰ ਪ੍ਰਾਪਤ ਹੋਕੇ ਉਸ ਗੁਰੂ ਦੇ ਸਤਿਸੰਗ ਵਿਚ ਸਦਾ ਮਿਲੇ ਰਹੀਦਾ ਹੈ; ਕਿਉਂਕਿ ਪਹਿਲੇ ਤਾਂ ਉਸ ਨੇ ਮੇਹਰ ਕਰਕੇ ਸਾਨੂੰ ਪੁਚਾਇਆ ਹੈ। ਉਸ ਨਾਲ ਮਿਲੇ ਰਹਿਣਾ ਸਹਜ ਵਿਚ ਸਦਾ ਰਖੇਗਾ। ਉਹ ਸਹਜ ਨੂੰ ਪ੍ਰਾਪਤ ਹੈ, ਉਹ ਸਹਜ ਸਰੂਪ ਹੈ, ਸਾਨੂੰ ਸਹਜ ਵਿਚ ਲੈ ਗਿਆ ਹੈ, ਤਾਂਤੇ ਸਤਿਗੁਰੂ ਨਾਲ ਮਿਲੇ ਰਹਿਣਾ 'ਸਹਜ' ਵਿਚ ਅਵਿਛੜ ਮੇਲ ਹੈ।

(ਸੰਥਯਾ ਪੋਥੀ-੪, ਪੰਨਾ ੨੦੪੮-੨੦੫੨)

 www.sikhbookclub.com

# 13. ਪ੍ਰਾਰਥਨਾ

**ਨੋਟ:** ਬੰਦੇ ਲਈ ਅਰਦਾਸ ਇਕ ਜ਼ਰੂਰੀ ਵਸਤੂ ਹੈ। ਕਈ ਮੌਕੇ ਆਉਂਦੇ ਹਨ, ਜਦੋਂ ਕਿ ਵਡੇ ਤੋਂ ਵਡੇ ਰਾਠ ਮਨੁਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ ਸਿਵਾਏ ਇਕ ਅਰਦਾਸ ਦੇ। ਸਭ ਤੋਂ ਸਿਆਣਾ ਆਦਮੀ ਸੁਕਰਾਤ ਗਿਣਿਆ ਜਾਂਦਾ ਹੈ, ਇਹ ਮੌਤ ਤੋਂ ਬੇਪ੍ਰਵਾਹ ਸੀ। ਜ਼ਹਿਰ ਦਾ ਪਿਆਲਾ ਏਸ ਨੇ ਸ਼ਰਬਤ ਵਾਕਣ ਪੀ ਲੀਤਾ ਸੀ। ਐਸਾ ਆਦਮੀ ਵੀ ਅਰਦਾਸ ਦਾ ਕਾਇਲ ਸੀ। ਇਕ ਥਾਵੇਂ ਉਸ ਨੇ ਕਿਹਾ ਹੈ:- ਓ ਪਿਆਰੇ 'ਪੈਨ' ਦੇਵਤਾ ਤੇ ਹੋਰ ਸਾਰੇ ਏਸ ਥਾਂ ਦੇ ਦੇਵਤਿਓ! ਮੇਰੀ ਇਹ ਅਰਜ਼ ਕਬੂਲ ਕਰੋ ਕਿ ਮੇਰੇ ਅੰਦਰ ਮੇਰੀ ਰੂਹ ਸੁੰਦਰ ਬਣ ਜਾਵੇ ਤੇ ਬਾਹਰਲੀਆਂ ਮੇਰੀਆਂ ਸਾਰੀਆਂ ਵਸਤਾਂ ਏਸ ਅੰਦਰਲੇ ਜੀਵ ਆਤਮਾ ਦੇ ਨਾਲ ਇਕ ਸੁਰ ਹੋ ਜਾਣ।

ਸਿਖ ਧਰਮ ਵਿਚ ਅਰਦਾਸ ਦੀ ਇਕ ਖ਼ਾਸ ਅਹਿਮੀਅਤ ਹੈ। ਸਾਰੀਆਂ ਰੀਤਾਂ ਰਸਮਾਂ ਦੀ ਥਾਵੇਂ ਸਿਖ ਦੀ ਇਕ ਅਰਦਾਸ ਕਾਫੀ ਹੈ। ਸਾਰੇ ਪਰਮਾਰਥਕ ਸਾਧਨਾਂ ਦੀ ਜਗ੍ਹਾ ਇਕ ਲਗਾਤਾਰ ਅਰਦਾਸ ਹੀ ਲੋੜੀਂਦੀ ਵਸਤੂ ਹੈ। ਅਰਦਾਸ ਦੀ ਜ਼ਰੂਰਤ ਹਰ ਸੰਸਾਰਕ ਮੌਕੇ ਉਪਰ ਹੈ। ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਜੰਗ ਵੇਲੇ। ਕੋਈ ਅਵਸਰ ਨਹੀਂ ਜੋ ਸਿਖ ਲਈ ਬਿਨ ਅਰਦਾਸ ਹੋਵੇ।

ਸੰਨ 1893 ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਬੱਝਦਾ ਹੈ। ਇਹ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪ੍ਰਯਤਨ ਦਾ ਸਿੱਟਾ ਹੈ। ਇਸ ਦਾ ਪਹਿਲਾ ਟ੍ਰੈਕਟ ਜੋ ਛਪਿਆ ਉਸ ਦਾ ਨਾਮ 'ਪ੍ਰਾਰਥਨਾ' ਹੈ। ਇਸ ਵਿਚ ਸਿਰਫ ਅਰਦਾਸ ਦੀ ਜ਼ਰੂਰਤ ਹੀ ਨਹੀਂ ਦਰਸਾਈ, ਪ੍ਰੰਤੂ ਸੰਕੇਤਕ ਤੌਰ ਤੇ ਇਹ ਦੱਸਿਆ ਹੈ ਕਿ ਕਿਸੇ ਵੀ ਕੰਮ ਦਾ ਆਰੰਭ ਅਰਦਾਸ ਤੋਂ ਹੋਣਾ ਚਾਹੀਦਾ ਹੈ। ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਏਸ ਅਰਦਾਸ ਤੋਂ ਹੀ ਹੁੰਦਾ ਹੈ।

ਪੜ੍ਹੇ ਲਿਖੇ ਨੌਜਵਾਨ ਪੁੱਛਦੇ ਹਨ: ਕੀ ਅਰਦਾਸ ਸੁਣੀ ਜਾਂਦੀ ਹੈ? ਕੀ

ਅਰਦਾਸ ਦਾ ਉੱਤਰ ਮਿਲਦਾ ਹੈ ? ਸ਼ਾਇਦ ਮਿਲਦਾ ਹੋਵੇ, ਪਰ ਉੱਤਰ ਦੀ ਜ਼ਰੂਰਤ ਨਹੀਂ। ਅਰਦਾਸ ਫਰਜ਼ ਹੈ, ਉੱਤਰ ਗ਼ੈਰ ਜ਼ਰੂਰੀ ਹੈ।

ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਲਿਖਿਆ ਸੀ:-

"ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ: ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ ਉਹ ਖਤੋ ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।"

ਏਸ ਲਿਹਾਜ਼ ਵਿਚ ਸਿਖ ਦੀ ਅਰਦਾਸ ਬਿਲਕੁਲ ਨਿਰਾਲੀ ਚੀਜ਼ ਹੈ! ਇਹ ਅਰਦਾਸ ਨਿਜੀ ਯਾਚਨਾ ਦੀ ਮੰਗ ਕਰਦਿਆਂ ਹੋਇਆਂ ਵੀ ਨਿਜ ਦੇ ਪ੍ਰਾਈਵੇਟ ਲੈਵਲ ਤੋਂ ਉਪਰ ਹੋ ਜਾਂਦੀ ਹੈ, ਕਿਉਂਕਿ ਇਹ ਖ਼ਤਮ ਸਰਬੱਤ ਦੇ ਭਲੇ ਦੀ ਮੰਗ ਵਿਚ ਹੁੰਦੀ ਹੈ। ਸਿਖ ਦੀ ਅਰਦਾਸ ਤਦੇ ਹੀ ਸਫਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉਠਕੇ ਸਰਬੱਤ ਦੇ ਵੱਡੇ ਭਲੇ ਵਿਚ ਲੀਨ ਹੋ ਜਾਵੇ। ਇਹ ਸਰਬੱਤ ਦੀ ਲੀਨਤਾ ਆਪਣੇ ਆਪ ਵਿਚ ਫਲ ਸਰੂਪ ਹੈ। ਸਿਖ ਲਈ ਅਰਦਾਸ ਹੀ ਚੜ੍ਹਦੀ ਕਲਾ ਦਾ ਸਾਧਨ ਹੈ। ਛੋਟੇ ਤੋਂ ਵਡੇ ਹੋਣ ਦਾ ਇਹ ਸਹਿ ਸੁਭਾ ਦਾ ਯਤਨ ਹੈ। ਅਰਦਾਸ ਦਵਾਰਾ ਵੱਡੇ ਹੁੰਦਿਆਂ ਹੀ, ਜਾਂ ਐਉਂ ਕਹੋ ਕਿ ਸਰਬੱਤ ਦੇ ਭਾਵ ਵਿਚ ਲੀਨ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ ਜੋ ਛੋਟੇ ਹੋਣ ਕਰਕੇ ਹਨ। ਸਾਡਾ ਨਿਕਾਰਾਪਨ, ਸਾਡਾ ਕਮੀਨਾਪਨ, ਸਾਡਾ ਛੁਟਦਿਲਾਪਨ, ਸਾਡਾ ਵੱਖਰਾਪਨ, ਇਨ੍ਹਾਂ ਸਭਨਾਂ ਤੋਂ ਐਸ ਤਰ੍ਹਾਂ ਖਹਿੜਾ ਛੁਟ ਜਾਂਦਾ ਹੈ ਤੇ ਮਨੁੱਖ ਐਉਂ ਇਨ੍ਹਾਂ ਤੋਂ ਉਪਰ ਹੋ ਜਾਂਦਾ ਹੈ ਜਿਸ ਤਰ੍ਹਾਂ ਉਸ ਦੇ ਵਡੇ ਹੁੰਦਿਆਂ ਹੀ ਪੁਰਾਣੇ ਕਪੜੇ ਛੋਟੇ ਹੋ ਗਏ ਸਨ। ਏਸੇ ਦਾ ਨਾਮ ਚੜ੍ਹਦੀ ਕਲਾ ਹੈ ਜੋ ਸਰਬੱਤ ਦੇ ਭਲੇ ਦੀ ਭਾਵਲੀਨਤਾ ਤੋਂ ਤਤਖਿਣ ਪ੍ਰਾਪਤ ਹੁੰਦੀ ਹੈ। ਮਾਯਾ ਦੇ ਪਾਪ ਲੀੜੇ ਦਾ ਛੋਟਾ ਰਹਿ ਜਾਣਾ ਤੇ ਮਨੁੱਖ ਦਾ ਇਕ ਸਰਬੱਤੀ ਪੁਰਖ ਹੋਕੇ ਨਿਸ਼ਪਾਪ ਉੱਚਾ ਉਠ ਜਾਣਾ, ਏਸ ਦਾ ਨਾਮ ਚੜ੍ਹਦੀ ਕਲਾ ਹੈ। ਏਸ ਅਵਸਥਾ ਦੀ ਪੂਰਣਤਾ ਹੀ ਸਿਖ ਅਰਦਾਸ ਦੀ ਕਰਾਮਾਤ ਹੈ।

ਸਾਡੀ ਸੁਗਜਾਤ ਲਈ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਅਰਦਾਸ ਦੀ ਜ਼ਰੂਰਤ ਲਈ ਕਿਸ ਪ੍ਰਕਾਰ ਦਾ ਅਲੰਕਾਰ ਪਹਿਲੇ ਟ੍ਰੈਕਟ ਵਿਚ ਬੱਧਾ ਹੈ, ਜੋ ਸੰਨ 1893 ਦੇ ਕਰੀਬ ਉਹਨਾਂ ਲਿਖਿਆ, ਆਪ ਦੀ ਭੇਟ ਕਰਦੇ ਹਾਂ। ਜੋ ਲੋਕ ਆਪ ਨੂੰ ਇਹ ਸ਼ੰਕਾ ਪਾ ਦੇਂਦੇ ਹਨ ਕਿ ਪ੍ਰਾਰਥਨਾ ਕਰਨੀ ਵਿਅਰਥ ਹੈ, ਇਸ ਦੇ ਪੜ੍ਹਨ ਤੋਂ ਇਸ ਦਾ ਉੱਤਰ ਆਪ ਨੂੰ ਇਕ ਅਤਿ ਸਿਖਜਾਦਾਇਕ ਪ੍ਰਸੰਗ ਦੁਆਰਾ ਸਾਖਜਾਤ ਹੋ ਜਾਵੇਗਾ। ਲਓ ਪੜੋ:- (ਡਾ. ਬਲਬੀਰ ਸਿੰਘ, ਖਾ: ਸ: 27-9-2007)

 www.sikhbookclub.com

**ਪ੍ਰਾਰਥਨਾ:-** **ਤੂ ਠਾਕੁਰੁ ਤੁਮ ਪਹਿ ਅਰਦਾਸਿ॥**
**ਜੀਉ ਪਿੰਡੁ ਸਭੁ ਤੇਰੀ ਰਾਸਿ॥** (ਸੁਖਮਨੀ-੨੬੮)

'ਪ੍ਰਾਰਥਨਾ' ਵਿਸ਼ੇ ਪੁਰ ਇਕ ਮਨੋਹਰ ਵਾਰਤਾ'

**ਸਦ ਬਖਸਿੰਦੁ ਸਦਾ ਮਿਹਰਵਾਨਾ**
**ਸਭਨਾ ਦੇਇ ਅਧਾਰੀ॥** (ਟੋਡੀ. ਮ. ੫-੭੧੩)

ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਤੇ ਉਦਾਰਤਾ ਕੌਣ ਨਹੀਂ ਜਾਣਦਾ। ਪੰਜਾਬ ਵਰਗੇ ਫ਼ਸਾਦਾਂ ਨਾਲ ਭਰਪੂਰ ਦੇਸ਼ ਨੂੰ ਜਿੱਤਣਾ, ਜਿਥੇ ਚੱਪੇ ਚੱਪੇ ਤੇ ਅੱਡ ਰਾਜ ਸੀ ਤੇ ਹਰੇਕ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝਦਾ ਸੀ, ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਇਸ ਕਰਕੇ ਮਹਾਰਾਜਾ ਨੂੰ ਵਡੀਆਂ ਵਡੀਆਂ ਭੀੜਾਂ ਤੇ ਮੁਹਿੰਮਾਂ ਪੈਂਦੀਆਂ ਰਹੀਆਂ, ਪਰ ਉਹ ਸ਼ੇਰ-ਦਿਲ ਕਦੀ ਨਹੀਂ ਘਾਬਰਿਆ। ਔਕੜ ਵੇਲੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਨੀ ਤੇ ਕਾਰਜ ਸਿੱਧ ਲੈ ਲੈਣੇ।

ਇਕ ਵਾਰੀ ਇਕ ਵੱਡਾ ਸਰਦਾਰ, ਜੋ ਪਹਿਲੇ ਧਾੜਵੀ ਸੀ, ਆਕੀ ਹੋ ਗਿਆ। ਇਸ ਨੂੰ ਮਹਾਰਾਜਾ ਨੇ ਵੱਡੇ ਔਖ ਨਾਲ ਜਿੱਤਿਆ ਅਤੇ ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ। ਕੈਦ ਵਿਚ ਇਹ ਸਰਦਾਰ ਸਦੀਵ ਪਰਮੇਸ਼ਰ ਤੇ ਮਨੁੱਖਾਂ ਨੂੰ ਗਾਲ੍ਹਾਂ ਦਿੰਦਾ, ਤੇ ਜੋ ਮੂੰਹ ਪਰ ਆਉਂਦੀ ਬਕਦਾ ਰਹਿੰਦਾ। ਕਰਤਾਰ ਪਰ ਵਿਸ਼ਵਾਸ਼ ਰਖਣਾ ਸਰਬ ਸੁਖਾਂ ਦੀ ਖਾਣ ਹੈ, ਪਰ ਇਹ ਮਹਾਂ ਉੱਤਮ ਪਦਾਰਥ ਬੀ ਇਸ ਅਪਰਾਧੀ ਦੇ ਹਿਰਦੇ ਥੋਂ ਉਡਕੇ ਇਸ ਨੂੰ ਇਕ ਅਜਿਹੀ ਅੱਗ ਵਿਚ ਸਿੱਟ ਗਿਆ, ਕਿ ਜਿਸ ਵਿਚ ਆਦਮੀ ਮਰਦਾ ਤਾਂ ਨਹੀਂ, ਪਰ ਸਦੀਵ ਸੜਦਾ ਰਹਿੰਦਾ ਹੈ। ਕੈਦਖਾਨੇ ਦੀਆਂ ਡਰਾਉਣੀਆਂ ਕੰਧਾਂ ਇਸ ਨੂੰ ਖਾਣ ਨੂੰ ਪੈਂਦੀਆਂ ਤੇ ਹਨੇਰੇ ਵਿਚ ਅਨੇਕ ਪ੍ਰਕਾਰ ਦੇ ਭੈ ਇਸ ਦੀਆਂ ਅੱਖਾਂ ਅੱਗੇ ਆ ਆ ਕੇ ਇਸ ਦੇ ਦੁਖਾਂ ਨੂੰ ਦੂਣਾ ਕਰਦੇ। ਜਦ ਕੋਈ ਸਰਕਾਰੀ ਨੌਕਰ ਇਸ ਨੂੰ ਅੰਨ ਪਾਣੀ ਦੇਣ ਆਉਂਦਾ ਤਾਂ ਇਹ ਮਹਾਰਾਜਾ ਸਾਹਿਬ ਨੂੰ ਹਜ਼ਾਰ ਹਜ਼ਾਰ ਗਾਲ੍ਹ ਇਕੋ ਰਾਬੇ ਸੁਣਾਉਂਦਾ। ਇਕ ਦਿਨ ਇਹ ਦੁਖੀ ਸਮਾਂ ਕੱਟਣ ਲਈ ਆਪਣੀ ਕੁਟੀਆ ਦੇ ਜਾਲੇ ਫਰੋਲ ਰਿਹਾ ਸੀ, ਅਚਾਨਕ ਇਕ ਪੁਰਾਣੀ ਪੋਥੀ ਹੱਥ ਲੱਗੀ। ਉਸ ਨੂੰ ਲੈਕੇ ਪੜ੍ਹਨ ਬੈਠ ਗਿਆ। ਵਿਹਲਿਆਂ ਹੋਣ ਕਰਕੇ ਇਸ ਦਾ ਦਿਲ ਪੋਥੀ ਵਿਚ ਖੁਭਦਾ ਗਿਆ। ਛੇਕੜ ਇਕ ਤੁਕ ਪੁਰ ਪਹੁੰਚਾ:-

**ਸਦ ਬਖਸਿੰਦੁ ਸਦਾ ਮਿਹਰਵਾਨਾ**
**ਸਭਨਾ ਦੇਇ ਅਧਾਰੀ॥** (ਟੋਡੀ ਮ: ੫-੪-੭੧੩)

ਇਸ ਤੁਕ ਨੂੰ ਪੜ੍ਹਕੇ ਉਹ ਇਕ ਪ੍ਰਕਾਰ ਦੇ ਵਹਿਣ ਵਿਚ ਪੈ ਗਿਆ ਕਿ ਕੀ ਪਰਮੇਸ਼ੁਰ, ਜਿਸ ਨੂੰ ਮੈਂ ਇਕ ਡਰਾਉਣਾ ਭੂਤ ਸਮਝਦਾ ਹਾਂ, ਇੱਡਾ ਕ੍ਰਿਪਾਲੂ ਹੈ ਕਿ ਸਦੀਵ ਬਖਸ਼ਦਾ ਤੇ ਦਇਆ ਕਰਦਾ ਹੈ? ਅਤੇ ਪਾਪੀ ਪੁੰਨਾਤਮਾ ਸਭ ਨੂੰ ਆਸਰਾ ਦਿੰਦਾ ਹੈ? ਕੀ ਉਸ ਕ੍ਰਿਪਾ ਸਾਗਰ ਦੀ ਮਿਹਰ ਦੀ ਛਾਂ ਹੇਠ ਮੈਂ ਨਹੀਂ ਆ ਸਕਦਾ?

ਆਪ ਜਾਣਦੇ ਹੋ, ਜਦ ਆਦਮੀ ਦੁਨੀਆਂ ਦੇ ਹੱਥੋਂ ਸਤ ਜਾਂਦਾ ਹੈ ਤਾਂ ਉਸ ਦਾ ਮਨ ਸਚਾਈ ਦੇ ਪਰਵਾਨ ਕਰਨ ਨੂੰ ਸੁਤੇ ਹੀ ਤਿਆਰ ਹੋ ਜਾਂਦਾ ਹੈ। ਉਸ ਤੁਕ ਦੇ ਪਵਿਤ੍ਰ ਭਾਵ ਨੇ ਇਸ ਡੁਬਦੇ ਪੁਰਖ ਨੂੰ ਸਹਾਰਾ ਦਿਤਾ।

ਇਕ ਰਾਤ ਮੀਂਹ ਹਨੇਰੀ ਤੇ ਵਰਖਾ ਨੇ ਉਹ ਤਰਥੱਲੀ ਮਚਾਈ ਕਿ ਕੈਦੀ ਨੂੰ ਨੀਂਦ ਨਾ ਆਈ ਅਰ ਇਸ ਸੋਚ ਵਿਚ ਸਾਰੀ ਰਾਤ ਬੀਤ ਗਈ ਕਿ ਮੈਂ ਪਾਪੀ ਹਾਂ ਤੇ ਪਰਮਾਤਮਾ ਸਭ ਨੂੰ ਸਹਾਰਾ ਦਿੰਦਾ ਹੈ, ਕੀ ਮੈਨੂੰ ਬੀ ਪਰਮੇਸ਼ੁਰ ਬਖਸ਼ੇਗਾ, ਕੀ ਮੇਰੇ ਪਾਪ ਬੀ ਖਿਮਾ ਹੋ ਸਕਦੇ ਹਨ। ਇਨ੍ਹਾਂ ਸੋਚਾਂ ਦਾ ਫਲ ਇਹ ਹੋਇਆ ਕਿ ਇਸ ਪਾਪੀ ਦੇ ਦਿਲ ਵਿਚ ਸੱਚਾ ਪਛੁਤਾਵਾ ਆਇਆ ਤੇ ਹੱਥ ਜੋੜ ਕੇ ਪ੍ਰਾਰਥਨਾ ਕਰਨ ਲੱਗਾ:-

"ਹੇ ਅਕਾਲ ਪੁਰਖ! ਮੈਂ ਆਪਣੀ ਜੁਆਨੀ ਦੇ ਦਿਨਾਂ ਵਿਚ ਕਈ ਆਦਮੀ ਬੇਦੋਸ਼ ਮਾਰੇ ਤੇ ਸੈਂਕੜੇ ਇਸਤ੍ਰੀਆਂ ਵਿਧਵਾ ਤੇ ਅਣਗਿਣਤ ਬਾਲ ਅਨਾਥ ਕੀਤੇ। ਤੇਰੀ ਸ੍ਰਿਸ਼ਟੀ ਨੂੰ ਦੁਖ ਦਿੱਤਾ ਤੇ ਛੇਕੜ ਪਾਤਸ਼ਾਹ ਦਾ, ਜਿਸਨੇ ਮੈਨੂੰ ਧਾੜਵੀ ਥੋਂ ਸਰਦਾਰ ਬਣਾਇਆ ਸੀ, ਦੁਸ਼ਮਨ ਹੋ ਗਿਆ। ਹੇ ਪਿਤਾ! ਮੈਥੋਂ ਵਧਕੇ ਪਾਪੀ ਕੋਈ ਨਹੀਂ, ਮੈਂ ਕੁੰਭੀ ਨਰਕ ਦੇ ਜੋਗ ਹਾਂ, ਪਰ ਆਪ ਬਖਸ਼ਿੰਦ ਹੋ, ਮੈਨੂੰ ਬੀ ਬਖਸ਼ੋ"। ਇਸ ਪ੍ਰਕਾਰ ਢੇਰ ਚਿਰ ਪ੍ਰਾਰਥਨਾ ਕਰਦਾ ਰਿਹਾ। ਦਿਨ ਹੋਏ ਫੇਰ ਉਹੋ ਪੋਥੀ ਪੜ੍ਹਨ ਲੱਗਾ, ਤਾਂ ਇਹ ਸ਼ਬਦ ਪੜ੍ਹਿਆ:- "**ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥੧॥**" ਆਦਿ। (ਸਿਰੀ, ਮ:੫,ਪੰਨਾ ੭੦)

ਇਹ ਸਾਰਾ ਸ਼ਬਦ ਪੜ੍ਹ ਕੇ ਕੈਦੀ ਨੂੰ ਵੱਡਾ ਅਨੰਦ ਪ੍ਰਾਪਤ ਹੋਇਆ ਤੇ ਆਪਣੇ ਆਪ ਵਿਚ ਹੀ ਕਹਿਣ ਲੱਗਾ ਕਿ ਅਗੇ ਮੈਂ ਆਪਣੇ ਆਪ

 www.sikhbookclub.com

ਨੂੰ ਅਤਿ ਦੁਖੀ ਸਮਝਦਾ ਸਾਂ, ਪਰ ਹੁਣ ਮੈਂ ਅਨੰਦ ਹਾਂ, ਮੇਰੇ ਸਭ ਸੰਕਟ ਨਿਵਿਰਤ ਹੋ ਗਏ, ਜਿਸ ਦਾ ਕਾਰਨ ਈਸ਼੍ਵਰ ਪੁਰ ਭਰੋਸਾ ਤੇ ਉਸ ਦੀ ਬਿਅੰਤ ਦਇਆ ਹੈ। ਮੇਰਾ ਦਿਲ, ਜੋ ਸਮੁੰਦਰ ਦੀਆਂ ਲਹਿਰਾਂ ਵਾਂਗੂ ਡੋਲ ਰਿਹਾ ਸੀ, ਹੁਣ ਸ਼ਾਂਤ ਹੈ। ਇਸ ਪ੍ਰਕਾਰ ਕਰਤਾਰ ਪੁਰ ਭਰੋਸਾ ਕਰਕੇ ਸੱਚੇ ਪਛੁਤਾਵੇ ਤੇ ਉਪਾਸ਼ਨਾ ਥੋਂ ਇਹ ਅਪ੍ਰਾਧੀ ਸੁਖੀ ਹੋ ਗਿਆ ਤੇ ਉਸ ਦੇ ਸਭ ਸੰਕਟ ਨਿਵਿਰਤ ਹੋ ਗਏ। ਦਿਨੋਂ ਦਿਨ ਪਾਠ ਵਿਚ ਵੱਧ ਤੋਂ ਵੱਧ ਪ੍ਰੇਮੀ ਹੁੰਦਾ ਗਿਆ ਅਰ ਇਕ ਗ੍ਰੰਥੀ ਨੂੰ ਸਦਵਾ ਕੇ ਉਸ ਥੋਂ ਕਈ ਸ਼ਬਦਾਂ ਦੇ ਅਰਥ ਸਮਝਦਾ। ਇਨ੍ਹਾਂ ਗੱਲਾਂ ਦਾ ਫਲ ਇਹ ਹੋਇਆ ਕਿ ਕੈਦੀ ਦਾ ਵਰਤੋਂ ਵਰਤਾਰਾ ਹੋਰ ਦਾ ਹੋਰ ਹੋ ਗਿਆ। ਹਰੇਕ ਨਾਲ ਮਿੱਠਾ ਬੋਲੇ, ਨਿੰਮ੍ਰਤਾ ਨਾਲ ਵਰਤੇ। ਸਾਰੇ ਲੋਕ ਹੈਰਾਨ ਸਨ ਕਿ ਇਹ ਅਚਰਜ ਖੇਡ ਕੀਹ ਵਰਤ ਗਈ ਜੋ ਇਸ ਦਾ ਸੁਭਾਉ ਅਜਿਹਾ ਵਟੀਜ ਗਿਆ।

ਇਸ ਥੋਂ ਕੁਝ ਦਿਨ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਰੁਹਤਾਸ ਆ ਡੇਰੇ ਲਾਏ। ਉਸ ਰਾਤ ਆਪ ਢਿੱਲੇ ਹੋ ਗਏ। ਦਵਾਵਾਂ ਦਰਮਲਾਂ ਸਭ ਅੱਫਲ ਗਈਆਂ। ਜਦ ਅੱਧੀ ਰਾਤ ਤੀਕ ਨੀਂਦ ਨਾ ਆਈ ਤਾਂ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਹੇ ਕਰਤਾਰ! ਮੈਨੂੰ ਨੀਂਦ ਬਖਸ਼। ਝੱਟ ਅੱਖ ਲੱਗ ਗਈ ਤੇ ਸਵੇਰੇ ਰਾਜ਼ੀ ਖੁਸ਼ੀ ਉਠੇ। ਵਜ਼ੀਰ ਧਿਆਨ ਸਿੰਘ ਨੂੰ ਸਦਾ ਕੇ ਬੋਲੇ:- "ਰਾਜਾ ਜੀ, ਵਾਹਿਗੁਰੂ ਨੇ ਮੇਰੀ ਬੇਨਤੀ ਸੁਣੀ ਤੇ ਮੈਨੂੰ ਆਰਾਮ ਬਖਸ਼ਿਆ। ਮੈਂ ਅੱਜ ਉਸ ਸਿਰਜਣਹਾਰ ਦੇ ਧੰਨਵਾਦ ਵਿਚ ਚਾਹੁੰਦਾ ਹਾਂ ਕਿ ਇਕ ਭਾਰੇ ਕੈਦੀ ਨੂੰ ਛੁਟਕਾਰਾ ਦਿਆਂ।" ਰਾਜਾ ਬੋਲਿਆ, "ਸੱਚੇ ਪਾਤਸ਼ਾਹ! ਇਸੇ ਕਿਲ੍ਹੇ ਵਿਚ ਇਕ ਧਾੜਵੀ ਸਰਦਾਰ ਕੈਦ ਹੈ, ਉਸ ਦੀ ਕੈਦ ਭੀ ਕਰੜੀ ਹੈ ਤੇ ਆਪ ਦੀ ਮਿਹਰ ਦੇ ਜੋਗ ਇਸ ਵੇਲੇ ਉਹੋ ਹੀ ਹੈ।" ਮਹਾਰਾਜ ਦਾ ਹੁਕਮ ਹੋ ਗਿਆ। ਝੱਟ ਕੈਦੀ ਨੂੰ ਛੁਟਕਾਰੇ ਦੀ ਖ਼ੁਸ਼ਖ਼ਬਰੀ ਸੁਣਾਈ ਗਈ ਅਰ ਮਹਾਰਾਜੇ ਦੇ ਪੇਸ਼ ਕੀਤਾ ਗਿਆ। ਆਪ ਨੇ ਹੱਸ ਕੇ ਪੁਛਿਆ, "ਕਿਉਂ ਭਈ ਅਜੇ ਸਿੱਧਾ ਹੋਇਆ ਹੈਂ ਕਿ ਨਹੀਂ?" ਇਸ ਦੇ ਉੱਤਰ ਵਿਚ ਉਸ ਨੇ ਕੈਦਖਾਨੇ ਦਾ ਸਾਰਾ ਸਮਾਚਾਰ ਸੁਣਾ ਕੇ ਕਿਹਾ ਕਿ ਮਹਾਰਾਜ ਆਪ ਦੀ ਕ੍ਰਿਪਾ ਨਾਲ ਮੈਂ ਧਾੜਵੀ ਥੋਂ ਸਰਦਾਰ ਬਣਿਆ ਤੇ ਆਪ ਦੀ ਹੀ ਕੈਦ ਵਿਚ ਆਪਣੇ ਸੱਚੇ ਪਿਤਾ ਪਰਮੇਸ਼ੁਰ ਦੇ ਪ੍ਰੇਮ ਥੀਂ ਜਾਣੂ ਹੋਇਆ। ਹੁਣ ਮੈਨੂੰ ਸੱਚੀ ਖੁਸ਼ੀ ਪ੍ਰਾਪਤ ਹੈ, ਮੇਰਾ ਮਨ

 www.sikhbookclub.com

ਵਾਹਿਗੁਰੂ ਦੇ ਪ੍ਰੇਮ ਵਿਚ ਮਗਨ ਹੈ। ਇਸ ਕੈਦ ਥੀਂ ਭੀ ਉਸੇ ਦੀ ਬਿਅੰਤ ਦਇਆ ਨਾਲ ਖਲਾਸੀ ਹੋਈ ਹੈ ਤੇ ਅੰਤ ਨੂੰ ਬੀ ਮਹਾਂ ਭੌਜਲ ਥੋਂ ਉਸ ਨੇ ਛੁਟਕਾਰਾ ਬਖਸ਼ਣਾ ਹੈ। ਜਿਹਾ ਕੁ ਵਾਕ ਹੈ:-

**ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ॥**
(ਰਾਮ: ਵਾਰ: ਮ: ੫, ਪੰਨਾ-੯੬੨)

ਮਹਾਰਾਜਾ ਇਹ ਗੱਲਾਂ ਸੁਣਕੇ ਵੱਡਾ ਪ੍ਰਸੰਨ ਹੋਇਆ, ਅਰ ਉਸ ਨੂੰ ਫੇਰ ਸਰਦਾਰੀ ਦੇਣ ਲੱਗਾ, ਪਰ ਉਸ ਨੇ ਨੱਕ ਨਾ ਧਰਿਆ (ਭਾਵ ਸਰਦਾਰੀ ਲੈਣੀ ਪ੍ਰਵਾਣ ਨਾ ਕੀਤੀ) ਅਰ ਇਹ ਕਹਿ ਕੇ ਚਲਾ ਗਿਆ:-

**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥**
(ਸਿਰੀ, ਮ: ੧, ਪੰਨਾ ੧੪)

ਪਿਆਰੇ ਪਾਠਕੋ! ਰਤਾ ਸੋਚੋ ਕਿ ਪਰਮੇਸ਼ੁਰ ਪੁਰ ਨਿਸ਼ਚਾ ਕਰਨਾ ਤੇ ਉਸ ਦੀ ਸੇਵਾ ਵਿਚ ਪ੍ਰਾਰਥਨਾ ਕਰਨੀ, ਮਨ ਨੂੰ ਕਿੱਡੇ ਸ਼ਾਂਤਦਾਇਕ ਹਨ। ਦੁਖ, ਸੰਕਟ, ਕਸ਼ਟ ਕੁਝ ਬੀ ਦੁਖਦਾਈ ਨਹੀਂ ਭਾਸਦੇ। ਕਦੀ ਕਿਸੇ ਮਨਮਤੀਏ ਦੀ ਇਸ ਗੱਲ ਪੁਰ ਨਾ ਪਤੀਆ ਕਰੋ ਕਿ "ਪ੍ਰਾਰਥਨਾ ਕਰਨੀ ਵਿਅਰਥ ਹੈ", ਸਦਾ ਇਸ ਗੱਲ ਨੂੰ ਚੇਤੇ ਰਖੋ ਕਿ ਰੱਬ ਸਾਡਾ ਦਇਆਲੂ ਪਿਤਾ ਹੈ ਤੇ ਅਸੀਂ ਭੁੱਲਣਹਾਰ ਪੁਤ੍ਰ ਹਾਂ:-

**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥**
**ਕਰਿ ਉਪਦੇਸੁ ਝਿੜਕੇ ਬਹੁਭਾਤੀ ਬਹੁੜਿ ਪਿਤਾ ਗਲਿ ਲਾਵੈ॥**
(ਸੋਰਠ ਮ: ੫, ਪੰਨਾ ੬੨੪)

ਪਰਮੇਸਰੁ ਸਾਡੇ ਨਾਲ ਪ੍ਰੇਮ ਕਰਦਾ ਹੈ ਅਰ ਉਸ ਨੂੰ ਪ੍ਰਾਪਤ ਕਰਨ ਦੀ ਕੁੰਜੀ ਬੀ ਉਸ ਨਾਲ ਪ੍ਰੇਮ ਕਰਨਾ ਹੈ। ਦਸਮ ਗੁਰੂ ਜੀ ਦਾ ਵਾਕ ਹੈ:-

**ਸਾਚ ਕਹੌਂ ਸੁਨਿ ਲੇਹੁ ਸਭੈਜਿਨ**
**ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ॥** (ਪਾ-੧੦)

ਇਹ ਦੁਨੀਆ ਥੋੜੇ ਦਿਨ ਹੈ, ਅੰਤ ਨੂੰ ਪਰਮੇਸ਼ੁਰ ਦੀ ਦਰਗਾਹੇ ਚਲਣਾ ਹੈ, ਜਿਥੇ ਭਲੇ ਬੁਰੇ ਕੰਮਾਂ ਦਾ ਨਿਸਤਾਰਾ ਹੋਣਾ ਹੈ। ਜਾਂ ਸਦਾ ਦੀ ਖੁਸ਼ੀ ਜਾਂ ਚੁਰਾਸੀ ਲੱਖ ਜੂਨ ਦਾ ਨਰਕ। ਤਾਂ ਤੇ ਭਲਾ ਇਹ ਹੈ ਕਿ ਉਸ ਪਾਪੀ

 www.sikhbookclub.com

ਵਾਂਗੂ ਇਸੇ ਜਗਤ ਵਿਚ ਪਿਤਾ ਥੋਂ ਪਾਪ ਬਖਸ਼ਾ ਕੇ ਕੁਝ ਭਜਨ ਰੂਪੀ ਖੇਪ ਲੱਦ ਲਓ। ਜਗਤ ਦਾ ਵਿਹਾਰ ਸ਼ੁੱਧ ਰਖੋ ਤੇ ਮਨ ਕਰਤਾਰ ਵਲ ਰੱਖੋ ਅਰ ਸਦੀਵ ਇਹ ਪ੍ਰਾਰਥਨਾ ਕਰੋ:-

ਬਿਲਾਵਲੁ ਮਹਲਾ ੫॥
ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ॥੧॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ ਨਿਰਗੁਨ ਦਾਤਾਰੇ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥
ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥੩॥
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥੪॥
(ਪੰਨਾ-੮੦੯)

ਮਾਝ ਮਹਲਾ ੫॥
ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥
ਜੀਅ ਜੰਤੁ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥੩॥
ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ॥੪॥੨੪॥
(ਪੰਨਾ-੧੦੩)

(ਟ੍ਰੈਕਟ ਨੰ. ੧, ੧੯੬੩ -ਭਾਈ ਵੀਰ ਸਿੰਘ)

 www.sikhbookclub.com

## 14. ਸਚਾ ਰਾਹ

**ਇਕ** ਸਮੇਂ ਦੀ ਗਲ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀਵਾਨ ਵਿਚ ਬਿਰਾਜਮਾਨ ਸਨ, ਅਰ ਦੂਰ ਦੂਰ ਤੇ ਆਏ ਹੋਏ ਸਿਖ ਅਪਨੀਆਂ ਬੇਨਤੀਆਂ ਕਰਦੇ ਤੇ ਮੁਰਾਦਾਂ ਹਾਸਲ ਕਰ ਰਹੇ ਸਨ। ਉਸ ਵੇਲੇ ਇਕ ਬੇਨਤੀ ਮਹਾਰਾਜ ਜੀ ਦੀ ਕੰਨੀਂ ਇਹ ਪਈ ਕਿ ਸਚੇ ਪਾਤਸ਼ਾਹ! ਅਸੀਂ ਆਪ ਦੇ ਪਿਤਾਮਾ ਗੁਰੂ ਸ੍ਰੀ ਗੁਰੂ ਅਮਰਦੇਵ ਜੀ ਪਾਸ ਆਏ ਸੀ ਅਰ ਬੇਨਤੀ ਕੀਤੀ ਸੀ ਕਿ ਸਚੇ ਪਾਤਸ਼ਾਹ ਸਾਡੇ ਪਰ ਕੁਝ ਕ੍ਰਿਪਾ ਕੀਜੀਏ। ਸਚੇ ਪਾਤਸ਼ਾਹ ਜੀ ਨੇ ਬੜੀ ਕ੍ਰਿਪਾ ਕਰਕੇ ਆਗਿਆ ਕੀਤੀ ਸੀ ਕਿ ਤੁਸੀਂ ਜਪੁਜੀ ਸਾਹਬ ਦੇ ਪੰਜ ਪਾਠ ਰੋਜ਼ ਸਵੇਰੇ ਕੀਤਾ ਕਰੋ, ਸੰਝ ਨੂੰ ਰਹੁਰਾਸ ਤੇ ਰਾਤ੍ਰ ਨੂੰ ਸੋਹਲਾ ਹਿਤ ਨਾਲ ਪੜ੍ਹਿਆ ਕਰੋ। ਸੋ ਸਚੇ ਪਾਤਸ਼ਾਹ! ਮੁਦਤਾਂ ਹੋ ਗਈਆਂ ਹਨ ਸਾਨੂੰ ਇਸ ਪ੍ਰਕਾਰ ਕਰਦਿਆਂ। ਆਪਦੇ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਅਸੀਂ ਹਾਜ਼ਰ ਹੋਏ ਸਾਂ, ਪਰ ਉਨ੍ਹਾਂ ਬੀ ਇਹੀ ਬਚਨ ਕੀਤਾ ਸੀ ਕਿ ਬਾਣੀ ਪੜ੍ਹਿਆ ਕਰੋ, ਤੇ ਆਏ ਗਏ ਗ੍ਰੀਬ ਲੋੜਵੰਦ ਦੀ ਸੇਵਾ ਕਰਿਆ ਕਰੋ। ਸਚੇ ਪਾਤਸ਼ਾਹ ਅਸੀਂ ਜਥਾ ਸ਼ਕਤ ਅਜ ਤਕ ਇਹੋ ਕਰਦੇ ਰਹੇ ਹਾਂ, ਪਰ ਕੀ ਕਹੀਏ ਮੂੰਹ ਨਿਕਾ ਹੈ, ਗਲ ਕਰਨੋਂ ਡਰ ਲਗਦਾ ਹੈ।

ਗੁਰੂ ਸਾਹਬ ਜੀ ਨੇ ਕ੍ਰਿਪਾ ਪੂਰਬਕ ਬਚਨ ਕੀਤਾ ਕਿ ਤੁਸੀਂ ਕਿਸੇ ਪ੍ਰਕਾਰ ਦਾ ਡਰ ਨਾ ਕਰੋ, ਅਰ ਅਪਨਾ ਮਨੋਰਥ ਖੁਲਾਸਾ ਹੋ ਕੇ ਕਹੋ ਦਿਓ। ਤਦ ਉਨ੍ਹਾਂ ਨੇ ਹਥ ਜੋੜਕੇ ਬਿਨੈ ਕੀਤੀ ਕਿ ਸਚੇ ਪਾਤਸ਼ਾਹ! ਬਾਣੀ ਤਾਂ ਪੜ੍ਹਦੇ ਹਾਂ ਸੇਵਾ ਬੀ ਕਰਦੇ ਹਾਂ ਪਰ ਮਨ ਨਹੀਂ ਟਿਕਦਾ। ਅਸੀਂ ਸੋਚਦੇ ਹਾਂ ਕਿ ਸਾਡਾ ਜਨਮ ਹੀ ਅਕਾਰਥ ਹੋਇਆ, ਖਬਰੇ ਕੀ ਭੁਲ ਸਾਡੇ

ਵਿਚ ਪਈ ਹੈ ਕਿ ਐਸੀ ਅੰਮ੍ਰਿਤ ਬਾਣੀ ਦੇ ਪਾਠ ਵੇਲੇ ਬੀ ਹਰਿਆਰ ਪਸੂ ਵਾਂਙ ਮਨ ਦੌੜਿਆ ਹੀ ਫਿਰਦਾ ਹੈ, ਇਕ ਪਲ ਟਿਕਕੇ ਨਹੀਂ ਬੈਠਦਾ। ਕ੍ਰਿਪਾ ਕਰੋ ਤੇ ਅਪਨੇ ਦਰੋਂ ਘਰੋਂ ਦਾਤ ਬਖ਼ਸ਼ੋ, ਜੋ ਇਹ ਅਮੋੜ ਥੀ ਕਿਸੇ ਤਰਾਂ ਕਾਬੂ ਆ ਜਾਵੇ, ਅਰ ਅਸੀਂ ਇਸਦੇ ਟਿਕਾਉ ਦਾ ਕੋਈ ਅਨੰਦ ਬੀ ਦੇਖ ਲਵੀਏ।

ਇਹ ਬਚਨ ਸੁਣਕੇ ਸਚੇ ਪਾਤਸ਼ਾਹ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਉਨ੍ਹਾਂ ਵਲ ਤਕਿਆ, ਅਰ ਇਉਂ ਪੁਛਣ ਲਗੇ: ਭਲੇ ਪੁਰਖੋ! ਇਹ ਦਸੋ ਕਿ ਜਦ ਪਹਲੇ ਆਪ ਤੁਸੀਂ ਸ੍ਰੀ ਗੁਰੂ ਅਮਰਦੇਵ ਜੀ ਪਾਸ ਆਏ ਸਾਓ, ਕੀ ਤੁਹਾਨੂੰ ਪਤਾ ਸੀ ਕਿ ਮਨ ਦਾ ਖੜੋਨਾ ਤੇ ਨਾ ਖੜੋਨਾ ਕੀ ਹੁੰਦਾ ਹੈ? ਤੁਸੀਂ ਕਦੀ ਸਮਝਦੇ ਸਾਓ, ਕਿ ਤੁਸੀਂ ਅਰ ਮਨ ਦੋ ਚੀਜ਼ਾਂ ਹੋ ਅਰ ਇਹ ਗਲ ਕਦੇ ਲਖਦੇ ਸਾਉ ਕਿ ਮਨ ਦੇ ਟਿਕਣੇ ਕਰਕੇ ਕੋਈ ਸੁਖ ਹੁੰਦਾ ਹੈ?

ਸਿਖ ਹਥ ਜੋੜਕੇ ਬੋਲੇ-ਪਾਤਸ਼ਾਹ! ਉਸ ਵੇਲੇ ਤਾਂ ਇਹ ਖਬਰ ਨਹੀਂ ਸੀ। ਓਦੋਂ ਤਾਂ ਕੇਵਲ ਦੇਖਾ ਦੇਖੀ ਆ ਗਏ ਸਾਂ, ਅਰ ਲੋਕਾਂ ਨੂੰ ਉਪਦੇਸ਼ ਲੈਂਦੇ ਦੇਖਕੇ ਚਾ ਆ ਗਿਆ ਕਿ ਅਸੀਂ ਬੀ ਕੁਝ ਪੁਛ ਲਵੀਏ। ਪਰ ਇਹ ਨਾ ਆਹੁੜੇ ਕਿ ਕੀ ਪੁਛੀਏ, ਇਸ ਕਰਕੇ ਬੇਨਤੀ ਕੀਤੀ ਸੀ ਕਿ ਮਹਾਰਾਜ ਸਾਡੇ ਪਰ ਬੀ ਕ੍ਰਿਪਾ ਕਰੋ। ਚਿਤ ਵਿਚ ਇਹ ਭਰੋਸਾ ਸੀ, ਕਿ ਇਹ ਜਗਤ ਦੇ ਗੁਰੂ ਹਨ, ਜੋ ਕੁਝ ਕਰਨਗੇ ਭਲਾ ਹੀ ਕਰਨਗੇ। ਭਾਵੇਂ ਸਾਜ਼ ਸਮਝ ਨਹੀਂ ਹੈ, ਪਰ ਆਪ ਤਾਂ ਸਭ ਗਲ ਦੀ ਸੋਝੀ ਵਾਲੇ ਸਨ। ਸੋ ਜੋ ਕੁਝ ਉਨ੍ਹਾਂ ਬਖਸ਼ਿਆ ਅਸਾਂ ਕੀਤਾ, ਪਰ ਸਾਡੇ ਭਾਗ।

ਗੁਰੂ ਸਾਹਿਬ— ਕੀ ਤੁਹਾਨੂੰ ਅਪਨੀ ਹਾਨੀ ਦੀ ਖਬਰ ਬੀ ਨਾ ਹੋਈ, ਅਪਨਾ ਘਾਟਾ ਅਪਨੇ ਔਗਣ ਬੀ ਨਾ ਦਿਸੇ?

ਸਿਖ— ਜੀ ਔਗੁਣ ਤਾਂ ਦਿਸ ਪਏ, ਦਿਸੇ ਹੀ ਤਾਂ ਹੁਣ ਬੇਨਤੀਆਂ ਕਰ ਰਹੇ ਹਾਂ।

ਗੁਰੂ ਜੀ— ਫੇਰ ਇੰਨਾਂ ਲਾਭ ਬਾਣੀ ਨੇ ਥੋੜਾ ਪੁਚਾਇਆ ਕਿ ਤੁਹਾਨੂੰ ਅਪਨੇ ਘਾਟੇ ਦੀ ਖਬਰ ਪੈ ਗਈ। ਤੁਹਾਡੇ ਘਰ ਨੂੰ ਚੋਰਾਂ ਨੇ ਸੰਨ੍ਹ ਲਾਈ ਸੀ, ਤੁਸੀਂ ਸੁਤੇ ਪਏ ਸੀ, ਜੇ ਸੁਤੇ ਹੀ ਰਹਿੰਦੇ ਤਾਂ ਚੋਰ ਲੁਟ ਲੈ ਜਾਂਦੇ, ਅਰ ਤੁਹਾਨੂੰ ਪਤਾ ਬੀ ਨਾ ਲਗਦਾ ਕਿ ਕੀ ਵਰਤ ਗਿਆ। ਜਦ ਜਾਗਦੇ ਫੇਰ ਦੇਖਦੇ, ਹਥ ਮਲਦੇ, ਬੁਲ ਟੁਕਦੇ ਤੇ ਪਛਤਾਉਂਦੇ, ਪਰ ਫੇਰ-

 www.sikhbookclub.com

'ਹੁਣ ਸੁਣੀਐ ਕਿ ਆਰੂ ਆਇਆ' ਵਾਲੀ ਗਲ ਹੁੰਦੀ। ਸ਼ੁਕਰ ਕਰੋ ਅਕਾਲ ਪੁਰਖ ਦਾ ਅਰ ਸਚੇ ਸਤਗੁਰਾਂ ਦਾ ਕਿ ਜਿਨ੍ਹਾਂ ਨੇ ਤੁਹਾਨੂੰ ਲੁਟੇ ਜਾਣ ਤੋਂ ਪਹਲੇ ਜਗਾ ਦਿਤਾ। ਤੁਹਾਡੀ ਠੀਕ ਦਸ਼ਾ ਉਹ ਸੀ ਕਿ ਜੋ ਉਸ ਪੁਰਖ ਦੀ ਹੁੰਦੀ ਹੈ ਜੋ-

**ਆਗਿ ਲਗਾਇ ਮੰਦਰ ਮੈ ਸੋਵਹਿ**
(੩੩੨)

ਪਰ ਹੁਣ ਤੁਹਾਨੂੰ ਜਾਗ ਆ ਗਈ ਹੈ, ਅਰ ਬਾਣੀ ਨੇ ਦਸ ਦਿਤਾ ਹੈ ਕਿ ਘਰ ਨੂੰ ਅਗ ਲਗੀ ਹੋਈ ਹੈ, ਵੇਲਾ ਹੈ ਜੇ ਆਪਣਾ ਆਪ ਬਚਾਉਣਾ ਚਾਹੋ ਤਾਂ ਬਚਾ ਸਕਦੇ ਹੋ।

ਇਹ ਸੁਣਕੇ ਸਿਖ ਬੇ ਵਸੇ ਹੋ ਗਏ, ਅਖਾਂ ਜਲ ਪੂਰਤ ਹੋ ਗਈਆਂ ਅਰ ਗੁਰੂ ਸਾਹਿਬ ਜੀ ਦੇ ਚਰਨਾ ਪੁਰ ਢੈ ਪਏ। ਸਤਗੁਰਾਂ ਨੇ ਦਿਲਾਸਾ ਦੇਕੇ ਉਠਾਇਆ, ਅਰ ਸਮਝਾਇਆ, ਕਿ ਪੂਰੇ ਗੁਰੂ ਦੀ ਇਹੋ ਵਡਿਆਈ ਹੈ ਕਿ ਪਹਲੋਂ ਖ਼ਬਰ ਦੇ ਦੇਵੇ। ਵੇਲੇ ਸਿਰ ਕਿਸੇ ਗਲ ਦੀ ਖ਼ਬਰ ਹੋ ਜਾਣੀ ਇਕ ਭਾਰੀ ਤਾਕਤ ਹੁੰਦੀ ਹੈ, ਕਿਉਂਕਿ ਬਹੁਤ ਸਾਰਾ ਵਕਤ ਮਿਲ ਜਾਂਦਾ ਹੈ, ਜਿਸ ਵਿਚ ਜੀਵ ਉਸ ਗਲ ਦਾ ਉਪਾ ਕਰ ਲੈਂਦਾ ਹੈ, ਪਾਤਸ਼ਾਹ ਦੀਆਂ ਲੜਾਈਆਂ ਦੀ ਹਾਰ ਜਿਤ ਇਸੇ ਪ੍ਰਕਾਰ ਅਕਸਰ ਹੁੰਦੀ ਹੈ, ਪੂਰੀ ਖ਼ਬਰ ਰਖਣੇ ਵਾਲਾ ਕੰਮ ਲੈ ਨਿਕਲਦਾ ਹੈ। ਇਸ ਪ੍ਰਕਾਰ ਪੂਰੇ ਗੁਰੂ ਦੀ ਬਾਣੀ ਨੇ ਤੁਹਾਨੂੰ ਨੀਂਦੋਂ ਜਗਾ ਦਿਤਾ ਹੈ। ਅਰ ਦਸ ਦਿਤਾ ਹੈ ਕਿ ਲੋਕਾਂ ਦੇ ਵੈਰੀ ਤਾਂ ਬਾਹਰੋਂ ਆਉਂਦੇ ਹਨ, ਪਰ ਤੁਹਾਡਾ ਵੈਰੀ ਤੁਹਾਡੇ ਅੰਦਰ ਹੈ ਜਿਸਨੂੰ ਤੁਸੀਂ ਸਜਣ ਜਾਣਦੇ ਹੋ। ਜਿਸ ਨੂੰ ਤੁਸੀਂ ਆਪਨਾ ਆਪ ਸਮਝਦੇ ਹੋ ਉਹ ਮਹਾਂ ਚੰਚਲ ਹੈ ਅਰ ਚੰਚਲਤਾਈਆਂ ਕਰ ਕਰ ਕੇ ਤੁਹਾਡਾ ਨਾਸ ਕਰ ਰਿਹਾ ਹੈ। ਘਰ ਦੇ ਸ਼ਤਰੂ ਦੀ ਖ਼ਬਰ ਲਗਣੀ ਮਹਾਂ ਕਠਨ ਗਲ ਹੁੰਦੀ ਹੈ ਪਰ ਇਹ ਬਾਣੀ ਦੀ ਵਡਿਆਈ ਹੈ, ਕਿ ਉਸਨੇ ਮਿਤ੍ਰ ਦਾ ਪਾਜ ਉਘੇੜ ਦਿਤਾ ਅਰ ਤੁਹਾਨੂੰ ਦਸ ਦਿਤਾ ਕਿ ਜੋ ਤੁਹਾਡਾ ਸਜਨ ਬਣ ਬਣ ਬੈਠਦਾ ਸੀ, ਸੋ ਵਿਸਾਹ ਘਾਤੀ ਹੈ। ਪਾਪਾਂ ਵੇਲੇ, ਠਗੀਆਂ ਵੇਲੇ ਬੁਰਾ ਕਰਨ ਵੇਲੇ ਤਾਂ ਤੁਹਾਡੀ ਸਹੈਤਾ ਕਰਦਾ ਹੈ, ਪਰ ਬਾਣੀ ਪੜ੍ਹਨ ਵੇਲੇ, ਸਚੀ ਖਟੀ ਤੇ ਲਾਹੇ ਦੇ ਵੇਲੇ ਡਡੂ ਵਾਂਙ ਟਪੋਸੀਆਂ ਮਾਰਦਾ ਫਿਰਦਾ ਹੈ।

 www.sikhbookclub.com

ਤਰਾਂ ਤਰਾਂ ਦੀਆਂ ਸੋਚਾਂ ਤੁਹਾਨੂੰ ਉਸ ਵੇਲੇ ਪੈਦਾ ਕਰੂ। ਜਿਉਂ ਤਿਉਂ ਬਣੂ ਤੁਹਾਡੀ ਵਿਚਾਰ ਦੀ ਅਖੀਂ ਘਟਾ ਪਾਕੇ ਅਰ ਸੋਹਣੇ ਸੋਹਣੇ ਸੰਕਲਪਾਂ ਦੇ ਖਡੌਣੇ ਅਗੇ ਰਖ ਰਖ ਕੇ ਤੁਹਾਨੂੰ ਉਕਾਊ, ਕਿ ਇਕ ਪਲ ਨ ਬਾਣੀ ਦਾ ਅਸਰ ਪੈ ਸਕੇ। ਪਰ ਫੇਰ ਬਾਣੀ ਦੀ ਵਡਿਆਈ ਦੇਖੋ, ਜਿਸ ਦਿਲ ਨੇ ਬਾਣੀ ਦਾ ਅੰਮ੍ਰਿਤ ਪੀਣਾ ਸੀ, ਉਹ ਨਾ ਕੇਵਲ ਬਾਣੀ ਤੋਂ ਫੂੰਟ (ਮੁਖ਼ਾਲਫ਼ਤ ਕਰਨ ਵਾਲਾ) ਹੋਇਆ ਸਗੋਂ ਬਾਣੀ ਦਾ ਵੈਰੀ ਹੋਕੇ ਐਸੇ ਹੀਲੇ ਕਰਦਾ ਰਿਹਾ ਕਿ ਸਾਰੀ ਉਮਰਾ ਦੇ ਝਗੜੇ ਤੇ ਵਰਿਹਾਂ ਦੇ ਭੁਲੇ ਹੋਏ ਬਖੇੜੇ ਉਸ ਵੇਲੇ ਅਗੇ ਲਿਆ ਲਿਆ ਕੇ ਬਾਣੀ ਦੇ ਅਸਰ ਨਾਲ ਪੂਰੀ ਪੂਰੀ ਸ਼ਤ੍ਰੁਤਾ ਕਰਦਾ ਰਿਹਾ। ਐਸੇ ਖੋਟੇ ਮਿਤ੍ਰ-ਘਾਤੀ-ਵੈਰੀ ਦੀ ਖਚਰ (ਚਲਾਕ ਤੇ ਧੋਖਾ ਦੇਣ ਵਾਲੀ) ਵਿਦਿਆ ਦਾ ਪਤਾ ਤੁਹਾਨੂੰ ਬਾਣੀ ਨੇ ਦਸ ਦਿਤਾ, ਪਰ, ਦਸ ਦਿਤਾ। ਬਾਣੀ ਨੇ ਹੰਸ ਵਾਂਙੂ ਦੁਧ ਪਾਣੀ ਅੱਡ ਅੱਡ ਕਰਕੇ ਰਖ ਦਿਤਾ। ਹੁਣ ਇਸ ਮਨ ਵੈਰੀ ਪੁਰ ਫਤੇ ਪਾਉਣੀ ਤੁਹਾਡਾ ਧਰਮ ਹੈ।

**ਮਨਿ ਜੀਤੈ ਜਗੁ ਜੀਤੁ**
(ਜਪੁਜੀ-੨੮)

ਸੋ ਯਤਨ ਕਰੋ ਕਿ ਇਸ ਪੁਰ ਫਤੇ ਪਾਓ। ਬਸ ਤੁਹਾਡਾ ਪਰਮਾਰਥ ਸਿਧ ਹੋ ਗਿਆ। ਹੋਰ ਕਿਸੇ ਕਾਰਜ ਦੇ ਕਰਨੇ ਦੀ ਲੋੜ ਨਹੀਂ।

ਸਿਖ— ਸਚੇ ਪਾਤਸ਼ਾਹ ਜੀ ਧੰਨ ਹੋ ਆਪ। ਆਪਦੀ ਰਸਨਾਂ ਤੋਂ ਬਲਿਹਾਰ ਜਾਈਏ, ਅਸੀਂ ਬੜੇ ਪਾਪੀ ਹਾਂ। ਬੜੇ ਕ੍ਰਿਤਘਨ ਹਾਂ। ਅਸਾਂ ਕੀਤਾ ਨਹੀਂ ਜਾਤਾ ਸਗੋਂ ਉਲਟਾ ਉਲਾਂਭਾ ਲੈਕੇ ਆਏ, ਅਸੀਂ ਮੂੰਹ ਦੇਣ ਜੋਗੇ ਨਹੀਂ। ਪਰ ਧੰਨ ਹੋ ਆਪ ਕਿ ਸਾਨੂੰ ਤ੍ਰਿਸਕਾਰਨ ਦੀ ਥਾਂ ਆਪਨੇ ਹਿਤ ਨਾਲ ਸਮਝਾਇਆ ਅਰ ਸਾਡੇ ਨੇਤ੍ਰ ਖੋਲ ਦਿਤੇ। ਹੁਦ ਤਾਂ ਇਸ ਗਲੋਂ ਬੀ ਸ਼ਰਮ ਲਗਦੀ ਹੈ ਕਿ ਆਪ ਪਾਸੋਂ ਕੁਝ ਹੋਰ ਮੰਗੀਏ।

ਗੁਰੂ ਜੀ— ਜੋ ਕੁਝ ਗੁਰੂ ਨਾਨਕ ਦੇਵ ਜੀ ਨੂੰ ਖਜ਼ਾਨਾ ਅਕਾਲ ਪੁਰਖ ਨੇ ਬਖਸ਼ਿਆ ਹੈ।

**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ**
**ਫਿਰਿ ਲੇਖਾ ਮੂਲਿ ਨ ਲਇਆ॥**
(ਸੋਰ: ਮ: ੫-੬੧੨)

ਉਹ ਸਭ ਸਿਖਾਂਦ ਵਾਸਤੇ ਹੈ ਸੋ ਰਲਮਿਲ ਛਕੋ ਤੇ ਆਨੰਦ ਕਰੋ।

**ਤੁਸੀ ਭੋਗਿਹੁ ਭੁੰਚਹੁ ਭਾਈ ਹੋ**
**ਗੁਰਿ ਦੀਬਾਣਿ ਕਵਾਇ ਪੈਨਾਈਓ।**
(ਸਿਰੀ ਮ: ੫:-੭੩)

ਪਰ ਉਤਾਉਲੇ ਨਾ ਹੋਵੋ। ਕਿਉਂਕਿ-

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ**
**ਕਾਲਾ ਹੋਆ ਸਿਆਹੁ।**
(ਸੋਰ: ਵਾਰ-੬੫੧)

ਮਨ ਇਸ ਲਈ ਗੁਰੂ ਦੇ ਹੁਕਮਾਂ ਪੁਰ ਤੋਰੋ ਅਰ ਕਾਹਲੀ ਨਾ ਕਰੋ। ਤੁਸੀਂ ਅਪਣਾ ਨਿਤਨੇਮ ਪੂਰਾ ਕਰੀ ਚਲੋ, ਬਾਕੀ ਦੀ ਸਚਾ ਪਾਤਸ਼ਾਹ ਸੰਭਾਲ ਲਏਗਾ। ਉਤਾਉਲੇ ਹੋਕੇ ਕਈ ਲੋਕ ਠਗਾਂ ਦੇ ਹਥ ਫਸ ਜਾਂਦੇ ਹਨ, ਅਰ ਦੀਨ ਦੁਨੀਆਂ ਗੁਆ ਬੈਠਦੇ ਹਨ। ਕਿਉਂਕਿ 'ਇਸ ਰਸਤੇ ਕੇ ਬਹੁਤ ਬਟਾਊ' ਉਹ ਜੀਵ ਨੂੰ ਬਹੁਤ ਤੰਗ ਕਰਦੇ ਹਨ। ਕੇਵਲ ਅਪਨੇ ਗੁਰੂ ਪਰ ਪੱਕਾ ਭਰੋਸਾ ਰਖਣ ਵਾਲੇ ਅਰ ਕਿਸੇ ਭੈ ਜਾਂ ਲਾਲਚ ਕਰਕੇ ਨਾ ਡੋਲਨੇ ਵਾਲੇ ਹੀ ਮੰਜਲ ਤੇ ਅਪੜਦੇ ਹਨ। ਦੇਖੋ ਬਾਣੀ ਨੇ ਤੁਹਾਨੂੰ ਸ਼ਤਰੂ ਦਾ ਪਤਾ ਦਿਤਾ, ਅਰ ਉਸ ਦਸ਼ਾ ਵਿਚ ਕਿ ਤੁਸੀਂ ਬਾਣੀ ਨੂੰ ਪੰਡ ਸਮਝਦੇ ਰਹੇ ਅਰ ਰਤਾ ਪ੍ਰੇਮ ਨਹੀਂ ਕਰਦੇ ਰਹੇ। ਫੇਰ ਬੀ ਐਸੀ ਤਾਕਤਵਰ ਵਸਤੂ ਇਹ ਨਿਕਲੀ ਕਿ ਜਿਨ ਸਚ ਝੂਠ ਨਿਤਾਰ ਦਿਤਾ। ਹੁਣ ਇਸੇ ਬਾਣੀ ਨੂੰ ਹਿਤ ਨਾਲ ਪੜਿਆ ਕਰੋ। ਬਾਣੀ ਨੂੰ ਗੁਰੂ ਦਾ ਰੂਪ ਸਮਝਿਆ ਕਰੋ, '**ਬਾਣੀ ਗੁਰੂ ਗੁਰੂ ਹੈ ਬਾਣੀ**' (੯੮੨)

ਗੁਰੂ ਸਭ ਤੋਂ ਪਿਆਰਾ ਹੁੰਦਾ ਹੈ ਤੇ ਪਜਾਰਾ ਜਦ ਘਰ ਆਵੇ ਤਾਂ ਪ੍ਰੇਮੀ ਏਕਾਂਤ ਚਾਹੁੰਦੇ ਹਨ ਕਿਸੇ ਓਪਰੇ ਨੂੰ ਪਾਸ ਨਹੀਂ ਰਹਣ ਦੇਂਦੇ ਸੋ ਜਦ ਤੁਸੀਂ ਬਾਣੀ ਪੜ੍ਹਦੇ ਹੋ, ਮਾਨੋ ਗੁਰੂ ਤੁਹਾਡੇ ਅੰਦਰ ਆਇਆ ਹੈ, ਗੁਰੂ ਸਭ ਤੋਂ ਵਧੀਕ ਪਜਾਰਾ ਹੈ, ਉਸ ਵੇਲੇ ਓਪਰੇ ਦਾ ਅੰਦਰ ਕੀ ਕੰਮ, ਤਾਂਤੇ ਹੋਰ ਕੋਈ ਫੁਰਨਾ ਉਸ ਵੇਲੇ ਨਹੀਂ ਅੰਦਰ ਹੋਣਾ ਚਾਹੀਦਾ। ਜਦ ਬਾਣੀ ਨਾਲ ਹਿਤ ਕਰਦੇ ਹੋ, ਪ੍ਰੇਮ ਕਰਦੇ ਹੋ, ਅਰ ਸਮਝਦੇ ਹੋ ਕਿ ਗੁਰੂ ਜੀ ਦਾ ਪ੍ਰਵੇਸ਼ ਹੋਇਆ ਹੈ, ਤਦ ਕਿਉਂ ਓਪਰੇ ਫੁਰਨੇ ਤੇ ਸੋਚਾਂ ਫੁਰਨ?

 www.sikhbookclub.com

ਜੇ ਮਨ ਦੌੜੇ ਤਦ ਸਮਝਾਓ ਅਰ ਅਪਨੇ ਹਿਤ ਨੂੰ ਨਾ ਛਡੋ। ਐਸਾ ਕਰਨੇ ਨਾਲ ਬਾਣੀ ਤੁਹਾਡੇ ਵਿਚ ਅੰਮ੍ਰਿਤ ਦਾ ਗੁਣ ਕਰੇਗੀ, ਕਿਉਂਕਿ '**ਵਿਚਿ ਬਾਣੀ ਅੰਮ੍ਰਿਤੁ ਸਾਰੇ**' (੯੮੨)

ਗੱਲ ਕੀ ਜਦ ਬਾਣੀ ਰਸ ਦਾਇਕ ਹੋ ਜਾਏਗੀ, ਤੁਹਾਨੂੰ ਪਕਾ ਨਿਸਚਾ ਹੋ ਜਾਏਗਾ ਕਿ ਇਹ ਗੁਰੂ ਦਾ ਰੂਪ ਹੈ। ਫੇਰ ਬਾਣੀ ਤੁਹਾਥੋਂ ਛੁਟੇਗੀ ਨਹੀਂ। ਇਸ ਵੇਲੇ ਤੁਹਾਨੂੰ ਬਾਣੀ ਬੜੇ ਬੜੇ ਉਪਦੇਸ਼ ਕਰੇਗੀ। ਤੁਸੀਂ ਬੀ ਯਤਨ ਕਰਨਾ ਕਿ ਬਾਣੀ ਦੇ ਭਾਵ ਨੂੰ ਸਮਝੋ। ਜਿਉਂ ਜਿਉਂ ਯਤਨ ਕਰੋਗੇ ਸਮਝ ਵਧੇਗੀ ਬਾਣੀ ਦਾ ਪਹਿਲਾ ਅਭਯਾਸ, ਦੂਜਾ ਪ੍ਰੇਮ ਤੀਜਾ ਪਾਵ ਸਮਝਣਾ, ਤੁਹਾਡੇ ਵਿਚ ਤਾਕਤ ਪੈਦਾ ਕਰੇਗੀ ਬਾਣੀ ਦਾ ਹੁਕਮ ਮੰਨਣੇ ਦੀ ਜੋ ਤੁਸੀਂ ਖੁਸ਼ੀ ਨਾਲ ਮੰਨਿਆ ਕਰੋਗੇ। ਜਿਉਂ ਜਿਉਂ ਮੰਨੋਗੇ ਸੁਖ ਪਾਓਗੇ। ਫੇਰ ਸਦਗਤੀ ਦੂਰ ਨਹੀਂ ਰਹਿ ਜਾਏਗੀ।

**ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ**
**ਪਰਤਖਿ ਗੁਰੂ ਨਿਸਤਾਰੇ**
(੯੮੨)

ਭਾਵੇਹ ਕਿ ਜਦ ਬਾਣੀ ਦੇ ਕਹੇ ਪਰ ਤੁਰੋਗੇ ਬਾਣੀ ਪਰਤਖ ਹੋ ਜਾਏਗੀ। ਤੁਸੀਂ ਪਰਤਖ ਉਸ ਦਾ ਕਰਤਵ ਦੇਖੋਗੇ, ਬਸ ਫੇਰ ਨਿਸਤਾਰਾ ਹੋ ਜਾਏਗਾ। ਇੰਸ ਪ੍ਰਕਾਰ ਚਲੋਗੇ ਤਾਂ ਸੁਖ ਪਾਓਗੇ ਦੀਨ ਦੂਨੀ ਸੋਰ ਜਾਏਗਾ। ਜੇ ਇਕ ਸੱਟ ਨਾਲ ਝੋਨੇ ਵਿਚੋਂ ਚਾਵਲ ਕਢਣੇ ਲੋੜੋ ਤਾਂ ਚਾਵਲ ਕਦਾਚਿਤ ਨਹੀਂ ਨਿਕਲਣੇ।

ਇਹ ਬਚਨ ਸੁਣਕੇ ਸਿਖ ਨਿਹਾਲ ਹੋਏ, ਢੇਰ ਚਿਰ ਤੀਕ ਦੰਡਵਤ ਪਏ ਰਹੇ। ਫੇਰ ਕੁਝ ਦਿਨ ਰਹਿਕੇ ਸਤਗੁਰਾਂ ਦੀ ਆਗਜਾ ਪਾਕੇ ਅਪਨੇ ਦੇਸ ਚਲੇ ਗਏ। ਬਾਣੀ ਨਾਲ ਉਸੀ ਪ੍ਰਕਾਰ ਹਿਤ ਕਰਦੇ ਰਹੇ। ਅਰ ਸੇਵਾ ਬੀ ਤਨੋਂ ਮਨੋਂ ਧਨੋਂ ਨਿਬਾਹੁੰਦੇ ਰਹੇ। ਅਪਨਾ ਵਿਹਾਰ ਕਾਰ ਬੀ ਸਫ਼ਾਈ ਨਾਲ ਸਿਰੇ ਚਾੜ੍ਹਦੇ ਰਹੇ। ਅੰਤ ਨੂੰ ਬਾਣੀ ਨੇ ਅੰਤਸਕਰਨ ਸੁਧ ਕਰ ਦਿਤੇ ਬਸ ਸੁਧ ਹੋਣੇ ਦੀ ਦੇਰ ਸੀ, ਘਟ ਘਟ ਦੇ ਵਾਸੀ, ਪ੍ਰਕਾਸ਼ ਸਰੂਪ ਅਕਾਲ ਪੁਰਖ ਦਾ ਪ੍ਰਤਿਬਿੰਬ ਪੈ ਗਿਆ, ਅਰ ਕਲਜਾਨ ਹੋ ਗਈ।


www.sikhbookclub.com

## ਪਜਾਰੇ ਪਾਠਕੋ!

ਵਾਰਤਾ 'ਸਚਾ ਰਾਹ' ਕੈਸੀ ਅਸਚਰਜ ਸਿਖਜਾ ਦੇਣੇ ਵਾਲੀ ਹੈ! ਅਜਕਲ ਸਮਾਂ ਕਿਸ ਤਰ੍ਹਾਂ ਦਾ ਆ ਗਿਆ ਹੈ, ਸੰਸਾਰ ਵਿਚ ਤਾਂ ਧੋਖੇ ਵਧੇ ਹੀ ਹਨ, ਧੋਖੇ ਕਰਨੇ ਵਾਲਿਆਂ ਨੇ ਪਰਮਾਰਥ ਦੇ ਨਾਕੇ ਬੀ ਰੋਕ ਲਏ ਹਨ। ਕਈ ਸਾਧੂ ਦੇਖਣ ਵਿਚ ਆਏ ਹਨ, ਜੋ ਲੋਕਾਂ ਨੂੰ ਬਾਣੀ ਪੜਨੋਂ ਰੋਕ ਕੇ ਸਮਾਧੀਆਂ ਵਿਚ ਲਾਉਂਦੇ ਤੇ ਕੰਨਾਂ ਦੀ ਘੂੰ ਘੂੰ ਵਿਚ ਫਸਾਉਂਦੇ ਤੇ ਹੋਰ ਹੋਰ ਮਸਤੀਆਂ ਵਿਚ ਜੜ ਕਰਦੇ ਹਨ, ਤੇ ਲੋਕ ਵਿਚਾਰੇ ਭੋਲੇ ਕਹੋ, ਜਾਂ ਉਤਾਵਲੇ ਕਹੋ, ਇਹੋ ਚਾਹੁੰਦੇ ਹਨ ਕੇ ਅਸੀਂ ਝਟ ਪਟ ਯੋਗੀ ਤੇ ਗਜਾਨੀ ਹੋ ਜਾਈਏ ਅੰਤਸ਼ਕਰਨ ਦੀ ਮੈਲ ਨੂੰ ਧੋਣ ਦਾ ਧਿਆਨ ਨਹੀਂ। ਅਪਨੇ ਆਪ ਜੀਵਨ ਦਾ ਪਤਾ ਨਹੀਂ। ਸੰਸਾਰਕ ਫਸੋਤੀਆਂ ਦਾ ਖਜਾਲ ਨਹੀਂ। ਚਾਹੁੰਦੇ ਹਨ ਕਿ ਰਾਤ ਸੰਨ੍ਹਾਂ ਬੀ ਮਾਰਦੇ ਰਹੀਏ ਤੇ ਸਵੇਰੇ ਸਮਾਧੀ ਬੀ ਲਾ ਬੈਠੀਏ। ਏਹ ਦੋਵੇਂ ਗੱਲਾਂ ਹੋ ਨਹੀਂ ਸਕਦੀਆਂ। ਕਲਜੁਗ ਵਿਚ ਧਰਮ ਲੁਕ ਰਿਹਾ ਹੈ। ਇਸ ਕਰਕੇ ਹਨੇਰਾ ਛਾ ਰਿਹਾ ਹੈ। ਹਨੇਰੇ ਵਿਚ ਪਗਡੰਡੀਆਂ ਦੇ ਰਸਤੇ ਤੁਰਨੇ ਵਾਲੇ ਪਟਕ ਪੈਂਦੇ ਹਨ। ਕੇਵਲ ਉਹੋ ਸਿਰੇ ਚੜ੍ਹਦੇ ਹਨ ਜੋ "ਗਾਡੀ ਰਸਤੇ" ਤੁਰਦੇ ਹਨ, ਸੋ ਗੁਰੂ ਨਾਨਕ ਦੇਵ ਜੀ ਦੇ ਗਾਡੀ ਰਸਤੇ ਤੁਰੋ। ਨਾ ਭੁਲੋ ਨਾ ਭਟਕੋ ਨਾ ਡਿਗੋ ਨਾ ਸੱਟ ਲਗੇ। ਪਕਾ ਨਿਸਚਾ ਰਖੋ ਕਿ ਜੋ ਬਾਣੀ ਤੋਂ ਬੇਮੁਖ ਕਰੇ ਉਹ ਪਖੰਡੀ ਹੈ। ਜਿਥੇ ਬਾਣੀ ਹੈ ਉਥੇ ਸਾਰਾ ਪਰਮਾਰਥ ਸਿਧ ਹੋ ਜਾਂਦਾ ਹੈ, ਜਿਥੇ ਬਾਣੀ ਨਹੀਂ ਉਥੇ ਚੋੜ। ਇਸ ਰਸਤੇ ਤੁਰੋ। ਭੰਬਲ ਭੂਸੇ ਨਾ ਖਾਓ, ਧੋਖੇ ਵਿਚ ਨਾ ਪਵੋ, ਮਨ ਦੀ ਏਕਾਗ੍ਰਤਾ ਸਮਾਧੀ ਨਾਮ, ਗਿਆਨ ਮਸਤੀ ਜੋ ਕੁਝ ਚਾਹੁੰਦੇ ਹੋ ਬਾਣੀ ਤੋਂ ਪੈਦਾ ਹੋਵੇਗੀ, ਪਰ ਰੁਤ ਸਿਰ ਅਰ ਸਚ ਪੈਦਾ ਹੋਵੇਗਾ। ਜੋ ਕੁਝ ਤੁਸੀਂ ਛੇਤੀ ਨਾਲ ਲਭਕੇ ਚੂਹੇ ਵਾਂਙ ਪੰਸਾਰੀ ਬਣ ਬੈਠਦੇ ਹੋ, ਉਹ ਤੁਸੀਂ ਅਪਨੇ ਆਪ ਨਾਲ ਧੋਖਾ ਕਰਦੇ ਹੋ। ਦਸਣੇ ਵਾਲਾ ਤੁਹਾਨੂੰ ਧੋਖਾ ਦਿੰਦਾ ਹੈ। ਤੇ ਫੇਰ ਤੁਸੀਂ ਅਪਣੇ ਆਪ ਨੂੰ ਧੋਖਾ ਦਿੰਦੇ ਹੋ। ਪਰ ਬਾਣੀ ਪੜਨੇ ਵਾਲਾ, ਅਪਨੇ ਆਪ ਨਾਲ ਜੋ ਛਲ ਅਸੀਂ ਕਰਦੇ ਹਾਂ, ਸਮਝਣ ਲਗ ਜਾਂਦਾ ਹੈ, ਅਰ ਹੋਰਨਾਂ ਦੇ ਛਲ ਪਰਖਣੇ ਲਈ ਬਾਣੀ ਤੋਂ ਘਸਵਟੀ ਦਾ ਕੰਮ ਲੈਂਦਾ ਹੈ। ਬਾਣੀ ਸਚੇ ਝੂਠੇ ਸਾਧ ਦੀ ਪਰਖ ਦਸਦੀ ਹੈ। ਬਾਣੀ ਸਚੇ ਝੂਠੇ ਅੰਦਰ ਦਾ ਵੇਰਵਾ ਖੋਲ੍ਹਦੀ ਹੈ, ਬਾਣੀ ਸਚੀ ਗਲ ਨੂੰ ਡੰਕੇ

ਦੀ ਚੋਟ ਪਰਗਟ ਕਰਦੀ ਹੈ। ਬਾਣੀ ਕਿਸੇ ਦਾ ਲਿਹਾਜ਼ ਨਹੀਂ ਰਖਦੀ। ਬਾਣੀ ਹਨੇਰੇ ਦਾ ਦੀਵਾ ਹੈ। ਬਾਣੀ ਠਗਾਂ ਦੇ ਬਨ ਵਿਚੋਂ ਲੰਘਣੇ ਦਾ ਆਗੂ ਹੈ। ਬਾਣੀ ਭਵ ਸਾਗਰ ਦਾ ਜਹਾਜ਼ ਹੈ। ਬਾਣੀ ਐਸਾ ਦਾਰੂ ਹੈ ਕਿ ਜੋ ਰੋਗੀ ਨੂੰ ਫੈਦੇ ਦੀ ਥਾਂ ਨੁਕਸਾਨ ਕਦੀ ਨਹੀਂ ਕਰਦਾ। ਬਾਣੀ ਰੂੰ ਦਾ ਫਰਸ਼ ਹੈ, ਜਿਸ ਪਰ ਡਿਗਣੇ ਤੇ ਸਟ ਨਹੀਂ ਲਗਦੀ। ਬਾਣੀ ਪਰਵਿਰਤੀ ਵਿਚ ਪਰਮਾਰਥ ਸਿਧ ਕਰਦੀ ਹੈ। ਬਾਣੀ ਤਲਵਾਰ ਤੇ ਪਰਮਾਰਥ ਨੂੰ ਇਕ ਮਿਆਂਨ ਵਿਚ ਸਾਂਭ ਰਖਦੀ ਹੈ। ਬਾਣੀ ਗ੍ਰਹਸਤ ਵਿਚ ਨਿਰਬਾਣ ਕਰ ਦਿੰਦੀ ਹੈ। ਬਾਣੀ ਪਰਉਪਕਾਰ ਸਿਖਾਲਦੀ ਹੈ। ਬਾਣੀ ਟਬਰਾਂ ਵਿਚ ਫੁਟ ਨਹੀਂ ਪਾਉਂਦੀ, ਮੰਦ ਵੈਰਾਗ ਨਹੀਂ ਸਿਖਾਲਦੀ। ਸਿਰ ਨੂੰ ਸ਼ੁਦਾਅ ਤੇ ਪਾਗਲ ਪਨਾ ਨਹੀਂ ਚੜ੍ਹਾਉਂਦੀ। ਬਾਣੀ ਮਾਂ ਦੀ ਗੋਦ ਹੈ। ਬਾਣੀ ਪਿਤਾ ਦਾ ਹਥ ਹੈ। ਬਾਣੀ ਗੁਰੂ ਦਾ ਹੋਕਾ ਹੈ, ਬਾਣੀ ਪਰਮੇਸੁਰ ਦਾ ਮੁਨੀਬ ਹੈ। ਬਾਣੀ ਜਿਹਾ ਸਚਾ ਸਹਾਈ ਤੇ ਮਿਤ੍ਰ ਕੋਈ ਨਹੀਂ ਹੈ।

(ਟ੍ਰੈਕਟ ਨੰ: ੧੦੪, ਨਵੰਬਰ, ੧੯੦੩)

 www.sikhbookclub.com

## 15. ਕੌਮੀ ਜੀਵਨ

**ਇਕ** ਇਕੱਲੇ ਦਾ ਜੀਵਨ ਤਾਂ ਆਪਣਾ ਜੀਵਨ ਹੈ, ਪਰ ਬਹੁਤੇ ਇਕੱਲਿਆਂ ਦਾ ਕਿਸੇ ਸੂਰਤ ਵਿਚ ਰਲਵਾਂ ਜੀਵਨ ਕੌਮੀ ਜੀਵਨ ਹੁੰਦਾ ਹੈ। ਕੌਮੀ ਜੀਵਨ ਜਿਨ੍ਹਾਂ ਕੌਮਾਂ ਦਾ ਅਰੋਗ ਹੁੰਦਾ ਹੈ, ਉਹ ਸੰਸਾਰ ਪਰ ਸੁਖੀ ਰਹਿੰਦੀਆਂ ਹਨ। ਅਰ ਉਹਨਾਂ ਨੂੰ ਹੀ ਕਾਮਯਾਬ ਆਖਦੇ ਹਨ।

ਹੁਣ ਬਹੁਤਿਆਂ ਦਾ ਰਲਕੇ ਇਕ ਜੀਵਨ ਵਾਲਾ ਹੋਣਾ ਇਹ ਸੁਤੇ ਸਿੱਧ ਮਿਲਨੇ ਵਾਲੀ ਗਲ ਨਹੀਂ, ਸਗੋਂ ਕਈ ਇਕ ਕਾਰਨਾਂ ਕਰਕੇ ਪੈਦਾ ਹੁੰਦੀ ਹੈ, ਅਰ ਓਹ ਕਾਰਨ ਚਾਹੇ ਕੋਈ ਹੋਣ ਓਹਨਾਂ ਦਾ ਫਲ ਇਹ ਹੁੰਦਾ ਹੈ ਕਿ ਕਿਸੇ ਇਕ ਨਿਸ਼ਾਨੇ ਜਾਂ ਆਦਰਸ਼ ਉਤੇ ਸਾਰਿਆਂ ਦੀ ਨਜ਼ਰ ਜਾ ਟਿਕਦੀ ਹੈ, ਤੇ ਇਕ ਪ੍ਰਕਾਰ ਦੀ ਏਕਤਾ ਓਹਨਾਂ ਵਿਚ ਆ ਸਮਾਉਂਦੀ ਹੈ।

1. ਇਕ ਦੇਸ ਵਿਚ ਵਸਣ ਕਰਕੇ, ਉਸ ਦੇਸ ਦੇ ਹਾਨ ਤੇ ਲਾਭ ਨਾਲ਼ ਸਾਂਝਾ ਦੁਖ ਸੁਖ ਸਾਰਿਆਂ ਨੂੰ ਪਹੁੰਚਾਣ ਕਰਕੇ ਸ੍ਵੈ-ਰਖਿਆ ਤੇ ਸ੍ਵੈ-ਲਾਭ ਸਾਰਿਆਂ ਦਿਲਾਂ ਦਾ ਇਕ ਨਿਸ਼ਾਨਾ ਬਣ ਜਾਂਦਾ ਹੈ। ਜਿਸ ਨਾਲ ਦੇਸ ਦੇ ਸਾਰੇ ਵਾਸੀ ਇਕ ਮੁੱਠ ਹੋਕੇ ਸੁਖੀ ਜੀਵਨ ਬਸਰ ਕਰਦੇ ਹਨ। ਕੌਮੀ ਜੀਵਨ ਦਾ ਇਹ ਰੂਪ ਸਭ ਤੋਂ ਵਧੀਕ ਸੰਸਾਰ ਵਿਚ ਕੰਮ ਕਰ ਰਿਹਾ ਹੈ।

2. ਇਕ ਕੁਲ ਦੀ ਉਤਪਤੀ ਤੇ ਇਕੋ ਦੇਸ਼ ਵਿਚੋਂ ਉਤਪਤੀ ਹੋਣ ਕਰਕੇ ਸਾਂਝੇ ਪਿੱਛੇ ਦਾ ਫ਼ਖ਼ਰ ਅਰ ਕਈ ਇਕ ਸੁਖਾਂ ਦੁਖਾਂ ਦੀ ਸਾਂਝ ਕੌਮੀ ਜੀਵਨ ਪੈਦਾ ਕਰ ਦੇਂਦੀ ਹੈ। ਜੈਸਾ ਕਿ ਰਾਜਪੂਤ ਕੁਲ ਇਕ ਸਾਂਝੇ ਜੀਵਨ ਵਾਲੀ ਕੌਮ ਹੈ। ਜਾਂ ਯਹੂਦੀਆਂ ਦੀ ਇਕ ਕੁਲ ਹੋਣ ਕਰਕੇ ਸੰਸਾਰ ਵਿਚ ਖਿਲਰੇ ਯਹੂਦੀਆਂ ਦੀ ਇਕ ਨਾੜ ਵਜਦੀ ਹੈ।

 www.sikhbookclub.com

3. ਇਕ ਧਰਮ ਹੋਣ ਕਰਕੇ ਸਾਂਝੇ ਮਜ਼ਹਬ ਦੀ ਆਤਮਕ ਤੇ ਇਖਲਾਕੀ ਖਿੱਚ ਕੌਮੀ ਜੀਵਨ ਪੈਦਾ ਕਰਦੀ ਹੈ। ਜਿਸ ਤਰ੍ਹਾਂ ਅਰਬ, ਈਰਾਨ, ਟਰਕੀ, ਮਰਾਕੂ, ਹਿੰਦੁਸਤਾਨ ਦੇ ਅੱਡ ਅੱਡ ਦੇਸਾਂ, ਜਾਤਾਂ ਤੇ ਕੁਲਾਂ ਦੇ ਮੁਸਲਮਾਨਾਂ ਦੀਆਂ ਰਗਾਂ ਦਾ ਖ਼ੂਨ ਸਾਂਝੇ ਗੇੜ ਮਾਰਦਾ ਹੈ। ਇਕ ਮੁਸਲਮਾਨ ਨੂੰ ਕਿਤੇ ਪੀੜ ਹੋਵੇ ਤਾਂ ਸਾਰੇ ਮੁਸਲਮਾਨੀ ਹਿਰਦਿਆਂ ਵਿਚੋਂ ਪੀੜਾ ਦੀ ਝਰਨਾਟ ਫਿਰ ਨਿਕਲਦੀ ਹੈ।

ਏਹ ਤਿੰਨ ਤਰ੍ਹਾਂ ਹਨ, ਜਿਨ੍ਹਾਂ ਨਾਲ ਕੌਮੀ ਜੀਵਨ ਪੈਦਾ ਹੁੰਦਾ ਹੈ।

ਅਸੀਂ ਸਿਖ ਇਸ ਤੀਸਰੀ ਸ਼੍ਰੇਣੀ ਵਿਚੋਂ ਹਾਂ, ਸਾਡਾ 'ਸਿਖ' ਨਾਮ ਤੇ 'ਸਿਖਾਂ' ਦੇ ਇਕੱਠ ਤੋਂ 'ਸਿਖ ਪੰਥ' ਨਾਮ ਮਜ਼ਹਬ ਤੋਂ ਪੈਦਾ ਹੋਇਆ। ਕਈ ਦੇਸਾਂ, ਕਈ ਕੁਲਾਂ ਤੇ ਜਾਤਾਂ ਦੇ ਧਰਮ ਦੀ ਛਾਂ ਹੇਠ ਆਕੇ ਇਕੱਠੇ ਹੋਏ ਪ੍ਰਾਣੀ ਆਪਣੇ ਆਪ ਨੂੰ ਸਿਖ ਪੰਥ ਦੇ ਸਦਵਾਂਦੇ ਹਨ।

ਸੋ ਸਾਨੂੰ ਜਦ ਇਹ ਪਤਾ ਲਗਾ ਕਿ ਸਾਡਾ ਇਕੱਠ, ਸਾਡਾ ਕੌਮੀ ਜੀਵਨ, ਸਾਡੀ ਪੰਥਕ ਜ਼ਿੰਦਗੀ ਧਰਮ ਦੇ ਆਸਰੇ ਹੈ, ਤਾਂ ਸਾਨੂੰ ਜੋੜਨ ਵਾਲੀ ਮੇਲਣ ਵਾਲੀ, ਪੰਥਕ ਜੀਵਨ ਨੂੰ ਸਾਂਝਿਆਂ ਤੇ ਮਜ਼ਬੂਤ ਰਖਣ ਵਾਲੀ ਪਹਿਲੀ ਤਾਕਤ ਧਰਮ ਹੈ। ਇਕ ਧਰਮੀ ਹੋਣ ਕਰਕੇ ਸਾਰੇ ਉਸ ਧਰਮ ਦੀ ਪੈਰਵੀ ਵਿਚ ਸਾਂਝੀ ਪੀੜ ਸਾਂਝਾ ਸੁਖ ਝਰਨਾਂਟਾਂ ਛੇੜਦਾ ਹੈ। ਇਸ ਕਰਕੇ ਜੇ ਸਿਖ ਚਾਹੁੰਦੇ ਹਨ ਕਿ ਸਾਡਾ ਪੰਥਕ ਜੀਵਨ ਅਰੋਗ ਰਹੇ ਤਦ ਸਿਖਾਂ ਵਿਚ ਸਿਖ ਧਰਮ ਦਾ ਪ੍ਰਚਾਰ ਮੁੱਖ ਹੋਣਾ ਚਾਹੀਏ। ਜਦ ਅਸੀਂ ਸਿਖ ਧਰਮ ਦੇ ਉਪਾਸਕ ਪੂਰੇ ਪੂਰੇ ਹੋਵਾਂਗੇ ਤਦ ਸਾਡੇ ਵਿਚ ਏਕਤਾ ਰਹੇਗੀ।

ਅਸੀਂ ਜਾਣਦੇ ਹਾਂ ਕਿ ਏਕਤਾ ਬਿਨਾਂ ਪੰਥਕ ਜੀਵਨ ਕੋਈ ਸ਼ੈ ਨਹੀਂ ਹੈ। ਉਪਰ ਅਸੀਂ ਦੱਸ ਆਏ ਹਾਂ ਕਿ ਕਿਸੇ ਇਕ ਆਸ਼ੇ ਤੇ ਸਾਰੇ ਦਿਲਾਂ ਦਾ ਟਿਕਣਾ, ਇਕ ਨਿਸ਼ਾਨੇ ਤੇ ਨਜ਼ਰਾਂ ਬੱਝਣੀਆਂ, ਕੌਮੀ ਜੀਵਨ ਦਾ ਆਧਾਰ ਹੈ। ਹੁਣ ਜਦ ਸਾਡਾ ਨਿਸ਼ਾਨਾ ਧਰਮ ਹੈ, ਤਾਂ ਧਰਮ ਸਾਡਾ ਸਾਫ਼ ਸੁਥਰਾ ਚਾਹੀਏ। ਹਰ ਸਿਖ ਵਿਚ ਸਿਖੀ ਦਾ ਪ੍ਰਚਾਰ ਤੇ ਸਿਖੀ ਜੀਵਨ ਲੋੜੀਏ। ਜਦ ਏਹ ਏਕਤਾ ਪੱਕੀ ਰਹੇਗੀ ਤਾਂ ਪੰਥਕ ਜੀਵਨ ਪੱਕਾ ਰਹੇਗਾ। ਜਦ ਪੰਥਕ ਜੀਵਨ ਪੱਕਾ ਰਹੇਗਾ ਤਦ ਸੁੱਖ ਰਹੇਗਾ।

ਹੁਣ ਜੇ ਦੇਖੀਏ ਕਿ ਸਾਡੇ ਵਿਚ ਇਤਫਾਕ ਜਾਂ ਏਕਾ ਹੈ ਕਿ ਨਹੀਂ। ਤਾਂ ਕੁਝ ਨਿਰਾਸਾ ਦੀ ਸੂਰਤ ਦਿੱਸਦੀ ਹੈ। ਓਹ ਇਕ ਸਾਂਝੀ ਗੇੜੇ ਦੇਣ

 www.sikhbookclub.com

ਵਾਲੀ ਦੁੱਧ— ਧਾਰਾ ਜੋ ਹਰ ਸਿਖ ਦੇ ਅੰਦਰ ਸਤਿਗੁਰ ਨੇ ਵਗਾਈ ਸੀ, ਜੋ ਇਕ ਸਰੀਰ ਦੇ ਅੱਡ ਅੱਡ ਅੰਗਾਂ ਵਾਂਗੂੰ ਖਾਲਸਾ ਪੰਥ ਦੇ ਅੱਡ ਅੱਡ ਸਰੀਰਾਂ ਵਿਚ ਸਾਂਝੀ ਵਗਦੀ ਸੀ, ਜੇ ਹੁਣ ਸੌਂ ਨਹੀਂ ਗਈ ਤਾਂ ਧੀਮੀ ਤੇ ਢਿੱਲੀ ਜ਼ਰੂਰ ਹੋ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰੇਮ ਭਰੇ ਤਰਲਿਆਂ ਨਾਲ ਇਹ ਤੁਕ ਲਿਖੀ ਹੈ:-

**ਆਇ ਮਿਲੁ ਗੁਰਸਿਖ ਆਇ**
**ਮਿਲੁ ਤੂੰ ਮੇਰੇ ਗੁਰੂ ਕੇ ਪਿਆਰੇ॥**
(੭੨੫)

ਕੀ ਹਰ ਸਿਖ ਦੇ ਸੀਨੇ ਵਿਚ ਇਹ ਸਿੱਕ ਤੇ ਸੱਧਰਾਂ ਭਰੀ ਚਾਹ ਵੱਸਦੀ ਹੈ ਕਿ ਗੁਰੂ ਕਾ ਪਿਆਰਾ ਸਿਖ ਸਾਨੂੰ ਮਿਲੇ? ਜੇ ਹਰ ਸਿਖ ਦੇ ਸੀਨੇ ਵਿਚ ਏਹ ਸੱਧਰ ਹੋਵੇ ਤਾਂ ਪੰਥਕ ਜੀਵਨ ਸੁਰਜੀਤ ਹੈ, ਪਰ ਪ੍ਰਤੱਖ ਦੇਖੀਦਾ ਹੈ ਕਿ ਸਿਖਾਂ ਦੀ ਇਹ ਪਰਸਪਰੀ ਪ੍ਰੀਤ ਆਪਣੇ ਘਾਟੇ ਦੇ ਉਤਰਾਉ ਵਿਚ ਹੈ।

ਸਿਖ ਦੀ ਪੀੜਾ ਸਿਖ ਨੂੰ ਨਹੀਂ ਖਾਂਦੀ, ਸਿਖ, ਸਿਖ ਨੂੰ ਦੇਖ ਕੇ ਕਈ ਵੇਰ ਖੁਸ਼ ਨਹੀਂ, ਸਿਖਾਂ ਦੇ ਸਿਖ ਕਤਲ ਦੇ ਮੁਕੱਦਮੇ ਅਦਾਲਤਾਂ ਵਿਚ ਚਲਦੇ ਹਨ। ਸਿਖ, ਸਿਖ ਦੀ ਨਿੰਦਾ ਕਰਦਾ ਹੈ, ਸਿਖ, ਸਿਖ ਦੀ ਤਬਾਹੀ ਦੇ ਦਰਪੈ ਹੁੰਦਾ ਹੈ। ਸਿਖ ਸੀਨੇ ਵਿਚ ਜਿੱਥੇ ਗੁਰ ਮੂਰਤ ਨੇ ਬਿਰਾਜਣਾ ਸੀ, ਕੀਨਾ ਤੇ ਨਾ ਮਾਫ਼ ਕਰਨ ਵਾਲਾ ਸਾੜਾ ਵਾਸ ਕਰਦਾ ਹੈ। ਸਿਖ ਦੇ ਸੀਨੇ ਵਿਚ ਨਫ਼ਰਤ ਨੂੰ ਥਾਂ ਨਹੀਂ ਹੋਣੀ ਚਾਹੀਦੀ। ਕਿਉਂਕਿ ਨਫ਼ਰਤ ਪ੍ਰੇਮ ਦੇ ਐਨ ਉਲਟ ਹੈ ਤੇ ਪ੍ਰੇਮ ਹੀ ਸਿਖੀ ਦਾ ਕੇਂਦਰ ਹੈ। ਕਿਥੇ ਉਹ ਸਮਾਂ ਕਿ ਜਦੋਂ ਸਿਖ ਨੂੰ ਸਿਖ ਸੱਕੇ ਭਰਾ ਤੋਂ ਉੱਪਰ ਲਗਦਾ ਸੀ। ਦੇਖੋ ਅਜ ਗ਼ਿਲਜ਼ਿਆਂ ਨਾਲ ਜੰਗ ਛਿੜਿਆ ਤਾਂ ਇਕ ਵਾਰ ਫੈਸਲਾ ਹੋਯਾ ਕਿ ਇਕ ਇਕ ਸਿਖ ਤੇ ਇਕ ਇਕ ਗ਼ਿਲਜ਼ਾ ਲੜਾਈ ਕਰਨ ਤੇ ਬਾਕੀ ਫੌਜਾਂ ਦੁਵੱਲੀ ਦੇਖਣ, ਕੋਈ ਸ਼ਸਤ੍ਰ ਨਾਂ ਚਲਾਵੇ, ਤਾਂ ਜੋ ਦੋਹਾਂ ਦੀ ਬੀਰਤਾ ਆਮ ਖ਼ੂੰਨ ਵੀਟੇ ਬਿਨਾ ਸਿੱਧ ਹੋ ਜਾਏ। ਤਦੋਂ ਖਾਲਸੇ ਵਲੋਂ ਜੁਆਬ ਜਾਣ ਵਿਚ ਕੁਝ ਡੇਰ ਹੋਈ, ਜਿਸ ਪਰ ਪਠਾਣਾਂ ਨੇ ਉਲਾਂਭੇ ਮੇਹਣੇ ਤੇ ਗਾਲੀਆਂ ਦਿਤੀਆਂ। 'ਜਬੀ ਬਾਣ ਲਾਗੈ ਤਬੀ ਰੋਸ ਜਾਗੈ' ਚਮਕ ਖਾ

 www.sikhbookclub.com

ਕੇ ਚੜ੍ਹਤ ਸਿੰਘ ਜੀ ਸ਼ਸਤ੍ਰ ਪਹਿਨ ਕੇ ਉੱਠ ਟੁਰੇ। ਅੱਗੋਂ ਜੱਸਾ ਸਿੰਘ ਜੀ ਨੇ ਤੱਕ ਕੇ ਪੁੱਛਿਆ ਕਿੱਧਰ? ਤਾਂ ਕਹਿਣ ਲਗੇ ਪੰਥ ਦੀ ਨਿੰਦਾ ਸੁਣੀ ਨਹੀਂ ਜਾਂਦੀ, ਮੈਂ ਤੇਰੇ ਗ਼ਿਲਜ਼ਿਆਂ ਨਾਲ ਜੰਗ ਕਰਨ ਚੱਲਿਆ ਹਾਂ। ਸੁਖਾ ਸਿੰਘ ਨੇ ਕੋਲੋਂ ਕਿਹਾ ਬੰਦੂਕਚੀ ਹੋਣ ਵਿਚ ਸ਼ੇਰ ਦਿਲ ਹੋਣ ਵਿਚ ਕੋਈ ਕਸਰ ਨਹੀਂ, ਪਰ ਸਰੀਰ ਸੁਹਲ ਹੈ ਤੇ ਗਿਲਜੇ ਇਤਨੇ ਦੇਵ ਡੀਲ ਵਾਲੇ ਹਨ ਕਿ ਇਕ ਦਾ ਤੇਰੇ ਉਤੇ ਢਹਿ ਪੈਣਾ ਹੀ ਕਾਫ਼ੀ ਹੈ। ਚੱਲ ਵੀਰ ਤੂੰ ਕਿਸੇ ਹੋਰ ਵੇਲੇ ਪੰਥ ਦੇ ਕੰਮ ਆਉਣ ਵਾਲਾ ਹੈਂ ਤੇ ਇਹ ਕੰਮ ਤੇਰੀ ਥਾਂ ਮੈਂ ਕਰਦਾ ਹਾਂ। ਜੋ ਸ਼ਰੀਰ ਵਿਚ ਰਿਸ਼ਟ ਪੁਸ਼ਟ ਹਾਂ। ਇਹ ਕਹਿ ਕੇ ਉਸੇ ਵੇਲੇ ਸੰਜੋਅ ਤੇ ਜੰਗੀ ਟੋਪ ਪਹਿਨਿਆ, ਸ਼ਸਤ੍ਰ ਲਾਏ ਤੇ ਬਰੇਤੇ ਤੇ ਜਾ ਖਲੋਤਾ, ਅਰ ਓਹ ਜੁੱਧ ਮਚਾਇਆ ਕਿ ਛੱਕੇ ਛੁਡਾ ਦਿਤੇ।

ਵੀਰੋ! ਇਹ ਪਿਆਰ ਕਿ ਬਲਦੀ ਦੇ ਬੁੱਥੇ ਵੀਰ ਨਾ ਜਾਵੇ ਤੇ ਮੈਂ ਮਰ ਜਾਂਦਾ ਹਾਂ, ਅੱਜ ਕਿੱਥੇ ਹੈ? ਸੱਕੇ ਭਰਾ ਇਹ ਕੁਰਬਾਨੀ ਨਹੀਂ ਕਰ ਸਕਦੇ, ਜਦੋਂ ਸਤਿਕਾਰ ਤੇ ਪਿਆਰ ਦਾ ਮਾਦਾ ਏਸ ਟਿਕਾਣੇ ਤੇ ਸੀ, ਤਦੋ ਚਾਰ ਚੁਫੇਰੇ ਦੇ ਕਸ਼ਟਾਂ ਵਿਚ ਪੰਥ ਹਰੀ ਕੈਮ ਰਿਹਾ, ਪਰ ਹੁਣ ਜਦ ਚੁਫੇਰੇ ਆਰਾਮ ਹੈ, ਸੁਖ ਹੈ ਤਦੋਂ ਓਹ ਪਿਆਰ ਥਲੇ ਥਲੇ ਜਾ ਰਿਹਾ ਹੈ।

ਇਹੋ ਪਰਸਪਰ ਦਾ ਪਿਆਰ ਕੌਮੀ ਜੀਵਨ ਹੈ, ਇਹੋ ਜੇ ਨਾਂ ਰਿਹਾ ਤਾਂ ਸਮਝੋ ਕੌਮ ਨਾ ਰਹੀ। ਬੇਸ਼ਕ ਥੋੜੀ ਥੋੜੀ ਪੱਛਮੀ ਵਿਦਿਆ ਸਾਡੇ ਵਿਚ ਆ ਰਹੀ ਹੈ ਪਰ ਜੇ ਧਾਰਮਕ ਜੀਵਨ ਅਰ ਉਸ ਦਾ ਫਲ ਪ੍ਰੇਮ ਸਾਡੇ ਵਿਚ ਨਹੀਂ ਹੈ ਤਾਂ ਪੱਛਮੀਂ ਵਿਦਿਆ ਕੇਵਲ ਪੜ੍ਹੇ ਹੋਏ ਤੋਤੇ ਬਨਾ ਦੇਵੇਗੀ। ਖ਼ੁਦ ਪੱਛਮ ਵਿਚ ਜਾ ਕੇ ਕਈ ਸਿਖਾਂ ਨੇ ਸਿਖਾਂ ਦੇ ਪਦਾਰਥਾਂ ਤੇ ਪਲ ਕੇ ਕੌਮੀ ਜੀਵਨ ਨਾਲ ਐਥੋਂ ਤੋੜੀ ਨੇਹੁੰ ਤੋੜਿਆ ਕਿ ਅਸਿੱਖ ਹੋ ਗਏ ਹਨ। ਕੌਮੀ ਜੀਵਨ ਦੀ ਪ੍ਰਪੱਕਤਾ ਲਈ ਨਿਰੀ ਪੱਛਮੀ ਵਿਦਿਆ ਤੇ ਆਸ ਰੱਖਣੀ ਭੁਲੇਵਾਂ ਹੈ। ਪੱਛਮੀਂ ਵਿਦਿਆ ਇਕ ਜ਼ਰੂਰੀ ਗੁਣ ਹੈ, ਪਰ ਸਿਖਾਂ ਨੂੰ ਰਾਸ ਤਾਂ ਹੀ ਪਵੇਗੀ ਜੇ ਕੌਮੀ ਜੀਵਨ ਦੀ ਸਹਾਇਕ ਬਣੇ।

ਇਸੇ ਤਰ੍ਹਾਂ ਜਿਸ ਜਿਸ ਪਾਸੇ ਸਿਖਾਂ ਦਾ ਖਿਆਲ ਪੈਂਦਾ ਹੈ, ਉਸ ਦੇ ਨਾਲ ਨਾਲ ਕੌਮੀ ਜੀਵਨ ਦੀ ਧਾਪ ਵੱਜਣੀ ਚਾਹੀਦੀ ਹੈ। ਜੇ ਹਰੇਕ ਸਿੱਖ ਦੇ ਦਿਲ ਵਿਚ ਨਿਰਾ ਇਹੋ ਖਿਆਲ ਹੈ ਕਿ ਮੈਂ ਕਾਮਯਾਬ ਆਦਮੀ ਬਣਨਾ ਹੈ, ਤਾਂ ਪੰਥਕ ਜੀਵਨ ਇਸੇ ਖਿਆਲ ਵਿਚ ਹੀ ਆਪਣੀ ਸਮਾਪਤੀ

 www.sikhbookclub.com

ਕਰੀ ਬੈਠਾ ਹੈ। ਜੇ ਹਰੇਕ ਸਿਖ ਨੇ ਆਪਣੀ ਕਾਮਯਾਬੀ, ਨਿਜ ਦੀ ਉੱਨਤੀ ਦੇ ਨਾਲ ਏਸ ਖਿਆਲ ਨੂੰ ਸੁਰਜੀਤ ਰੱਖਣਾ ਹੈ ਕਿ ਮੈਂ ਇਕ ਪੰਥ ਦਾ ਫਰਦ ਹਾਂ, ਅਰ ਉਸ ਪੰਥ ਦੇ ਸਾਂਝੇ ਜੀਵਨ ਦੇ ਦੁਖ ਸੁਖਂ ਦਾ ਭਾਈਵਾਲ ਹਾਂ, ਅਰ ਆਪਣੇ ਸੁਖ ਸੰਪਦਾ ਵੇਲੇ ਮੈਂ ਅੱਡਰੇ ਹੋਕੇ ਮਸਤ ਨਹੀਂ ਹੋ ਜਾਣਾ, ਪੰਥ ਦੇ ਨਾਲ ਰਹਿਣਾ ਹੈ, ਤਦ ਪੰਥਕ ਜੀਵਨ ਸੁਰਜੀਤ ਹੈ। ਹੁਣ ਜੇ ਤੁਸੀਂ ਫਿਰ ਕੇ ਦੇਖੋ ਤਾਂ ਇਹ ਗਲ ਸਿਖ ਸੀਨਿਆਂ ਵਿਚ ਘੱਟ ਪਾਓਗੇ। ਇਸ ਲਈ ਜ਼ਰੂਰੀ ਹੈ ਕਿ ਜੋ ਸੱਜਣ ਪ੍ਰਚਾਰ ਕਰ ਰਹੇ ਹਨ, ਜੋ ਸੱਜਣ ਲਿਖ ਰਹੇ ਹਨ, ਜੋ ਸੱਜਣ ਕਿਸੇ ਵੇਲੇ ਕੱਠੇ ਹੋ ਬੈਠਦੇ ਹਨ, ਜੋ ਮਿਲ ਟੁਰਦੇ ਹਨ ਆਪਣਾ ਇਕ ਫ਼ਰਜ਼ ਬਨਾਉਣ ਕਿ ਅਸਾਂ ਕੌਮੀ ਦੁਖ ਸੁਖ ਦੀ ਪੀੜ ਤੇ ਰਸ ਨੂੰ ਇਕ ਸਾਂਝੀ ਪ੍ਰਤੀਤੀ ਦੇਣ ਵਾਲਾ ਬਨਾਉਣਾ ਹੈ, ਸਿਖ ਦੀ ਸਿਖ ਨਾਲ ਪ੍ਰੀਤੀ, ਸਿਖ ਦਾ ਸਿਖ ਨਾਲ ਲਗਾਉ, ਸਿਖ ਦਾ ਸਿਖ ਨਾਲ ਪਿਆਰ ਕੇਵਲ ਇਸ ਲਈ ਕਿ ਉਹ ਸਿਖ ਹੈ, ਹਰੇਕ ਸਿਖ ਮਾਤਰ ਦੇ ਪ੍ਰਚਾਰ ਕਰਨੇ ਦੀ ਵਸਤੂ ਹੈ। ਜਿਤਨੀਆਂ ਪੰਥਕ ਤਰੱਕੀਆਂ ਅਸੀਂ ਲੋਚਦੇ ਹਾਂ, ਇਹ ਉਹਨਾਂ ਸਭਨਾਂ ਦੀ ਜੜ੍ਹ ਹੈ, ਮੁੱਢ ਹੈ। ਜੇ ਇਹ ਹੈ ਤਾਂ ਸਾਰੇ ਸੁਆਂ, ਸਾਰੀਆਂ ਖ਼ੂਬਸੂਰਤੀਆਂ ਸਫ਼ਲ ਹਨ। ਜੇ ਉੱਨਤੀ ਉੱਨਤੀ ਦੀ ਘੋੜ ਦੌੜ ਵਿਚ ਇਹ ਨੀਂਹ ਹੀ ਉੱਖੜ ਗਈ ਫੇਰ ਜੋ ਤਰੱਕੀ ਕਰੋਗੇ ਉਹ ਜਾਤੀ ਤਰੱਕੀ ਇਕ ਇਕ ਫਰਦ ਦੀ ਪਈ ਹੋਊ, ਪੰਥਕ ਤ੍ਰੱਕੀ ਉਹ ਨਹੀਂ ਹੈ, ਸਗੋਂ ਪੰਥਕ ਹਾਨੀ ਹੈ। ਇਸ ਲਈ ਅੱਜ ਅਸਾਡੀ ਬੇਨਤੀ ਹੈ ਕਿ ਸਭ ਤੋਂ ਵਧੀਕ ਪਹਿਲੂ ਆਪ ਦੇ ਖਿਆਲ ਦਾ ਇਹ ਹੋਵੇਗਾ ਕਿ ਆਪ ਹਰੇਕ ਸਿਖ ਵਿਚ ਪੰਥਕ ਜੀਵਨ ਦੀ ਨਾੜ ਟੋਹਵੋ। ਜੇ ਠੀਕ ਚਲ ਰਹੀ ਹੈ ਤਾਂ ਸ਼ੁਕਰ ਕਰੋ, ਨਹੀਂ ਤਾਂ ਉਸ ਵਿਚ ਪੰਥਕ ਪਿਆਰ ਦੀ ਜਾਨ ਪਾ ਦਿਓ।

(ਪਹਿਲੀ ਵਾਰ, ਖਾ: ਸ: ੧-੧-੧੯੪੭
ਦੂਜੀ ਵਾਰ, ਖਾ: ਸ: ੬-੩-੨੦੦੮)

 www.sikhbookclub.com

## 16. ਦਇਆ, ਧਰਮ ਦੀ ਨਗਰੀ।

**ਅੰਮ੍ਰਿਤਸਰ** ਵਿਚ ਮੁੱਦਤਾਂ ਤੋਂ ਕਲੇਸ਼ ਰਹਿੰਦੇ ਹਨ। ਸਿਆਲ ਮੁਕਣ ਲੱਗਦਾ ਹੈ ਤਾਂ ਅਕਸਰ ਪਲੇਗ ਸ਼ੁਰੂ ਹੋ ਜਾਂਦੀ ਹੈ। ਹੁਨਾਲ 'ਚ ਪਲੇਗ ਮੁਕਦੀ ਹੈ, ਤਾਂ ਮਜਾਦੀ ਤਾਪ ਹੋ ਜਾਂਦਾ ਹੈ। ਬਰਸਾਤ ਵਿਚ ਮਲੇਰਿਆ ਉਹ ਝੂਣੇਂ ਦੇਂਦਾ ਹੈ ਕਿ ਪੱਕੀ ਬੇਰੀ ਵਾਂਗੂੰ ਝਾੜ ਕੱਢਦਾ ਹੈ। ਪਿਛਲੇ ਸਾਲ ਮਲੇਰੀਆ ਅਜੇ ਮੁਕਾ ਨਹੀਂ ਸੀ ਕਿ ਇੰਨਫਲੁਇੰਜ਼ਾ ਸ਼ੁਰੂ ਹੋ ਗਿਆ ਤੇ 200 ਤੱਕ ਰੋਜ਼ਾਨਾ ਮੌਤ ਦੀ ਨੌਬਤ ਪਹੁੰਚੀ। ਮਹਿੰਗਾਈ ਦਾ ਕਸ਼ਟ ਸਾਰੇ ਦੇਸ਼ ਨਾਲ ਸਾਂਝਾਂ ਪਾਉਂਦਾ ਜਾਂਦਾ ਰਹਿੰਦਾ ਹੀ ਹੈ। ਪਰ ਕਦੇ ਭੁਚਾਲ, ਕਦੇ ਮਰੀ, ਕਦੇ ਅਨ-ਸੀਆਂ ਹੋਣੀਆਂ ਜਿਹਾ ਕੁ ਬੁੰਗੇ ਦਾ ਛਜਾ ਢੈਹ ਪਿਆ ਤੇ ਸੈਂਕੜੇ ਆਦਮੀ ਮਰ ਗਏ। ਹੁਣ ਅਜੇ ਇੰਨਫਲੁਇੰਜ਼ਾ ਦਾ ਹਮਲਾ ਰੁਕਾ ਹੀ ਸੀ ਤੇ ਪਲੇਗ ਤੋਂ ਸਿਆਲ ਦੇ ਸੁਖ ਦੁਖ ਮੰਗਦੇ ਦਿਨ ਲੰਘੇ ਹੀ ਸਨ ਕਿ ਅਪ੍ਰੈਲ ਵਿਚ ਹੜਤਾਲਾਂ ਨੇ ਆ ਜ਼ੋਰ ਪਾਯਾ ਤੇ ਲੋਕਾਂ ਤੋਂ ਉਹ ਭਿਆਨਕ ਕਾਰੇ ਹੋਏ ਕਿ ਰਾਜਾ ਪਰਜਾ ਦੋਵੇਂ ਸੁਖੀ ਨਾ ਰਹੇ। ਅਸੀਂ ਕਈ ਬਰਸਾਂ ਤੋਂ ਦੇਖ ਰਹੇ ਹਾਂ ਕਿ ਅੰਮ੍ਰਿਤਸਰ ਵਿਚ ਕਿਸੇ ਨਾ ਕਿਸੇ ਸ਼ਕਲ ਵਿਚ ਵਿਪਦਾ ਪਈ ਹੀ ਰਹਿੰਦੀ ਹੈ।

ਬਚਪਨ ਵਿਚ ਅਸੀਂ ਦੇਖਿਆ ਕਰਦੇ ਸਾਂ ਕਿ ਸਵੇਰੇ ਬਜ਼ਾਰ ਵਿਚ ਜਾਓ ਤਾਂ ਕਿਸੇ ਨਾ ਕਿਸੇ ਹਟੀ ਤੇ ਇਕ ਰਬਾਬੀ ਸ਼ਬਦ ਪੜ੍ਹਦਾ ਹੁੰਦਾ ਸੀ। ਪਰ ਹੁਣ ਹੱਟੀਆਂ ਤੇ ਸਵੇਰੇ ਹੀ ਉਰਦੂ ਦੇ ਨਿਕੇ ਨਿਕੇ ਅਖਬਾਰ ਫੜੇ ਹੁੰਦੇ ਹਨ, ਅਰ ਕਿਤੇ ਸ਼ਬਦ ਦੀ ਅਵਾਜ਼ ਕੰਨੀ ਨਹੀਂ ਪੈਂਦੀ। ਜਦ ਕਦੇ ਮੀਂਹ ਨਾ ਵੱਸਣ ਤੇ ਔੜ ਲਗ ਜਾਵੇ ਤਾਂ ਅਸੀਂ ਦੇਖਦੇ ਰਹੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਅਖੰਡ ਪਾਠ ਰਖੇ ਜਾਂਦੇ ਸਨ, ਜਗਾ ਜਗਾ ਬਜਾਰਾਂ

ਵਿਚ ਪਾਠ ਹੁੰਦੇ ਸਨ, ਸ਼ੈਹਰ ਦੇ ਲੋਕੀ ਦਰਬਾਰ, ਬਾਬੇ ਸਾਹਿਬ ਸੇਵਾ ਪਾਠ ਕਰਦੇ ਸਨ। ਹਿੰਦੂ ਅਪਨੇ ਇਸ਼ਟ ਦੀ ਅਰਾਧਨਾ ਕਰਜਾ ਕਰਦੇ ਸਨ। ਮੁਸਲਮਾਨ ਪਰੇਟ ਵਿਚ ਕੱਠੇ ਹੋਕੇ ਨਿਮਾਜ਼ਾਂ ਪੜ੍ਹਿਆ ਕਰਦੇ ਸਨ। ਪਲੇਗ ਆਈ ਤਾਂ ਇਹ ਰਵਜੇ ਇੰਨੇ ਜੋਰਾਂ ਵਿਚ ਸਨ ਕਿ ਹਿੰਦੂਆਂ ਨੇ ਹਵਨ ਕਰਨ ਵਾਲੇ ਦੱਖਣ ਤੋਂ ਮੰਗਵਾਏ ਸਨ। ਜਦੋਂ ਕਦੇ ਬੀਮਾਰੀ ਵਬਾ ਪਏ ਤਦ ਦਾਨ, ਜਗ, ਅਰਦਾਸ, ਦੁਆ, ਨਿਮਾਜ਼, ਨਿਆਜ਼, ਭਜਨ, ਬੰਦਗੀ, ਇਨ੍ਹਾਂ ਗੱਲਾਂ ਵਲ ਲੋਕਾਂ ਦਾ ਜ਼ੋਰ ਪੈਂਦਾ ਸੀ। ਪਰ ਹੁਣ ਇਹ ਗੱਲਾਂ, ਅਤਿ ਮਧਮ ਪੈ ਗਈਆਂ ਹਨ। ਇਸ ਨਗਰ ਵਿਚ ਅੰਨ ਦਾਨ, ਜਲ ਦਾਨ ਦਾ ਬੜਾ ਹੀ ਰਿਵਾਜ਼ ਹੈ। ਸਿਆਲ ਵਿਚ ਬਸਤ੍ਰ ਦਾਨ ਬੀ ਬੜੇ ਹੁੰਦੇ ਸਨ। ਪਰ ਸ਼ੋਕ ਹੈ ਕਿ ਇਹ ਰਵਜੇ ਬਦਲ ਰਹੇ ਹਨ। ਹੁਣ ਇਕ ਸਾਰੇ ਦੇਸ ਵਿਚ ਮਾਦਾ ਪ੍ਰਸਤੀ, ਵਾਹਿਗੁਰੂ ਦਾਤੇ ਨੂੰ ਭੁਲ ਕੇ ਦਾਤਾਂ ਨਾਲ ਪਿਆਰ ਦੀ ਮਾਜਕ ਪੂਜਾ ਆ ਰਹੀ ਹੈ, ਉਹ ਸਾਰੇ ਆਤਮ ਵਲਵਲਿਆਂ, ਵਾਹਿਗੁਰੂ ਪਿਆਰ ਦੇ ਭਾਵਾਂ ਤੇ ਦਾਨ ਦਇਆ ਦੇ ਸ਼ੁਭ ਖਿਆਲਾਂ ਨੂੰ ਕਮਜ਼ੋਰ ਕਰ ਰਹੀ ਹੈ।

ਇਹ ਇਕ ਅਟੱਲ ਨਿਯਮ ਹੈ ਕਿ ਆਤਮਾ, ਮਨ ਤੇ ਸਰੀਰ ਦੇ ਸਾਰੇ ਸੁਖ ਅਪਨੇ ਅੰਦ੍ਰਲੇ ਨੂੰ 'ਸਾਂਈ ਰੁਖੀਏ' ਰੱਖਣ ਵਿਚ ਹਨ। ਪਰ ਹੁਣ ਅੰਦ੍ਰਲੇ ਵਿਚ ਘਬਰਾ, ਕਾਹਲੀ, ਲਾਲਚ ਤੇ ਤ੍ਰਿਸ਼ਨਾਂ ਦੇ ਖ਼ੌਲ ਵਧ ਰਹੇ ਹਨ ਤੇ ਧਿਆਨ ਮਾਯਾ ਹੀ ਮਾਯਾ ਵਲ ਵਧ ਰਹੇ ਹਨ।

ਇਹ ਸ਼ੈਹਰ ਕਿਸੇ ਪਾਤਸ਼ਾਹ, ਅਮੀਰ, ਜੋਰ ਵਾਲੇ, ਰਾਜੇ ਬਾਬੂ ਨੇ ਨਹੀਂ ਸੀ ਵਸਾਇਆ। ਇਹ ਨਗਰੀ ਫਕੀਰਾਂ ਦੇ ਪਾਤਸ਼ਾਹ, ਆਤਮਰਸੀਆਂ ਦੇ ਮਹਾਰਾਜ ਅਧਿਰਾਜ ਸ੍ਰੀ ਗੁਰੂ ਰਾਮਦਾਸ ਨੇ ਵਸਾਈ ਸੀ। ਉਹਨਾਂ ਨੇ ਧਰਾ ਉੱਤੇ ਇਕ ਮੰਦਰ ਪਾਇਆ ਸੀ, ਜਿਥੇ ਕਿ ਅੱਠ ਪੈਹਰ ਪਰਮੇਸ਼ਰ ਦਾ ਜਸ ਗਾਇਨ ਹੋਵੇ, ਤੇ ਹਰ ਕੋਈ ਜਾਕੇ ਸੁਣੇ, ਆਪ ਕੀਰਤਨ ਕਰੇ। ਅੰਦ੍ਰਲੇ ਦਾ ਸੁਖ ਮਾਣੇ ਤੇ ਆਤਮ ਸੁਖ ਪਾਵੇ। ਇਸ ਲਈ ਆਪਨੇ ਮੰਦਰ ਦਾ ਨਾਮ ਹਰੀ ਮੰਦਰ ਤੇ ਸਰ ਦਾ ਨਾਮ ਅੰਮ੍ਰਿਤ ਸਰੋਵਰ ਰਖਿਆ। ਇਸੇ ਪ੍ਰੋਜਨ ਲਈ ਆਪ ਨੇ ਲੋਕਾਂ ਨੂੰ ਜ਼ਮੀਨਾਂ ਕੋਠਿਆਂ ਲਈ ਦਿਤੀਆਂ ਕਿ ਨੇੜੇ ਨੇੜੇ ਵਸੋ, ਤੇ ਹਰੀ ਮੰਦਰ ਦਾ ਲਾਭ ਉਠਾਓ। ਦੁਨੀਆਂ ਵਿਚ ਸਾਰੇ "ਲਓ ਲਈ ਅਤ੍ਰਿਪਤ ਮਾਇਆ" ਦੇ ਪਿੰਡ, ਨਗਰ, ਸ਼ੈਹਰ ਵਸ ਰਹੇ

ਹਨ। ਪਰ ਕੋਈ ਨਗਰ ਨਿਰਾ ਵਾਹਿਗੁਰੂ ਯਸ ਲਈ ਨਹੀਂ ਸੀ। ਇਹ ਆਦਰਸ਼ ਰਖਕੇ ਸਤਿਗੁਰ ਨੇ ਮੰਦਰ ਸਾਜਿਆ ਤੇ ਨਗਰੀ ਪਾਈ "ਰਾਮਦਾਸ ਪੁਰ" ਉਹ ਪੁਰੀ ਜਿਸ ਵਿਚ ਰਾਮ (ਵਾਹਿਗੁਰੂ) ਦੇ ਦਾਸ ਵਸਨ 'ਮੰਦਰ ਹਰੀ ਦਾ' ਜਿਸ ਵਿਚ ਅੱਠ-ਪੈਹਰ 'ਹਰੀ ਯਸ' ਹੋਵੇ, ਸਰੋਵਰ ਅੰਮ੍ਰਤ ਦਾ ਜਿਸ ਵਿਚੋਂ ਹਰ ਵੇਲੇ ਇਸ਼ਨਾਨ ਦੀ ਠੰਢ ਪ੍ਰਾਪਤ ਹੋਵੇ ਤੇ ਜਿਸ ਜਲ ਵਿਚ ਅੱਠ ਪੈਹਰੇ ਕੀਰਤਨ ਤੇ ਭਜਨ ਦੇ ਸੂਖਮ ਭਾਵਾਂ ਦੇ ਰੌ ਅਪਨਾ ਸੁਖਦਾਈ ਅਸਰ ਪਾਂਦੇ ਰੈਹਨ, ਜੋ ਕੀਰਤਨ ਭਜਨ ਕਿ ਸਰੋਵਰ ਦੇ ਅੰਦਰ ਬਾਹਰ ਸਦਾ ਜ਼ਾਰੀ ਰੈਂਹਦੇ ਹਨ।

ਇਸ ਨਗਰੀ ਦੇ ਵਾਸੀ ਅੱਜ ਤੋਂ 80 ਵਰਹੇ ਪਿਛੇ ਤੱਕ ਦਰਬਾਰ ਸਾਹਿਬ ਦੇ ਦਰਸ਼ਨ ਦੇ ਪਿਆਰੇ ਹੁੰਦੇ ਸਨ ਸਿੱਖ ਤਾਂ ਸੇਵਾ ਪਿਆਰ ਯਾਤਰਾ ਭਜਨ ਲਈ ਜਾਂਦੇ ਹੀ ਸਨ ਪਰ ਹਿੰਦੂ, ਸ਼ੈਵ, ਵੈਸ਼ਨਵ ਹਰ ਮਤ ਦੇ ਫਿਰਕੇ ਜਾਂਦੇ ਤੇ ਕਹਿੰਦੇ ਹੁੰਦੇ ਸਨ ਕਿ ਨਗਰੀ ਦੇ ਪਾਤਸ਼ਾਹ ਦੀ ਹਾਜ਼ਰੀ ਭਰਨ ਚੱਲੇ ਹਾਂ, ਮੁਸਲਮਾਨ ਤੱਕ ਸਲਾਮ ਕਰਨ ਜਾਂਦੇ ਹੁੰਦੇ ਸਨ, ਸਾਰੇ ਸ਼ੈਹਰ ਦੇ ਹਿੰਦੂ, ਮੁਸਲਮਾਨ, ਸਿੱਖ ਦੁਖਾਂ ਸੁਖਾਂ ਵੇਲੇ ਦਰਬਾਰ ਸਾਹਿਬ ਦੇ ਫ਼ਕੀਰ ਪਾਤਸ਼ਾਹ ਦੀ ਅਰਾਧਨਾ, ਸੁਖਨਾ ਨਜ਼ਰਾਂ ਨਿਆਜ਼ਾਂ ਮੰਨਦੇ ਹੁੰਦੇ ਸਨ। ਇਹ ਪਰੰਪਰਾ ਦਾ ਪੁਰਾਣਾ ਗੀਤ ਹਰ ਹਿੰਦੂ, ਸਿੱਖ, ਮੁਸਲਮਾਨ ਗਾਇਆ ਕਰਦਾ ਸੀ।

**ਨਗਰੀ ਤੇਰੀ ਸੁਖ ਵਸਦੀ, ਸੁਖ ਵਸਦੀ ਰਾਮਦਾਸ**
**ਨਗਰੀ ਤੇਰੀ ਸੁਖ ਵਸਦੀ।**

ਪਰ ਸ਼ੋਕ ਕਿ ਹੁਣ ਉਸ ਨਗਰੀ ਤੋਂ ਇਕ ਵਿਪਦਾ ਹਟਦੀ ਹੈ ਇਕ ਹੋਰ ਆ ਜਾਂਦੀ ਹੈ। ਕੀਹ ਸ਼ੈਹਰ ਵਾਸੀਆਂ ਵਾਸਤੇ ਸਮਾਂ ਨਹੀਂ ਆਯਾ ਕਿ ਓਹ ਕਦੇ ਵਿਚਾਰ ਕਰਨ ਕਿ ਉਹ ਕਿਸ ਧਰਤੀ ਪਰ ਵਸਦੇ ਹਨ। ਲੋਕੋ! ਇਹ ਧਰਤੀ ਸਾਧ ਦੀ ਹੈ। ਤੇ ਸਾਧਾਂ ਵਾਸਤੇ ਇਹ ਨਗਰੀ ਵਸਾਈ ਗਈ ਸੀ। ਤੁਹਾਡੀਆਂ ਅੰਦ੍ਰਲੀਆਂ ਕਲਾਂ ਵਿਚ ਪਰੀਵਰਤਨ ਹੋ ਰਿਹਾ ਹੈ, ਤਬਦੀਲੀ ਆ ਰਹੀ ਹੈ। ਤੁਸੀਂ ਸਮਝ ਰਹੇ ਹੋ ਕਿ ਤੁਸੀਂ ਹੋਰਨਾਂ ਸ਼ਹਰਾਂ ਵਾਂਗੂ ਇਸ ਨਗਰੀ ਵਿਚ ਵਸਦੇ ਹੋ ਤੇ ਭੁਲ ਰਹੇ ਹੋ ਕਿ ਤੁਸੀਂ ਇਕ ਸਾਧੂਆਂ ਦੇ ਮਹਾਰਾਜੇ ਦੀ ਆਤਮ ਭੂਮੀ ਤੇ ਵਸ ਰਹੇ ਹੋ। ਤੁਸਾਡਾ ਹੱਕ ਇਥੇ ਵਸਣ

 www.sikhbookclub.com

ਦਾ ਤਾਂ ਹੈ ਕਿ ਜੇ ਤੁਸੀਂ ਆਤਮਰਸ ਦੇ ਮਗਰ ਦਇਆ, ਦਾਨ, ਭਜਨ ਕਿਸੇ ਨਾ ਕਿਸੇ ਤਰਾਂ ਕੁਛ ਯਤਨ ਕਰਨ ਵਾਲੇ ਹੋਵੋ। ਆਤਮ ਵਿਮੁਖ, ਮਾਇਆ ਪੂਜਾ ਤੇ ਮਾਦਾ ਪ੍ਰਸਤੀ ਦੇ ਲੋਕਾਂ ਵਾਸਤੇ ਇਹ ਨਗਰੀ ਨਹੀਂ ਹੈ। ਇਹ ਪਰਮੇਸ਼ਰ ਵਲ ਰੁਖ ਰਖਣ ਵਾਲਿਆਂ ਵਾਸਤੇ ਰਚੀ ਗਈ ਸੀ।

ਸਾਡੇ ਲਿਖਣ ਦਾ ਇਹ ਮਤਲਬ ਨਹੀਂ ਕਿ ਤੁਸੀਂ ਵਾਹਿਗੁਰੂ ਤੋਂ ਰੁਖ ਪਲਟਕੇ ਨਿਰੇ ਮਾਦੇ ਦੀ ਪੂਜਾ ਵਲ ਮੁੜ ਪਏ ਹੋ, ਇਸ ਕਰਕੇ ਗੁਰੂ ਮਹਾਰਾਜ ਖਫ਼ਾ ਹੋ ਰਹੇ ਹਨ। ਗੁਰੂ ਜੀ ਦੇ ਖਫ਼ਾ ਨਹੀਂ ਹੋ ਸਕਦੇ। ਉਹ ਸਦਾ ਪਿਆਰ ਕਰਦੇ ਹਨ, ਉਹਨਾਂ ਦਾ ਸਰੂਪ ਪਯਾਰ ਹੈ। ਇਹ ਦੁਖ ਜੋ ਹਨ ਅਪਨੇ ਅੰਦਰਲੇ ਦੇ ਰੁਖ ਫਿਰਨ ਤੋਂ ਹਨ। ਜੋ ਅਗਨੀ ਤੋਂ ਦੂਰ ਜਾਂਦੇ ਹਨ, ਉਹ ਸਰਦੀ ਦਾ ਦੁਖ ਪਾਂਦੇ ਹਨ। ਪਰ

ਕਬੀਰ ਜੀ ਦਾ ਵਾਕ ਹੈ:-

**ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹ।**
**ਧਰਤੀ ਭਾਰ ਨ ਵਿਆਪਈ ਉਨ ਕਉ ਲਾਹੂ ਲਾਹ॥**
(੯੬੫)

ਧਰਤੀ ਸਾਧੂ ਦੀ ਹੈ ਜੇ ਉਸ ਪਰ ਚੋਰ ਬੈਠਣਗੇ ਤਾਂ ਧਰਤੀ ਨੂੰ ਭਾਰ ਨਹੀਂ ਲੱਗਣਾ ਉਨ੍ਹਾਂ ਦੇ ਆਪਣੇ ਲਾਹੂ ਲੈਹ ਜਾਣਗੇ।

ਸਰਕਾਰ ਜਿਨਾਂ ਲੋਕਾਂ ਨੂੰ ਮੁਰਬੇ ਦੇਂਦੀ ਹੈ ਕਿ ਆਪ ਊਠ ਪਾਲੋ ਵੇਲੇ ਸਿਰ ਸਰਕਾਰ ਲਵੇਗੀ, ਉਹ ਊਠ ਪਾਲਦੇ ਹਨ। ਜਿਨ੍ਹਾਂ ਨੂੰ ਹਸਪਤਾਲ ਚਲਾਣ ਵਾਸਤੇ ਮੁਰਬੇ ਮਿਲੇ ਹਨ ਉਹ ਹਸਪਤਾਲ ਚਲਾਂਦੇ ਹਨ, ਜਿਨ੍ਹਾਂ ਨੂੰ ਘੋੜੀਆਂ ਗਊਆਂ ਵਾਸਤੇ ਮਿਲੇ ਹਨ, ਉਹ ਅਪਨਾ ਫਰਜ਼ ਪੂਰਾ ਕਰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਰਾਮਦਾਸ ਪੁਰੇ ਵਿਚ ਯਾ ਇਉਂ ਕਹੋ ਕਿ ਅੰਮ੍ਰਿਤਸਰ ਦੀ ਧਰਤੀ ਵਿਚ ਉਹਨਾਂ ਲੋਕਾਂ ਨੂੰ ਕੋਠਿਆਂ ਘਰਾਂ ਵਾਸਤੇ ਭੋਆਂ ਦਿਤੀਆਂ ਸਨ, ਜੋ ਧਾਰਮਕ ਖਿਆਲ ਦੇ ਸਨ ਤੇ ਜਿਨ੍ਹਾਂ ਨੂੰ ਆਤਮ ਭੁਖ ਸੀ, ਸੁੰਦਰ ਸਰੋਵਰ ਤੇ ਸੋਹਣੇ ਮੰਦਰ ਦੀ ਲੋੜ ਸੀ ਕਿ ਜਿਥੇ ਬੈਠਕੇ ਉਹ ਉੱਚੇ ਰਸ ਨੂੰ ਮਾਣਨ, ਆਪਾ ਉੱਚਾ ਕਰਨ ਤੇ ਆਤਮ ਸੁਖ ਪਾਣ। ਉਹ ਪਹਿਲੇ ਲੋਕ ਸੰਸਾਰ ਤੋਂ ਟੁਰਦੇ ਗਏ, ਉਹਨਾਂ ਦੇ ਥਾਂ ਉਲਾਂਦਾ ਆਉਂਦੀਆਂ ਗਈਆਂ ਯਾ ਹੋਰ ਲੋਕ ਬਾਹਰੋਂ ਆਕੇ ਕੋਠੇ ਮੁਲ ਲੈਕੇ ਰੈਹਣ ਲਗ ਪਏ।

 www.sikhbookclub.com

ਪਰ ਪਹਿਲੇ ਦਾਤੇ ਫਕੀਰਾਂ ਦੇ ਸ਼ਹਿਨਸ਼ਾਹ ਦੀ ਸ਼ਰਤ ਇਹ ਸੀ ਕਿ ਏਥੇ ਉਹ ਵਸਣ ਜੋ ਧਰਮ ਵਲ ਰੁਖ ਰਖਦੇ ਹੋਣ। ਸਿੱਖਾਂ ਵਿਚ ਤਾਂ ਹੁਣ ਤੱਕ ਰਿਵਾਜ਼ ਹੈ ਕਿ ਪਿਛਲੀ ਉਮਰਾ ਭਜਨ ਅਰਪਨ ਕਰਦੇ ਤੇ ਏਥੇ ਆ ਵਸਦੇ ਹਨ। ਅੰਮ੍ਰਿਤਸਰ ਵਿਚ ਕਾਬਲੀ, ਕੰਧਾਰੀ, ਪਸ਼ੌਰੀ, ਸਿੰਧੀ, ਸ਼ਕਾਰ ਪੁਰੀਏ, ਮੁਲਤਾਨੀ, ਝਾਂਗੜੀ, ਪਾਟਣੀ, ਡਾਰੇ (ਡੇਹਰਿਆਂ ਦੇ ਰਹਿਣ ਵਾਲੇ), ਕਸ਼ਮੀਰੀ, ਪੂਰਬੀਏ, ਦੁਆਬੀਏ, ਮਲਵਈ, ਪੋਠੋਹਾਰੀ, ਗੁਜਰਾਤ, ਗੁਜਰਾਂ ਵਾਲੀਏ ਤੇ ਹੋਰ ਥਾਂ ਥਾਂ ਦੇ ਆਦਮੀ ਹਨ। ਮੁੱਢ ਵਿਚ ਇਨ੍ਹਾਂ ਜਗਾਂ ਦੇ ਚੋਣਵੇਂ ਆਤਮ ਰਸੀਏ ਸਿੱਖ ਆਏ ਸਨ। ਫੇਰ ਉਹਨਾਂ ਦੀ ਉਲਾਦ ਤੇ ਮਗਰੋਂ ਹੋਰ ਹੋਰ ਲੋਕ ਆਏ, ਮਹਾਰਾਜਾ ਰਣਜੀਤ ਸਿੰਘ ਵੇਲੇ ਅਮਨ ਹੋ ਜਾਣ ਕਰਕੇ ਵਪਾਰੀ ਤੇ ਕਾਰੀਗਰ ਆਏ। ਪਰ ਸਾਰੇ ਸ਼ੈਹਰ ਦੀ ਵਸੋਂ ਵਿਚ ਗੁਰੂ ਰਾਮਦਾਸ ਦਾ ਪਿਆਰ, ਦਰਬਾਰ ਸਾਹਿਬ ਦੀ ਇੱਜ਼ਤ ਤੇ ਧਰਮ ਵਲ ਰੁਖ ਤੇ ਪਰਮੇਸ਼ਰ ਦੀ ਅਰਾਧਨਾ ਦਾ ਖ਼ਿਆਲ ਪਰਧਾਨ ਰਿਹਾ ਜੋ ਸ਼ੋਕ ਹੈ ਕਿ ਹੁਣ ਹਰ ਦਿਨ ਘਟ ਰਿਹਾ ਹੈ ਤੇ ਏਹੋ ਪਰਮੇਸ਼ਰ ਵਲੋਂ ਤੇ ਨੇਕੀ ਵਲੋਂ ਰੁਖ ਮੁੜਨਾ ਦੁਖਾਂ ਦਾ ਕਾਰਨ ਹੋ ਰਿਹਾ ਹੈ। ਕਿਉਂਕਿ ਪਰਮੇਸ਼ਰ ਸੁਖ ਸਰੂਪ ਹੈ, ਜਿਨ੍ਹਾਂ ਦਾ ਰੁਖ ਪਰਮੇਸ਼ਰ ਵਲ ਹੈ, ਉਹਨਾਂ ਨੂੰ ਸੁਖ ਦੀ ਠੰਢ ਪੈਂਦੀ ਹੈ। ਜਿਨ੍ਹਾਂ ਦਾ ਰੁਖ ਪਰਮੇਸ਼ਰ ਵਲ ਪਿਠ ਤੇ ਮਾਇਆ ਯਾ ਮਾਦਾ ਯਾ ਅਨਾਤਮ, ਯਾ ਸੰਸਾਰ ਵਲ ਮੂੰਹ ਹੈ ਉਹਨਾਂ ਪੁਰ ਅਸਰ ਮਾਇਆ ਦਾ ਪੈਂਦਾ ਹੈ। ਮਾਯਾ ਦਾ ਅਸਰ ਹੈ, ਘਬਰਾ, ਹੁੰਮਸ, ਧੁੰਮਸ, ਚਿੰਤਾ, ਹੈਂਕੜ, ਈਰਖਾ ਤੇ ਜਲਨਾਂ, ਭਰਮ ਤੇ ਭੈ। ਸੋ ਇਨ੍ਹਾਂ ਸਾਰਿਆਂ ਦਾ ਫਲ ਹੈ ਅਪਦਾ ਤੇ ਦੁਖ, ਚਾਹੇ ਕਿਸੇ ਸ਼ਕਲ ਵਿਚ ਹੋਣ।

ਇਸ ਲਈ ਸਾਡੇ ਸਾਰੇ ਸ਼ੈਹਰਵਾਸੀਆਂ ਪਾਸ ਅਪੀਲ ਹੈ ਕਿ ਤੁਸੀਂ ਇਸ ਨਗਰੀ ਦੇ ਅਸਲੇ ਨੂੰ ਵਿਚਾਰੋ, ਇਸਦੇ ਸਦਾ ਜੀਉਂਦੇ ਜਾਗਤੀ ਜੋਤ ਰਚਨਹਾਰ ਗੁਰੂ ਰਾਮਦਾਸ ਨੂੰ ਯਾਦ ਕਰੋ, ਉਹਨਾਂ ਨੇ ਜਿਸ ਮਤਲਬ ਲਈ ਹਰੀਮੰਦਰ ਤੇ ਨਗਰੀ ਵਸਾਈ ਸੀ ਉਹ ਪਰੋਜਨ ਪੂਰਾ ਕਰੋ। ਜਿੰਨਾ ਹੋ ਸਕੇ ਉਨਾ ਹੀ ਕਰੋ। ਪਰ ਦਿਲੀ ਯਤਨ ਕਰੋ। ਇਸ ਯਤਨ ਬਿਨਾਂ ਤੁਸੀਂ ਨਗਰੀ ਰਚਣਹਾਰ ਦੇ ਆਦਰਸ਼ ਦੇ ਉਲਟ ਚਲ ਰਹੇ ਹੋ ਤੇ ਫਲ ਕਬੀਰ ਜੀ ਦਸ ਗਏ ਹਨ ਕਿ ਲਾਹੂ ਲੈਹਦੇ ਹਨ, ਅਰਥਾਤ ਪੀੜਾਂ ਕਸ਼ਟ ਮੌਤਾਂ ਤੇ ਅਪਦਾ ਭੋਗਣੇ ਪੈਂਦੇ ਹਨ।

 www.sikhbookclub.com

ਅੰਮ੍ਰਿਤਸਰ ਵਿਚ ਬਾਰਾਂ ਅਖਾੜੇ ਤੇ ਪੰਜ ਸੌ ਤੋਂ ਉਪਰ ਧਰਮਸਾਲਾ ਤੇ ਮੰਦਰ ਹਨ ਤੇ ਸੈਂਕੜੇ ਹਿੰਦੂ ਮੰਦਰ ਤੇ ਅਨੇਕਾਂ ਹੀ ਮਸਜਦਾਂ ਹਨ। ਸਾਰੇ ਅਖਾੜੇ ਏਥੇ ਇਸ ਲਈ ਆਏ ਸਨ ਕਿ ਨਗਰੀ ਦੇ ਲੋਕਾਂ ਨੂੰ ਧਰਮ ਵਲ ਰੁਖ ਰਖਾਣ ਵਾਸਤੇ ਬੜੇ ਬੜੇ ਕਰਨੀ ਵਾਲੇ ਮਹਾਤਮਾਂ ਨੂੰ ਜਗ੍ਹਾ, ਤੇ ਅੰਨ ਬਸਤ੍ਰ ਦੇਣਗੇ ਤੇ ਹਰ ਅਖਾੜਾ ਇਕ ਇਕ ਇਲਾਕੇ ਦਾ ਧਰਮ ਦਾ ਆਗੂ ਹੋਵੇਗਾ। ਮਹੱਲੇ ਮਹੱਲੇ ਧਰਮਸਾਲਾ ਤੇ ਗੁਰਦੁਆਰੇ ਰਚੇ ਗਏ ਸਨ, ਕਿ ਸਾਰੇ ਮਹੱਲੇ ਦੇ ਲੋਕ ਰੋਜ਼ ਪਾਠ ਕਰਿਆ ਕਰਨ ਤੇ ਬੱਚੇ ਗੁਰਮੁਖੀ ਪੜ੍ਹਕੇ ਗੁਰੂ ਗ੍ਰੰਥ ਸਾਹਿਬ ਪੜ੍ਹਿਆ ਕਰਨ। ਹਿੰਦੂਆਂ ਨੇ ਮੰਦਰ ਤੇ ਮੁਸਲਮਾਨਾਂ ਨੇ ਮਸਜਦਾਂ ਏਸੇ ਲਈ ਪਾਈਆਂ ਸਨ।

ਕਈ ਵੇਰ ਮੁਸਲਮਾਨਾਂ ਨੇ ਬੀ ਦਰਬਾਰ ਸਾਹਿਬ ਕਰਕੇ ਵਸੇਬੇ ਕੀਤੇ ਸਨ। ਹੁਣ ਤਕ ਦੁਪੈਹਰਾਂ ਵੇਲੇ ਕੋਈ ਕੋਈ ਮੁਸਲਮਾਨ ਤ੍ਰੀਮਤ ਤੇ ਆਦਮੀ ਸਲਾਮ ਕਰਨ ਦਰਬਾਰ ਸਾਹਿਬ ਜਾਂਦੇ ਹਨ। ਕਈ ਖ਼ੁਦਾ ਰਸੀਦਾ ਮੁਸਲਮਾਨ ਫ਼ਕੀਰ ਬਾਹਰੋਂ ਯਾਤ੍ਰਾਂ ਵਾਸਤੇ ਆਉਂਦੇ ਤੇ ਸਲਾਮਾਂ ਕਰਦੇ ਦੇਖੇ ਗਏ ਹਨ। ਅਸੀਂ ਕਈ ਮੁਸਲਮਾਨਾਂ ਫ਼ਕੀਰਾਂ ਨੂੰ ਦਰਬਾਰ ਸਾਹਿਬ ਦੇ ਆਤਮ ਆਸਰੇ ਕਰਕੇ ਅੰਮ੍ਰਿਤਸਰ ਆ ਵਸਦੇ ਡਿਠਾ ਹੈ। ਇਸੇ ਤਰ੍ਹਾਂ ਹਿੰਦੂ ਸਾਰੇ ਧਰਮਸਾਲਾ ਵਿਚ ਜਾਂਦੇ ਤੇ ਦਰਬਾਰ ਸਾਹਿਬ ਯਾਤ੍ਰਾ ਕਰਦੇ ਸਨ। ਸੋ ਇਨ੍ਹਾਂ ਦੇ ਅਪਨੇ ਧਰਮਾਂ ਦੇ ਵਡੇ ਸਾਧੂ ਜੈਸੇ ਰਤਨ ਹਰੀ ਆਦਿ ਜੋ ਪੂਜਦੇ ਮੰਨਦੇ ਰਾਮ, ਕ੍ਰਿਸ਼ਨ, ਗੁਪਾਲ, ਵਲਭ ਆਦਿਕਾਂ ਨੂੰ ਸਨ, ਪਰ ਦਰਬਾਰ ਸਾਹਿਬ ਹਾਜ਼ਰੀ ਭਰਦੇ ਹੁੰਦੇ ਸਨ। ਮਤਲਬ ਇਹ ਹੈ ਕਿ ਦੂਸਰੇ ਮਤਾਂ ਦੇ ਲੋਕ ਬੀ ਏਸ ਧਰਤੀ ਦੀ ਪਵਿੱਤ੍ਰਤਾ ਤੇ ਗੁਰੂ ਰਾਮਦਾਸ ਦੇ ਮੰਦਰ ਵਿਚ ਇਲਾਹੀ ਸ਼ਬਦ ਦੀ ਤਾਸੀਰ ਤੋਂ ਸੁਖ ਪਾਣ ਏਥੇ ਆ ਵਸਦੇ ਸਨ। ਪ੍ਰਯੋਜਨ ਇਹ ਕਿ ਦਰਬਾਰ ਸਾਹਿਬ ਅੱਠ ਪੈਹਰੇ ਕੀਰਤਨ ਦਾ ਇਕ ਰਬੀ ਮੰਦਰ ਧਰਤੀ ਪਰ ਇਕ ਕੇਂਦ੍ਰ ਹੈ, ਤੇ ਇਹ ਨਗਰੀ ਧਰਮ ਰੁਖ ਵਾਲਿਆਂ ਵਾਸਤੇ ਰਚੀ ਗਈ ਸੀ ਤੇ ਇਹ ਪ੍ਰਯੋਜਨ ਗੈਬ ਨਹੀਂ ਹੋਣਾ ਚਾਹੀਦਾ।

ਹਰੇਕ ਅੰਮ੍ਰਿਤਸਰ ਵਾਸੀ ਦੀ ਸੇਵਾ ਵਿਚ ਅਪੀਲ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਇਸ ਪ੍ਰਯੋਜਨ ਨੂੰ ਸਮਝੋ। ਅੱਖਾਂ ਅਗੇ ਲਿਆਓ, ਵਿਚਾਰੋ ਤੇ ਇਸ ਪਰ ਟੁਰੋ। ਚਾਹੋ ਆਪ ਹਿੰਦੂ ਹੋ, ਮੁਸਲਮਾਨ ਹੋ, ਸਿੱਖ ਹੋ, ਈਸਾਈ ਹੋ, ਸੈਵ, ਵੈਸਨਵ, ਗਾਣਪਤ ਹੋ ਚਾਹੋ ਜੈਨ ਹੋ ਚਾਹੋ ਬੋਧ, ਚਾਹੋ

ਦਰਬਾਰ ਸਾਹਿਬ ਸਿੱਖਾਂ ਦਾ ਕੇਂਦ੍ਰੀ ਮੰਦਰ ਹੈ, ਪਰ ਤੁਸੀਂ ਉਸ ਫ਼ਕੀਰਾਂ ਦੇ ਪਾਤਸ਼ਾਹ ਦੇ ਆਸ਼ੇ ਨੂੰ ਸਮਝੋ ਕਿ ਉਸਨੇ ਨਗਰੀ ਕਾਸ ਵਾਸਤੇ ਵਸਾਈ ਸੀ, ਅਗੇ ਬਥੇਰੇ ਨਗਰ, ਸ਼ੈਹਰ, ਪਿੰਡ ਹੈਗੇ ਸਨ। ਉਹਨਾਂ ਦਾ ਮਤਲਬ ਇਕ ਐਸੀ ਨਗਰੀ ਵਸਾਨ ਦਾ ਸੀ ਕਿ ਜਿਸ ਵਿਚ ਭਾਵੇਂ ਕੋਈ ਹੋਵੇ ਉਹ ਧਰਮ ਦੇ ਪਿਆਰ ਵਾਲਾ ਹੋਵੇ, ਪਰਮੇਸ਼ਰ ਵਲ ਆਪਣੇ ਅੰਦ੍ਰਲੇ ਨੂੰ ਲਾਣ ਵਾਲਾ ਹੋਵੇ, ਚਾਹੇ ਉਹ ਕੋਈ ਹੋਵੇ ਤੇ ਕਿਸੇ ਨੁਕਤੇ ਤੋਂ ਟੁਰੇ, ਪਰ ਝੁਕੇ ਪਰਮੇਸ਼ਵਰ ਵਲ ਤੇ ਦਇਆ ਧਰਮ ਵਲ ਉਸਦੇ ਹਥ ਪਰਵਿਰਤ ਹੋਣ। ਇਸ ਆਸ਼ੇ ਨੂੰ ਸਮਝ ਕੇ ਸਿੱਖ, ਹਿੰਦੂ, ਮੁਸਲਮਾਨ, ਇਸਾਈ ਸਜਨੋਂ ਵਾਹਿਗੁਰੂ ਪਰਮੇਸ਼ਵਰ ਖੁਦਾ ਦੀ ਬੰਦਗੀ ਕਰੋ, ਦਇਆ ਧਰਮ ਕਮਾਓ, ਕਿਸੇ ਦਾ ਬੁਰਾ ਨਾ ਕਰੋ ਸਦਾ ਨੇਕੀ ਪਾਲੋ ਠੀਕ ਇਸੇ ਰਬੀ ਆਸ਼ੇ ਮੂਜਬ ਟੁਰੋ, ਆਪਣੇ ਕਦਮ ਸੰਭਾਲੋ ਜੋ ਨਗਰੀ ਸੁਖੀ ਵਸੇ ਤੇ ਅਪਦਾ ਦਾ ਆਉਣਾ ਬੰਦ ਹੋਵੇ ਤੇ ਆਪ ਸਾਰੇ ਫ਼ਖ਼ਰ ਨਾਲ ਫਿਰ ਗਾਇਆ ਕਰੋ-

**ਨਗਰੀ ਤੇਰੀ ਸੁਖ ਵਸਦੀ**
**ਸੁਖ ਵਸਦੀ ਰਾਮਦਾਸ**
**ਨਗਰੀ ਤੇਰੀ ਸੁਖ ਵਸਦੀ॥**

(ਪਹਿਲੀ ਵਾਰ, ਖਾ. ਸ. ੮-੫-੧੯੧੯
ਦੂਜੀ ਵਾਰ, ਖਾ. ਸ. ੪-੧੦-੨੦੦੭)

ਨੋਟ:- ਇਹ ਲੇਖ ਭਾਈ ਵੀਰ ਸਿੰਘ ਜੀ ਨੇ ਖਾਲੀ ਅੰਮ੍ਰਿਤਸਰ ਨਿਵਾਸੀਆਂ ਵਾਸਤੇ ਨਹੀਂ ਲਿਖਿਆ। ਇਹ ਸਾਡੇ ਵਾਸਤੇ ਵੀ ਹੈ। ਕਾਸ਼ ਅਸੀਂ ਸਾਰੇ ਆਪਣੇ ਆਪਣੇ ਸ਼ਹਿਰਾਂ ਤੇ ਪਿੰਡਾਂ ਨੂੰ ਐਸੇ ਆਦਰਸ਼ਕ ਨਗਰ ਬਨਾਈਏ ਜਿਹੋ ਜਿਹਾ ਕਿ ਸ੍ਰੀ ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਨੂੰ ਬਨਾਣਾ ਚਾਹਿਆ ਸੀ।

-ਸੰਪਾਦਕ


www.sikhbookclub.com

# 17. ਮਜ਼ਹਬ

## ਜਨਮ-ਤ੍ਰੈ ਰੰਗ-ਅੰਤ

**ਸੰਸਾਰ** ਭਰ ਦੇ ਹੋ ਚੁੱਕੇ ਤੇ ਹੈਗੇ ਮਜ਼ਹਬਾਂ ਦੇ ਇਤਿਹਾਸਾਂ ਦੀ ਮੁਤਾਲਿਆ ਵਿਦਜਾਰਥੀ ਨੂੰ ਇਸ ਕਿਸਮ ਦੇ ਨਤੀਜੇ ਤੇ ਲਿਆਉਂਦੀ ਹੈ ਕਿ ਇਲਹਾਮੀ ਮਜ਼ਹਬ ਅਕਸਰ ਉਸ ਮਹਾਤਮਾ ਤੋਂ ਜਨਮ ਪਾਂਦੇ ਹਨ, ਜਿਸ ਵਿਚ ਰੂਹਾਨੀ ਜੀਵਨ ਦਾ ਕਮਾਲ ਯਾ ਕੁਛ ਘਟ ਚਮਕਾਰਾ ਹੁੰਦਾ ਹੈ। ਸੰਸਾਰ ਵਿਚ ਰੂਹਾਨੀਅਤ ਦੀ ਕਣੀ ਉੱਡ ਜਾਂਦੀ ਹੈ ਤੇ ਉਸ ਦੀ ਜਾਗ ਲਗਾਉਣ ਵਾਸਤੇ ਅਰੀਮ ਤੋਂ ਰੂਹਾਨੀਯਤ ਵਾਲਾ ਆਉਂਦਾ ਹੈ, ਉਸ ਤੋਂ ਸੰਸਾਰ ਵਿਚ ਨਵੇਂ ਸਿਰੇ 'ਜੀਵਨ' ਦੀ ਰੌ ਰੁਮਕਦੀ ਹੈ। ਕੁਛ ਸਮਾਂ ਇਹ ਰੌ 'ਆਦਿ ਕਰਤਾ' ਦੇ ਚਲੇ ਜਾਣ ਦੇ ਮਗਰੋਂ ਬੀ ਜਾਰੀ ਰਹਿੰਦੀ ਹੈ। ਫੇਰ ਵਿਦਜਾ ਤੇ ਦਿਮਾਗ਼ੀ ਰੰਗ ਆ ਜੰਮਦਾ ਹੈ। 'ਆਦਿ ਕਰਤਾ' ਦੇ ਅਸੂਲ ਤੇ ਕਰਨੀਆਂ ਦਿਮਾਗੀ ਕਾਬਲੀਅਤ ਨਾਲ ਪ੍ਰਤਿਪਾਦਨ ਹੁੰਦੇ ਹਨ, ਅਰ ਪੈਰੋਕਾਰਾਂ ਵਿਚ ਇਸ 'ਬੁੱਧੀ ਦੀ ਗਜ਼ਾ' ਦੇ ਆਸਰੇ ਉਸ ਮਜ਼ਹਬ ਦਾ ਕਬਜ਼ਾ ਕੁਛ ਅਰਸਾ ਜਾਰੀ ਰਹਿੰਦਾ ਹੈ। ਹੌਲੇ ਹੌਲੇ ਇਹ ਕਬਜ਼ਾ ਬੀ ਘਟਣ ਲਗ ਜਾਂਦਾ ਹੈ, ਤੇ ਫੇਰ ਮੰਦ੍ਰਾਂ, ਆਸ਼੍ਰਮਾਂ ਤੇ ਪੈਰੋਕਾਰਾਂ ਵਿਚ ਰਸਮ ਪ੍ਰਸਤੀ ਰਹਿ ਜਾਂਦੀ ਹੈ, ਜਿਸਨੂੰ ਇਕ ਲਕੀਰ ਦੀ ਫ਼ਕੀਰੀ ਦੇ ਢੰਗ ਵਿਚ ਤੋਰਾ ਮਿਲਿਆ ਰਹਿੰਦਾ ਹੈ, ਪਰ ਉਸਦਾ ਗੁਣ ਭਾਵ ਉਸ ਵਿਚ ਜੀਵਨ ਤੇ ਜੁਰਕਾ ਸਭ ਸਮਾਪਤ ਹੋ ਜਾਂਦਾ ਹੈ, ਯਾ ਬਹੁਤ ਨੀਵੇਂ ਦਰਜੇ ਤੇ ਚਲਾ ਜਾਂਦਾ ਹੈ। ਇਸ ਤਰ੍ਹਾਂ ਮਜ਼ਹਬ ਯਾ ਮਰ ਜਾਂਦਾ ਹੈ ਯਾ ਮੋਯਾਂ ਦਾਖਲ ਟੁਰਿਆ ਰਹਿੰਦਾ ਹੈ।

ਇਹ ਉਪਰ ਲਿਖਿਆ ਨਕਸ਼ਾ ਹਰ ਇਕ ਦੇ ਹਾਲ ਵਿਚ ਇੱਕੋ ਜੇਹਾ ਨਹੀਂ ਹੁੰਦਾ। ਪਰ ਜੇ ਖਾਕਾ ਖਿੱਚਿਆ ਜਾਵੇ ਤਾਂ ਲਗ ਪਗ ਸਭ ਦਾ ਇਸੀ

ਪ੍ਰਕਾਰ ਹੁੰਦਾ ਹੈ। ਹਿੰਦ ਵਿਚ ਬੁੱਧ ਮਜ਼ਹਬ ਕਦੇ ਇਸ ਔਜ ਵਿਚ ਸੀ ਕਿ ਪੰਡਤ ਤੋਂ ਪੰਡਤ ਤੇ ਜੋਰਾਵਰ ਤੋਂ ਜੋਰਾਵਰ ਇਸਦੇ ਅੱਗੇ ਝੁਕਦੇ ਜਾਂਦੇ ਸਨ। ਰਾਜਾ ਅਸ਼ੋਕ-ਜਿਸ ਨੇ ਆਪਣਾ ਜੇਹਲਖਾਨਾ ਹੂ-ਬਹੂ ਨਰਕ ਦੇ ਨਮੂਨੇ ਦਾ ਬਣਾਯਾ ਹੋਯਾ ਸੀ-ਜਿਸ ਦੇ ਤੇਜ ਤੇ ਜ਼ੁਲਮ ਦੇ ਅੱਗੇ ਸਾਰਾ ਮੁਲਕ ਥਰ ਥਰ ਕੰਬਦਾ ਸੀ, ਇਕ ਬੁੱਧ ਸਾਧੂ ਦੇ ਹੱਥੋਂ ਅਪਨੇ ਸਾਰੇ ਹਉਂ ਹੰਕਾਰ ਤੋਂ ਖਾਲੀ ਹੋਕੇ ਨਾ ਕੇਵਲ ਬੁੱਧ ਮਜ਼ਹਬ ਦਾ ਪੈਰੋਕਾਰ ਬਣਦਾ ਹੈ, ਸਗੋਂ ਇਸਦਾ ਇਕ ਆਚਾਰਯ ਤੇ ਸਭ ਤੋਂ ਵੱਡਾ ਪ੍ਰਚਾਰਕ ਹੋਇਆ, ਜਿਸਦੇ ਜਤਨ ਨਾਲ ਸਿਰੀਜਾ ਤੇ ਯੂਨਾਨ ਤੱਕ ਅਰ ਬ੍ਰਹਮਾ ਤੇ ਚੀਨ ਤੱਕ, ਸੀਲੋਨ ਤੇ ਜਾਵਾ ਸਮਾਟ੍ਰਾ ਤੱਕ ਬੁੱਧ ਮਜ਼ਹਬ ਦਾ ਡੰਕਾ ਵੱਜ ਗਿਆ। ਓਹ ਬੁਧ ਮਜ਼ਹਬ ਜਦੋਂ ਚੀਨੀ ਮੁਸਾਫ਼ਰ ਹਿੰਦ ਵਿਚ ਆਉਂਦੇ ਤੇ ਹਾਲਾਤ ਦਸਦੇ ਹਨ, ਤਦ ਵਿਦਜਵਾਨਾਂ ਦਾ ਇਕ ਸ਼ਾਨਦਾਰ ਮਜ਼ਹਬ ਸੀ, ਦਾਰਸ਼ਨਕ ਵਿਦਜਾ (ਫ਼ਿਲਾਸਫ਼ੀ) ਆਪਣੇ ਪੂਰੇ ਜੋਬਨਾਂ ਵਿਚ ਸੀ ਤੇ ਹਜ਼ੂਨਤਸੈਂਗ ਸੱਤਵੀਂ ਸਦੀ ਦਾ ਮੁਸਾਫ਼ਰ ਅਪਨੇ ਨਾਲ ਹਜ਼ਾਰਾਂ ਨੁਸਖੇ ਇੱਥੋਂ ਵਿਦਜਾ ਦੇ ਬੁਧ ਮੰਦਰਾਂ ਤੇ ਲੋਕਾਂ ਤੋਂ ਨਾਲ ਲੈ ਜਾਂਦਾ ਹੈ। ਕੁਛ ਅਰਸੇ ਬਾਦ ਇਹ ਵਿਚਾਰ ਘਟਦਾ ਹੈ। ਸ਼ੰਕਰ ਦੇ ਮੁਕਾਬਲੇ ਤੇ ਪ੍ਰਬੱਲ ਬੋਧੀ ਵਿਦਜਾਵਾਨ ਫਿੱਕੇ ਪੈਂਦੇ ਹਨ ਤੇ ਫੇਰ ਅਸੀਂ ਦੇਖਦੇ ਹਾਂ ਕਿ ਕਾਲੀ ਰਾਤ ਪੈ ਜਾਂਦੀ ਹੈ ਅਰ ਦੋ ਸਦੀਆਂ ਰਸਮ ਪ੍ਰਸਤੀ ਬਾਕੀ ਰਹਿ ਜਾਂਦੀ ਹੈ। ਜਦੋਂ ਦਸਵੀਂ, ਯਾਰਵੀਂ ਸਦੀ ਵਿਚ ਇਸਲਾਮੀ ਹਮਲੇ ਸ਼ੁਰੂ ਹੁੰਦੇ ਹਨ ਤਾਂ ਅਸੀਂ ਬੋਧੀ ਮਜ਼ਹਬ ਨੂੰ ਨਿਰਾ ਰਸਮਾਂ ਵਿਚ ਰਹਿ ਗਿਆ ਤੱਕਦੇ ਹਾਂ। ਨਾ ਪਹਿਲਾ ਰੂਹਾਨੀਅਤ ਦਾ ਔਜ, ਨਾ ਉਸ ਰੂਹਾਨੀਅਤ ਤੋਂ ਜਨਮ ਪਾਇਆ ਹੋਇਆ ਉਹਨਾਂ ਦੇ ਆਰਟ (ਕੋਮਲ ਉਨਰਾਂ) ਦਾ ਇਲਾਹੀ ਰੰਗ, ਜਿਸਦੀ ਯਾਦਗਾਰ ਅਜੇ ਤੱਕ ਅਸੀਂ ਅਜੰਤਾ ਦੀਆਂ ਗ਼ਾਰਾਂ ਤੇ ਹੋਰਨੀ ਥਾਈਂ 'ਪ੍ਰਗਜਾ ਪਰਮਿਤਾ' ਵਰਗੇ ਲਾਸਾਨੀ ਨਕਸ਼ਿਆਂ ਵਿਚ ਜਗ੍ਹਾ ਜਗ੍ਹਾ ਦੇਖਦੇ ਹਾਂ, ਬਾਕੀ ਸੀ। ਨਾ ਦਾਰਸ਼ਨਿਕ ਵਿਦਜਾ ਸੀ, ਨਾ ਉਸ ਵਿਦਜਾ ਤੋਂ ਉਪਜੇ ਆਦਰਸ਼ ਸਨ, ਕੇਵਲ ਰਸਮ ਪ੍ਰਸਤੀ ਬਾਕੀ ਸੀ। ਜਿਸ ਵੇਲੇ ਮਹਮੂਦ ਨੇ 'ਵਿਰਾਠ' ਨੂੰ (ਜਿਸਦੇ ਖੰਡਰਾਤ ਮਰਦਾਨ ਤੋਂ ਅੱਠ ਨੌਂ ਮੀਲ ਦੇ ਫਾਸਲੇ ਤੇ ਤਖਤ ਬਾਹੀ ਦੀ ਪਹਾੜੀ ਪਰ ਮੌਜੂਦ ਹਨ) ਮਿਸਮਾਰ ਕੀਤਾ ਹੈ, ਉਸ ਵੇਲੇ ਪੁਰਾਣੇ ਤਪ, ਪੁਰਾਣੇ ਆਰਟ (ਉਨਰ) ਤੇ ਪੁਰਾਣੀ ਵਿਦਜਾ ਸਭਨਾਂ ਦੇ ਨਮੂਨੇ

 www.sikhbookclub.com

ਰਸਮ ਪ੍ਰਸਤੀ ਦੀ ਸ਼ਕਲ ਵਿਚ ਕਲਬੂਤ ਖੜੇ ਸਨ, ਜੋ ਮਹਮੂਦ ਦੀ ਤਲਵਾਰ ਅਗੇ ਸਮਾਪਤੀ ਪਾ ਗਏ। ਫਿਰ ਅਸੀਂ ਵੇਖਦੇ ਹਾਂ ਕਿ ਹਿੰਦ ਵਿਚੋਂ ਬੁੱਧ ਮਜ਼ਹਬ ਦਾ ਦੀਵਾ ਬੁਝ ਗਿਆ। ਇਹ ਇਕ ਵੰਨਗੀ ਮਾਤ੍ਰ ਹੈ।

ਸਿੱਖ ਮਜ਼ਹਬ ਦਾ ਮੁੱਢ ਉਸ ਵੇਲੇ ਹੋਇਆ ਜਦੋਂ ਜਗਤ ਵਿਚ 'ਗਿਲਾਨੀ' ਹੋ ਗਈ ਸੀ, ਅਰਥਾਤ ਰੂਹਾਨੀਅਤ ਦੀ ਕਣੀ ਸਮਾਪਤ ਸੀ। ਪ੍ਰੇਮ ਅੰਸ਼ ਨਹੀਂ ਸੀ। ਗਿਲਾਨੀਂ 'ਨਫਰਤ' ਹੀ 'ਨਫਰਤ' ਬਾਕੀ ਸੀ। ਵਿੱਦਜਾ ਸੀ, ਸਰਵ ਭੂਮੀ ਵਰਗੇ ਪੰਡਤ, ਦਧੀਤੀ ਵਰਗੇ ਨਜਾਯਕ ਉਸੇ ਸਮੇਂ ਹੋਏ ਹਨ, ਪਰ ਨਹੀਂ ਸੀ ਤਾਂ 'ਰੂਹਾਨੀਅਤ'। ਇਹ ਦਾਤ ਲੈਕੇ ਗੁਰੂ ਬਾਬਾ ਅਰਸ਼ਾਂ ਤੋਂ ਆਏ। ਦੋ ਸਦੀਆਂ ਲਗ ਪਗ ਤਾਂ ਇਹ ਰੂਹਾਨੀਅਤ ਸਤਿਗੁਰ ਦੇ ਦਸ ਜਾਮਿਆਂ ਦੀ ਅਪਨੀ ਨਿਗਾਹਬਾਨੀ ਵਿਚ ਸਰਸਬਜ਼ ਤੇ ਫੁੱਲਦੀ ਫੱਲਦੀ ਰਹੀ, ਮਗਰੋਂ ਬੀ ਇਹ ਘਾਟੇ ਨਹੀਂ ਪਈ। ਪਰ ਬਾਬਾ ਬੀਰ ਸਿੰਘ ਜੀ ਨੁਰੰਗਾ ਵਾਦ ਵਾਲਿਆਂ ਦੇ ਮੁਠੰਡਿਆਂ ਵਿਚ ਕਤਲ ਹੋਣ ਦੇ ਦਿਨ ਤੋਂ ਇਹ ਰੌ ਘਟਣੀ ਸ਼ੁਰੂ ਹੋਈ। ਸਿੰਘਾਂ ਦੇ ਡੇਰੇ, ਨਿਹੰਗ ਸਿੰਘਾਂ ਦੇ ਡੇਰੇ, ਉਦਾਸੀ, ਨਿਰਮਲਿਆਂ ਦੇ ਡੇਰੇ, ਅੱਡਨ ਸ਼ਾਹੀਆਂ ਦੇ ਡੇਰੇ, ਜਿਸ ਥਾਂ ਜਾਓ ਤੇ ਮੁਤਾਲਿਆ ਕਰੋ ਤੁਸੀਂ ਕੀਹ ਪਾਓਗੇ ਕਿ ਉਸ ਬਦਕਿਸਮਤ ਕਤਲ ਦੇ ਦਿਹਾੜੇ ਤੋਂ ਮਗਰੋਂ, ਜੋ ਮਹਾਤਮਾ ਜਿਸ ਡੇਰੇ ਤੋਂ ਟੁਰਿਆ, ਉਸਦੇ ਮਗਰੋਂ ਉਸ ਡੇਰੇ ਵਿਚ ਉਨ੍ਹਾਂ ਤੋਂ ਕੱਸੀ ਰੂਹਾਨੀ ਤਾਕਤ ਵਾਲਾ ਆਯਾ, ਜ਼ਬਰਦਸਤ ਨਹੀਂ ਆਯਾ। ਇਥੋਂ ਤਾਈਂ ਕਿ ਰੰਗ ਹਰ ਦਿਨ ਘਟਦਾ ਗਿਆ ਹੈ। ਅਜੇ ਸਮਾਪਤੀ ਨਹੀਂ ਹੋਈ। ਪਰ ਅਕਸਰ ਹਾਲ ਜੋ ਤੁਸੀਂ ਸਫ਼ਰ ਕਰਕੇ ਤੇ ਪੜਤਾਲ ਕਰਕੇ ਪਾਓਗੇ ਇਹੋ ਦੇਖੋਗੇ ਕਿ ਪਿਛਲੇ ਮਹਾਂ ਪੁਰਖਾਂ ਦੀ ਥਾਂ ਜੋ ਡੇਰੇ ਦੀ ਸੇਵਾ ਸਮ੍ਹਾਲਦਾ ਹੈ ਉਹ ਪਿਛਲਿਆਂ ਤੋਂ ਘਟ ਹੀ ਘਟ ਹੁੰਦਾ ਹੈ, ਤੇ ਢੇਰ ਥਾਈਂ ਤਾਂ ਰੂਹਾਨੀਅਤ ਸਮਾਪਤ ਹੋ ਚੁੱਕੀ ਹੈ। ਡੇਰਾ ਇਕ ਰਿਆਸਤ ਹੈ, ਮਹੰਤ ਇਕ ਜਾਗੀਰ ਦਾਰ ਹੈ, ਜਿਸ ਪਾਸ ਗੱਡੀ ਘੋੜੇ ਹਾਥੀ ਰਾਜਸੀ ਐਸ਼ਵਰਜ ਹੈ ਤੇ ਗ੍ਰਿਹਸਤ ਦਾ ਜੰਜਾਲ ਕੋਈ ਨਹੀਂ, ਪਰ ਗ੍ਰਿਹਸਤ ਦੀ ਕੋਈ ਮੌਜ ਨਹੀਂ ਜੋ ਪ੍ਰਾਪਤ ਨਹੀਂ। ਭਾਈਚਾਰੇ, ਬ੍ਰਾਦਰੀਆਂ ਵਰਗੀਆਂ ਰਸਮਾਂ, ਗੱਦੀਆਂ ਭਤੀਜਿਆਂ ਭਰਾਵਾਂ ਲਈ, ਤੇ ਨਿਉਂਦ੍ਰੇ ਭਾਜੀਆਂ ਰਿਆਫਤਾਂ ਸਭ ਗ੍ਰਿਸਤ ਹੋ ਗਿਆ ਹੈ। ਅੰਮ੍ਰਿਤ ਵੇਲੇ ਦਾ ਉਠਣਾ, ਤਪ ਕਰਨਾ, ਨਾਮ ਜਪਨਾ, ਲੰਗਰ ਚਲਾਣਾ, ਗੁਰਮੁਖ ਵਿਦਜਾ ਦੇਣਾ, ਗੁਰ

 www.sikhbookclub.com

ਸਿੱਖੀ ਪ੍ਰਚਾਰਨੀ ਸਮਾਪਤ ਹੈ। 'ਕਣੀ' ਹੈ ਨਹੀਂ, ਮਹੰਤ ਦਾ ਅਕਸਰ ਸਮਾਂ ਕਚੈਹਰੀਆਂ, ਮੁਕੱਦਮਿਆਂ, ਮਾਲ ਅਫਸਰਾਂ ਪਾਸ ਜ਼ਿਮੀਆਂ ਦੇ ਧੰਦਿਆਂ ਤੇ ਲੰਘਦਾ ਹੈ। ਧਰਮਸਾਲਾ ਵਿਚ ਭਾਈ ਓਹ ਭਾਈ ਨਹੀਂ ਲਬਦੇ ਜੋ ਨਾਮ ਦੇ ਰੰਗ ਰੱਤੇ ਮਾਇਆ ਅਤੀਤ ਜਤੀ ਸਤੀ ਹੁੰਦੇ ਹਨ। ਇਹ ਤਾਂ ਰਹੇ ਡੇਰੇ ਤੇ ਧਰਮਸਾਲਾਂ, ਗੁਰਦੁਆਰੇ ਬੀ ਪੂਜਾ ਉਗ੍ਰਾਹੁਣ, ਤੇ ਇਕ ਕੰਮ ਨਾ ਕਰਨ ਵਾਲੇ ਦੇ ਰੁਜਗਾਰ ਦਾ ਕੰਮ ਤਾਂ ਦੇਂਦੇ ਹਨ, ਪਰ ਉਹ ਭਾਈ ਮਨੀ ਸਿੰਘ ਵਰਗੇ ਕਰਨੀ ਵਾਲੇ ਕਿੰਨੇ ਕੁ ਹਨ? ਪੁਜਾਰੀ, ਮਹੰਤ, ਵਾਸਤੇਦਾਰ ਬਹੁਤੇ ਹੱਟੀ ਦਾ ਕੰਮ ਲੈਂਦੇ ਹਨ ਤੇ ਜੀਵਨ ਆਮ ਖਚਤ ਗ੍ਰਹਸਤੀ ਵਰਗਾ ਬਸਰ ਕਰਦੇ ਹਨ। ਜਿਥੇ ਸਰਬਗਾਹ ਬੀ ਹਨ, ਉਹ ਦੁਨੀਆਂਦਾਰ ਦੁਨੀਆਂ ਦੀ ਇੱਜ਼ਤ ਵਾਲੇ ਹਨ ਜਿਨ੍ਹਾਂ ਨੂੰ ਰੂਹਾਨੀਅਤ ਨਾਲ ਮੱਸ ਤਕ ਨਹੀਂ। ਹੁਣ ਰਹੀ ਪਰਜਾ ਯਾ ਗ੍ਰਹਸਤੀ ਤੇ ਉਹਨਾਂ ਦੇ ਘਰ। ਇਨ੍ਹਾਂ ਵਿਚ ਰੂਹਾਨੀਅਤ ਦੀ ਕਮੀ ਬੀ ਤਦ ਤੋਂ ਹੀ ਹੋਣੀ ਅਰੰਭ ਹੋਈ ਹੈ ਤੇ ਹੁੰਦੀ ਗਈ ਹੈ। ਗੁਰ ਘਰ ਦੇ ਬਹੂਦਕ (ਫਿਰਨ ਟੁਰਨ ਵਾਲੇ) ਸਾਧੂਆਂ ਨੇ ਦੂਸਰੇ ਦੌਰ ਦਾ ਅਰੰਭ ਕੀਤਾ ਹੈ, ਸੰਸਕ੍ਰਿਤ ਵਿਦਜਾ ਪਾਈ, ਦਾਰਸ਼ਨਕ ਬਲ ਪ੍ਰਾਪਤ ਕੀਤਾ, ਇਨ੍ਹਾਂ ਦੇ ਉਪਦੇਸ਼ਾਂ ਨਾਲ ਰੂਹਾਨੀਅਤ ਘਟੀ ਹੈ— ਇਨ੍ਹਾਂ ਵਿੱਚੋਂ ਬੀ ਤੇ ਇਨ੍ਹਾਂ ਦੇ ਮਗਰ ਲੱਗਣ ਵਾਲੇ ਗ੍ਰਹਸਤੀਆਂ ਵਿਚੋਂ ਬੀ। ਪਰ ਇਨ੍ਹਾਂ ਨੇ ਦਾਨ ਤੇ ਸ਼ਰਧਾ ਲੋਕਾਂ ਵਿਚ ਪ੍ਰਚਾਰੀ ਹੈ। ਗੁਰ ਆਸ਼ਿਆਂ ਨੂੰ ਬੜੀ ਚਤ੍ਰਾਈ ਨਾਲ ਕਥਿਆ ਤੇ ਲਿਖਿਆ ਹੈ। ਗੁਰੂ ਸਾਹਿਬਾਂ ਦੇ ਨਾਮ ਪਰ ਸੂਸਕ੍ਰਿਤ ਵਿਚ ਦਰਸ਼ਨ ਸ਼ਾਸਤ੍ਰ ਲਿਖੇ ਹਨ, ਜਿਨ੍ਹਾਂ ਵਿਚ ਵੇਦਾਂਤ ਨੂੰ ਸਿਧਾਂਤ ਤੇ ਭਗਤੀ ਨੂੰ ਮਾਰਗ ਬੜੀ ਪ੍ਰਬੀਨਤਾ ਨਾਲ ਦਰਸਾਯਾ ਹੈ, ਅਰ ਵਿਦਵਾਨਾਂ ਵਿਚ ਕਾਬੂ ਪਾਯਾ ਹੈ, ਪਰ ਇਨਾਂ ਵਿਚ ਤੇ ਸਰਬ ਸਾਧਾਰਨ ਵਿਚ ਰੂਹਾਨੀਅਤ, ਸਿੱਖੀ ਜੀਵਨ ਘਟਦਾ ਹੀ ਗਿਆ ਹੈ, ਇਨ੍ਹਾਂ ਦੀ ਪ੍ਰਬਲ ਵਿਦਜਾ ਨੇ ਸਰਬ ਸਾਧਾਰਨ ਨੂੰ ਗੁਰੂ ਘਰ ਵਲ ਲਾਈ ਰਖਿਆ ਹੈ ਤੇ ਕਾਬੂ ਵਿਚ ਰਖਿਆ ਹੈ, ਪਰ ਕਣੀ ਨਹੀਂ ਬਚੀ। ਇਸ ਪਰ ਪੱਛਮੀ ਵਿਦਜਾ ਆ ਗਈ ਹੈ, ਜਿਸਨੇ ਗ੍ਰਹਸਤ ਮੰਡਲ ਵਿਚ ਰੂਹਾਨੀਅਤ ਨੂੰ ਬਹੁਤ ਘਟਾਯਾ ਹੈ, ਪੱਛਮੀ ਸੋਸ਼ਲਇਜ਼ਮ ਦੇ ਪਜਾਲ ਫੈਲਾਏ ਹਨ ਜੋ ਯੂਰਪ ਦੇ ਅਸ਼ਾਂਤ ਤੇ ਰੋਟੀ ਪਿੱਛੇ ਤੰਗ ਲੋਕਾਂ ਵਿਚ ਗ੍ਰੀਬੀ ਅਮੀਰੀ ਨੂੰ ਤੁਲਜਤਾ ਦੇਣ ਦੇ ਜਤਨ ਵਿਚ ਪੈਦਾ ਹੋਏ ਹਨ ਅਰ ਜਿਸ ਵਿਚ 'ਕਰਮ' ਦਾ ਮਸਲਾ ਤੇ "ਆਵਾਗਵਨ"

 www.sikhbookclub.com

ਦਾ ਮਸਲਾ ਹੈ ਨਹੀਂ। ਸਿੱਖ ਮਜ਼੍ਹਬ ਸੋਸ਼ਲਿਜ਼ਮ ਨਹੀਂ, ਕਿਉਂਕਿ ਇਹ 'ਕਰਮ' ਨੂੰ ਮੰਨਦਾ ਹੈ, 'ਕਰਮ ਕਰਤ ਹੋਵੈ ਨਿਹਕਰਮ' ਨੂੰ ਮੰਨਦਾ ਹੈ, ਅਰ ਆਵਾਗਵਨ ਦਾ ਕਾਇਲ ਹੈ। ਗੱਲ ਕੀ ਪੱਛਮੀ ਵਿੱਦਯਾ ਨੇ ਸਰਕਾਰ, ਭਗਤੀ ਪ੍ਰੇਮ ਇਸ ਰੰਗ ਨੂੰ ਜੋ ਸਾਧੂ ਵਿਦਵਾਨਾਂ ਨੇ ਰੱਖਯਾ ਹੋਇਆ ਸੀ ਭਾਵੇਂ ਉਹ ਕਈ ਥਾਂ ਗਿਰ ਬੀ ਰਿਹਾ ਸੀ, ਮਿਟਾ ਦਿੱਤਾ ਹੈ, ਦਲੀਲ ਬਾਜ਼ੀ ਤੇ ਦਿਮਾਗ਼ੀ ਜ਼ੋਰ ਅਜ਼ਮਾਈ ਲੈ ਆਂਦੀ ਹੈ। ਮਜ਼੍ਹਬ ਦੀ ਹਰ ਇਕ ਉੱਚੀ ਰੌ ਤੇ ਰੂਹਾਨੀਅਤ ਦੇ ਪਹਲੂ ਨੂੰ ਵਿਦਯਾ ਦੀ ਜਯੋਤ ਦੇ ਤਾਬਯਾ ਕਰ ਦਿਤਾ ਹੈ। ਕਰਨੀ, ਰਹਣੀ, ਭਜਨ ਬੰਦਗੀ, ਇਹ ਰੰਗ ਘਟ ਗਏ ਹਨ। ਕੇਵਲ ਸਮਝ ਤੇ ਓਹ ਵੀ ਪੱਛਮੀ ਸਮਝ ਦੀ ਆਪਣੇ ਮਜ਼੍ਹਬੀ ਖਯਾਲ ਉਤੇ ਪਾਬੰਦ ਲਾਉਣੀ ਇਹ ਰਹਿੰਦੀ ਜਾਂਦੀ ਹੈ ਧਰਮ ਦੀ ਅਗਵਾਨੀ। ਭਾਈ ਗੁਰਦਾਸ ਜੀ ਦੇ ਮੁਤਾਲਯਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿੱਦਯਾ ਦਾ ਵੀਚਾਰ ਬੀ ਘਟਦਾ ਜਾਂਦਾ ਹੈ। ਗੁਰਦੁਆਰਿਆਂ ਵਿਚ ਰਸਮ ਪ੍ਰਸਤੀ ਪੂਰੀ ਤਰਾਂ ਕਾਯਮ ਹੈ। ਡੇਰਿਆਂ ਵਿਚ ਉਨ੍ਹਾਂ ਦੇ ਖਯਾਲ ਮੂਜਬ ਕੁਛ ਵੇਦਾਂਤ ਨਾਲ ਮਿਲੀ ਦਾਰਸ਼ਨਿਕ ਵਿੱਦਯਾ ਦੀ ਸ਼ਕਲ ਵਿਚ ਗੁਰਸਿੱਖੀ ਦਾ ਵਿਦਯਕ ਪਹਿਲੂ ਵੀ ਹੈ, ਪਰ ਗ੍ਰਹਸਤ ਵਿਚ ਜੋ ਰੌ ਚਲੀ ਹੈ ਸੋ ਪੱਛਮੀ ਵਿੱਦਯਾ ਦੀ, ਨਾਸਤਕ ਚੱਸ ਵਾਲੀ ਵਿੱਦਯਾ ਦੀ ਰੋਸ਼ਨੀ ਵਿਚ ਸਿੱਖੀ ਦਾ ਮੈਜਿਕ ਲੈਂਟਰਨ ਦੀਆਂ ਮੂਰਤਾਂ ਵਰਗਾ ਦਰਸਾਵਾ ਚਲਿਆ ਹੈ ਤੇ ਮ੍ਰਯਾਦਾ ਪਰ ਹੁੱਜਤ ਬਾਜੀ ਦੀ ਗੋਲਾਬਾਰੀ ਬੀ ਹੱਦੋਂ ਵਧ ਟੁਰੀ ਹੈ।

ਸਾਡੀ ਸਮਝ ਸਾਡੇ ਮਨ ਦਾ ਕੰਮ ਹੈ, ਮਲ ਇੰਦ੍ਰੇ ਹੈ ਤੇ ਦੇਸ ਕਾਲ ਤੋਂ ਪਰੇ ਨਹੀਂ ਜਾ ਸਕਦਾ। ਰੂਹਾਨੀ ਰੰਗ ਦੇਸ ਕਾਲ ਤੋਂ ਪਰੇ ਹੈ। ਆਤਮਾ ਦਾ ਸਰੀਰ ਵਿਚ ਏਕਾਗ੍ਰ ਹੋਕੇ ਪ੍ਰਮਾਤਮਾ ਦੇ ਚਰਨ ਸਰਨ ਲੀਨ ਹੋਕੇ ਸੁਖ ਪਾਨਾ ਰੂਹਾਨੀ ਜੀਵਨ ਹੈ, ਜਦ ਇਥੋਂ ਉਥਾਨਤਾ ਹੁੰਦੀ ਹੈ ਤਾਂ ਮਨ ਨੂੰ ਸੁਖ ਦੀ ਸਮਝ ਨਹੀਂ ਮਿਲਦੀ, ਇੰਨਾਂ ਸੰਸਕਾਰ ਪੈਂਦਾ ਹੈ ਕਿ ਉਹ ਬਹੁਤ ਸੁਖ ਸੀ, ਉਠਨ ਨੂੰ ਚਿਤ ਨਹੀਂ ਸੀ। ਸੋ ਮਨ ਤੇ ਮਨ ਬੁਧੀ ਤੋਂ ਉਪਜੀ ਅਕਲ ਉਸ ਹਾਲਤ ਪਰ ਹਾਵੀ ਹੋ ਨਹੀਂ ਸਕਦੀ, ਤੇ ਇਸ ਵੇਲੇ ਜਤਨ ਹੋ ਰਿਹਾ ਹੈ ਕਿ ਇਹ ਅਕਲ ਉਸ ਪਰ ਹਾਵੀ ਹੋਕੇ ਉਸਨੂੰ ਹੁਕਮ ਵਿਚ ਟੋਰੇ। ਤੇ ਹੁਕਮ ਸਤਗੁਰ ਦਾ ਇਹ ਸੀ:-

**ਮਨ ਨੀਵਾਂ, ਮਤ ਉੱਚੀ, ਮਤ ਕਾ ਰਾਖਾ ਵਾਹਿਗੁਰੂ।**

 www.sikhbookclub.com

ਅਰਥਾਤ ਰੂਹਾਨੀਅਤ ਦੇ ਤਾਬੇ ਕਰਨਾ ਸੀ ਮਤ ਨੂੰ, ਤੇ ਐਸੀ ਮਤ ਦੇ ਤਾਬੇ ਕਰਨਾ ਸੀ ਮਨ ਨੂੰ। ਹੁਣ ਹੋ ਗਿਆ ਹੈ ਕਿ ਮਨ ਲੁਟੇ ਖੁੱਲੀਆਂ ਮੌਜਾਂ, ਤੇ ਮੱਤ ਉਪਰ ਵਗੇ ਵਾਹਿਗੁਰੂ ਦੇ।

ਇਸ ਉੱਪਰ ਲਿਖੇ ਤੋਂ ਨਹੀਂ ਸਮਝਣਾ ਕਿ ਸਿੱਖੀ ਵਿਚੋਂ ਰੂਹਾਨੀਅਤ ਉੱਕੀ ਸਮਾਪਤ ਹੋ ਗਈ ਹੈ। ਨਹੀਂ, ਅਜੇ ਬੀ ਸਾਡੇ ਵਿਚ ਹਿੰਦੂ ਮੁਸਲਮਾਨਾਂ ਨਾਲੋਂ ਰੂਹਾਨੀ ਸਿੱਖਾਂ ਦੀ-ਚਾਹੋ ਗ੍ਰਹਸਤੀ ਹਨ ਚਾਹੋ ਅਤੀਤ-ਗੇਣਤੀ ਵਧੇਰੇ ਹੈ, ਪਰ ਇਹ ਵਾਧਾ ਫ਼ਖ਼ਰ ਦਾ ਥਾਂ ਨਹੀਂ। ਜਿੱਥੇ ਹਰ ਸਿੱਖ ਨੂੰ ਫ਼ਕੀਰ ਆਖਦੇ ਸਨ ਅਰ ਮਹਾਤਮਾ ਸਮਝਦੇ ਸਨ, ਓਥੇ ਹਾਇ 'ਕੋਈ ਹਰਿਆ ਬੂਟ ਰਹਿਓ ਰੀ' ਦੀ ਘਟਨਾ ਘਟ ਗਈ ਹੈ। ਇਸ ਘਾਟੇ ਕਰਕੇ ਪਜਾਰ ਘਟ ਗਿਆ ਹੈ, ਗਿਲਾਨੀ ਵਧ ਰਹੀ ਹੈ, ਇਹ ਗਿਲਾਨੀ ਕਾਰਨ ਹੈ ਪਰਸਪਰ ਵੈਰ, ਵਿਰੋਧ, ਹੀਰਖਾ, ਹੈਂਕੜ ਦਾ। ਇਹੋ ਕਾਰਨ ਹੈ ਪੰਥਕ ਜੀਵਨ ਦੇ ਬੀ ਦਿਨੋਂ ਦਿਨ ਨੀਵੇਂ ਹੁੰਦੇ ਜਾਣ ਦਾ। ਫਿੱਕੀ ਵਿੱਦਜਾ ਦੀ ਸ਼ਤ੍ਰੰਜ ਨਾਲ ਯਾ ਖਾਲੀ ਰਸਮ ਪ੍ਰਸਤੀ ਨੂੰ ਸੰਗਲ ਮਾਰਨ ਨਾਲ ਨਾ ਸਿੱਖ ਮਜ਼੍ਹਬ ਰਹਿਣਾ ਹੈ ਨਾ ਸਿੱਖੀ ਜੀਵਨ ਨੇ ਰਹਿਣਾ ਹੈ। ਹਨੇਰੀਆਂ ਝੁੱਲ ਪਈਆਂ ਹਨ ਸਾਰੇ ਫਲ ਪੱਤ ਡੇਗਣ ਵਾਲੀਆਂ। ਇਸ ਸ਼ੋਰ ਵਿਚ ਕੋਈ ਕਿਸੇ ਦੀ ਨਹੀਂ ਸੁਣਦਾ। ਵਕਤ ਹੈ ਕਿ ਪਿਛਲੇ ਇਤਿਹਾਸਾਂ ਤੋਂ ਫਲਾਦੇਸ਼ (ਦੂਰਅੰਦੇਸ਼ੀ) ਵਿਚਾਰੋ ਅਰ ਕੌਮ ਵਿਚ ਉਸ ਜੀਵਨ ਦਾ ਵਾਧਾ ਕਰੋ ਜੋ ਦਸੋ ਸਤਿਗੁਰੂ ਲਿਆਏ ਸਨ। ਵਿਦਜਾ, ਦਾਰਸ਼ਨਕ ਵਿਦਜਾ, ਜੀਵਨ ਰਹਤ ਰਸਮ ਪ੍ਰਸਤੀਆਂ ਅਗੇ ਬਹੁਤ ਸਨ ਓਹ ਸਿੰਘ ਹੋਕੇ ਬੁਕੇ ਸਨ ਤਾਂ ਰੂਹਾਨੀਯਤ ਦੀ ਗਰਜ ਨਾਲ, ਜਿਸਦਾ ਫਲ ਅੰਦਰ ਲਿਵ ਲਗ ਜਾਂਦੀ ਹੈ ਤੇ ਬਾਹਰ ਵਰਤੋਂ ਪਜਾਰ ਦੀ ਹੋ ਜਾਂਦੀ ਹੈ। ਜੇ ਇਹ ਨਹੀਂ ਤਾਂ ਸਤਗੁਰ ਦਾ ਆਸ਼ਾ ਆਦਰਸ਼ ਨਹੀਂ ਹੈ, ਉਹ ਸਭ ਸਾਡੀ ਅਪਨੀ ਕਾਢ ਹੈ।

ਖਾਲਸਾ ਜੀ! ਦਿਲਗੀਰ ਤਾਂ ਹੋਵੋ ਪਰ ਨਿਰਾਸ ਨਹੀਂ ਹੋਣਾ। ਦਿਲਗੀਰ ਹੋਕੇ ਜੋਰ ਪਕੜੋ, ਤੇ ਫੇਰ ਹੰਬਲਾ ਮਾਰਕੇ ਜੀ ਉਠੋ ਉਸ ਜੀਵਨ ਵਿਚ ਜੋ ਜੀਵਨ ਸਤਗੁਰ ਲਿਆਏ:-

**ਜੀਅਦਾਨੁ ਦੇ ਭਗਤੀ ਲਾਇਨ**
**ਹਰਿ ਸਿਉ ਲੈਨ ਮਿਲਾਏ॥੨॥**
(ਸੂਹੀ ਮ: ੫, ਪੰਨਾ-੭੪੯)

 www.sikhbookclub.com

ਦਸਾਂ ਗੁਰਾਂ ਦਾ ਆਦਰਸ਼ ਹੈ। ਅੰਦਰ ਲਿਵ, ਵਰਤੋਂ ਪ੍ਰੇਮ ਦੀ, ਤੇ ਕਰਮ ਆਚਾਰ ਦਸਮੇਂ ਪਾਤਸ਼ਾਹ ਦੀ ਮ੍ਰਿਯਾਦਾ ਦੇ। ਫੇਰ ਕੌਮ ਜੀਂਦੀ ਹੈ, ਦੂਸਰੀਆਂ ਕੌਮਾਂ ਸਾਡੇ ਵਿਚ ਮਜ਼੍ਹਬੀ ਜੀਵਨ ਦਾ ਰੁਖ ਵਧੇਰੇ ਵੇਖਦੀਆਂ ਹਨ। ਕਾਨਫ੍ਰੰਸ ਵਿਚ ਅਸੀਂ ਦੋ ਵਜੇ ਰਾਤ ਨੂੰ ਆਸਾ ਦੀ ਵਾਰ ਦਾ ਦੀਵਾਨ ਸਜ ਗਿਆ ਵੇਖਦੇ ਹਾਂ। ਅੰਮ੍ਰਿਤ ਵੇਲੇ ਲੋਕੀ ਬਾਣੀ ਪੜ੍ਹਦੇ ਹਨ। ਗੁਰੂ ਗ੍ਰੰਥ ਸਾਹਿਬ ਤੋਂ ਅਸੀਂ ਸਦਕੇ ਹਾਂ। ਬਾਣੀ ਬੀ ਪੜ੍ਹਦੇ ਹਾਂ। ਧਰਮ ਦਾ ਪਜਾਰ ਬੀ ਅਜੇ ਹੈ। ਨਹੀਂ ਤਾਂ ਕੀ ਨਹੀਂ? ਗੇਣਤੀ ਘਟ ਗਈ, ਜਿਸਨੂੰ ਅੰਗ੍ਰੇਜ਼ੀ ਪੜ੍ਹੇ ਆਖਦੇ ਹਨ ਪਰਸੰਟਟੇਜ਼ ਬਹੁਤ ਘਟ ਗਈ ਹੈ ਤੇ ਅਗੋਂ ਰੁਖ ਗੁਝੀ ਨਾਸਤਕਤਾ ਤੇ ਇਨਕਾਰ ਵਲ ਪੈ ਗਿਆ ਹੈ।

ਸਾਨੂੰ ਕਲ ਹੀ ਇਕ ਸਜਨ ਨੇ ਦਸਿਆ ਕਿ ਇਕ ਕਮਾਮ ਵਾਲੇ ਤੋਂ ਇਕ ਸਿਖ ਮੁਸਾਫ਼ਰ ਤ੍ਰੈ ਚਾਰ ਦਿਨ ਦਿਹਾੜੀ ਕੰਮ ਲੈਂਦਾ ਰਿਹਾ ਤੇ ਫੇਰ ਬਿਨਾਂ ਮਜ਼ਦੂਰੀ ਦਿਤੇ ਦੇ ਟੁਰ ਗਿਆ। ਜਦੋਂ ਇਹ ਗਲ ਕਮਾਮ ਵਾਲੇ ਨੇ ਉਸ ਮਕਾਨ ਵਾਲੇ ਨੂੰ ਦੱਸੀ ਜਿਸ ਪਰ ਉਹ ਸਿੱਖ ਠਹਿਰਿਆ ਸੀ ਤਾਂ ਮਕਾਨ ਵਾਲੇ ਪੁਛਿਆ ਕਿ ਤੂੰ ਰੋਜ ਦੀ ਰੋਜ ਮਜੂਰੀ ਕਿਉਂ ਨਾ ਲੈ ਲਈ, ਇਤਬਾਰ ਕਿਉਂ ਕੀਤਾ? ਤਦ ਉਸ ਨੇ ਕਿਹਾ ਕਿ ਜੀ ਉਹ ਤਾਂ ਸਿੱਖ ਸੀ ਮੈਂ ਤਾਂ ਅਤਬਾਰ ਕੀਤਾ ਸੀ।

ਖਾਲਸਾ ਜੀ, ਤੁਹਾਡੀ ਰੂਹਾਨੀਯਤ ਦਾ ਉਹ ਡੰਕਾ ਵੱਜ ਚੁੱਕਾ ਹੈ ਕਿ ਅੱਜ ਤੱਕ ਤੁਹਾਡਾ ਇਤਬਾਰ ਕਾਇਮ ਹੈ ਕਿ ਸਿੱਖ ਕਦੇ ਪਹੇਮਾਨਗੀ ਨਹੀਂ ਕਰਦਾ।

ਜੇਹੜੀ ਸਾਰੀ ਕੌਮ ਫਕੀਰਾਂ, ਖੁਦਾ ਰਸੀਦਾ ਲੋਕਾਂ ਦੀ ਸੀ ਉਹ ਕੌਮ ਅਜ ਆਪਣੇ ਰੰਗ ਵਿਚ ਫਿੱਕੀ ਪੈ ਰਹੀ ਹੈ, ਵਕਤ ਹੈ ਕਿ ਸਾਡਾ ਧਾਰਮਕ ਪਹਲੂ, ਸਾਡਾ ਰੱਬ ਨੂੰ ਪਯਾਰ ਕਰਨ ਤੇ ਲਿਵ ਦਾ ਪਹਲੂ ਸੁਰਜੀਤ ਹੋਵੇ:-

**ਸਾਚੀ ਲਿਵੈ ਬਿਨ ਦੇਹ ਨਿਮਾਣੀ॥**
**ਦੇਹ ਨਿਮਾਣੀ ਲਿਵੈ ਬਾਝਹੁ**
**ਕਿਆ ਕਰੇ ਵੀਚਾਰੀਆ॥** (ਅਨੰਦ ਸਾਹਿਬ)

ਪਹਿਲੀ ਵਾਰ, ਖਾ. ਸ., ੧੦-੭-੧੯੧੯
ਦੂਜੀ ਵਾਰ, ਖਾ. ਸ., ੧੬-੮-੨੦੦੭

 www.sikhbookclub.com

## 18. ਸਿੱਖ ਮਜ਼੍ਹਬ ਦਾ ਬਚਾਉ!

**ਅਸਾਂ** ਪਿਛਲੇ ਪਰਚੇ ਵਿਚ ਮਜ਼੍ਹਬਾਂ ਦੇ ਆਦਿ ਤੇ ਵਿਚਲੇ ਤ੍ਰੈ ਹਾਲ ਤੇ ਅੰਤ ਪਰ ਕੁਛ ਵਿਚਾਰ ਲਿਖੀ ਸੀ, ਜੋ ਜਗਤ ਇਤਿਹਾਸ ਪੜ੍ਹਕੇ ਫੁਰਿਆ ਕਰਦੀ ਹੈ। ਤੇ ਫੇਰ ਸਿੱਖ ਮਜ਼੍ਹਬ ਦੀ ਹਾਲਤ ਤੇ ਇਕ ਸਰਸਰੀ ਨਜ਼ਰ ਮਾਰੀ ਸੀ ਤਾਂ ਡਿੱਠਾ ਸੀ ਕਿ ਇਸ ਵਿਚ ਗਿਰਾਉ ਅਰੰਭ ਹੋ ਚੁੱਕਾ ਹੈ ਅਰ ਚੋਖਾ ਤ੍ਰੱਕੀ ਕਰ ਗਿਆ ਹੈ। ਹੁਣ ਅਸੀਂ ਇਹ ਵੇਖਣਾ ਹੈ ਕਿ ਕੋਈ ਉਪ੍ਰਾਲਾ ਇਸਦੇ ਫੇਰ ਵਾਧੇ ਦਾ ਹੋ ਸਕਦਾ ਹੈ?

ਪੰਥ ਵਿੱਚ ਇਸ ਵੇਲੇ ਕੁਛ ਨਾ ਕੁਛ ਜਤਨ ਇਸ ਸਿੱਖ ਮਜ਼੍ਹਬ ਦੇ ਵਾਧੇ ਦਾ ਹੋ ਰਿਹਾ ਹੈ, ਜੋ ਲਗ ਪਗ ਚਾਲੀ ਪੰਜਾਹ ਬਰਸ ਤੋਂ ਜਾਰੀ ਹੈ। ਇਸਦਾ ਕੁਛ ਫਲ ਹੋਇਆ ਹੈ, ਪਰ ਜਿਸ ਤ੍ਰਿੱਖੀ ਚਾਲ ਨਾਲ ਸਮਾਂ ਲੰਘ ਰਿਹਾ ਹੈ ਉਸ ਲੇਖੇ ਨਾਲ ਇਸਦੇ ਸੁਧਾਰ ਦੀ ਚਾਲ ਅਤਿ ਢਿੱਲੀ ਹੈ, ਤੇ ਰੋਕ ਰੁਕਾਵਾਂ ਨਫ਼ਾ ਜੋ ਪੱਲੇ ਰਹਿ ਜਾਦਾ ਹੈ, ਸੋ ਘਾਟੇ ਵਾਲੇ ਪਾਸੇ ਦਾ ਵਾਧਾ ਹੀ ਕਰਦਾ ਹੈ। ਤ੍ਰੱਕੀ ਵਾਲੀ ਮਸ਼ੀਨ ਇਕ ਤਾਂ ਹੌਲੇ ਟੁਰਦੀ ਹੈ, ਇਕ ਨਿਸ਼ਾਨੇ ਛੱਡਕੇ ਟੁਰਦੀ ਹੈ। ਭੁੱਲ ਭੁਲੱਯਾਂ ਦੇ ਚੱਕਰਾਂ ਵਿਚ ਬਲ ਖਰਚ ਕਰਕੇ ਇਸ ਗੁਮਾਨ ਵਿਚ ਹੋ ਜਾਂਦੀ ਹੈ ਕਿ ਇਹ ਤ੍ਰੱਕੀ ਦੀ ਪਹਾੜੀ ਦੀ ਚੜ੍ਹਾਈ ਕੀਤੀ ਹੈ, ਜਿਹਾਕੁ-

ਸਭ ਤੋਂ ਪਹਿਲੀ ਭੁੱਲ ਇਹ ਹੁੰਦੀ ਹੈ ਕਿ 'ਕੌਲ' ਯਾ "ਸਮੂਹ" ਦੀ ਉੱਨਤੀ ਦੀ ਕੂਕ ਤਾਂ ਹਰ ਕਲਮ ਤੇ ਹਰ ਜ਼ਬਾਨ ਤੇ ਹੈ ਪਰ "ਇਕ ਇਕ" ਯਾ 'ਫਰਦ' ਦੀ ਤ੍ਰੱਕੀ ਵੱਲ ਧਯਾਨ ਨਹੀਂ। ਹੁਣ ਜੇ ਲੱਖ ਇੱਟ ਨਾਲ ਕੋਠਾ ਉੱਸਰਿਆ ਹੈ ਤਾਂ ਹਰ ਇਕ ਇੱਟ ਦੀ ਪਕਿਆਈ ਕੋਠੇ ਦੀ ਪਕਿਆਈ ਸੀ, ਪਰ ਹਰ ਇੱਟ ਜੇ ਪਿੱਲੀ ਸੀ ਤਾਂ ਮਿਸਤ੍ਰੀ ਦੀ ਕਾਰੀਗਰੀ

 www.sikhbookclub.com

ਤੇ ਇੰਜੀਨੀਅਰ ਦੀ ਅਕਲ ਦਾ ਫਲ ਉਦਾਸੀ ਹੀ ਨਿਕਲੇਗਾ। ਜਿਸ ਦੇ 'ਯਕੇ, ਯਕੇ' ਵਿਚ ਸੁਧਾਰ ਨਾ ਆਵੇ ਉਸਦੇ ਸਮੂਹ ਵਿੱਚ ਸੁਧਾਰ ਕੀ ਆਵੇਗਾ? ਹੁਣ ਕੌਮ ਕੌਮ ਕੂਕੀ ਜਾਂਦੀ ਹੈ, ਕੌਮ ਦੀ ਜੱਥੇ ਬੰਦੀ ਬੀ ਗਾਵੀਂ ਤੇ ਕੂਕੀ ਜਾਂਦੀ ਹੈ, ਪਰ 'ਮਜ਼੍ਹਬ ਦੇ ਹਰੇਕ ਸਿੱਖ ਦਾ ਮਜ਼੍ਹਬੀ ਸੁਧਾਰ' ਇਸ ਦਾ ਫਿਕਰ ਨਹੀਂ। ਜਦ ਤੱਕ "ਫਰਦਾਂ" ਵਿਚ 'ਇੱਕ ਇੱਕ' ਵਿਚ ਧਾਰਮਕ ਜੀਵਨ ਦੀ ਰੌ ਨਾ ਰੁਮਕ ਪਵੇ ਮਜ਼੍ਹਬ ਜੀਉਂਦਾ ਕਿਸ ਤਰ੍ਹਾਂ ਹੋਵੇ, ਤੇ ਕੌਮੀ ਉੱਨਤੀ ਜੋ ਕਹੀ ਜਾਂਦੀ ਹੈ ਉਹ ਕੀਕੂੰ ਆਵੇ? ਸਿੱਖ ਕੋਈ ਇੱਕ ਨਸਲ ਨਹੀਂ ਹਨ, ਕਿਸੇ ਇਕ ਦੇਸੀ ਏਕਤਾ ਕਰਕੇ ਇਕ ਕੌਮ ਨਹੀਂ ਹਨ, ਇਕ ਰੰਗ ਨੁਹਾਰ ਦੇ ਬੰਦੇ ਹੋਣ ਕਰਕੇ ਪੰਥ ਨਹੀਂ ਹਨ। ਸਿੱਖ ਸਭ ਤੋਂ ਪਹਿਲਾਂ ਇੱਕ ਮਜ਼੍ਹਬ ਹਨ, ਇਨ੍ਹਾਂ ਦੀ ਪਰਸਪਰ ਏਕਤਾ, ਪ੍ਰੀਤੀ, ਭਾਈਚਾਰਾ ਇਕ ਮਜ਼੍ਹਬੀ ਇਕ ਧਰਮਾਵਲੰਬੀ ਹੋਣ ਕਰਕੇ ਹੈ। ਜੇ ਭਾਈ ਭਗੀਰਥ ਆਪਣੇ ਕੇਂਦ੍ਰ ਗੁਰ ਨਾਨਕ ਤੋਂ ਸਦਕੇ ਹੋ ਰਿਹਾ ਹੈ ਤਾਂ ਕਿਸੇ ਕੌਮੀ ਲੋੜ ਨੂੰ ਲੈਕੇ ਨਹੀਂ, ਜੇ ਮਨਮੁਖ ਆਕੇ ਘੋਲ ਘੁਮਾਈਆਂ ਜਾ ਰਿਹਾ ਹੈ ਤਾਂ ਕਿਸੇ ਕੌਮੀ ਉੱਨਤੀ ਦਾ ਖਯਾਲ ਉਸਦੇ ਅੰਦਰ ਨਹੀਂ, ਦੋਵੇਂ ਅਪਨੀ ਰੂਹ ਦੀ ਕਿਸੇ ਲੋੜ, ਮਨ ਦੀ ਕਿਸੇ ਅਪੂਰਨਤਾਈ, ਕਿਸੇ ਅੰਦ੍ਰਲੇ ਦੀ ਅਣਦਿਸਵੀਂ ਭੁੱਖ ਨੂੰ ਤ੍ਰਿਪਤ ਕਰਨ ਆਏ ਹਨ ਤੇ ਓਸ ਚਸ਼ਮੇਂ ਤੋਂ ਕੁਦ੍ਰਤੀ ਉਮਾਹੂ ਐਮ੍ਰਿਤ ਤੋਂ ਤ੍ਰਿਪਤ ਹੋਏ ਹਨ, ਪਰ ਇਕ ਕੇਂਦ੍ਰ ਦੇ ਦੁਆਲੇ ਘੁੰਮਣ ਕਰਕੇ ਉਨ੍ਹਾਂ ਦਾ ਆਪੇ ਵਿਚ ਬੀ ਵਾਹ ਪੈਣਾ ਜ਼ਰੂਰੀ ਹੋ ਜਾਣਾ ਹੋਇਆ। ਇਹ ਵਾਧਾ ਜੋ ਜ਼ਰੂਰ ਪੈਣਾ ਹੈ ਤੇ ਕਿਵੇਂ ਨਹੀਂ ਰੁਕਣਾ ਸਿੱਖ ਮਜ਼੍ਹਬ ਦੀ ਕੌਮੀ ਬਿਨਾ ਦਾ ਪਹਿਲਾ ਮੁੱਢ ਹੈ, ਇਨ੍ਹਾਂ ਦੋਹਾਂ ਦੇ ਇਕ ਕੇਂਦ੍ਰ ਦੇ ਦੁਆਲੇ ਘੁੰਮਣ ਕਰਕੇ ਪਜਾਰ ਦਾ ਵਰਤਾਉ ਹੋਣਾ ਹੈ, ਇੱਕ ਨੇ ਦੂਜੇ ਨੂੰ ਚੰਗਾ ਸਮਝਣਾ ਤੇ ਸੁਖ ਦੇਣ ਦੀ ਸੋਚਣੀ ਹੈ, ਇਨ੍ਹਾਂ ਨੇ ਕੱਠੇ ਵੱਸਣਾ ਹੈ, ਜਗਤ ਦੇ ਦੁਖ ਸੁਖ ਵਿੱਚ ਸਾਂਝੀ ਹੋਣਾ ਹੈ। ਇੱਕ ਦੂਜੇ ਵਲ ਫਰਜ਼ ਤੇ ਹੱਕ ਪੈਦਾ ਹੋ ਜਾਣੇ ਹਨ ਤੇ ਐਉਂ ਭਾਈਚਾਰਾ ਕਹੋ, ਬ੍ਰਾਦਰੀ ਕਹੋ, ਸੁਸਾਇਟੀ ਕਹੋ ਬਣਨੀ ਹੈ ਤੇ ਇਸ ਨੇ ਕੌਮ ਹੋਕੇ ਦਿੱਸਣਾ ਹੈ। ਹੁਣ ਜੇ ਸਾਡਾ ਮੁੱਢ ਇੱਕ ਨਿਸ਼ਾਨੇ ਦੇ ਤੱਕਣਹਾਰ ਹੋਣ ਤੋਂ ਹੈ, ਇਕ ਪਜਾਰੇ ਦੇ ਪ੍ਰੇਮੀ ਹੋਣ ਕਰਕੇ ਹੈ, ਇੱਕ ਜਜੋਤ ਦੇ ਭਉਰੇ ਹੋਣ ਕਰਕੇ ਹੈ ਤਾਂ ਉਸ ਕੇਂਦ੍ਰ ਦੀ ਖਿੱਚ ਪਜਾਰ ਸਾਡਾ ਮੂਲ ਧ੍ਰੁਵਾ ਹੈ, ਇਸ ਦਾ ਹਿੱਲ ਜਾਣਾ ਸਾਡਾ

 www.sikhbookclub.com

ਗਿਰਾ ਹੈ, ਇਸ ਦਾ ਸੁਰਜੀਤ ਰਹਿਣਾ ਸਾਡਾ ਜੀਵਨ ਹੈ, ਇਥੇ ਇਹ ਵਿਚਾਰ ਬੀ ਕਰ ਲੈਣੀ ਕਿ ਸਤਗੁਰ ਨੇ ਕੌਮ ਫੋਕੀ ਕੌਮ ਦੀ ਖਾਤਰ ਨਹੀਂ ਬਨਾਈ। ਸਤਿਗੁਰ ਨੇ ਜੀਵਾਂ ਨੂੰ ਸੰਸਾਰ ਤੋਂ ਪਾਰ ਜਾਕੇ ਕੀਤੀਆਂ ਭੁੱਲਾਂ ਦੇ ਭੈੜੇ ਫਲ ਭੋਗਦੇ ਵੇਖਕੇ ਤਰਸ ਖਾਧਾ, ਜਗਤ ਵਿੱਚ ਦੁਖੀ ਹੋਦੇਂ ਵੇਖਕੇ ਦਯਾ ਆਈ ਤਾਂ ਪਰਉਪਕਾਰ ਲਈ ਜਗਤ ਜਲੰਦੇ ਨੂੰ ਰੱਖਣ ਵਾਸਤੇ ਜਗਤ ਵਿੱਚ ਆਏ।

**ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
(ਭਾ. ਗੁ. ਵਾ., ੧-੨੪)

ਉਨ੍ਹਾਂ ਦਾ ਪ੍ਰਯੋਜਨ ਜੀਵ ਮਾਤ੍ਰ ਦੀ ਕਲਜਾਨ ਹੈ ਨਾਂ ਕਿ ਪਾਤਸ਼ਾਹਾਂ ਦੇ ਫੌਜ ਭਰਤੀ ਕਰਨ ਵਾਂਗੂੰ ਇੱਕ ਭੀੜ ਭਰਤੀ ਕਰਨ ਦਾ ਇੰਦੀਆ ਹੈ। ਕੌਮ ਆਪ ਤੋਂ ਆਪ ਬਣ ਜਾਂਦੀ ਹੈ, ਕੌਮ ਏਸ ਜੀਵ ਉਧਾਰ ਦੀ ਪਰਉਪਕਾਰਤਾ ਤੋਂ, ਜਦ ਕਿ ਇਕ ਜੀਵ ਤੋਂ ਵਧ ਕੇ ਦੂਏ ਪਰ ਚਲੀ ਗਈ, ਆਪੇ ਉਤਪਤੀ ਪਾ ਜਾਂਦੀ ਹੈ। ਸੋ ਜਦ ਕਦੇ ਕਿਸੇ ਦਰਦ ਵਾਲੇ ਸੀਨੇ ਵਿਚ ਸਿੱਖੀ ਦਾ ਸੁਧਾਰ ਉਤਪਤ ਹੋਵੇ ਤਦ ਉਸਨੂੰ ਸਭ ਤੋਂ ਪਹਿਲਾ ਸੰਕਲਪ ਇਹ ਹੋਣਾ ਚਾਹੀਏ ਕਿ ਸਾਡਾ ਸੁਧਾਰ ਧਰਮ ਜੀਵਨ ਦਾ ਸੁਧਾਰ ਹੈ, ਸਾਡਾ ਉਧਾਰ ਸਾਡੇ ਹਰੇਕ ਜੀਵ ਵਿਚ ਉਸ ਰੌ ਰੁਮਕਣ ਦਾ ਨਾਮ ਹੈ ਜੋ ਸਤਿਗੁਰ਼ ਲਿਆਏ, ਜਿਸ ਲਈ ਉਨ੍ਹਾਂ ਖੇਦ ਸਹਾਰੇ ਤੇ ਦਸ ਜਾਮੇਂ ਪ੍ਰਯਤਨ ਕੀਤੇ। ਕੌਮੀ ਸੁਧਾਰ ਇਸ ਨੂੰ ਆਪੇ ਫਲ ਪੈ ਜਾਣਾ ਹੈ ਤੇ ਜ਼ਰੂਰ ਪੈ ਜਾਣਾ ਹੈ। ਜੇ ਅਸੀਂ ਕੌਮੀ ਸੁਧਾਰ ਕੂਕਾਂਗੇ ਪਰ ਹਰ ਸਿਖ ਵਿਚ ਧਰਮ ਭਾਵ, ਧਾਰਮਕ ਜੀਵਨ ਦੀ ਕਣੀ ਨਹੀਂ ਭਰਾਂਗੇ ਤਾਂ ਅਸੀਂ ਇਸ ਪੱਛਮੀ ਤ੍ਰੀਕੇ ਦਾ ਸੋਸ਼ਲਿਜ਼ਮ ਪੈਦਾ ਕਰਨ ਦਾ ਜਤਨ ਕਰਾਂਗੇ, ਗੁਰ ਨਾਨਕ ਦੇਵ ਦੇ ਆਦਰਸ਼ ਤੇ ਨਹੀਂ ਟੁਰਾਂਗੇ, ਤੇ ਕਿਉਂਕਿ ਸਾਡੀ ਖਿਨਾ "ਧਰਮ" ਹੈ, ਅਸੀਂ ਇਸ ਗਲ ਨੂੰ ਭੁੱਲਕੇ ਗਲਤੀ ਕਰਾਂਗੇ ਅਰ ਲਾਭ ਦੀ ਥਾਂ ਹਾਨੀ ਹੋਵੇਗੀ। ਸਤਗੁਰ ਦਾ ਪ੍ਰਯੋਜਨ ਤਿੰਨ ਕਾਲ ਇਹ ਨਹੀਂ ਸੀ ਕਿ ਇਕ ਕੌਮ ਬਣੇ, ਜੋ ਜੱਥੇ ਬੰਦ ਤਾਂ ਹੋਣ ਪਰ ਨੇਕ ਬਦ ਤੋਂ ਬੇ ਪਰਵਾਰ ਹੋਣ ਅਰ ਜੋ ਕੰਮ ਚਾਹੁਣ ਚਾਹੋ ਕਿੰਨਾ ਮਾੜਾ ਹੋਵੇ ਰਲਕੇ ਸਿਰੇ ਚਾਹੜ ਲਿਆ ਕਰਨ, ਉਨ੍ਹਾਂ ਦਾ ਇਹ ਪ੍ਰਯੋਜਨ ਨਹੀਂ ਸੀ ਕਿ ਪੰਜਾਬ ਵਿਚ ਯਾ ਹਿੰਦ

 www.sikhbookclub.com

ਵਿੱਚ ਕੋਈ ਟੋਲੇ, ਟਬਰ, ਪੈਦਾ ਹੋ ਜਾਣ ਜੋ ਸਰਹੱਦੀ ਡਾਕੂਆਂ ਵਾਂਙੂ ਕਬੀਲੇ ਬਣਕੇ ਵੱਸਣ, ਜਿਨ੍ਹਾਂ ਵਿੱਚ ਜੱਥੇ ਬੰਦੀ ਤਾਂ ਹੋਵੇ ਪਰ ਰੂਹਾਨੀਅਤ, ਦਇਆ, ਪ੍ਰੇਮ, ਰਬੀ ਰੂਹਾਨੀ ਭਾਵ ਨਾ ਹੋਣ। ਐਸੀ ਜੱਥੇ ਬੰਦੀ, ਐਸੀ ਕੌਮੀਅਤ ਨਾ ਆਦਿ ਗੁਰਾਂ ਦੇ ਪਵਿਤ੍ਰ ਮਗ਼ਜ਼ ਵਿੱਚ ਸੀ ਨਾ ਦਸਮ ਗੁਰਾਂ ਦੇ ਪਵਿਤ੍ਰ ਦਿਮਾਗ ਵਿੱਚ ਸੀ। ਜੇ ਹੁਣ ਅਸੀਂ ਇਸ ਕਿਸਮ ਦੀ ਜੱਥੇਬਦੀ ਤੇ ਕੌਮੀਅਤ ਪੈਦਾ ਕਰਨੀ ਚਾਹੁੰਦੇ ਹਾਂ ਜਿਸ ਵਿਚ ਧਰਮ, ਰੂਹਾਨੀਅਤ, ਸੰਸਾਰ ਸਾਗਰ ਤੋਂ ਤਰਨ ਦੀ ਸਾਰ ਨਹੀਂ ਹੈ ਤਾਂ ਅਸੀਂ ਸਤਗੁਰ ਦੀ ਸੇਵਾ ਨਹੀਂ ਕਰ ਰਹੇ ਉਨ੍ਹਾਂ ਦੇ ਆਦਰਸ਼ ਨੂੰ ਸਿਰੇ ਨਹੀਂ ਚਾੜ੍ਹ ਰਹੇ। ਜੱਥੇਬੰਦੀ ਦੋ ਹੀ ਤ੍ਰੀਕਿਆਂ ਨਾਲ ਹੋ ਸਕਦੀ ਹੈ, ਯਾ ਤਾਂ 'ਧਰਮ ਭਾਵ ਦੀ ਏਕਤਾ' ਨਾਲ ਯਾ 'ਭੈ ਤੇ ਆਸ ਉਮੈਦਾਂ' ਦੀ ਏਕਤਾ ਨਾਲ। ਜਿਨ੍ਹਾਂ ਦੇ ਅੰਦਰ ਧਰਮ ਭਾਵ ਹੈ ਅਰ ਧਰਮ ਭਾਵ ਕਿਸੇ ਪ੍ਰਯੋਜਨ ਲਈ ਨਹੀਂ, ਕੇਵਲ ਆਪਣੇ ਆਤਮਾ ਦੇ ਸੁਧਾਰ ਲਈ ਹੈ ਉਨ੍ਹਾਂ ਲੋਕਾਂ ਵਿੱਚ ਆਪ ਤੋਂ ਆਪ ਜੱਥੇਬੰਦੀ ਆਵੇਗੀ ਅਰ ਉਹ ਜੱਥੇਬੰਦੀ ਸੁਭਾਗ ਹੋਵੇਗੀ। ਜਿਨ੍ਹਾਂ ਵਿੱਚ ਧਰਮ ਭਾਵ ਨਹੀਂ ਪਰ 'ਭੈ ਤੇ ਆਸ' ਸਾਂਝੀ ਹੈ ਉਨ੍ਹਾਂ ਦੀ ਜੱਥੇਬੰਦੀ ਹਾਲਤਾਂ ਬਦਲਨ ਤੇ ਨਾਲੋ ਨਾਲ ਬਦਲੇਗੀ ਅਰ ਪੱਕੇ ਪੈਰਾਂ ਤੇ ਨਹੀਂ ਰਹੇਗੀ, ਤੇ ਓਹ ਜੱਥੇ ਬੰਦੀ ਜਗਤ ਨੂੰ ਸੁਖਦਾਈ ਨਹੀਂ ਹੋਵੇਗੀ। ਜਿਸ ਤਰ੍ਹਾਂ ਜਰਮਨੀ ਵਿੱਚ ਜੱਥੇ ਬੰਦੀ ਸੀ, ਇਸ ਆਸ ਪਰ ਕਿ ਅਸੀਂ ਸਾਰੇ ਜਗਤ ਦੇ ਸ਼ਹਨਸ਼ਾਹ ਬਣਨਾ ਹੈ, ਇਸ ਜੱਥੇਬੰਦੀ ਨੇ ਮਹਾਨ ਕਸ਼ਟ ਦਿੱਤੇ ਤੇ ਕਸ਼ਟ ਪਾਏ। ਹੁਣ ਜਰਮਨਾਂ ਦੀ ਜੱਥੇਬੰਦੀ ਹੈ ਇਸ ਭੈ ਹੇਠਾਂ ਕਿ ਜੇ ਅਸੀਂ ਆਪੋ ਵਿੱਚ ਪਾਟੇ ਤਾਂ ਸਾਡਾ ਬਾਕੀ ਦਾ ਫੱਕਾ ਬੀ ਨਹੀਂ ਰਹੇਗਾ। ਇਸ ਕਿਸਮ ਦੀ ਪਸੂ ਬ੍ਰਿਤੀ ਵਾਲੀ ਜੱਥੇਬੰਦੀ ਸਾਡੇ ਸਤਗੁਰਾਂ ਨਹੀਂ ਸਿਖਾਈ। ਜੇ ਸਿਖ ਇਤਿਹਾਸ ਨੂੰ ਪੜ੍ਹੋ ਤਾਂ ਪਤਾ ਲੱਗੇਗਾ ਕਿ ਧਰਮ ਭਾਵ ਤੋਂ ਜੱਥੇ ਬੰਦੀ ਸਾਡੇ ਵਿੱਚ ਆਈ। ਜਦੋਂ ਭਾਈ ਗੁਰਦਾਸ ਜੀ ਗੁਰ ਨਾਨਕ ਦੀ ਚਲਾਈ ਜੱਥੇ ਬੰਦੀ ਦਾ ਜ਼ਿਕਰ ਕਰਦੇ ਹਨ ਤਾਂ ਦੱਸਦੇ ਹਨ, "ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਇਆ (1/45)" ਅਰਥਾਤ ਮੈਲ ਤੋਂ ਰਹਤ, ਵੈਰ, ਭੈ, ਖ਼ੁਦਗਰਜ਼ੀ ਤੋਂ ਰਹਤ ਪੰਥ ਚਲਾਯਾ। ਧਰਮ ਭਾਵ ਵਾਲੀ ਨਿਰੰਕਾਰੀ ਜੱਥੇਬੰਦੀ ਟੋਰੀ। ਜੇ ਦੂਸਰੇ ਭਾਈ ਗੁਰਦਾਸ ਦਸਮ ਪਾਤਸ਼ਾਹ ਦੇ ਪੰਥ ਚਲਾਣ ਬਾਬਤ ਬੋਲਦੇ ਹਨ ਤਾਂ ਦੱਸਦੇ ਹਨ:-

 www.sikhbookclub.com

**ਤਬ ਜਗ ਮੈਂ ਧਰਮ ਪ੍ਰਗਾਸਿਓ**
**ਸਚ ਹੁਕਮ ਚਲਾਏ।**

ਪੁਨਾ:-

**ਇਉਂ ਦੋਨੋਂ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ।**
**ਇਉਂ ਤੀਸਰ ਮਜ਼ਹਬ ਖਾਲਸਾ ਉਪਜਿਓ ਪਰਧਾਨਾ॥**

ਜੇ ਕਵਿ ਸੇਨਾਪਤ ਬੋਲਦੇ ਹਨ ਤਾਂ ਐਉਂ:-ਖਾਲਸਾ ਖਾਸ ਕਹਾਵੈ ਸੋਈ। ਜਾਂ ਕੇ ਹਿਰਦੇ ਭਰਮ ਨ ਹੋਈ। ਭਰਮ ਭੇਖ ਤੇ ਰਹੈ ਨਿਆਰਾ। ਸੋ ਖ਼ਾਲਸ ਸਤਿਗੁਰੂ ਹਮਾਰਾ। ਗੁਰੂ ਹਮਾਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜਰ ਜਰੰ, ਹਿਰਦੈ ਧਰ ਧਿਆਨੀ ਉਚਰੇ ਬਾਨੀ, ਪਦ ਨਿਰਬਾਨੀ ਅਪਰ ਪਰੰ।

ਸਰਬ, ਆਨੰਦ ਗੋਬਿੰਦ ਕੇ ਜਾਪ ਤੇ ਜਪੋ ਨਿਤ ਨਿੱਤ ਕੈ ਪ੍ਰੀਤਿ ਮੀਤਾ। ਸਰਬ ਕੋ ਤੰਤ ਯਹਿ ਮੰਤ ਗੁਰ ਦੇਵ ਕਾ, ਏਕ ਮਨ ਜੀਤ ਸੰਸਾਰ ਜੀਤਾ। ਸਰਬ ਜੰਜਾਰ ਬੇਕਾਰ ਛਿਨ ਮੇਂ ਤਜੇ, ਸਰਬ ਗੁਰਦੇਵ ਸਨ ਗਜਾਨ ਗੀਤਾ। ਭਯੋ ਜੈਕਾਰ, ਤ੍ਰੈ ਲੋਕ ਚੌਦੈ ਭਵਨ, ਸਤਿਗੁਰੂ ਖਾਲਸਾ ਖਾਸ ਕੀਤਾ।

ਜੇ ਦਸਮੇਂ ਪਾਤਸ਼ਾਹ ਆਪ ਉਚਾਰਦੇ ਹਨ ਤਾਂ ਐਉਂ:-

**ਦੁਹਹੂੰ ਪੰਥ ਮੈਂ ਕਪਟ ਵਿਦਜਾ ਚਲਾਨੀ।**
**ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ।**

ਤੀਸਰਾ ਪੰਥ ਪ੍ਰਧਾਨ ਕਰੋ ਦੋਹਾਂ ਦੇ ਸਿਰ ਤੇ ਚੌਧਰੀ ਬਨਾ ਦਿਓ, ਕਿਉਂਕਿ ਦੁਹਾਂ ਵਿੱਚ ਕੱਪਟ ਹੈ। ਇਸਦੇ ਸਾਫ਼ ਅਰਥ ਹਨ ਕਿ ਤੀਸਰਾ ਪੰਥ ਜਿਸਨੂੰ ਪ੍ਰਧਾਨ ਕਰਨਾ ਹੈ ਉਸ ਵਿਚ ਕੱਪਟ ਨਹੀਂ ਹੈ, ਕੱਪਟ ਤੋਂ ਖਾਲੀ ਧਰਮ ਭਾਵ ਵਾਲਾ ਰੂਹਾਨੀ ਪਜਾਰ ਵਾਲਾ ਹੀ ਹੋ ਸਕਦਾ ਹੈ। ਸੋ ਉਹ ਜੱਥੇਬੰਦੀ ਜਿਸ ਵਿੱਚ ਕੱਪਟ ਵਿੱਦਜਾ ਚੱਲੇ, ਜਿਸ ਵਿੱਚ ਧਰਮ ਭਾਵ ਨਾ ਹੋਵੇ, ਜਿਸ ਵਿੱਚ ਮੈਲ ਹੋਵੇ, ਉਹ ਸਿੱਖੀ ਸਤਿਗੁਰਾਂ ਦੀ ਨਹੀਂ ਤੇ ਨਾਂ ਹੀ ਜੱਥੇ ਬੰਦੀ ਸਤਗੁਰਾਂ ਵਾਲੀ ਹੈ। ਸਤਗੁਰ ਦਾ ਉਦੇਸ਼ ਹੈ ਜੀਵ ਮਾਤ੍ਰ ਦੀ ਕਲਜਾਨ। ਕਲਜਾਨ ਦੇ ਮੁਤਲਾਸ਼ੀ ਜੀਵਾਂ ਦੇ ਇੱਕ ਨਿਸ਼ਾਨੇ ਤੇ ਏਕਤਾ ਹੋਣ ਤੇ ਜੱਥੇਬੰਦੀ ਆਈ, ਤੇ ਸਾਡੇ ਰਹਬਰ ਨੇ ਇਧਰ ਬੀ ਮੇਹਰ ਕਰਕੇ ਇਸਨੂੰ ਨਿਰਮਲ ਸਿਰੇ ਚਾੜਿਆ। ਆਪ ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਦੇ ਹਨ:-

 www.sikhbookclub.com

**ਜਾਓ ਤਹਾਂ ਤਹਿ ਧਰਮ ਚਲਾਇ।**
**ਕਬੁਧ ਕਰਨ ਤੇ ਲੋਕ ਹਟਾਇ!**

ਐਉਂ ਜੇਹੜੇ ਲੋਕ ਦਰੁਸਤ ਹੋ ਜਾਣ ਉਨ੍ਹਾਂ ਦੀ ਜੱਥੇਬੰਦੀ ਲਈ ਅਕਾਲ ਪੁਰਖ ਆਖਦੇ ਹਨ:-

**ਮੈਂ ਅਪਨਾ ਸੁਤ ਤੋਹਿ ਨਿਵਾਜਾ।**
**ਪੰਥ ਪ੍ਰਚੁਰ ਕਰਬੇ ਕਹੁ ਸਾਜਾ!**

ਤੇ ਸਤਗੁਰ ਅਰਦਾਸ ਕੀਤੀ:-

**ਪੰਥ ਚਲੇ ਤਉ ਜਗਤ ਮਹਿ**
**ਜਬ ਤੁਮ ਕਰਹੁ ਸਹਾਇ!**

ਅਕਾਲ ਪੁਰਖ ਉਸੇ ਪੰਥ ਦੇ ਚਲਣ ਵਿਚ ਸਹਾਈ ਹੈ ਜੋ ਰੂਹਾਨੀਅਤ ਨਾਲ ਭਰਪੂਰ ਹੈ, ਰੂਹਾਨੀਅਤ ਨਾਲ ਉਹੋ ਭਰਪੂਰ ਹੋ ਸਕਦਾ ਹੈ ਜਿਸ ਵਿੱਚ ਜੀਵ ਮਾਤ੍ਰ ਦਾ ਖਿਆਲ ਧਰਮ ਭਾਵ ਵੱਲ ਹੋਵੇ। ਸੋ ਸਭ ਤੋਂ ਪਹਿਲਾ ਕੰਮ ਸਾਡਾ ਇਹ ਹੈ ਕਿ ਸਾਡੇ ਵਿੱਚ ਉਹ ਜੀਵਨ ਆਵੇ, ਉਹ ਸੁਰਜੀਤਤਾਈ ਰੁਮਕੇ ਜਿਸ ਨਾਲ ਹਰ ਇੱਕ ਸਿੱਖ ਉਹ ਨਮੂਨਾ ਹੋਵੇ ਜੋ ਅਕਾਲ ਪੁਰਖ ਨੇ ਸਤਿਗੁਰਾਂ ਦੇ ਹਿਰਦੇ ਤੇ ਵਾਹਿਆ ਤੇ ਉਨ੍ਹਾਂ ਨੇ ਗੁਰੂ ਅੰਗਦ ਤੇ ਭਾਈ ਬੁੱਢਾ ਉਸ ਮੁਜਬ ਪੈਦਾ ਕਰਕੇ ਦਿਖਾਏ ਤੇ ਪੰਜ ਪਜਾਰੇ ਉਸ ਨਕਸ਼ੇ ਤੇ ਢਾਲ ਕੇ ਰੱਖ ਦਿੱਤੇ।

ਜੇਕਰ ਅਸੀਂ ਇਸ ਨੁਕਤੇ ਤੋਂ ਅੱਖ ਚੁਰਾ ਰਹੇ ਹਾਂ, ਜੇਕਰ ਅਸੀਂ ਇਸ ਨਮੂਨੇ ਤੇ ਆਪ ਆਉਣੋਂ ਸੰਕੁਚ ਰਹੇ ਹਾਂ, ਯਾ ਇਸ ਆਦਰਸ਼ ਨੂੰ ਮਖੌਲ ਕਰ ਰਹੇ ਹਾਂ, ਤੇ ਉਤੋਂ ਆਪਣੀ ਚੰਚਲਤਾਈ ਨੂੰ ਸੁਧਾਰ ਸਮਝ ਰਹੇ ਹਾਂ, ਯਾ ਪ੍ਰਚਾਰ ਵਿਚ ਧਰਮ ਭਾਵ ਦਾ ਪ੍ਰਚਾਰ ਮੁਖ ਨਹੀਂ ਰਖਦੇ ਤਦ ਫਲ ਭਜਾਨਕ ਹੈ।

(ਪਹਿਲੀ ਵਾਰ, ਖਾ. ਸ. ਜੁਲਾਈ, ੧੯੧੯
ਦੂਜੀ ਵਾਰ, ਖਾ. ਸ. ੨੩-੮-੨੦੦੭)

 www.sikhbookclub.com

## 19. ਮਜ਼ਹਬ-ਗਿਰਾ ਤੇ ਬਚਾਓ।

**ਪਿੱਛੇ** ਅਸੀਂ ਦਸ ਆਏ ਹਾਂ ਕਿ ਕਿਸੇ ਮਜ਼ਹਬ ਦਾ ਜ਼ਿੰਦਾ ਹੋਣਾ ਉਸਦੇ ਇਕ ਇਕ ਕਣੀ ਵਿਚ ਧਰਮ ਭਾਵ ਦਾ ਦਿਪਤ ਹੋਣਾ ਹੈ ਜੇ ਹੋਰ ਸਾਮਾਨ ਹੋਣ ਤੇ ਪੈਰੋਕਾਰਾਂ ਵਿਚੋਂ ਧਰਮ ਭਾਵ, ਜੀਵਨ ਦੀ ਰੌ, ਜੀਵਨ ਕਣੀ (ਕਿਨਕਾ ਏਕ ਜਿਸੁ ਜੀਅ ਬਸਾਵੈ। ਤਾਕੀ ਮਹਿੰਮਾ ਗਨੀ ਨ ਆਵੈ) ਨਾ ਰਹਵੇ ਤਾਂ ਉਹ ਮਜ਼ਹਬ ਜੀਉਂਦਾ ਮਜ਼ਹਬ ਨਹੀਂ, ਉਹ ਫਿਰ ਕਦੇ ਜੀਉਂਦੇ ਦਾ ਇਕ ਕਲਬੂਤ ਹੁੰਦਾ ਹੈ, ਜੋ ਸਮਾ ਪਾਕੇ ਰਹਿ ਜਾਂਦਾ ਹੈ। ਮਜ਼ਹਬ ਦਾ ਮਤਲਬ ਹੈ ਵਾਹਿਗੁਰੂ ਜੀ ਨਾਲ ਮਿਲ ਪੈਣਾ, ਉਹ ਰਾਹ ਰਵਸ਼ ਜਿਸ ਨਾਲ ਪਜਾਰਾ ਪਰਮੇਸ਼ਰ ਸਾਡੇ ਘਟ ਵਿਚ ਵਸ ਜਾਵੇ। ਹਰ ਛਿਨ ਅੰਦਰ ਪਜਾਰੇ ਦੇ ਵਸਦੇ ਹੋਣ ਦੀ ਜੋ ਝਰਨਾਟ ਤੇ ਪਜਾਰੀ ਧਰਮ ਦੀ ਉਕਸਾਹਟ ਤੇ ਉਨਮਨੀ ਲਹਰ ਰੈਂਹਦੀ ਹੈ, ਇਹ ਅੰਦਰ ਜੀਵਨ ਹੈ। ਇਹ ਜੀਅ ਦਾਨ ਹੈ ਜੋ ਸਤਿਗੁਰ ਗੁਰ ਨਾਨਕ ਗੁਰੂ ਗੋਬਿੰਦ ਸਿੰਘ ਜੀ ਲੈਕ ਆਏ। ਇਸ ਰੰਗ ਵਾਲਾ ਮੌਤ ਤੇ ਫਤਹ ਮੰਦ ਹੁੰਦਾ ਹੈ। ਆਚਰਨ ਵਿਚ ਸੁਚਾ ਤੇ ਉੱਚਾ ਹੁੰਦਾ ਹੈ, ਵਰਤੋਂ ਵਿਚ ਨਿਰ ਇਛਤ ਉਪਕਾਰੀ ਹੁੰਦਾ ਹੈ, ਤੇ ਸੁਰਤ ਉਸਦੀ ਦਬੇਲ ਸੁਰਤ ਨਹੀਂ ਹੁੰਦੀ। ਐਸੇ ਪ੍ਰਾਣੀਆਂ ਦੇ ਪ੍ਰੇਮ ਨਾਲ ਜੁੜੇ ਸਮੂਹ ਨੂੰ ਪੰਥ ਯਾ ਕੌਮ ਆਖਦੇ ਹਨ। ਉਹ ਪੰਥ, ਕੌਮ ਕਲਗੀਆਂ ਵਾਲੇ ਨੇ ਸੇਲ੍ਹੀਆਂ ਵਾਲੇ ਨੇ ਨਿਵਾਜੀ ਤੇ ਸਾਜੀ ਸੀ। ਪਰ ਸਮੇਂ ਦੇ ਫੇਰ ਨੇ ਅਸਾਂ ਵਿਚ ਉਹ ਅੰਦ੍ਰਲੀ ਸਤਜਾ ਘਟਾਈ, ਅਸੀਂ ਇਕਾਗ੍ਰ ਨਾ ਰਹੇ, ਅਸੀਂ ਪ੍ਰੇਮ ਇਲਾਹੀ, ਵਾਹਿਗੁਰੂ ਰਸ ਵਿਚ ਨਾ ਰਹੇ, ਅਸੀਂ ਕੌਮ ਕੌਮ ਤਾਂ ਕੂਕੀ ਪਰ ਕੌਮੀ ਜੀਵਨ ਦੀ ਜਿੰਦ ਮਜ਼ਹਬੀ ਜ਼ਿੰਦਗੀ, ਧਰਮ ਭਾਵ ਨੂੰ ਇੰਨਾ ਭੁਲਾਯਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਤੁਕ ਵਿਚ ਲਿਖੇ 'ਨਾਮ ਜਪੋ' -'ਜਪੁ'

**ਜਪਿ ਜਨ ਸਦਾ ਸਦਾ ਦਿਨੁ ਰੈਣੀ॥**
**ਸਭ ਤੇ ਊਚ ਨਿਰਮਲ ਇਹ ਕਰਣੀ॥**
(ਸੁਖਮਨੀ-੧੫)

ਦੇ ਖੰਡਨ ਅਸਾਂ ਆਪ ਕੀਤੇ। ਅਸਾਂ ਹਮਸਾਇਆਂ ਤੋਂ ਸੁਣ ਸੁਣਕੇ 'ਜੀਵਨ' ਦੇ ਅਰਥ ਕੀਤੇ:- ਨਿਰਾ ਫਿਕਾ ਅਖਲਾਕੀ ਜੀਵਨ। ਉਹ ਕਣੀ ਵਾਲਾ, ਰਬੀ- ਪਜਾਰ ਨਾਲ ਸਰਸ਼ਾਰ, ਉਹ ਅੰਦਰੋਂ ਉਨਤ ਉੱਚਾ ਹਰਦਮ ਹਜ਼ੂਰੀ ਵਿਚ ਵੱਸਣ ਵਾਲਾ ਮਨ ਦਾ ਭਾਵ, ਉਸ ਜਗਤ ਕੇਂਦ੍ਰ ਨਾਲ ਸਾਡੇ ਅੰਦ੍ਰਲੇ ਦਾ ਸਦਾ ਨਿਰੰਤਰ ਉਮਾਹ ਭਰਿਆ ਮੇਲ, ਜੋ "ਜੀਅ" ਹੈ ਤੇ ਜੋ "ਜੀਅ ਦਾਨ" ਦੇਣ ਸਤਿਗੁਰ ਆਏ ਸਨ, ਭੁਲਾ ਹੀ ਦਿਤਾ। 'ਜੀਅ ਦਾਨ ਦੇ ਭਗਤੀ ਲਾਇਨ ਹਰ ਸਿਉਂ ਲੈਨ ਮਿਲਾਏ' ਅਸੀਂ ਭੁਲ ਗਏ। 'ਭਗਤੀ ਵਿਚ ਲਗਕੇ ਵਾਹਿਗੁਰੂ ਮਿਲਾਪ ਵਿਚ ਵੱਸਣਾ' ਇਹ ਜੀਵਨ ਦੇ ਅਰਥ ਸਾਨੂੰ ਚੇਤੇ ਹੀ ਨਹੀਂ ਰਹੇ। ਅਸੀਂ ਹਮਸਾਜ਼ਾਂ ਵਾਂਙੂ "ਨਿੰਦਾ" ਨੂੰ ਧਰਮ ਦਾ ਅੰਗ ਬਣਾ ਲਿਆ ਹੈ, ਹਾਲਾਂਕਿ ਜਿਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦੀ ਮਹਿਮਾ ਉਚਾਰੀ ਹੈ ਉਨੇ ਹੀ "ਨਿੰਦਜਾ" ਦੇ ਔਗੁਣ ਦੱਸੇ ਹਨ। ਅੰਗ੍ਰੇਜ਼ੀਅਤ ਨੇ ਸਾਨੂੰ ਗਲਾਂ ਦੀ ਚਾਤਰੀ ਤੇ ਫਜ਼ੂਲ ਭੰਨ ਤੋੜ ਸਿਖਾਈ ਹੈ, ਧਰਮ ਭਾਵ, ਸ਼੍ਰੱਧਾ, ਉਮਾਹ, ਰਸ, ਇਕਾਗ੍ਰਤਾ, ਪ੍ਰੇਮ ਇਨ੍ਹਾਂ ਸ਼ੁਭ ਗੁਣਾਂ ਤੋਂ ਪ੍ਰੇਡੇ ਕੀਤਾ ਹੈ। ਅਸੀਂ 'ਤ੍ਰੱਕੀ' 'ਤ੍ਰੱਕੀ' 'ਉਨਤੀ' 'ਉਨਤੀ' ਕੂਕਦੇ ਹਾਂ, ਪਰ ਅਸੀਂ ਨੀਂਹ "ਧਰਮ ਭਾਵ" ਦੇ ਮੁੜ ਸੁਰਜੀਤ ਕਰਨ ਦਾ ਫਿਕਰ ਨਹੀਂ ਕਰਦੇ। ਪੋਠੋਹਾਰ ਦੇ ਇਕ ਪਿੰਡ ਵਿਚ ਸਾਡੀਂ ਕਤਲ ਦੇ ਜਮਾਨੇ ਇਕ ਸਿਖ ਰੰਹਦਾ ਹੁੰਦਾ ਸੀ, ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਉਸ ਸਿਖ ਦੀ ਗ੍ਰਿਫਤਾਰੀ ਤੇ ਕਤਲ ਵਾਸਤੇ ਫੌਜ ਆਈ। ਪਿੰਡ ਨੇ ਪਹਲਾਂ ਹੀ ਸਿੰਘ ਜੀ ਨੂੰ ਛਪਾ ਲਿਆ ਤੇ ਡਾਹੀ ਨਾ ਹੀ ਦਿਤੀ। ਖਿਆਲ ਕਰੋ ਉਸ ਉੱਚੇ ਧਰਮ ਜੀਵਨ ਦਾ ਕਿ ਰਾਜ ਮੁਸਲਮਾਨਾਂ ਦਾ, ਮੁਸਲਮਾਨ ਫੜਨ ਤੇ ਮਾਰਨ ਆਏ, ਪਰ ਉਨ੍ਹਾਂ ਦੇ ਪਵਿੱਤ੍ਰ ਪ੍ਰੇਮ ਜੀਵਨ ਦੇ ਜਾਣੂ ਮੁਸਲਮਾਨਾਂ ਨੇ ਹੀ ਸਿਖ ਦੀ ਰਖਜਾ ਕੀਤੀ। ਇਹ ਪ੍ਰਤਾਪ ਉਸ ਅੰਦ੍ਰਲੇ ਧਰਮ ਭਾਵ ਦਾ ਸੀ। ਫੇਰ ਦੇਖੋ ਹਿੰਦੂ ਕੈਦੀ ਕਾਬਲ ਤੇ ਮਧ ਏਸ਼ੀਆ ਵਿਚ ਗਏ ਵਿਕਦੇ ਤੇ ਓਥੇ ਗੁਲਾਮੀ ਵਿਚ ਮੁਸਲਮਾਨੀ ਜੀਵਨ ਬਸਰ ਕਰਦੇ ਰਹੇ। ਪਰ ਸਿਖ ਫੜੇ ਗਏ ਹੋਏ ਕਦੇ ਇਕ ਬੀ ਸਿਖ ਨੇ

 www.sikhbookclub.com

ਕੈਦ ਵਿਚ ਧਰਮ ਨਹੀਂ ਸੀ ਛੋੜਿਆ। ਕਰਨੀਆਂ ਵਾਲੇ ਮਹਾਤਮਾਂ ਫ਼ਕੀਰੀ ਵੇਸ ਕਰਕੇ ਕਲੰਦਰ ਤੇ ਅਬਦਾਲ ਫ਼ਕੀਰੀ ਸ਼ਕਲਾਂ ਧਾਰਕੇ ਅਫ਼ਗਾਨਸਤਾਨ ਵਿਚ ਫਿਰਦੇ, ਗਜ਼ਲਾਂ ਗਾਂਦੇ ਤੇ ਵਾਅਜਾਂ ਸੁਣਾਂਦੇ ਪਤਾ ਪਤਾ ਢੂੰਡਦੇ ਤੇ ਬੱਚੇ ਬੱਚੇ ਨੂੰ ਵਾਪਸ ਲਿਆਉਂਦੇ ਸਨ। ਇਹ ਦਾਈਏ ਤੇ ਮੁਹੱਬਤਾਂ ਇਹ ਕੁਰਬਾਨੀ ਤੇ ਜਫਰ ਜਾਲਣੇ, ਚਤੁਰਾਈ ਤੇ ਵਿੱਦਜਾ ਦੀਆਂ ਖੁਸ਼ਕ ਗੁਲਕਾਰੀਆਂ ਦੇ ਫਲ ਨਹੀਂ ਸਨ, ਏਹ ਭਿੰਨੇ ਅੰਦ੍ਰਲੇ ਦੇ ਉੱਚੇ ਰਬੀ ਜੀਵਨ, ਇਲਾਹੀ ਪਜਾਰ ਤੇ ਰੰਗ ਰਸ ਵਾਲੇ ਰੂਹਾਨੀ ਧਰਮ ਭਾਵ ਦੇ ਕਾਰਨ ਸਨ। ਸਾਰੀ ਕੌਮ ਦੀ ਇਕ ਨਬਜ਼ ਟੁਰਦੀ ਤੇ ਇਕ ਨਾੜ ਵਗਦੀ ਸੀ, ਇਕ ਛਾਤੀ ਧੜਕਦੀ ਤੇ ਇਕ ਦਿਲ ਦੀ ਧਾਪ ਵਜਦੀ ਸੀ। ਇਕ ਇਕ ਸਿਖ ਇਕ ਇਕ ਸਿਖ ਨਹੀਂ ਸੀ, ਇਕ ਇਕ ਸਿਖ ਜੁੜਕੇ, ਇਕ ਰੂਪ ਪੰਥ ਸੀ ਇਕ ਵਜੂਦ ਸੀ ਜਿਸਦੀ ਇਕ ਜ਼ਿੰਦਗੀ ਸੀ ਤੇ ਇਕ ਆਸਾ ਸੀ। ਇਕ ਸਿਖ ਨੂੰ ਕਾਬਲ ਵਿਚ ਕੰਡਾ ਚੁਭੇ ਦੀ ਪੀੜ ਬੀਕਾਨੇਰ ਵਿਚ ਬੈਠੇ ਸਿਖ ਨੂੰ ਹੁੰਦੀ ਸੀ। ਸਿਖਾਂ ਨੂੰ ਕੈਦ ਕਰਕੇ ਕਾਬਲ ਤੇ ਬਲਖ ਬੁਖਾਰੇ ਤਕ ਪੁਚਾਣਾ ਹੀ ਪਕੜਨ ਵਾਲਿਆਂ ਲਈ ਭਾਰੀ ਕਠਨ ਕੰਮ ਸੀ। ਮੌਤ ਨੂੰ ਪਜਾਰ ਕਰਦੇ ਸਨ ਪਰ ਕੈਦ ਤੋਂ ਨਠਦੇ ਸਨ, ਅਫ਼ਗਾਨਿਸਤਾਨ ਤੇ ਤੁਰਕਸਤਾਨ ਵਿਚ ਵਸਦੇ ਸਿਖ ਦਸ ਦਸ ਗੁਣਾਂ ਵਧ ਕੀਮਤਾਂ ਦੇਕੇ ਸਿਖ ਕੈਦੀਆਂ ਨੂੰ ਖਰੀਦ ਕਰਦੇ ਤੇ ਹਜਾਰਾਂ ਦੁਖੜੇ ਝਲਕੇ ਬੀ ਮਾਪਿਆਂ ਪਾਸ ਦੇਸ ਨੂੰ ਵਾਪਸ ਘਲਦੇ ਸਨ। ਕੌਮ ਵਿਚ ਇਕ ਖਾਸ ਸੇਵਾ ਪੰਥ ਸੀ, ਜਿਨ੍ਹਾਂ ਦਾ ਕੰਮ ਹੀ ਭ੍ਰਾਵਾਂ ਨੂੰ ਬਦੇਸਾਂ ਤੇ ਗੁਲਾਮੀਆਂ ਤੋਂ ਲਿਆਉਣਾ ਸੀ। ਨਾਲ ਹੀ ਹਿੰਦੂ ਜਾਂਦੇ ਸਨ ਜਿਨ੍ਹਾਂ ਦੀ ਦੁਰਗਤੀ ਤੇ ਰੁਲਕੇ ਮਰਨ ਤੋਂ ਉਸ ਪਹਾੜ ਦਾ ਨਾਮ ਜੋ ਰਸਤੇ ਵਿਚ ਆਉਂਦਾ ਸੀ "ਹਿੰਦੂ ਕੁਸ" ਅਜ ਤਕ ਪਿਆ ਹੋਇਆ ਹੈ। ਜਿਨ੍ਹਾਂ ਦੀ ਮੁੜ ਕੋਈ ਸਾਰ ਨਹੀਂ ਲੈਂਦਾ ਸੀ, ਓਥੇ ਸਿਖ ਆਪਣੇ ਕੁਛੜ ਦੇ ਬਾਲ ਦਾ ਖਹੜਾ ਨਹੀਂ ਛਡਦੇ ਸਨ। ਸ਼ਤਰੂਜੀਤ ਸਿੰਘ ਦੇ ਕੁਛੜ ਦੇ ਬਚੇ ਨੂੰ 20 ਬਰਸ ਬਾਦ ਮੁਸਲਮਾਨੀ ਵਿਚ ਜੰਮੇ ਪਲੇ ਨੂੰ ਢੂੰਡ ਕਢਣਾ ਤੇ ਫੇਰ ਉਸ ਵਿਚ ਕੌਮੀਅਤ ਫੂਕ ਕੇ ਵਾਪਸ ਲੈ ਆਉਣਾ ਤੇ ਸਾਰੇ ਪੰਥ ਦਾ ਉਸ ਨੂੰ ਗਲ ਲਾਕੇ ਸ਼ਦਜਾਨੇ ਵਜਾਣੇ ਇਕ ਚੋਟੀ ਦਾ ਵਾਕਿਆ ਹੈ ਜੋ ਖਾਲਸੇ ਦੇ ਕੌਮੀ ਪਜਾਰ ਤੇ ਸਾਰੀ ਕੌਮ ਦੇ ਇਕ ਸਰੀਰ ਇਕ ਮਨ ਇਕ ਜਿੰਦ ਹੋਣ ਦਾ ਬੇ ਨਜ਼ੀਰ ਸਬੂਤ ਹੈ।

 www.sikhbookclub.com

ਸਿਖਾਂ ਦੀ ਇਹ ਅਣਖ ਇਹ ਪਜਾਰ ਇਹ ਕੁਰਬਾਨੀ ਹਿੰਦੂਆਂ ਦਾ ਕੈਦ ਪੈ ਗਏ ਬਰਦੇ ਬਣਕੇ ਚਲੇ ਗਿਆਂ ਨੂੰ ਰੋ ਛਡਣਾ ਤੇ ਬਸ; ਕੌਮੀ ਜੀਵਨ ਤੋਂ ਮੌਤ ਦੇ ਦੋਵੇਂ ਨਕਸ਼ੇ ਸਪਸ਼ਟ ਹਨ। ਵੀਚਾਰ ਕਰੋ ਮੁਤਾਲਿਆ ਕਰੋ ਕਿ ਇਹ ਪੈਰ ਨੂੰ ਚੂੰਡੀ ਵਢਿਆ ਸਿਰ ਦੁਖ ਉਠਣ ਵਾਲੀ ਸਾਂਝੀ ਪੀੜ ਵਾਲੀ ਹਮਦਰਦੀ ਕਿਸ ਗਲ ਦਾ ਕ੍ਰਿਸ਼ਮਾ ਸੀ? ਇਕ ਅਕਾਲ, ਇਕ ਗੁਰੂ, ਇਕ ਧਰਮ ਪੁਸਤਕ, ਇਕ ਹਰਮੰਦਰ ਪਰ ਸਾਰੀ ਕੌਮ ਦੇ ਇਕ ਤਾਰ ਬਝੀ ਇਕ ਨਜ਼ਰ ਦਾ ਫਲ ਸੀ, ਇਹ ਅੰਦਰ ਇਕ ਜੀਉਂਦੇ ਕਿਣਕੇ ਦੀ ਲੈਹਰ ਦਾ ਕਟਾਖਜ ਮਾਤ੍ਰ ਸੀ, ਜੋ ਅੰਦਰ ਲਿਵ ਵਿਚ ਹਰ ਹਿਰਦੇ ਨੂੰ ਰਖਦੀ ਸੀ ਤੇ ਬਾਹਰ ਪ੍ਰੇਮ ਨਾਲ ਪ੍ਰੇਰਕੇ ਪ੍ਰੋਤਿਆ ਰਖਦਾ ਸੀ। ਸਿੱਖ, ਜਾਤ, ਕੁਲ, ਜਨਮ, ਦੇਸ਼ ਦੀ ਸਾਂਝ ਤੋਂ ਇਕ ਕੌਮ ਨਹੀਂ। ਸਿੱਖ ਇਕ ਧਰਮ ਭਾਵ, ਇਕੋ ਅਕਾਲ, ਇਕੋ ਗੁਰੂ, ਇਕੋ ਗੁਰੂ ਗ੍ਰੰਥ ਦੇ ਸਾਂਝੇ ਇਕ ਨਜਰੀਏ ਪ੍ਰੇਮੀ ਹੋਣ ਤੋਂ ਸੀ।

ਲਾਹੌਰ ਕਾਨਫ੍ਰੰਸ ਪਰ ਕੁਛ ਆਰੀਆ ਪਤਵੰਤੇ ਆਏ ਸਨ, ਉਨ੍ਹਾਂ ਨੇ ਸਾਡਾ ਅੰਮ੍ਰਤ ਵੇਲੇ ਦਾ ਦੀਵਾਨ ਡਿਠਾ। ਉਥੇ ਇਕ ਗੁਰੂ ਗ੍ਰੰਥ ਸਾਹਿਬ ਦੇ ਜੀਉਂਦੇ ਕੇਂਦ੍ਰ ਦੇ ਉਦਾਲੇ 25 ਹਜ਼ਾਰ ਪਰਵਾਨਿਆਂ ਦੀ ਸ਼੍ਰਧਾ ਤੇ ਪ੍ਰੇਮ ਨਾਲ ਬੈਠਕੇ ਕੀਰਤਨ ਸੁਣਨਾ, ਬੜੇ ਬੜੇ ਮਾਯਾ ਵਾਲਿਆਂ, ਬ੍ਰਿਸਟਰਾਂ, ਡਾਕਟਰਾਂ ਦਾ 2 ਬਜੇ ਇਸ਼ਨਾਨ ਕਰਕੇ ਇਸਥਿਤ ਹੋਣਾ, ਅਖੀ ਤਕਿਆ, ਫੇਰ ਪੰਜਾਬ ਦੇ ਵੱਡੇ ਤੋਂ ਵੱਡੇ ਸਿੱਖ ਰਈਸ ਤੇ ਕੰਗਾਲ ਤੋਂ ਕੰਗਾਲ ਸਿੱਖ ਗ੍ਰਿਬ ਦਾ ਇਕ ਪੰਗਤ ਵਿਚ ਬੈਠਕੇ ਪ੍ਰਸਾਦਿ ਛਕਣਾ ਤਕਿਆ। ਉਹ ਪ੍ਰੇਮ ਤੇ ਉਮਾਹ ਸੇਵਾਦਾਰਾਂ ਵਿਚ ਵੇਖਜਾ ਜਿਸ ਨਾਲ ਅਮੀਰ ਤੋਂ ਅਮੀਰ ਜੂਠੇ ਪੱਤ੍ਰ ਚੁਕਦਾ ਤੇ ਆਏ ਗਏ "ਪ੍ਰਸਾਦਿ ਛਕੋ" ਗੁਰੂ ਕਾ ਲੰਗਰ ਹੈ ਆਖਦਾ ਸੁਣਿਆ। ਤਦ ਉਨ੍ਹਾਂ ਨੇ ਆਪੋ ਵਿਚ ਆਖਿਆ ਕਿ ਸਿੱਖਾਂ ਨੇ ਅਪਨੀ ਕੌਮੀ ਉਨਤੀ ਵਿਚ 'ਧਰਮ ਭਾਵ' ਨੂੰ ਨਾਲ ਰੱਖਿਆ ਹੈ, ਇਹ ਐਸੀ ਦਾਨਾਈ ਕੀਤੀ ਹੈ ਜਿਸ ਵਿਚ ਅਸਾਂ ਬੀ ਕੁਛ ਉਕਾਈ ਖਾਧੀ ਹੈ। ਇਹ "ਧਰਮ ਭਾਵ" ਇਨਾਂ ਦੇ ਮਿਲਾਪ ਦੀ ਜਿੰਦ ਹੈ, ਅਰ ਇਹ ਮਿਲਾਪ ਥੋੜੇ ਕੀਤੇ ਹਿਲਦਾ ਨਹੀਂ। ਉਨ੍ਹਾਂ ਦਾ ਇਹ ਵਾਕ ਕੀਹ ਦਸਦਾ ਹੈ? ਇਸਤੇ ਆਪ ਹੀ ਵੀਚਾਰ ਕਰ ਲਓ। ਉਨ੍ਹਾਂ ਨੇ ਜੋ ਸਮਝਿਆ ਠੀਕ ਸਮਝਿਆ ਹੈ, ਪਰ ਓਹ ਕੌਮੀ ਜੀਵਨ ਦਾ ਇਕ ਵਸੀਲਾ ਧਰਮ ਭਾਵ ਨੂੰ ਮੰਨਦੇ


www.sikhbookclub.com

ਹਨ। ਅਸੀਂ ਇਸਨੂੰ ਨੀਵਾਂ ਆਦਰਸ਼ ਸਮਝਦੇ ਹਾਂ "ਧਰਮ ਭਾਵ" ਇਕ ਮਹਾਂ ਪ੍ਰਬਲ ਜਿੰਦਾ ਸ਼ਕਤੀ ਹੈ, ਇਕ ਮਹਾਨ ਤਤਵਸਤੂ ਸਾਰ ਵਸਤੂ ਹੈ, ਇਨਸਾਨੀ ਵਜੂਦ ਦਾ ਮੁਖ ਪ੍ਰਯੋਜਨ ਤੇ ਆਤਮਾ ਦਾ ਦਰੁਸਤ ਬਲ ਤੇ ਤਾਣ ਹੈ। ਕੌਮੀਅਤ ਇਸਦਾ ਇਕ ਫਲ ਹੈ, ਜੋ ਆਪ ਤੋਂ ਆਪ ਪੈਦਾ ਹੁੰਦਾ ਹੈ, ਅਰ ਕੌਮ ਰੂਪੀ ਫਲ ਜੋ ਇਸਨੂੰ ਲਗਦਾ ਹੈ ਓਹ ਮਹਾਨ ਨਿਰਮਲ, ਮਹਾ ਖਾਲਸ ਮਹਾਨ ਉਚਾ ਹੁੰਦਾ ਹੈ ਉਹ "ਕੌਮੀ ਭਾਵ" ਉਹ "ਕੌਮੀ ਜੀਵਨ" ਧਾਰਨ ਵਾਲਿਆਂ ਨੂੰ ਅਪਨੇ ਲਈ ਸੁਖੀ ਤੇ ਜਗਤ ਲਈ ਸੁਖਦਾਈ ਬਨਾਂਦਾ ਹੈ ਤੇ ਜੀਵਨ ਦੇ ਪ੍ਰੇਮ ਪ੍ਰਯੋਜਨ ਨੂੰ ਪੂਰਾ ਕਰਦਾ ਹੈ। ਹਾਂ ਆਪ ਦੇ ਵਿਚਾਰ ਜੋਗੀ ਇਹ ਗੱਲ ਹੈ ਕਿ ਜਿਸ ਧਰਮ ਭਾਵ ਨੂੰ ਤੁਸੀਂ ਗਾਫ਼ਲੀ ਵਿਚ ਸੱਟੀ ਜਾ ਰਹੇ ਹੋ, ਜਿਸ ਧਰਮ ਭਾਵ ਨੂੰ ਤੁਸੀਂ ਫੋਕੇ ਵਿਦਵਾਨਾਂ, ਆਚਰਨ ਰਹਤ ਚੰਚਲ ਪੁਰਖਾਂ ਦੇ ਹੱਥ ਦੇਈ ਜਾਂਦੇ ਹੋ, ਜਿਸ ਧਰਮ ਭਾਵ ਦੀ ਰਹ ਨੁਮਾਈ ਤੁਸੀਂ ਚਤ੍ਰਾਈਆਂ ਤੇ ਮੂਰਖਤਾਈਆਂ ਤੇ ਹਉਮੈਂ ਨੂੰ ਪਠੇ ਪਾਣ ਵਾਲੀਆਂ ਵਾਦੀਆਂ ਦੇ ਸਪੁਰਦ ਕਰੀ ਜਾ ਰਹੇ ਹੋ, ਉਸ ਧਰਮ ਭਾਵ ਦਾ ਤੁਹਾਡੇ ਵਿਚ ਪ੍ਰਭਾਵ ਵੇਖਕੇ ਗੈਰ ਕੌਮਾਂ ਦੇ ਲੋਕ ਅਸ਼ ਅਸ਼ ਕਰ ਰਹੇ ਹਨ ਤੇ ਰੀਸ ਕਰਨੀ ਚਾਹੁੰਦੇ ਹਨ, ਕਾਸ਼ ਵਾਹਿਗੁਰੂ ਤੁਹਾਡੀਆਂ ਅੱਖਾਂ ਬੀ ਅਪਨੀ ਸੁੰਦ੍ਰਤਾ ਲਈ ਖੋਹਲੇ। ਕਾਸ ਦੂਸਰਿਆਂ ਦੇ ਵਾਕ ਤੇ ਰਾਵਾਂ ਤੁਹਾਨੂੰ ਅਪਨਾ ਚੇਹਰਾ ਦਿਖਾਨ ਲਈ ਸ਼ੀਸ਼ੇ ਦਾ ਕੰਮ ਦੇਣ ਤੇ ਤੁਸੀਂ ਯੂਸਫ਼ ਵਾਂਗ ਅੱਟੀਆਂ ਤੋਂ ਨਾਂ ਵਿਕਦੇ ਫਿਰੋ ਅਪਨੀ ਅਸਲੀ ਸੁੰਦ੍ਰਤਾ ਦੇ ਆਪ ਕਦਰਦਾਨ ਹੋਕੇ ਆਪਨੇ ਆਪ ਨੂੰ ਵਧ ਤੋਂ ਵਧ ਸੋਹਣਾ ਬਨਾਓ ਤੇ ਧਰਮ ਭਾਵ ਵਿਚ ਉਸ ਟਿਕਾਣੇ ਪਹੁੰਚੋ ਜਿਥੇ ਕਲਗੀਆਂ ਵਾਲਾ ਅਬਚਲ ਨਗਰੋਂ ਟੁਰਨ ਲਗਾ ਤੁਸਾਂ ਨੂੰ ਛੱਡ ਗਿਆ ਸੀ। ਅਜ ਜਿੱਥੇ ਤੁਸੀਂ ਹੋ ਬਹੁਤ ਨੀਵੇਂ ਹੋ। ਰਚਨ ਹਾਰ ਦਾਤਾ ਪ੍ਰਸੰਨ ਨਹੀਂ ਕਿ ਤੁਸਾਂ ਉਸਦੀ ਬਖਸ਼ੀ ਸੁੰਦ੍ਰਤਾ ਮਾਤ ਪਾ ਲਈ ਹੈ, ਉਹ ਖੁਸ਼ ਹੈ ਜੇ ਤੁਸੀਂ ਉਸ ਜਲਾਲ ਵਿਚ ਫਿਰ ਦਮਕ ਪਓ ਅਰ ਉਸ ਜਮਾਲ ਵਿਚ ਫੇਰ ਖਿੜ ਆਓ। ਤੁਹਾਡੀ ਨੁਹਾਰ ਬਦਲ ਜਾਏ। ਮੁਰਦਾ ਕੌਮਾਂ ਦੇ ਮਰਦਾਂ ਹਾਰ ਤੁਹਾਡੇ ਚੇਹਰੇ ਮੁਰਦੇ ਨਜ਼ਰ ਨਾ ਆਉਣ। ਚਿੰਤਾ ਫਿਕਰ ਤੇ ਝੁਰੀਆਂ ਨਾ ਦਿੱਸਣ। ਤੁਸੀਂ ਅੰਦਰਲੇ ਟਿਕਾਉ ਤੇ ਰਸ ਵਿਚ ਮੱਤੇ ਸ਼ੇਰ ਵਾਂਗੂੰ ਜਲਾਲ ਭਰੇ ਤੇ ਖਿੜੇ ਦਿੱਸੋ। ਕਿਸੇ ਸਿੱਖ ਨੂੰ ਕਿਸੇ ਨੇ ਬਾਬੇ ਬੰਦੇ ਦੇ ਸਮੇਂ ਪੁਛਿਆ ਸੀ: "ਖਾਲਸਾ

ਜੀ ਅੰਮ੍ਰਿਤ ਛਕ ਲਿਆ ਜੇ?" ਉਸਨੇ ਉਤਰ ਦਿਤਾ ਸੀ: "ਤੁਸਾਂ ਨੂੰ ਸਾਡੇ ਤੌਰ ਨਹੀਂ ਦੀਹਦੇ", ਖਾਲਸਾ ਜੀ! ਜੇ ਆਪਣੀ ਕਲਯਾਨ ਅਗੇ ਦੀ ਤੇ ਸੁਖ ਜਗਤ ਦਾ ਲੋਚਦੇ ਹੋ, ਤਾਂ ਧਰਮ ਭਾਵਾਂ ਵਿਚ ਸੁਰਜੀਤ ਹੋਵੋ, ਜੇ ਕੌਮ ਵਿਚ ਤਾਣ ਤੇ ਪਜਾਰ ਤ੍ਰੱਕੀ ਵੇਖਣਾ ਚਾਹੁੰਦੇ ਹੋ ਤਾਂ ਧਰਮ ਭਾਵ ਵਿਚ ਉੱਚੇ ਹੋ ਜਾਓ। ਜਾਗ ਪਓ ਅਰ ਜੀਉ ਪਓ।

(ਪਹਿਲੀ ਵਾਰ, ਖਾ: ਸ: ੧੦-੭-੧੯੧੯
ਦੂਜੀ ਵਾਰ, ਖਾ: ਸ: ੧੩-੯-੨੦੦੭)

 www.sikhbookclub.com

## 20. ਕੀ ਧਰਮ ਭਾਵ ਨਿਤਾਣਪੁਣਾ ਹੈ?

**ਪੱਛਮ** ਵਲੋਂ ਇਕ ਹਨੇਰੀ ਦੀ ਲੈਹਰ ਆਈ। ਉਹ ਹਨੇਰੀ ਹਵਾ ਦੀ ਨਹੀਂ ਸੀ। ਮਟੀਰੀਅਲਿਜ਼ਮ ਦੀ ਸੀ। ਮਟੀਰੀਅਲਿਜ਼ਮ ਨੂੰ ਉਰਦੂ ਵਾਲੇ ਆਖਦੇ ਹਨ ਮਾਦਾ ਪ੍ਰਸਤੀ। ਵਾਹਿਗੁਰੂ ਨੂੰ ਭੁਲਕੇ ਦਿਸ ਰਹੇ ਜਗਤ ਦੇ ਪਦਾਰਥਾਂ ਤੇ ਸੁਖਾਂ ਦੀ ਪ੍ਰਾਪਤੀ ਵਿਚ ਲੰਪਟ ਹੋ ਜਾਣਾ ਇਹ ਹੈ ਇਸ ਦਾ ਅਰਥ। ਯੂਰਪ ਵਿਚ ਈਸਾਈ ਦੀਨ ਹੈ, ਪਰ ਦੀਨ ਦਾ ਕਬਜ਼ਾ ਦਿਲਾਂ ਪਰ ਨਹੀਂ ਆਮ ਰਵਸ਼ ਸੰਸਾਰਕ ਤ੍ਰੱਕੀ ਵਲ ਸਿਰਤੋੜ ਲਗ ਰਹੀ ਹੈ। ਆਮ ਹਾਲਤ ਓਥੋਂ ਦੀ ਮਾਦਾ ਪ੍ਰਸਤੀ ਯਾ ਪਦਾਰਥ ਪੂਜਾ ਹੈ। ਉਥੋਂ ਦੀ ਹਨੇਰੀ ਹਿੰਦੁਸਤਾਨ ਵਿਚ ਬੀ ਆ ਝੁਲੀ। ਪੂਰਬ ਵਲੋਂ ਜਪਾਨ ਤੋਂ ਬੀ ਸਾਡੇ ਦੇਸ ਵਿਚ ਲੈਹਰ ਪਦਾਰਥ ਪੂਜਾ ਦੀ ਆਈ ਤੇ ਵਿਸਰ ਗਿਆ ਦੀਨ, ਧਰਮ, ਮਜ਼ਹਬ, ਪੰਥ। ਪੁਰੇ ਦੀ ਹਨੇਰੀ ਜਿਸ ਤਰਾਂ ਸਬਜ਼ੀਆਂ ਦੇ ਫੁਲਾਂ ਨੂੰ ਲੂਹ ਘੱਤਦੀ ਹੈ ਤਿੰਵੇਂ ਇਸਨੇ ਸਾਡੇ ਆਤਮ ਵਲਵਲੇ ਲੂਹ ਘੱਤੇ ਹਨ। ਲੂਹ ਹੀ ਨਹੀਂ ਘੱਤੇ ਸਾਡੇ ਆਦਰਸ਼ ਬਦਲ ਦਿਤੇ ਹਨ। ਸਿੱਖ ਕੰਹਦੇ ਸੁਣੀਂਦੇ ਹਨ, ਦੀਨ ਨੇ ਸਾਨੂੰ ਹੀਣੇ ਕਰ ਸੱਟਿਆ ਹੈ। ਹਿੰਦੂ ਤੇ ਪੱਛਮੀ ਹਨੇਰੀ ਨਾਲ ਭੁੱਜ ਗਏ ਹਨ, ਜਿਨ੍ਹਾਂ ਆਪਣੀ ਕੌਮੀ ਪੁਸ਼ਾਕ, ਰੈਹਤ ਹਿਤ, ਕੌਮੀ ਆਦਰਸ਼ ਤਕ ਛੱਡ ਕੇ ਨਕਲਾਂ ਤੇ ਲੱਕ ਬੰਨ੍ਹ ਲਿਆ ਹੈ, ਉਨ੍ਹਾਂ ਨੇ ਸਿਖਾਂ ਨੂੰ ਬੀ ਅਪਣੇ ਲੋਦੇ ਦਾ ਟੀਕਾ ਕਰਨਾ ਸ਼ੁਰੂ ਕਰ ਦਿਤਾ ਹੈ। ਉਹ ਆਖਦੇ ਹਨ 'ਹਿੰਦ ਕੋ ਦੀਨ ਨੇ ਡਬੋਯਾ' ਤੇ ਰੀਸੋ ਰੀਸੀ ਸਿਖ ਬੀ ਸੁਣ ਕੇ ਆਖਦੇ ਹਨ "ਹਮਕੋ ਧਰਮ ਨੇ ਨਿਰਬਲ ਕਰ ਦੀਆ" ਪਰ ਸ਼ੋਕ! ਅਸਲੀਅਤ ਵਲ ਧਿਆਨ ਨਹੀਂ, ਰਚਨਹਾਰ ਦੇ ਆਦਰਸ਼ ਤੇ ਨਜ਼ਰ ਨਹੀਂ, ਗੁਰਮੁਖੀ ਪੜ੍ਹਨੀ ਨਹੀਂ ਆਉਂਦੀ, ਗੁਰਮੁਖੀ ਦੇ ਪੁਸਤਕ, ਰਸਾਲੇ, ਗੁਟਕੇ ਪੜ੍ਹਨਾ ਅੰਗ੍ਰੇਜ਼ੀਅਤ ਨੂੰ ਕਸਰੇ ਸ਼ਾਨ

(ਹੀਨਤ) ਵਾਲੀ ਗਲ ਜਾਪਦੀ ਹੈ, ਇਸ ਲਈ ਉਹਨਾਂ ਨੂੰ ਕਲਗੀਆਂ ਵਾਲੇ ਦੇ ਉਚੇ ਆਸ਼ੇ ਤੋਂ ਜਾਣੂੰ ਹੋਣ ਦਾ ਸਮਾਂ ਹੀ ਨਹੀਂ ਲੱਝਦਾ। ਉਹ ਪੱਛੋਂ ਵਾਲਿਆਂ ਦੀ ਰੀਸ ਨਾਲ ਵਿਗੜ ਗਏ ਹਿੰਦੂਆਂ ਦੀ ਰੀਸ ਤੇ ਗੂੰਜ ਦੀ ਅਵਾਜ਼ ਕੱਢਦੇ ਹਨ, ਜੋ ਆਖਦੇ ਹਨ ਓਹ ਸਮਝਦੇ ਨਹੀਂ। ਆਪ ਮਾਦਾ ਪ੍ਰਸਤੀ, ਬੇਦੀਨੀ, ਰੱਬ ਵੱਲੋਂ ਬੇਮੁਖਤਾ ਵਿੱਚ ਟੁਰ ਰਹੇ ਹਨ ਤੇ ਸਿੱਖੀ ਨੂੰ ਇਕ ਫੋਕੀ ਕੌਮ ਕੌਮ ਕੂਕ ਕੇ ਤੂੱਕੀ ਦਾ ਮਹੱਲ ਉਸਾਰਦੇ ਹਨ। ਜਿਵੇਂ ਕੋਈ ਬਾਲਕਾ ਇੱਟਾਂ ਜੋੜ ਕੇ ਸੀਮੈਂਟ ਚੂਨਾ ਵਿੱਚ ਦਿਤੇ ਬਿਨਾ ਮਹੱਲ ਉਸਾਰਦਾ ਹੋਵੇ। ਇਕ ਹੋਰ ਹਨ ਜਿਨ੍ਹਾਂ ਨੇ ਗੁਰਮੁਖੀ ਹਿੰਦੀ ਉਰਦੂ ਪੜ੍ਹੀ ਹੈ। ਕਲਾਸਕਿਸ (ਉਚ ਵਿਦਜਾ) ਨਾ ਸੰਸਕ੍ਰਿਤ ਦੀ ਪਾਈ, ਨਾ ਅਰਬੀ ਯੂਨਾਨੀ ਲਾਤੀਨੀ ਦੀ ਪ੍ਰਾਪਤ ਕੀਤੀ, ਨਾ ਅੰਗ੍ਰੇਜ਼ੀ ਫ੍ਰਾਂਸੀਸੀ ਜਰਮਨੀ ਦੀ ਉੱਚ ਵਿਦਜਾ ਵਿਚ ਰੀਮਤਾ ਹੋਈ, ਐਵੇਂ ਅੰਗ੍ਰੇਜ਼ੀ ਖਿਆਲ ਤੇ ਤ੍ਰੀਕੇ ਦੇ ਖੰਭ ਅਪਨੀ ਅਗਲੀ ਖੰਭਾਵਲੀ ਵਿਚ ਉੜੰਗ ਲਏ ਤੇ ਕੌਮ ਨੂੰ ਮੂਰਖ ਸਮਝ ਕੇ ਫੋਕੇ ਕੌਮੀ ਖਿਆਲ ਦੀ ਪਟੜੀ ਤੇ ਲੈ ਆਂਦਾ। ਵਾਹਗੁਰੂ ਪ੍ਰੇਮ, ਲਿਵ, ਸ਼ਰਧਾ, ਭਗਤੀ, ਏਕਾਗ੍ਰਤਾ, ਸੁਰਤ ਦੀ ਉਚਿਆਨ, ਚੜ੍ਹਦੀਆਂ ਕਲਾ ਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰਸ਼ਾਂ ਨੂੰ ਅਪਨੀ ਵਿੰਗੀ ਅਕਲ ਨਾਲ ਦਬਾਕੇ ਨਿਰੇ ਪਦਾਰਥਕ ਖਿਆਲਾਂ ਵਿਚ ਇਕ ਬਿਨਾਂ ਰੱਸੀ ਮੁਠਾ ਬੰਨਣ ਦਾ ਜਤਨ ਕਰਦਿਆਂ ਅਗਲੇ ਸ਼ੀਰਾਜ਼ੇ (ਜੋੜ) ਬੀ ਖੋਲ੍ਹ ਘੱਤੇ। ਕੌਮ ਕੀ ਬਣੇ। ਸਤਕਾਰ, ਤਜਾਗ, ਦੂਸਰੇ ਲਈ ਕੁਰਬਾਨੀ, ਦੁਖ ਪਾਕੇ ਸੁਖ ਦੇਣਾ, ਖਾਲਸਾ ਉਤੇ ਸਦਕੇ ਹੋਣਾ ਕਿਵੇਂ ਆਵੇਗਾ? ਪਦਾਰਥ ਪੂਜਾ ਸਿਖਾਲਦੀ ਹੈ ਖ਼ੁਦਗਰਜ਼ੀ, ਅਪਨੇ ਭਲੇ ਲਈ ਦੂਸਰੇ ਨੂੰ ਸਦਕੇ ਕਰਨਾ। ਵਾਹਗੁਰੂ ਪੂਜਾ ਸਿਖਾਲਦੀ ਹੈ "ਅਪਨ ਬਿਗਾਰ ਬਿਰਾਨਾ ਸਾਂਢੈ" ਕੌਮ ਜਿਸਨੂੰ ਕਿਹਾ ਜਾਂਦਾ ਹੈ ਉਹ ਬਣਦੀ ਹੈ ਦੂਸਰੇ ਲਈ ਆਪਾ ਵਾਰਕੇ, ਤੇ ਆਪਾ ਕਦੇ ਕੋਈ ਵਾਰ ਹੀ ਨਹੀਂ ਸਕਦਾ ਜਦ ਤਕ ਕਿ ਉਸਦਾ ਖਿਆਲ ਉੱਚਾ 'ਨਾਂ ਦਿਸਦੇ ਜਗਤ' ਦੇ ਮਹਾਨ ਜ਼ਬਰਦਸਤ ਕ੍ਰਿਸ਼ਮੇ ਵਲ ਖਿਚ ਨਹੀਂ ਖਾਂਦਾ। ਕਿਉਂ ਕੋਈ ਆਪਣਾ ਸੁਖ ਦੂਜੇ ਲਈ ਤਿਆਗੇ, ਜਦ ਤਕ ਕਿ ਉਸਨੂੰ ਅੰਦਰੋਂ ਪਤਾ ਨਹੀਂ ਕਿ ਐਸਾ ਕਰਨ ਨਾਲ ਮੇਰਾ ਸਿਰਜਨਹਾਰ ਮੈਨੂੰ ਨੇੜੇ ਹੋ ਜਾਂਦਾ ਹੈ? ਅਸੀਂ ਪਿਛੇ ਦਸ ਆਏ ਹਾਂ ਕਿ ਸਤਿਗੁਰਾਂ ਦਾ ਆਦਰਸ਼ ਹੋਰ ਹੈ। ਅਸਾਂ ਸੰਸਕ੍ਰਿਤ, ਅਰਬੀ, ਫਾਰਸੀ, ਅੰਗ੍ਰੇਜ਼ੀ ਪੜ੍ਹਕੇ ਜੋ ਵੇਦਾਂਤ ਸੂਫ਼ੀ ਯਾ ਪਦਾਰਥ ਪੂਜਾ ਦੇ ਆਦਰਸ਼ ਬਨਾਏ ਹਨ, ਉਹ ਸਤਗੁਰ

 www.sikhbookclub.com

ਦੇ ਆਦਰਸ਼ ਨਹੀਂ ਹਨ। ਅਸੀਂ ਨੀਵੀਂ ਕਿਸਮ ਦੇ ਕਈ ਕਿਸਮ ਦੇ ਬੂਟਿਆਂ ਪਰ ਚਾੜ੍ਹ ਰਹੇ ਹਾਂ। ਸਤਿਗੁਰ ਦਾ ਆਦਰਸ਼ ਹੈ:-

**ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰ ਉਪਾਇਆ।**

ਵਾਹਗੁਰੂ ਨੇ ਮੌਤ ਪਹਿਲਾਂ ਬਨਾਈਂ ਜੀਵਨ ਮਗਰੋਂ ਬਨਾਇਆ। ਅਸਾਂ ਅਪਨੇ ਉੱਚੇ ਜੀਵਨ ਨੂੰ ਮੌਤ ਤੇ ਟਿਕਾਣਾ ਹੈ ਅਰ ਮੌਤ ਤੇ ਟਿਕਾਕੇ ਢੰਹਦੀਆਂ ਕਲਾਂ ਵਿਚ ਨਹੀਂ ਜੀਣਾ ਅਸਾਂ ਚੜ੍ਹਦੀਆਂ ਕਲਾਂ ਵਿਚ ਜੀਣਾ ਹੈ। ਸਾਡਾ ਜੀਵਨ ਤਿਆਗ ਦੀ ਨੀਉਂ ਤੇ ਉੱਸਰਨਾ ਹੈ, ਗ੍ਰਹਣ ਦੀ ਨੀਂਹ ਤੇ ਅਸਾਂ ਮੁਨਾਰੇ ਨਹੀਂ ਖੜੇ ਕਰਨੇ। ਫੇਰ ਸਤਗੁਰ ਦੀ ਵਡਿਆਈ ਹੈ ਕਿ ਅਸਾਂ ਜੀਵਨ ਢੰਹਦੀਆਂ ਕਲਾਂ ਦਾ ਬਸਰ ਨਹੀਂ ਕਰਨਾ ਪਰ ਚੜ੍ਹਦੀਆਂ ਕਲਾਂ ਦਾ ਕਰਨਾ ਹੈ। ਅਸਾਂ ਉਹ ਜੁਗਤ ਸਿੱਖਣੀ ਹੈ ਕਿ ਜਿਸ ਨਾਲ ਅਸਾਂ ਪਰਮ ਅਤੀਤ, ਸਨਜਾਸੀ, ਤਜਾਗੀ, ਅਵਧੂਤ ਹੋਣਾ ਹੈ, ਪਰ ਅਸਾਂ ਬਨਾਂ ਵਿਚ ਰੁਸਕੇ ਨਹੀਂ ਜਾ ਬੈਠਣਾ, ਅਸਾਂ ਭੇਖ ਧਾਰਕੇ ਦਰਿੱਦ੍ਰੀ ਨਹੀਂ ਹੋਣਾ, ਅਸਾਂ ਡੰਡ ਕਮੰਡਲ ਲੈਕੇ ਅਲਖ ਨਹੀਂ ਜਗਾਣੀ। ਸੰਸਾਰ ਵਲ ਤਕ ਤਕ ਕੇ ਰੋ ਰੋ ਕੇ ਨਹੀਂ ਮਰ ਜਾਣਾ। ਅਸਾਂ ਜਗਤ ਨੂੰ ਮੇਲਾ ਸਮਝਣਾ ਹੈ ਤੇ ਮੇਲੇ ਆਏ ਅਨੰਦ ਵਿਚ ਰੈਹਣਾ ਹੈ, ਪਰ ਮੇਲੇ ਤੇ ਅਸਾਂ ਰੇਤੇ ਦੇ ਢੇਰ ਤੇ ਠੀਕਰੀਆਂ ਦੇ ਮੁੰਡੇਰੇ ਬਨਾਕੇ ਜੁਆਰੀਏ ਵਾਂਙ ਦੋ ਹੱਥ ਝਾੜ ਕੇ ਨਹੀਂ ਟੁਰ ਜਾਣਾ, ਅਸਾਂ ਇਥੇ ਵੱਖਰ ਵਿਹਾਝਣਾ ਹੈ, ਮੇਲੇ ਵਿਚ ਮੰਡੀਆਂ ਲਗਦੀਆਂ ਹਨ, ਅਸਾਂ ਵਪਾਰ ਕਰਨੇ ਤੇ ਮਾਲ ਲੱਦਨੇ ਹਨ, ਤੇ ਅਪਨੇ ਦੇਸ ਗੁਣਾਂ ਦੇ ਭੰਡਾਰ ਲੈਕੇ ਜਾਣਾ ਹੈ। ਜਿਸਨੂੰ ਅਪਨੇ ਘਰ ਤੇ- ਜੋ ਮੌਤ ਦੇ ਮਗਰੋਂ ਹੈ ਭਰੋਸਾ ਨਹੀਂ, ਜਿਸਦਾ ਖਿਆਲ ਹੈ ਕਿ ਸੁਆਸਾਂ ਤਕ ਸੰਸਾਰ ਹੈ ਤੇ ਮਗਰੋਂ ਕੁਛ ਨਹੀਂ, ਜੋ ਵਾਹਿਗੁਰੂ ਤੇ ਅਗੇ ਤੇ ਭਰੋਸਾ ਨਹੀਂ ਰਖਦੇ, ਓਹ ਸ੍ਵੈਸਤਕਾਰ ਦੀ ਖਾਤਰ ਅਰ ਆਪੇ ਨਾਲ ਸਚੇ ਹੋਣ ਦੀ ਖਾਤਰ ਦੁਕਾਨਾਂ ਤੇ ਬੈਠਨ ਵਪਾਰ ਕਰਨ ਨੌਕਰੀਆਂ ਕਰਨ, ਮਾਯਾ ਜੋੜਨ, ਉਹ ਧਰਮ ਦੀ ਗਾਧੀ ਤੇ ਨਾ ਬੈਠਣ, ਉਹ ਸੰਸਾਰ ਨੂੰ ਗੁਮਰਾਹ ਨਾ ਕਰਨ ਅਰ ਗੁਰੂ ਸਾਹਿਬਾਂ ਦੇ ਆਦਰਸ਼ ਉਤੇ ਪਦਾਰਥ ਪੂਜਾ ਦੇ ਖਿਆਲਾਂ ਦੀ ਪੇਉਂਦ ਲਾਕੇ ਬ੍ਰਿਛ ਦੀ ਗਤੀ ਅਧੋਕਰਨ ਵਿਚ ਹਿੱਸਾ ਨਾ ਲੈਣ। ਸਾਇੰਸ, ਆਰਟ, ਕਾਰੀਗਰੀ, ਅਨੇਕ ਮੈਦਾਨ ਹਨ ਜਿਥੇ ਉਹ ਮਸ਼ਹੂਰੀ, ਨਾਮਣਾ, ਇੱਜ਼ਤ,

 www.sikhbookclub.com

ਦੌਲਤ ਪੈਦਾ ਕਰ ਸਕਦੇ ਹਨ, ਉਹਨਾਂ ਨੂੰ ਸ਼ੋਭਦਾ ਹੈ ਕਿ ਧਰਮ ਦੇ ਮੰਡਲ ਨੂੰ ਛਡ ਦੇਣ। ਉਹ ਜੇ ਨਹੀਂ ਛਡਦੇ ਤਾਂ ਉਹ ਇਕ ਝੂਠ ਹਨ, ਉਹਨਾਂ ਦਾ ਜੀਵਨ ਇਕ ਵਧ ਤੋਂ ਵਜਾਘਾਤ ਹੈ ਅਰ ਇਕ ਮਾਇਕ ਮ੍ਰਿਗ ਤ੍ਰਿਸ਼ਨਾ ਹੈ। ਸਤਗੁਰ ਕੂਕਦੇ ਹਨ:-

**ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ।**
**ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥** (ਪੰਨਾ-੨੫੬)

ਜਿਨ੍ਹਾਂ ਨੂੰ 'ਉਸ ਡੇਰੇ' ਦਾ ਭਰੋਸਾ ਨਹੀਂ, ਜੋ ਉਸ ਡੇਰੇ ਲਈ ਸੰਜਮ ਨਹੀਂ ਕਰ ਰਹੇ, ਜੋ ਸੰਜਮ "ਗੁਰੂ ਕਾ ਸ਼ਬਦ" ਦੀ ਕਮਾਈ ਕਰਨੀ ਨਹੀਂ ਪਸੰਦ ਕਰਦੇ, ਉਹ ਕਿਰਪਾ ਕਰਕੇ ਗੁਰੂ ਜੀ ਦੇ ਵਗ ਰਹੇ ਠੰਢੇ ਖੂਹ ਦੀ ਗਾਧੀ ਤੇ ਸੋਟਾ ਫੜਕੇ ਨਾ ਬੈਠਣ ਅਰ ਦੂਸਰੇ ਭਰਾਵਾਂ ਨੂੰ ਬੌਲਦ ਜਾਣਕੇ ਟਿਚ ਟਿਚ ਕਰਕੇ ਢੋਲ ਝੁਹੱਕਲੀ ਤੋੜਨ ਦੀ ਕ੍ਰਿਪਾਲਤਾ ਨਾ ਕਰਨ। ਸਿੱਖ ਮਜ਼ਹਬ ਇਕ ਆੜੇ ਨੁਕਤੇ ਤੇ ਅੱਪੜ ਪਿਆ ਹੈ, ਇਸਦੀ ਸਲਾਮਤੀ ਦਾ ਤੌਖਲਾ ਪੈ ਰਿਹਾ ਹੈ। ਇਸਦਾ ਬਚਾਉ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਈ ਗੁਰਦਾਸ ਜੀ ਦੇ ਆਦਰਸ਼ਾਂ ਨੂੰ ਨਿਰੋਲਤਾਈ ਨਾਲ ਸਮਝਣ ਤੇ ਉਸ ਤਰਾਂ ਦੇ ਜੀਵਨ ਪਰ ਪਹਰਾ ਦੇਣੇ ਪਰ ਹੈ, ਅਰ ਕਲਗੀਆਂ ਵਾਲੇ ਦੇ ਨਕਸ਼ੇ ਕਦਮ (ਪੂਰਨਿਆਂ) ਪਰ ਟੁਰਨੇ ਤੋਂ ਹੈ। ਸਤਿਗੁਰ ਆਖਦੇ ਹਨ "ਗੁਰ ਕੇ ਸ਼ਬਦ" ਨਾਲ ਅਗਲੇ ਡੇਰੇ ਦਾ ਸੰਜਮ ਹੈ। ਅਗਲੇ ਡੇਰੇ ਦੇ ਸੰਜਮ ਖਾਤਰ ਸਾਰੇ ਸਤਿਗੁਰ ਆਏ ਤੇ ਖੇਦ ਝੱਲਕੇ ਸਾਨੂੰ ਰਾਹੇ ਪਾ ਗਏ। ਗੁਰ ਕੇ ਸ਼ਬਦ ਦੀ ਕ੍ਰਿਯਾ ਹੈ ਪਜਾਰੇ ਵਾਹਿਗੁਰੂ ਦਾ ਨਾਮ ਜਪਣਾ, ਪਰ ਇਸਦੀ ਪ੍ਰਾਪਤੀ ਦਾ ਸਰੂਪ ਹਿਰਦੇ ਮੰਡਲ ਵਿਚ ਹੈ:-ਅਕਾਲ ਪੁਰਖ ਦੀ ਹਜ਼ੂਰੀ ਦਾ ਨਿਰੰਤਰ ਭਾਵ, ਅਸੀਂ ਉਸਦੀ ਹਜ਼ੂਰੀ ਵਿਚ ਹਰ ਛਿਨ ਹਾਂ, ਇਸ ਭਾਵ ਦਾ ਕਦੇ ਬੀ ਨਾ ਉਹਲੇ ਹੋਣਾ, ਕਦੇ ਬੀ ਨਾ ਭੁਲਣਾ, ਸਦਾ ਹਜ਼ੂਰੀ ਵੱਸਣਾ, ਸਦਾ ਹਜ਼ੂਰੀ ਹਾਜ਼ਰ ਰਹਿਣਾ। ਉਸ ਹਾਜ਼ਰੀ ਵਿਚ ਹਜ਼ੂਰੀ ਤੋਂ ਸਰਸ਼ਾਰ ਹੋਕੇ ਆਤਮ ਰਸ ਵਿਚ ਰਹਣਾ, ਹੋਰ ਰਸਾਂ ਦੇ ਅਸਰ ਦਾ ਜੱਫਾ ਸਾਡੇ ਮਨ ਤੋਂ ਤਰੁੱਟ ਜਾਣਾ, 'ਆਨ ਰਸਾ ਸਭ ਫੀਕੇ' ਹੋ ਜਾਣੇ, ਮਨ ਨੇ ਉਚਜਾਈ ਵਿਚ ਟਿਕਾਅ ਵਿਚ, ਰਸ ਵਿਚ, ਉਮਾਹ ਵਿਚ, ਬਲ ਤੇ ਤਾਕਤ ਵਿਚ, ਵੱਸਣਾ। ਵਰਤੋਂ ਬੇ ਅਜ਼ਾਰ ਹੋ ਜਾਣੀ:-

**ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।**
(ਪੰਨਾ-੩੨੨)

ਗਾਲੀ ਦੇਣੀ, ਮੰਦਾ ਆਖਣਾ, ਨਿੰਦਾ ਕਰਨੀ, ਇਹ ਅਸਲ ਹਿੰਸਾ ਕਰਮ ਹਨ "ਮਾਨੁਖ ਹਿੰਸਾ" ਹਿਰਦੇ ਦਾ ਠਾਹੁਣਾ ਹੈ, ਤੇ ਸਤਿਗੁਰ ਗੁਰੂ ਗ੍ਰੰਥ ਸਾਹਿਬ ਆਖਦਾ ਹੈ, ਕਿਸੇ ਦਾ ਹਿਰਦਾ 'ਠਾਹਣ ਮੂਲ ਮਚਾਂਗਵਾ' ਠਾਹੁਣਾ ਮੂਲੋਂ ਨਾਂ ਚੰਗਾ ਹੈ। ਕਿਸੇ ਤਰਾਂ ਬੀ ਦਿਲ ਠਾਹੁਣਾ ਚੰਗਾ ਨਹੀਂ। ਵਰਤੋਂ ਦਿਲ ਨਾਂ ਠਾਹੁਣ ਦੀ, ਅੰਦਰੋਂ ਟਿਕਾਉ ਉਨਮਨੀ, ਮਨ ਉੱਚੇ ਦੇ ਨਿਰੰਤਰ ਗਤੀ ਪਾਂਈ ਦੇ ਵਜੂਦ ਨਾਲ ਲਿਵ ਵਾਲੀ, ਕਰਮ ਕਰਨੇ 'ਖੰਡਾ ਪ੍ਰਿਥਮੇ ਸਾਜ ਕੇ' ਮੌਤ ਨੂੰ ਯਾਦ ਰੱਖਕੇ, ਮੌਤ ਤੋਂ ਸਹਮਕੇ ਨਹੀਂ, ਮੌਤ ਨੂੰ ਯਾਦ ਰੱਖਕੇ, ਮੌਤ ਤੇ ਫਤਹ ਪਾਕੇ, ਮੌਤ ਦੇ ਭੈ ਹੇਠਾਂ ਨਹੀਂ, ਮੌਤ ਨੂੰ ਫੜਕੇ ਨੱਪ ਕੇ ਉਤੇ ਚੜ੍ਹਕੇ ਸਵਾਰੀ ਬਨਾਕੇ। ਫਿਰ ਸੱਜਨੋਂ! ਆਪ ਹੋਵੋਗੇ ਵਿਚ-ਗ੍ਰਹਣ ਵਿਚ-ਪਰ ਵਾਸਤਵ ਵਿਚ ਆਪ ਸਰਬ ਅਨਾਤਮ ਦੇ ਤਯਾਗ ਵਿਚ ਟੁਰੇ ਜਾ ਰਹੇ ਹੋਵੋਗੇ। ਆਪ ਹੋਵੋਗੇ ਗ੍ਰਹਸਤੀ, ਪਰ ਸਨਯਾਸੀ ਆਪ ਦੇ ਪੈਰਾਂ ਦੀਆਂ ਤਲੀਆਂ ਦੀ ਰੀਸ ਨਹੀਂ ਕਰ ਸੱਕਣਗੇ। ਆਪਦੇ ਅੰਦਰ ਨਿਰੰਤਰ ਜੋਤ ਖਾਲਸ ਜੋਤ ਜਗੇਗੀ, ਪੂਰਨ ਜੋਤ ਘਟ ਵਿਚ ਜਗੇਗੀ। ਓਹ ਜੋਤ ਸਾਈਂ ਨਾਲ ਲਿਵ, ਤੇ ਜਗਤ ਵਿਚ ਮੇਹਰ ਪਯਾਰ ਦੀ ਹੋਵੇਗੀ। ਪਿਆਰ ਉਹ ਵਸਤੂ ਹੈ ਜੋ ਜਾਪਦੀ ਗ੍ਰਹਣ ਹੈ, ਪਰ ਫਲ ਉਸਨੂੰ ਮਹਾਨ ਉੱਤਮ ਤਯਾਗ ਦਾ ਲਗਦਾ ਹੈ। ਆਪਣੇ ਮਨ ਨੂੰ ਆਪਣੇ ਹਠਾਂ ਤੇ ਵਹਬਤਾਂ ਤੋਂ ਸਾਫ਼ ਕਰਕੇ, ਦੂਸ੍ਰੀਆਂ ਵਿਦਯਾ ਤੋਂ ਪ੍ਰਾਪਤ ਕੀਤੇ ਝੁਕਾਵਾਂ ਤੋਂ ਸਾਫ਼ ਕਰਕੇ ਸ਼ੁਧ ਹੋਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਬਾਣੀ ਤੇ ਭਾਈ ਗੁਰਦਾਸ, ਭਾਈ ਨੰਦ ਲਾਲ ਨੂੰ ਵੀਚਾਰੋ ਤੇ ਜੀਵਨ ਨੂੰ ਪਲਟਾ ਦਿਓ, ਫਿਰ ਦੇਖੋ ਕਿ ਆਯਾ ਧਰਮ ਦਾ ਧਾਰਨਾ, ਦੀਨ ਵਾਲੇ ਹੋਣਾ, ਨਿਰਬਲ ਹੋਣਾ ਹੈ ਕਿ ਬਲਵਾਨ? ਖੁਸ਼ੀ ਹੋਣਾ ਹੈ ਕਿ ਮਰਦ ਤੇ ਮਰਦ ਕਾ ਬਾਲਕਾ ਹੋਣਾ ਹੈ? ਸਮਰਥਾਵਾਨ ਹੋ ਜਾਣਾ ਹੈ ਕਿ ਹੀਣੇ। ਹਉਮੈ ਨਾਲ ਸੂਰੇ ਬਣਨਾ ਗੁਰਸਿਖੀ ਦਾ ਆਦਰਸ਼ ਹੀ ਨਹੀਂ, ਉਹ ਤਾਂ ਗ੍ਰਹਣ ਹੈ। ਉਹ 'ਖੰਡਾ ਪ੍ਰਿਥਮੇ ਸਾਜਕੇ' ਨਹੀਂ, ਉਹ ਤਾਂ ਮਿਟੀ ਪਹਲਾਂ ਸਾਜ ਕੇ ਦਾ ਆਦਰਸ਼ ਹੈ। ਸਤਿਗੁਰ ਸਾਫ਼ ਆਖਦਾ ਹੈ:-

**ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥...**
**ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥**
(ਮਾਰੂ: ਵਾਰ, ੯, ਪੰਨਾ-੧੦੮੯)

ਸੂਰੇ ਭਾਈ ਮਨੀ ਸਿੰਘ ਜੀ, ਸੂਰੇ ਭਾਈ ਤਾਰੂ ਸਿੰਘ ਜੀ ਮਹਾਰਾਜ, ਨਾਂ ਕਿ ਅਹਮਦ ਸ਼ਾਹ ਅਬਦਾਲੀ ਤੇ ਨਾਦਰ ਸੂਰੇ ਹਨ? ਗੁਰ ਸਿਖੀ ਦੇ ਇਤਹਾਸਕ ਪੱਤਰੇ ਉਲਟਾਓ। ਦੀਨ ਨੇ ਪੰਜ ਪਜਾਰੇ ਪੈਦਾ ਕੀਤੇ। ਕੀਹ ਓਹ ਸੂਰੇ ਨਹੀਂ ਸਨ? ਦੀਨ ਨੇ ਪੈਦਾ ਕੀਤੇ ਚਾਲੀ ਮੁਕਤੇ, ਓਹ ਕੌਣ ਸਨ? ਬਹਾਦਰ ਸੂਰਬੀਰ, ਬਲਵਾਨ ਕੇ ਨਿਤਾਣੇ ਸਨ?

ਖਾਲਸਾ ਜੀਓ! ਅਹਮਦਸ਼ਾਹ ਅਬਦਾਲੀ ਦਾ ਅੱਠਵਾਂ ਹਮਲਾ ਖਾਲਸਾ ਜੀ ਨੂੰ ਨਿਰਮੂਲ ਕਰਨ ਵਾਸਤੇ ਹੋਇਆ ਸੀ। ਵਡਾ ਘੱਲੂਘਾਰਾ ਇਸੇ ਹਮਲੇ ਵਿਚ ਵਰਤਿਆ ਹੈ। ਇਸੇ ਘੱਲੂਘਾਰੇ ਵਿਚ ਆਪਦੇ ਪੰਥ ਦੇ ਆਹੂ ਲਹ ਗਏ ਸਨ ਤੇ ਦਲਾਂ ਦੇ ਦਲ ਸ਼ਰਬਤ ਸ਼ਹਾਦਤ ਦਾ ਪੀਕੇ ਸੌਂ ਗਏ ਸਨ। ਅਹਮਦ ਸ਼ਾਹ ਨੂੰ ਠੰਢ ਪੈ ਗਈ ਸੀ ਕਿ ਸਿੱਖ ਸਮਾਪਤ ਕਰ ਲਏ ਹਨ। ਹਾਂ ਸਮਾਪਤ ਹੋ ਗਏ ਸਨ। ਜੇ ਤਾਂ ਨਿਰੀ ਫੋਕੀ ਦੀਨ ਤੋਂ ਹੀਨ 'ਆਸ ਅੰਦੇਸੇ' ਦੀ ਸਾਂਝ ਨਾਲ ਕੱਠੀ ਹੋਈ ਭੀੜ ਕੋਈ ਕੌਮ ਹੁੰਦੀ ਤਾਂ ਮਰ ਮਿਟੀ ਸੀ। ਪਰ ਉਹ ਸੀ 'ਜੀਅ ਦਾਨ' ਪ੍ਰਾਪਤ ਕਰਕੇ 'ਕਿਨਕਾ ਏਕ ਜਿਸ ਜੀਅ ਵਸਵੈ। ਤਾਕੀ ਮਹਿਮਾ ਗਨੀ ਨ ਆਵੈ' (ਸੁਖਮਨੀ-੧) ਦੇ 'ਰਵ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ'' (ਗਉ: ਰਵਿ) ਰਵ ਪ੍ਰਗਾਸ ਨਾਲ ਭਖ ਭਖ ਕਰਦੀ ਜੀਉਂਦੀ, ਜੀਵਨ ਅਗਨੀ ਨਾਲ ਲਟ ਲਟ ਪ੍ਰਜੂਲਤ ਕੌਮ ਸੀ, ਉਹਨਾਂ ਦੀਆਂ ਮੜੋਲੀਆਂ ਨੂੰ ਮਾਰਨ ਵਾਲਾ ਸਮਝਦਾ ਸੀ ਕਿ ਮੈਂ ਕੌਮ ਮਾਰ ਲਈ ਹੈ, ਪਰ ਉਸ ਪੁਰਖ ਨੂੰ ਨਹੀਂ ਸੀ ਪਤਾ ਕਿ ਮੌਤ ਉੱਤੇ ਤਾਂ ਇਹ ਕਦਮ ਰਖਕੇ ਟੁਰਦੇ ਹਨ। ਮੌਤ ਦਿੱਤੀ ਤਾਂ ਇਹਨਾਂ ਨੂੰ ਪਟੜੀ ਦਿਤੀ, ਜਿਵੇਂ ਰੇਲ ਗੱਡੀ ਟੋਰਨ ਲਈ ਲੋਹੇ ਦੀ ਰੇਲ ਪਟੜੀ ਵਛਾਈਦੀ ਹੈ, ਇਸ ਤਰ੍ਹਾਂ ਮੌਤ ਦੇਣੀ ਤਾਂ ਇਨ੍ਹਾਂ ਨੂੰ ਸਾਫ਼ ਸੜਕ ਦੇਣੀ ਹੈ, ਉਸ ਅਗਜਾਨੀ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਨੂੰ ਗੁੜ੍ਹਤੀ ਵੇਲੇ ਇਹ ਗਲ ਸਿਖਾਈ ਜਾਂਦੀ ਹੈ:-

**ਰਾਹ ਰਵੇ ਈਂ ਰਾਹ ਰਾ**
**ਅਵਲ ਕਦਮ ਬਰ ਦਾਰ ਹਸਤ॥** (ਭਾਈ ਨੰਦ ਲਾਲ)

ਅਰਥਾਤ ਇਸ (ਧਰਮ) ਦੇ ਰਸਤੇ ਟੁਰਨ ਵਾਲੇ ਦਾ ਪਹਲਾ ਕਦਮ ਸੂਲੀ ਉਤੇ ਹੈ, ਹਾਂ ਜੀ ਖਾਲਸਾ ਜੀ! ਵਿਚਾਰ ਕਰਨਾ ਮਨਸੂਰ ਦਾ ਜਦੋਂ ਗਜਾਨ ਸਿਰੇ ਚੜ੍ਹ ਗਿਆ ਤਾਂ ਉਸਦਾ ਆਖਰੀ ਕਦਮ ਸੂਲੀ ਤੇ ਆਯਾ, ਪਰ ਸਾਡਾ ਆਦਰਸ਼ ਹੈ

**ਰਾਹ ਰਵੇਂ ਈ ਰਾਹ ਰਾ ਅਵਲ**
**ਕਦਮ ਬਰਦਾਰ ਹਸਤ॥**

ਪਹਲਾ ਕਦਮ ਸੂਲੀ ਉਤੇ ਹੈ। ਸਾਡਾ ਆਦਰਸ਼ ਤਜਾਗ ਹੈ। ਅਸੀਂ ਪ੍ਰੇਮ ਜੀਵਨ ਦੇ ਜੀਉੜੇ ਹਾਂ। ਸਾਡਾ ਜੀਵਨ, ਰਹਤ ਬਹਤ, ਰਾਹ ਰਵਸ਼ ਪ੍ਰੇਮ ਹੈ ਜੋ ਹਰ ਪਹਲੂ ਤੋਂ ਤਤਕਰਗਵਜਰਅ ਗ੍ਰਹਣ ਹੈ, ਗ੍ਰਹਣ ਜਾਪਦਾ ਹੈ, ਵਡੇ ਤੋਂ ਵਡੇ ਗ੍ਰਹਣ ਵਾਂਙੂ ਮਿੱਠਾ ਹੈ, ਪਰ ਜਿਸ ਦੀ ਅੰਤ੍ਰੀਵ ਗਤੀ ਮਹਾਂ ਤਜਾਗ ਹੈ, ਸਫ਼ਲ ਤਜਾਗ ਹੈ ਪੂਰਨ ਕੈਵਲ ਹੈ ਉਸ ਤੋਂ ਬੀ ਪਰੇ ਹੈ। ਅਬਦਾਲੀ ਨੇ ਘੱਲੂਘਾਰਾ ਵਰਤਾਇਆ, ਸਾਡੇ ਘਰੋਂ ਵਰੋਸਾਏ ਦੇ ਘਰ ਨੇ ਪਹਲਾਂ ਸਾਡੀ ਜਨਮ ਸਾਖੀ ਤਬਾਹ ਕੀਤੀ, ਫੇਰ ਸਾਡੇ ਸਿਰ ਵਿਕਵਾਏ। ਸੂਹੀਏ ਨੇ ਸਾਨੂੰ ਫੜਵਾਇਆ ਜੇ ਜ਼ਾਲਮ ਨੇ ਸਾਨੂੰ ਮਾਰਿਆ ਤਾਂ ਅਸੀਂ ਸੂਲੀ ਤੇ ਟੁਰਨ ਵਾਲੇ ਖੂਬ ਲੜੇ ਤੇ ਕਤਲ ਹੋਏ, ਪੰਥ ਕਤਲ ਹੋ ਗਿਆ, ਸਮਾਪਤ ਹੋ ਗਿਆ। ਅਬਦਾਲੀ ਤਸੱਲੀ ਨਾਲ ਟੁਰ ਗਿਆ। ਪਰ ਦੇਖੋ ਉਹ ਸੂਲੀ, ਉਹ ਮੌਤ ਮੁਰਦਾ ਲਕੜੀ ਫੁਟ (ਪੁੰਗਰ) ਪਈ ਅਰ ਅਸੀਂ ਫੇਰ ਜਿਉਂ ਕੇ ਤਿਉਂ। ਪੰਥ ਕੋਈ ਨਾ ਮੋਇਆ, ਅਬਦਾਲੀ ਟਪਲਾ ਖਾ ਗਿਆ। ਹਰੇ ਦਰੱਖਤ ਤਾਂ ਕੱਟਿਆਂ ਸੁੱਕ ਜਾਣ, ਜਿਸਦੀ ਜੜ੍ਹ ਹੀ ਸੂਲੀ ਹੋਵੇ, ਜਿਸਦਾ ਬੀਜ ਫੁਟੇ ਹੀ ਖੰਡੇ ਤੋਂ, ਜਿਨ੍ਹਾਂ ਨੂੰ ਸਿੰਜਿਆ ਹੀ ਖੰਡਾ ਫੇਰ ਕੇ ਐਮ੍ਰਿਤਾਮ੍ਰਿਤ ਨਾਲ ਜਾਵੇ, ਉਹ ਕਿਸ ਤਰਾਂ ਮਰਨ। ਜਿਨ੍ਹਾਂ ਦਾ ਮੁੱਢ ਖੰਡਾ, ਜਿਨ੍ਹਾਂ ਦੇ ਟੁਰਨ ਦੀ ਪਟੜੀ "ਦਾਰ" ਸੂਲੀ, ਜਿਨ੍ਹਾਂ ਵਿਚ ਤਾਕਤ ਖੰਡੇ (ਮੌਤ ਨੂੰ ਜਿੱਤਕੇ ਮੌਤ ਉਤੇ ਸਵਾਰ ਹੋਣ) ਦੀ, ਉਹਨਾਂ ਨੂੰ ਕਤਲਾਮ ਨੇ ਕੀ ਮਾਰਨਾ ਸੀ। ਖੰਡਾ ਫੇਰ ਪੁੰਗਰ ਪਿਆ, ਸੂਲੀ ਫੇਰ ਹਰੀ ਹੋ ਗਈ, ਖੰਡੇ ਤੇ ਸੂਲੀ ਦੇ ਬਾਲਕੇ ਫੇਰ ਪੰਜਾਬ ਵਿੱਚ ਭਰ ਗਏ ਹੁਣ ਇਕ ਮਿੰਟ ਲਈ ਸੋਚ ਲਓ ਕਿ ਇਹ ਬਰਕਤ ਧਰਮ ਦੀ, ਮਜ਼੍ਹਬ ਦੀ, ਦੀਨ ਦੀ ਸੀ ਯਾ ਪਦਾਰਥ ਪੂਜਾ ਦੇ ਅਸੂਲਾਂ ਦੀ ਸੀ? ਕਿਆਸ ਤਾਂ ਕਰੋ, ਪੋਥੀਆਂ

 www.sikhbookclub.com

ਪੜ੍ਹੋ ਤੇ ਰਵਾਇਤਾਂ ਸੁਣੋਂ ਕਿ ਅੰਦਰਲੀ ਸਾਈਂ ਨਾਲ ਲਿਵ ਤੇ ਤ੍ਰਿਸ਼ਨਾ ਤੋਂ ਅਜੋੜ ਇਹ ਪਵਿੱਤ੍ਰ ਜੀਵਨ ਜੋ ਹਰ ਸਿੱਖ ਵਿਚ ਸੀ ਉਸਦਾ ਫਲ ਸੀ ਕਿ ਨਹੀਂ।

ਬੁਲਾਕੀ ਚੱਕਾਂ ਦਾ ਬਾਨੀ ਸਰਦਾਰ ਬੁਲਾਕੀ ਸ਼ਾਹ ਪਤਵੰਤਾ ਮਾਲਦਾਰ, ਤੇ ਪੁਤ ਜੱਸਾ ਮੱਸਾ ਹੋ ਗਏ ਸਿੱਖ। ਘਰ ਵਿਚ ਰੋਣਾ ਪੈ ਗਿਆ, ਪੁੱਤ ਮਾਨੋਂ ਮਰ ਗਏ। ਜਦੋਂ ਲੋਕੀ ਪੁੱਛਜਾ ਕਰਨ ਸ਼ਾਹ ਜੀ ਕਿੰਨੇ ਪੁੱਤ ਹਨ, ਬੁਲਾਕੀ ਸ਼ਾਹ ਕਿਹਾ ਕਰੇ ਪੰਜ ਸਨ, ਇਕ ਮਰ ਗਿਆ, ਦੋ 'ਸਿੱਖੀ ਜਾ ਰਲੇ' ਬਾਕੀ ਦੋ ਰਹ ਗਏ ਹਨ। 'ਸਿੱਖੀ ਜਾ ਰਲੇ' ਮੋਇਆਂ ਨਾਲ ਗਿਣੇ ਜਾਂਦੇ ਸਨ। ਸੱਚ ਸੀ, ਮਰ ਗਏ, ਸੂਲੀ ਦੀ ਸੜਕੇ ਜੂ ਜਾ ਚੜ੍ਹੇ। ਸੂਲੀ ਦੀ ਸੜਕ ਕੀ ਸੀ? ਲਿਵ ਲਗ ਜਾਣੀ, ਤ੍ਰਿਸ਼ਨਾ ਤੇ ਫਤਹ ਹੋ ਜਾਣੀ। ਜਗਤ ਲਈ ਮਰ ਜਾਣਾ, ਵਾਹਿਗੁਰੂ ਵਿੱਚ ਜੀ ਪੈਣਾ।

"ਜੱਸਾ ਮਸਾ ਸਿੱਖੀ ਜਾਰਲੇ" ਖਾਲਸਾ ਜੀ ਕਦੋਂ? ਪੁਛੋ ਸੋਚੋ ਖੋਜ ਕਰੋ, ਕਦੋਂ? ਜਦੋਂ ਸਿੱਖ ਦੇ ਸਿਰ ਦਾ ਮੁੱਲ ਪੈਂਦਾ ਸੀ ਜਦੋਂ ਤ੍ਰੀਮਤਾਂ ਦੇ ਸਿਰ ਕੱਟਕੇ ਸਿੱਖਾਂ ਦੇ ਭੁਲੇਵੇਂ ਮੁੱਲ ਪਾ ਜਾਂਦੇ ਸਨ। ਅੱਜ ਕੱਲ ਸੱਪ ਮਾਰਕੇ ਲਿਆਵੋ ਤਾਂ ਸਰਕਾਰ ਇਨਾਮ ਦੇਂਦੀ ਹੈ, ਓਦੋਂ ਕਿਸੇ ਸਿੰਘ ਭੁਜੰਗੀ ਨੂੰ ਮਾਰਕੇ ਲਿਆਵੋ ਤਾਂ ਤਦੋਂ ਦੀ ਸਰਕਾਰ ਇਨਾਮ ਦੇਂਦੀ ਸੀ। ਫੇਰ ਸੋਚੋ "ਜੱਸਾ ਮੱਸਾ" ਕਿਉਂ ਸਿੱਖੀ ਜਾ ਰਲੇ? ਕਿਉਂ ਮਹੀਆਂ ਗਾਈਆਂ ਘੋੜੀਆਂ ਘਰ ਬਾਰ, ਹਵੇਲੀਆਂ, ਜ਼ਮੀਨਾਂ, ਚੁਧਰਾਜਤਾ ਛੱਡ ਕੇ ਸੂਲੀ ਦੀ ਸੜਕੇ ਜਾ ਚੜੇ। ਇਨ੍ਹਾਂ ਨੂੰ ਮਿਲ ਪਿਆ ਸੀ ਇਕ ਸਿੰਘ, ਉਹ ਦਰਸ਼ਨ ਕਰਾ ਗਿਆ ਇਨਾਂ ਨੂੰ "ਜੀਵਨ" ਦਾ, ਰੂਹ ਦਾ, ਆਤਮਾ ਦਾ। ਮੌਤ ਨਦੀ ਤੋਂ ਪਾਰਲੇ ਕੰਢੇ ਦਾ ਝਾਕਾ ਦਿਖਾ ਗਿਆ। "ਜੱਸਾ ਮੱਸਾ" ਜੱਸਾ ਸਿੰਘ ਮੱਸਾ ਸਿੰਘ ਹੋ ਗਏ। ਧਰਮ ਭਾਵ ਨੇ, ਅਸਲੀ ਆਤਮ ਜੀਵਨ ਦੀ ਪ੍ਰਾਪਤੀ ਨੇ, ਪ੍ਰੇਮ ਤੇ ਸਿਮਰਨ ਦੀ ਜ਼ਿੰਦਗੀ ਨੇ, ਲਗਾਤਾਰ ਅੱਠ ਪਹਰ ਹਰ ਛਿਨ ਪਜਾਰੇ ਵਾਹਿਗੁਰੂ ਦੀ ਯਾਦ ਨੇ, ਹਜ਼ੂਰੀ ਵਿਚ ਵੱਸਣ ਦੇ ਸ਼ਬਦ ਸੋਹਿਲੇ ਨੇ "ਦੁਖ ਨ ਦੇਈ ਕਿਸੈ ਜੀਅ" ਦੇ ਵਰਤਣ ਦੇ ਸੁਖ ਤੇ ਸੁਆਦ ਨੇ, ਉਸ ਸਮੇਂ ਜਦੋਂ ਸਿੱਖ ਹੋਣਾ ਮਰਨਾ ਸੀ ਤੇ ਸਿਰ ਨੂੰ ਸੱਪਾਂ ਨਜਾਈ ਚਿਥਵਾਨਾ ਸੀ, ਓਹ ਸਿੰਘ ਸਜ ਗਏ। ਆਸ ਅੰਦੇਸ਼ੇ, ਪਦਾਰਥ ਪੂਜਾ ਦੇ ਲੋਭ ਲਾਲਚ ਭੈ ਤੇ ਪ੍ਰਾਪਤੀ ਦੀ ਇੱਛਾ ਦੀ ਸਾਂਝ ਨੇ ਸਿੱਖ ਨਹੀਂ ਸਾਜੇ, ਪਰ ਅੰਦਰ

ਵਾਹਿਗੁਰੂ ਦੀ ਜੋਤ ਜਗਣ ਨੇ ਮੌਤ ਤੇ ਫਤਹ ਬਖਸ਼ੀ ਤੇ ਸਿੱਖ ਹੋ ਗਏ। ਆਪ ਨੂੰ ਪਤਾ ਹੈ ਕਿਸ ਮੁਰਾਤਬੇ ਚੜ੍ਹੇ। ਦਿਨੇ ਲੁਕਦੇ ਸਨ ਮਲਿਹਾਂ (ਝਾੜੀਆਂ) ਤੇ ਜੰਗਲਾਂ ਵਿਚ, ਟੋਇਆਂ ਤੇ ਖੁੜੱਲਾਂ ਵਿਚ, ਤੇ ਰਾਤੀਂ ਗੁਰੂ ਕੀ ਰੌੜ (ਗੁਰੂ ਕੇ ਬਾਗ) ਲਾਂਦੇ ਸਨ ਦੀਵਾਨ ਤੇ ਕਰਦੇ ਸਨ ਪ੍ਰਚਾਰ। ਫੇਰ ਸੋਚ ਲਓ ਕਿ "ਧਰਮ ਭਾਵ" ਤੋਂ ਬਿਨਾਂ ਸਿੱਖ ਕੀਕੂੰ ਸਿੱਖ ਹੈ, ਧਰਮ ਭਾਵ ਦੀ ਤ੍ਰੁੱਕੀ ਤੋਂ ਬਿਨਾਂ ਕੀਕੂੰ ਪੰਥਨੋਤੀ ਹੈ? ਧਰਮ ਭਾਵ ਤਾਕਤ ਹੈ, ਬਲ ਹੈ, ਸੱਤਜਾ ਹੈ ਕਿ ਨਿਤਾਣਪਣਾ? ਵੀਚਾਰ ਕਰਨ ਦਾ ਸਮਾਂ ਹੈ, ਡੂੰਘੀ ਵੀਚਾਰ ਦਾ ਵੇਲਾ ਹੈ। ਕਿਉਂਕਿ ਕੌਮ ਦਾ ਸ਼ੀਰਾਜਾ (ਗੱਠ ਜੋੜ) ਧਰਮ ਦੇ ਧਾਗੇ ਤੋਂ ਬਿਨਾਂ ਕਿਸੇ ਕੱਚੇ ਸੂਤ ਨਾਲ ਬੱਧਾ ਜਾ ਰਿਹਾ ਹੈ, ਇਸਦਾ ਫਲ ਸ਼ੁਭ ਨਹੀਂ ਭਾਸਦਾ।

(ਪਹਿਲੀ ਵਾਰ ਖਾ.ਸ. ੧੭ ਜੁਲਾਈ, ੧੯੧੯
ਦੂਜੀ ਵਾਰ, ਖਾ. ਸ. ੧ ਨਵੰਬਰ, ੨੦੦੭)

## ਉੱਚੀ ਨਜ਼ਰ

ਉੱਚਾ ਉੱਠ ਜ਼ਿਮੀਂ ਤੋਂ ਪਯਾਰੇ;
ਤੈਨੂੰ ਖੰਭ ਰੱਬ ਨੇ ਲਾਏ,-

ਉਹ ਕਿਉਂ ਰਿੜ੍ਹੇ ਗੋਡਿਆਂ ਪਰਨੇ,
ਜੋ ਉਡ ਅਸਮਾਨੀਂ ਜਾਏ?

ਉੱਚੀ ਨਜ਼ਰ ਤੇ ਹਿੰਮਤ ਉੱਚੀ,
ਦਾਈਆ ਉੱਚਾ ਰੱਖੀਂ,

ਅਰਸ਼ੀ ਤਾਣ ਜਿਹਦੇ ਹੋ ਪੱਲੇ,
ਉਹ ਕਿਉਂ ਭੁੰਜੇ ਆਏ?॥੩੫॥

(ਲਹਿਰਾਂ ਦੇ ਹਾਰ)

 www.sikhbookclub.com

## 21. ਸਿੱਖ ਦਾ ਨਿੱਤ ਕਰਮ-1

**ਕਈ** ਲੋਕ ਪੱਛਮੀ ਪਦਾਰਥਕ ਪੂਜਾ ਦੀ ਅੰਧਾ ਧੁੰਧ ਆਈ ਹਨੇਰੀ ਦੇ ਰੌਲੇ ਵਿਚ ਵਹਮ ਕਰਦੇ ਹਨ ਕਿ ਜੇ ਅਸੀਂ ਅਪਨੇ ਅੰਦਰ ਧਰਮ ਭਾਵ ਰਖਨੇ ਵਾਲੇ ਹੋ ਗਏ, ਯਾ ਅਸਾਂ ਬਾਣੀ, ਨਿੱਤ ਨੇਮ, ਨਾਮ ਨੂੰ ਵਕਤ ਦਿਤਾ ਤਾਂ ਸਾਡੇ ਸੰਸਾਰਕ ਬਿਵਹਾਰ ਰੈਹ ਜਾਣਗੇ। ਦੂਜੇ ਮੁਲਕ ਰੱਬ ਤੇ ਰੱਬੀਅਤ ਨੂੰ ਭੁਲਕੇ ਬੜੇ ਪਦਾਰਥਾਂ ਵਾਲੇ ਹੋ ਗਏ ਹਨ ਤੇ ਹਿੰਦੁਸਤਾਨ ਧਰਮ ਧਰਮ ਕੂਕ ਕੇ ਗਰੀਬ ਰੈਹ ਗਿਆ ਹੈ। ਇਹ ਵੈਹਮ ਇਕ ਨਿਰਾ ਵੈਹਮ ਹੈ। ਹਿੰਦੁਸਤਾਨ ਦੇ ਗਿਰਾਉ ਦਾ ਕਾਰਣ ਧਰਮ ਨਹੀਂ ਅਧਰਮ ਹੈ। ਅੱਠਵੀਂ ਸਦੀ ਤੋਂ ਦਸਵੀਂ ਸਦੀ ਤੱਕ ਦੋ ਸੌ ਬਰਸ ਇਸ ਦੇਸ ਵਿਚ 'ਅਨ੍ਹੇਰੇ ਸਮੇਂ' ਦੇ ਲੰਘੇ ਹਨ। ਇਸਨੂੰ ਸਿਆਣੇ 'ਡਾਰਕ ਏਜ' ਆਖਦੇ ਹਨ। ਇਸ ਸਮੇਂ ਦੇ ਹਾਲਾਤ ਬੀ ਘਟ ਲੱਭਦੇ ਹਨ। ਜਦੋਂ ਸੰਸਕ੍ਰਿਤ ਡ੍ਰਾਮਿਆਂ ਨੂੰ, ਜੋ ਸੱਤਵੀਂ ਸਦੀ ਦੇ ਹਨ, ਕੋਈ ਵਿਚਾਰੇ ਤਾਂ ਅਕਸਰ ਪਤਾ ਲਗਦਾ ਹੈ ਕਿ ਦੇਸ ਵਿਚ "ਅਯਾਸ਼ੀ" ਵਧ ਰਹੀ ਸੀ। ਮਾਲੂਮ ਹੁੰਦਾ ਹੈ ਕਿ ਇਹ ਇੰਨੀ ਵਧੀ ਕਿ ਅਗਲੀਆਂ ਸਦੀਆਂ ਵਿਚ ਇਸੇ ਦਾ ਪ੍ਰਤਾਪ ਫੈਲਿਆ। ਦੱਸਵੀਂ ਸਦੀ ਵਿਚ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋ ਗਏ। ਉਹਨਾਂ ਦੇ ਹਮਲਿਆਂ ਦੇ ਸਾਹਮਣੇ ਹਿੰਦੂਆਂ ਦਾ ਡਿਗਦੇ ਜਾਣਾ ਤੇ ਚਮੂੰਨਿਆਂ ਵਾਂਗੂ ਭੁੰਜੀਂਦੇ ਜਾਣਾ ਇਸੇ ਕਰਕੇ ਸੀ ਕਿ ਦੇਸ ਨੂੰ ਅਯਾਸ਼ੀ ਤੇ ਅਯਾਸ਼ੀ ਤੋਂ ਪੈਦਾ ਹੋਏ ਅਧਰਮ ਨੇ ਤਬਾਹ ਕਰ ਛੋੜਿਆ ਸੀ। ਆਪੋ ਵਿਚ ਪਜਾਰ, ਦੇਸ਼ ਲਈ ਕੁਰਬਾਨੀ ਦਾ ਮਾਦਾ ਸਮਾਪਤ ਹੋ ਚੁੱਕਾ ਸੀ। ਖ਼ੁਦਗਰਜ਼ੀ ਦਾ ਕਮਾਲ ਹੋ ਰਿਹਾ ਸੀ। ਇਸ ਖ਼ੁਦਗਰਜ਼ੀ ਦੀ ਕਮਜ਼ੋਰੀ ਨੇ ਇਸਨੂੰ ਤਬਾਹ ਕੀਤਾ ਤੇ ਜਰਵਾਣੇ ਹਮਲਾ ਆਵਰਾਂ ਦੇ ਮੁਕਾਬਲੇ ਤੇ ਲੰਮਾ ਪਾ ਦਿਤਾ

ਸੀ। ਨਹੀਂ ਤਾਂ ਰਾਜਾ ਚੰਦ੍ਰ ਗੁਪਤ ਦੇ ਸਮੇਂ ਸਲਜੂਕਸ ਨੇ ਜਦ ਪਛਮੋਤ੍ਰੀ ਪਾਸਿਓਂ ਹਮਲਾ ਕੀਤਾ ਹੈ ਤਾਂ ਕਿਉਂ ਮੂੰਹ ਦੀ ਖਾ ਕੇ ਗਿਆ ਸੀ? ਇਸਤੋਂ ਪਹਿਲਾਂ ਸਿਕੰਦਰ ਕਾਮਯਾਬ ਹੋਇਆ ਸੀ ਤਾਂ ਇਸ ਵਾਸਤੇ ਕਿ ਟੈਕਸਿਲਾ (ਸਰਾਏ ਕਾਲਾ) ਦੇ ਕੋਲ ਰਾਜਧਾਨੀ ਸੀ, ਉਥੋਂ ਦਾ ਰਾਜਾ ਉਸ ਨਾਲ ਰਲ ਗਿਆ ਸੀ, ਤੇ ਕਸ਼ਮੀਰ ਦੇ ਰਾਜਾ ਨੇ ਰਾਜਾ ਪੋਰਸ ਨੂੰ, ਜਿਸਦੀ ਰਾਜਧਾਨੀ ਗੁਜਰਾਤ ਲਾਗ ਸੀ, ਸਮੇਂ ਸਿਰ ਮੱਦਦ ਨਹੀਂ ਦਿਤੀ ਸੀ। ਪੋਰਸ ਭਾਵੇਂ ਸਿਕੰਦਰ ਅੱਗੇ ਹਾਰਿਆ, ਅਰ ਹਾਰਨ ਦਾ ਕਾਰਨ ਹਮਸਾਇਆਂ ਦੀ ਦੁਜੈਗੀ ਸੀ, ਪਰ ਧਰਮ ਭਾਵ ਦੇਸ ਵਿਚ ਸੀ ਤੇ ਉਸਦੀ ਫੌਜ ਨੇ ਸਕੰਦਰ ਦੀ ਫੌਜ ਦੇ ਉਹ ਦੰਦ ਖੱਟੇ ਕੀਤੇ ਕਿ ਉਸਦੀ ਸੈਨਾ ਨੇ ਸਤਲੁਜ ਤੋਂ ਪਾਰ ਜਾਣ ਤੋਂ ਇਨਕਾਰ ਕੀਤਾ ਸੀ, ਤੇ ਬਾਕੀ ਦੇਸ ਦੀ ਮਿਲਵੀਂ ਤਾਕਤ ਵੇਖਕੇ ਸਕੰਦਰ ਵਰਗੇ ਜਾਬਰ ਦਾ ਹੀਆ ਬੀ ਅਗੇ ਵਧਣ ਦਾ ਨਹੀਂ ਸੀ ਪਿਆ, ਤੇ ਏਥੋਂ ਹੀ ਸਤਲੁਜ ਕੰਢੇ ਕੰਢੇ ਵਾਪਸ ਚਲਾ ਗਿਆ। ਹਾਂ ਅਸੀਂ ਦਸ ਰਹੇ ਸਾਂ ਮੁਸਲਮਾਨ ਹਮਲਾ ਆਵਰ ਪੱਛਮ ਵਲੋਂ ਜਦ ਆਕੇ ਕਾਮਯਾਬ ਹੋਏ ਹਨ ਇਸਤੋਂ ਪਹਿਲਾਂ ਹਿੰਦੁਸਤਾਨ ਵਿਚ ਅਯਾਸ਼ੀ ਦਾ ਇਕ ਦੌਰ ਲੰਘ ਚੁਕਾ ਸੀ, ਜਿਸ ਨਾਲ ਅਧਰਮ ਤੇ ਖ਼ੁਦਗਰਜ਼ੀ ਵਧ ਚੁੱਕੀ ਸੀ। ਇਸ ਵੇਲੇ ਲੋਕ ਸੰਭਲਨ ਵਲ ਲਗ ਰਹੇ ਸਨ ਕਿ ਪਛਮੋਤ੍ਰੀ ਹਮਲੇ ਆ ਗਏ। ਜੇ ਕਦੇ ਮਹਮੂਦ ਵਰਗੇ ਹੱਲੇ ਕਰਨ ਵਾਲੇ ਸੱਤਵੀਂ ਸਦੀ ਵਿਚ ਆਉਂਦੇ ਤਾਂ ਆਸ ਨਹੀਂ ਪੈਂਦੀ ਕਿ ਕਾਮਯਾਬ ਹੋ ਸੱਕਦੇ? ਵਿਸਥਾਰ ਦਾ ਇਥੇ ਮੌਕਿਆ ਨਹੀਂ, ਪਰ ਸਿਧਾਂਤ ਦੀ ਬਾਤ ਇਹ ਹੈ, ਤੇ ਹਿੰਦੁਸਤਾਨ ਦੀ ਤਵਾਰੀਖ ਤੇ ਇਸਦੀ ਤਹਜੀਬ (ਸਭਜਤਾ) ਦੇ ਇਤਹਾਸ ਦੀ ਜਜੋਂ ਜਜੋਂ ਮੁਤਾਲਿਆ ਕਰੋ ਇਹੀ ਪਤਾ ਮਿਲਦਾ ਹੈ ਕਿ ਇਸ ਦੇਸ ਨੂੰ ਸਭ ਤਰ੍ਹਾਂ ਦੀ ਪਦਾਰਥਕ ਹਾਨੀ ਅਧਰਮ ਨੇ ਦਿੱਤੀ ਹੈ, ਧਰਮ ਨੇ ਨਹੀਂ ਦਿੱਤੀ।

ਧਰਮ ਕਿਸੇ ਬਨ ਵਿਚ ਲੁਕ ਬੈਹਣ ਦਾ ਨਾਮ ਨਹੀਂ। ਧਰਮ ਹੈ ਅਪਨੇ ਅੰਦਰੋਂ ਅਪਨੇ ਜੀਵਨ ਦੇ ਅਸੂਲਾਂ ਨੂੰ ਸਮਝਣਾ ਤੇ ਉਹਨਾਂ ਪਰ ਟੁਰਨਾ, ਜਿਸ ਨਾਲ ਆਤਮਾ, ਬੁੱਧੀ ਤੇ ਮਨ ਅਰੋਗ ਰਹਿੰਦੇ ਹਨ। ਅਰੋਗ ਆਤਮਾ, ਅਰੋਗ ਬੁੱਧੀ, ਅਰੋਗ ਮਨ ਆਦਮੀ ਨੂੰ ਮੂਰਖ, ਖ਼ੁਦਗਰਜ਼ ਤੇ ਨਿਕੰਮਾ ਨਹੀਂ ਹੋਣ ਦੇਂਦੇ। ਸਾਰੀਆਂ ਅਕਲਾਂ ਤੇ ਸਾਰੇ ਬਲ ਬੁੱਧੀ ਦੀ ਸੂੱਛਤਾ ਤੇ ਮਨ ਦੀ ਏਕਾਗ੍ਰਤਾ ਤੇ ਹਨ, ਤੇ ਬੁੱਧੀ ਦੀ ਨਿਰਮਲਤਾਈ ਤੇ

ਮਨ ਦੀ ਇਕਾਗ੍ਰਤਾ ਇਹ ਧਰਮ ਦੇ ਫਲ ਹਨ। ਫਿਰ ਇਹ ਗਲਤ ਹੈ ਤੇ ਇਹ ਕਹਣਾ ਮੂਰਖਤਾ ਦਾ ਸੂਚਕ ਹੈ ਕਿ ਧਰਮ ਨੇ ਸਾਨੂੰ ਗਰੀਬ ਕੀਤਾ। ਸਾਨੂੰ ਜੋ ਦੁੱਖ ਮਿਲਿਆ ਅਧਰਮ ਤੇ ਖ਼ੁਦਗ਼ਰਜ਼ੀ ਤੋਂ ਮਿਲਿਆ ਹੈ। ਹਾਂ ਧਰਮ ਦੇ ਨਾਮ ਹੇਠ ਜੋ ਪਖੰਡ ਟੁਰ ਪੈਂਦਾ ਹੈ, ਜਾਂ ਵਹਮ ਤੇ ਭ੍ਰਮ ਦੇ ਕਰਤੱਵ ਤੇ ਅਮਲ ਟੁਰ ਪੈਂਦੇ ਹਨ, ਓਹ ਡੋਬਦੇ ਹਨ। ਮਸਲਨ ਜੋਗੀਆਂ ਦੇ ਮਾਰਗ ਦਾ ਅੰਤ ਸ਼ਰਾਬ ਤੇ ਹੋਣਾ, ਤੇ ਸ਼੍ਰਾਬ ਦਾ ਇਕ ਹਿੱਸਾ ਧਰਮ ਦਾ ਬਣ ਜਾਣਾ, ਇਹ ਧਰਮ ਨਹੀਂ ਹੈ। ਇਹ ਧਰਮ ਦੇ ਨਾਮ ਹੇਠ ਅਧਰਮ ਹੈ। ਗੁਰੂ ਨਾਨਕ ਦੇਵ ਦੇ ਸਿੱਧਾਂ ਨਾਲ ਸਾਰੇ ਮੁਬਾਹਸੇ ਦੱਸਦੇ ਹਨ ਕਿ ਤਦੋਂ ਸ਼੍ਰਾਬ ਇਕ ਧਰਮ ਦਾ ਅੰਗ ਬਣ ਗਈ ਸੀ। ਇਸੀ ਤਰਾਂ ਬੀਰਾਰਾਧਨ, ਜੜ੍ਹ ਪੂਜਾ ਤੇ ਹੋਰ ਅਨੇਕ ਪਿੱਟਣੇ ਜੋ ਧਰਮ ਕਹੇ ਜਾਂਦੇ ਹਨ, ਧਰਮ ਦਾ ਅੰਗ ਨਹੀਂ ਹਨ। ਇਹ ਸਾਰੇ ਕਰਤੱਬ ਜ਼ਿੰਮੇਂਵਾਰ ਹਨ ਇਸ ਗੱਲ ਦੇ ਕਿ ਹਿੰਦੁਸਤਾਨ ਪਦਾਰਥੱਕ ਵਿੱਦਜਾ ਵਿਚ ਓਨਾਂ ਉਨੱਤ ਨਹੀਂ ਹੋਇਆ, ਜਿੰਨਾ ਕੁ ਕਿ ਧਰਮ ਤੇ ਫ਼ਿਲਸਫ਼ੇ ਵਿਚ ਹੋਇਆ। ਅਪਨੇ ਧਰਮ ਕਰਮ ਦੇ ਸਮੇਂ ਹਿੰਦੁਸਤਾਨ ਨੇ ਖਗੋਲ ਵਿੱਦਜਾ ਦਾ ਅਸਚਰਜ ਕਮਾਲ ਦਿਖਾਇਆ, ਗਣਤ ਵਿੱਦਜਾ ਦੇ ਸਾਰੇ ਪਹਲੂਆਂ ਵਿਚ ਇੰਨੀ ਤ੍ਰੱਕੀ ਕੀਤੀ ਕਿ ਅਰਬ ਨੇ ਆਕੇ ਏਥੋਂ ਸਿੱਖੀ ਤੇ ਇਸ ਵਿੱਦਜਾ ਦਾ ਨਾਮ 'ਹਿੰਦਸਾ' ਅਰਥਾਤ 'ਹਿੰਦ ਤੋਂ ਲਈ' ਵਿੱਦਜਾ ਰਖਜਾ। ਹਿੰਦੁਸਤਾਨ ਦੇ ਇਨ੍ਹਾਂ ਵਿੱਦਜਾ ਦੇ ਕੋਈ ਕੋਈ ਨਸ਼ਾਨ ਅਜੇ ਤੱਕ ਬਨਾਰਸ ਦਿੱਲੀ ਇੱਟਾਂ ਚੂਨੇ ਦੇ ਯੰਤ੍ਰ ਮੰਦ੍ਰਾਂ ਵਿਚ ਮੌਜੂਦ ਹਨ। ਜਿਥੇ ਬੈਠਕੇ ਉਚੀ ਗਣਤ ਵਿੱਦਜਾ ਤੇ ਖਗੋਲ ਵਿੱਦਜਾ ਦੇ ਵਿੱਦਜਾਰਥੀ ਅਪਨੇ ਸਿੱਧਾਂਤ ਲਭਜਾ ਕਰਦੇ ਸਨ। ਸੋ ਇਹ ਉਲਾਂਭਾ ਕਿ ਧਰਮ ਡੋਬਦਾ ਹੈ ਗ਼ਲਤ ਹੈ।

ਫਿਰ ਸਿੱਖ ਧਰਮ ਦੇ ਸਿਰ ਇਹ ਉਲਾਂਭਾ ਹੈ ਹੀ ਨਹੀਂ। ਇਸ ਦੇ ਕਰਤਿਆਂ ਨੇ ਧਰਮ ਦੀ ਬਿਨਾ (ਬੁਨਿਆਦ) ਗ੍ਰਹਸਤ ਤੇ ਰੱਖੀ ਤੇ ਗ੍ਰਹਸਤੀ ਨੂੰ ਧਰਮੀ ਬਨਾਯਾ ਹੈ, ਜਿਸਦੇ ਸਾਫ਼ ਅਰਥ ਏਹ ਹਨ ਕਿ ਪਦਾਰਥੱਕ ਜੀਵਨ ਤੇ ਧਾਰਮਕ ਜੀਵਨ ਨੂੰ ਧਰਮ ਪਰ ਸਮਸਜਾ ਵਿਚ ਆਂਦਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਤੇ ਹੋਰ ਸ਼ਬਦ ਸਪਸ਼ਟ ਦਸਦੇ ਹਨ ਕਿ ਉਨ੍ਹਾਂ ਨੇ ਧਰਮੀ ਲੋਕਾਂ ਦਾ ਅਤੀਤ ਹੋਣਾ, ਅਰ ਧਰਮ ਨੂੰ ਬਨਵਾਸੀ ਤਪੀਆਂ ਦੇ ਹੀ ਹਵਾਲੇ ਕਰ ਦੇਣਾ ਭੁੱਲ ਸੀ, ਅਰ ਜੋ ਧਰਮੀ ਹੋ ਜਾਏ


www.sikhbookclub.com

ਉਹ ਬਨਾਂ ਵਿਚ ਟੁਰ ਜਾਏ ਪਰ ਗ੍ਰਹਸਤ ਤੋਂ ਅਲੱਗ ਹੋ ਜਾਏ। ਇਹ ਉਹਨਾਂ (ਗੁਰੂ ਸਾਹਿਬਾਂ) ਨੇ ਆਦਰਸ਼ ਹੀ ਬਦਲ ਦਿੱਤਾ ਸੀ, ਉਨਾਂ ਦੀ ਖ਼ੂਬਸੂਰਤੀ ਹੀ ਇਸ ਗਲ ਵਿਚ ਦਿਪਤ ਹੋ ਰਹੀ ਹੈ ਕਿ ਗ੍ਰਹਸਤ ਵਿਚ ਰਹਕੇ ਧਰਮੀ ਹੋਵੇ। ਐਸੇ ਜੀਵਨ ਨੂੰ ਜੋ ਗ੍ਰਹਸਤੀ ਹੈ ਪਰ ਧਰਮੀ ਨਹੀਂ ਸਤਗੁਰ ਆਖਦੇ ਹਨ:-

**"ਗ੍ਰਿਹ ਰਾਜ ਮਹਿ ਨਰਕੁ"**
(ਪੰਨਾ-੧੦੧੯)

ਇਹ ਜੀਵਨ "ਨਰਕ" ਵਿਚ ਸਮਾਪਤ ਹੁੰਦਾ ਹੈ। ਐਸੇ ਜੀਵਨ ਨੂੰ ਜੋ ਧਰਮੀ ਹੈ ਪਰ ਗ੍ਰਹਸਤੀ ਨਹੀਂ ਸਤਿਗੁਰ ਜੀ ਕਹਿੰਦੇ ਹਨ "ਉਦਾਸ ਕਰੋਧਾ" ਅਰਥਾਤ ਜਗਤ ਤੋਂ ਉਪ੍ਰਾਮ ਰਹਕੇ ਕ੍ਰੋਧ ਅੰਤ ਹੁੰਦਾ ਹੈ। ਅਪਨਾ ਸਿੱਧਾਂਤ ਦਸਦੇ ਹਨ:-

**"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥"**
(ਪੰਨਾ-੧੦੧੯)

ਇਹ ਧਰਮ ਦਾ ਆਦਰਸ਼ ਹੈ, ਵਿੱਚੇ ਰਚੇ ਪਰ ਅੰਦ੍ਰ ਲਿਪਾਯਮਾਨ ਨਹੀਂ, ਉਹ ਪੂਰਨ ਹੈ। ਸੋ ਸਿੱਖ ਧਰਮ ਦੇ ਸਿਰ ਉਲਾਂਭਾ ਨਹੀਂ। ਇਹ ਕਿਰਤ ਦਸਦਾ ਹੈ, ਪਰ ਇਸ ਧਰਮ ਵਿਚ ਰਾਜਾ ਤੋਂ ਲੈਕੇ ਵਪਾਰੀ, ਆਪ ਨੂੰ ਹਰ ਕਮਾਮ ਦੇ ਆਦਮੀ ਲੱਭਣਗੇ, ਐਥੋਂ ਤਕ ਕਿ ਚਮੜੇ ਤਕ ਦਾ ਕੰਮ ਕਰਨ ਵਾਲੇ ਬੀ ਹਨ ਜੋ ਕਿ ਮਾੜੀ ਗੱਲ ਸਮਝਜਾ ਜਾਂਦਾ ਸੀ, ਕਿਸੇ ਕੰਮ ਵਲੋਂ, ਕਿਸੇ ਗੱਲ ਵਲੋਂ ਜਿਸ ਨਾਲ ਪਦਾਰਥੱਕ ਉੱਨਤੀ ਹੋ ਸਕਦੀ ਹੈ, ਮਨਾਹੀ ਨਹੀਂ, ਪਰ ਸਚ ਇਹ ਹੈ ਕਿ ਕਰਨ ਵਾਲਾ ਅੰਦਰ ਧਰਮ ਭਾਵ ਰਖਣ ਵਾਲਾ ਹੋਵੇ। ਉਸਦੇ ਪਦਾਰਥ ਦੇ ਸਾਮਾਨ ਪਵਿੱਤ੍ਰ ਹਨ ਜੋ ਅੰਦਰੋਂ ਜੀਉਂਦਾ ਹੈ ਕਿਉਂਕਿ ਉਹ ਨਿਆਂ ਤੇ ਟੁਰਦਾ ਹੈ ਤੇ ਅਪਨੀ ਲੋੜ ਤੋਂ ਵੱਧ ਕਮਾਯਾ ਸੇਵਾ ਪਰ ਖਰਚ ਕਰਦਾ ਹੈ। ਇਸੇ ਤਰ੍ਹਾਂ ਵੱਡੇ ਕਮਾਮਾਂ ਕੰਮਾਂ ਤੋਂ ਮਨਾਹੀ ਨਹੀਂ।

**"ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।"**
(ਪੰਨਾ-੭੬੬)

ਅਡੰਬਰ ਕਰੋ, ਪਰ ਆਪਣਾ ਪਿੜ ਮੱਲੋ। ਅੰਦਰੋਂ ਧਰਮੀ ਹੋਵੋ। ਅੰਦਰੋਂ 'ਧੌਲ ਧਰਮ ਦਇਆ ਕਾ ਪੂਤ' ਧਰਮ ਦਾ ਜੀਵਨ ਧਾਰੋ, ਜਿਸ ਵਿੱਚ ਦਇਆ ਸ਼ਾਮਲ ਹੋਵੇ। ਜੇ ਅੰਦਰ ਧਰਮ ਨਹੀਂ ਤਦ ਗੁਰੂ ਗ੍ਰੰਥ ਸਾਹਿਬ ਜੀ ਦੇ ਓਹ ਸਾਰੇ ਵਾਕ ਉਨ੍ਹਾਂ ਪਰ ਘਟਣਗੇ, ਜਿਨਾਂ ਨੇ 'ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ।' (ਪੰਨਾ-੪੨) ਹਾਂ ਜੀ:-

**ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ।**
**ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸ ਜੀਉ।**
(ਪੰਨਾ-੭੬੨)

ਜੇ ਧਰਮ ਅੰਦਰ ਹੋਵੇ ਤਾਂ ਆਦਮੀ ਇਸ ਗੱਲ ਤੇ ਟੁਰੇਗਾ:-

**ਦੂਖੁ ਨ ਦੇਈ ਕਿਸੈ ਜੀਅ**
**ਪਤਿ ਸਿਉ ਘਰਿ ਜਾਵਉ।**
(ਪੰਨਾ-੩੨੨)

ਧਰਮ ਅੰਦਰ ਹੋਵੇਗਾ ਤਾਂ:-

**ਘਾਲਿ ਖਾਇ ਕਿਛੁ ਹਥਹੁ ਦੇਇ।**
**ਨਾਨਕ ਰਾਹੁ ਪਛਾਣਹਿ ਸੇਇ॥੧॥**
(ਪੰਨਾ-੧੨੪੫)

ਧਰਮ ਅੰਦਰ ਹੋਵੇਗਾ ਤਾਂ:-

'ਕਰ ਪੁੰਨਹੁ ਨੀਚ ਸਦਾਈਐ' ਤੇ ਅਮਲ ਕਰੇਗਾ। ਆਪ ਸੁਖੀ ਹੋਵੇਗਾ। ਜਗਤ ਨੂੰ ਸੁਖ ਦੇਵੇਗਾ। ਗ਼ਾਫ਼ਲ ਧਨ ਪਾਤ੍ਰ ਗ਼ੀਬਾਂ ਦਾ ਲਹੂ ਪੀਣ ਵਾਲਾ, ਆਤਮਾ ਦਾ ਅੰਨ੍ਹਾਂ

**ਮਾਇਆ ਧਾਰੀ ਅਤਿ ਅੰਨਾ ਬੋਲਾ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ॥**
(ਪੰਨਾ-੩੧੩)

ਸਤਗੁਰ ਨੂੰ ਪਸੰਦ ਨਹੀਂ। ਤੇ ਐਸੇ ਮਾਇਆ ਧਾਰੀ ਹੀ ਜਗਤ ਵਿੱਚ ਕਲੇਸ਼ ਦੇ ਰਹੇ ਹਨ। ਉਹੀ ਹਨ ਜੋ ਦੂਸਰਿਆਂ ਨੂੰ ਅਪਨੇ ਸੁਖ ਲਈ

 www.sikhbookclub.com

ਕਸ਼ਟਾਂ ਵਿੱਚ ਪਾ ਰਹੇ ਹਨ। ਐਸਾ ਗ੍ਰਹਸਤ, ਐਸਾ ਦੁਨੀਆਂਦਾਰ ਸਤਗੁਰਾਂ ਨੂੰ ਪਸੰਦ ਨਹੀਂ। ਪਰ ਧਰਮੀ, ਪਰਮੇਸ਼ਰ ਦਾ ਪਜਾਰਾ ਸਤਗੁਰਾਂ ਨੂੰ ਗ੍ਰਹਸਤੀ ਹੀ ਪਸੰਦ ਹੈ। ਫਿਰ ਕੋਈ ਸਿੱਖ ਨਹੀਂ ਕਹਿ ਸੱਕਦਾ ਕਿ ਧਰਮ ਭਾਵ ਡੋਬਨ ਵਾਲਾ ਹੈ ਜਾਂ ਪਦਾਰਥਕ ਬ੍ਰਿਧੀ ਦਾ ਹਾਨੀ ਕਾਰਕ ਹੈ। ਧਰਮ ਭਾਵ ਉਹ ਰੋਸ਼ਨੀ ਹੈ ਜੋ ਜੀਵਨ ਨੂੰ ਸੋਹਣਾ ਰਸ ਦਾਯਕ ਤੇ ਬਲਵਾਨ ਬਨਾਉਂਦੀ ਹੈ। ਦੁਨੀਆਂਦਾਰ ਦਿਨ ਰਾਤ ਫੁਰਨਿਆਂ ਵਿੱਚ ਚਿੰਤਾ ਵਿੱਚ ਰਹ ਰਹਕੇ ਰੂਹ ਵੱਲੋਂ ਦਵਾਲੀਆ ਹੋ ਜਾਂਦਾ ਹੈ, ਪਰ ਧਰਮ ਭਾਵ ਵਾਲਾ, ਅਪਨੇ ਫੁਰਨੇ ਵਿੱਚ ਸਰਬ ਸਮਰੱਥ ਤੇ ਸੁਖਾਂ ਦੇ ਘਰ ਪਰਮੇਸ਼ਰ ਨੂੰ ਮਨ ਵਿੱਚ ਵਸਾਕੇ ਰੂਹ ਵਿੱਚ ਤਕੜਾ ਹੋ ਜਾਂਦਾ ਹੈ। ਸਭ ਲੋਕ ਹੁਣ ਸਮਝਦੇ ਹਨ ਕਿ ਸਾਰੀਆਂ ਤਾਕਤਾਂ ਮਨ ਦੀ ਏਕਾਗ੍ਰਤਾ ਵਿੱਚ ਹਨ, ਸਭ ਸਿੱਧੀਆਂ ਮਨ ਦੀ ਧਜਾਨ ਤੇ ਪਕਿਆਈ ਵਿੱਚ ਹਨ। ਮਨ ਦੀ ਏਕਾਗ੍ਰਤਾ ਤੇ ਧਜਾਨ ਸ਼ਕਤੀ ਨਾਮ ਜਪਨ ਨਾਲ ਬਲਵਾਨ ਹੁੰਦੀਆਂ ਹਨ, ਨਾਮ ਹੀ ਉਹ ਸਾਧਨ ਹੈ ਜਿਸ ਨਾਲ ਦੁਆਲੀਆ ਮਨ ਫੇਰ ਧਨਵਾਨ ਤੇ ਹਰ ਧਨ ਵਾਲਾ ਹੋ ਜਾਂਦਾ ਹੈ। ਸੋ ਸਿੱਖ ਦਾ ਇਹ ਕਹਣਾ ਗ਼ਲਤ ਹੈ ਕਿ ਧਰਮ ਸਾਡੇ ਸੰਸਾਰਕ ਵਾਧੇ ਦਾ ਹਾਨੀ ਕਾਰਕ ਹੈ ਯਾ ਧਰਮ ਸੰਸਾਰਕ ਵਾਧੇ ਨੂੰ ਸਿੱਲ੍ਹਿਆਂ ਕਰਨ ਵਾਲਾ ਹੈ। ਧਰਮ ਆਗੂ ਤੇ ਚਾਨਣ ਮੁਨਾਰਾ ਹੈ, ਜੋ ਗ੍ਰਹਸਤੀ ਨੂੰ ਉਸ ਸੜਕੇ ਟੋਰਦਾ ਹੈ, ਜਿਸ ਨਾਲ ਲੱਖਾਂ ਦੇ ਢੇਰ ਲਾਕੇ ਆਦਮੀ ਬੇਦਾਗ ਹੋਕੇ ਮਰ ਨਹੀਂ ਜਾਂਦਾ, ਸਗੋਂ ਉਨ੍ਹਾਂ ਢੇਰਾਂ ਨੂੰ ਸਫ਼ਲ ਕਰ ਜਾਂਦਾ ਹੈ।

ਦੌਲਤ ਸੰਸਾਰ ਵਿੱਚ ਹੈ, ਜਿਸ ਤਰ੍ਹਾਂ ਰੇਤ ਥਲੇ ਵਿੱਚ ਰੇਤ ਹੈ। ਰੇਤ ਕੱਠੀ ਕਰ ਕਰਕੇ ਰੇਤ ਦੇ ਢੇਰ ਲਾ ਦੇਣੇ ਦੌਲਤ ਪੈਦਾ ਕਰਨੀ ਨਹੀਂ, ਦੌਲਤ ਦੇ ਢੇਰ ਲਾਣੇ ਹਨ। ਦੀਨਦਾਰ ਸਮਝਦਾ ਹੈ ਕਿ ਅਪਨਾ ਵਕਤ ਇਨ੍ਹਾਂ ਢੇਰਾਂ ਨੂੰ ਨਿਸਫਲ ਕੱਠੇ ਕਰਨ ਦਾ ਕੋਈ ਲਾਭ ਨਹੀਂ, ਇਸ ਕਰਕੇ ਉਹ ਪ੍ਰਯੋਜਨ ਲਈ ਧਨ ਕਮਾਂਦਾ ਹੈ ਤੇ ਪ੍ਰਯੋਜਨ ਤੇ ਖਰਚ ਕਰਦਾ ਹੈ, ਤੇ ਪ੍ਰਯੋਜਨ ਉਸਦਾ ਹੁੰਦਾ ਹੈ ਭਲਿਆਈ। ਉਹ ਸਨਜਾਸੀ ਭਾਵੇਂ ਨਹੀਂ ਕਿ ਲੱਤ ਮਾਰਕੇ ਨੱਸ ਜਾਏ, ਉਹ ਗ੍ਰਹਸਤ ਉਦਾਸ ਹੈ ਕਿ ਸੰਸਾਰ ਦੀ ਪੀੜਾ ਹਰਨ ਵਾਸਤੇ ਧਨ ਨੂੰ ਵਰਤਦਾ ਹੈ। ਇਸੀ ਤਰਾਂ ਸੰਸਾਰਕ ਸਾਰੇ ਕੰਮ ਧਰਮੀ ਕਰਦਾ ਹੈ, ਕਿਸੇ ਸ਼ੁਭ ਪ੍ਰਯੋਜਨ ਤੇ ਕਰਦਾ ਹੈ, ਸੁਖ ਪਾਂਦਾ ਹੈ, ਸੁਖ ਦੇਂਦਾ ਹੈ। ਲੋਕ ਸੁਖੀ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ।

 www.sikhbookclub.com

ਇਸ ਲਈ ਸਤਿਗੁਰ ਆਖਦੇ ਹਨ ਕਿ ਸਿੱਖ ਧਰਮੀ ਹੋਵੇ ਤੇ ਉਸਦਾ ਨਿੱਤ ਕਰਮ ਇਹ ਦੱਸਦੇ ਹਨ:-

**ਗੁਰ ਸਤਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿਨਾਮੁ ਧਿਆਵੈ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰੁਸਿਖੁ ਗੁਰੂ ਮਨਿ ਭਾਵੈ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ**
**ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮ ਜਪਾਵੈ॥੨॥**
(ਗਉ. ਵਾਰ ਮ. ੪, ਪੰਨਾ ੩੦੫)

(ਪਹਿਲੀ ਵਾਰ, ਖਾ.ਸ. ੨੧ ਅਗਸਤ, ੧੯੧੯
ਦੂਜੀ ਵਾਰ ਖਾ.ਸ. ੧੮ ਅਕਤੂਬਰ, ੨੦੦੭)


www.sikhbookclub.com

## 22. ਸਿੱਖ ਦਾ ਨਿੱਤ ਕਰਮ - 2

**"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰੁਸਿਖੁ ਗੁਰੂ ਮਨਿ ਭਾਵੈ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥"**

(ਗਉ. ਵਾਰ-੧੧, ਪੰਨਾ-੩੦੫)

ਇਹ ਹੈ ਸਤਿਗੁਰੂ ਰਾਮਦਾਸ ਜੀ ਦਾ ਨਿਸ਼ਾਨ ਜੋ ਸਿੱਖ ਦੇ ਮੱਥੇ ਤੇ ਆਪ ਨੇ ਲਾਇਆ ਹੈ; ਇਹ ਹੈ ਲੱਛਨ ਗੁਰੂ ਕੇ ਸਿੱਖ ਦਾ ਜੋ ਸੱਚੇ ਪਾਤਸ਼ਾਹ ਨੇ ਆਪ ਦੱਸਿਆ ਹੈ; ਇਹ ਹੈ ਤਾਅਰੀਫ਼ ਸਿੱਖ ਦੀ ਜਿਸਤੋਂ ਸਿੱਖ ਦੀ ਪਰਖ ਹੋਣੀ ਹੈ। ਹਾਂ ਜੀ ਗੁਰੂ ਦੇ ਮਨ ਨੂੰ ਜੋ ਭਾਉਂਦਾ ਸਿੱਖ ਹੈ, ਇਹ ਹੈ ਉਸ ਗੁਰੂ ਸਿੱਖ ਦਾ ਕਰਮ ਧਰਮ:-

1. ਅੰਮ੍ਰਿਤ ਵੇਲੇ ਉਠੇ।
2. ਉਠਕੇ ਆਲਸ ਨਾ ਕਰੇ, ਉਦਮ ਕਰੇ ਤੇ ਇਸ਼ਨਾਨ ਕਰੇ।
3. ਵਾਹਗੁਰੂ ਦਾ ਨਾਮ ਧਿਆਵੇ ਦਿਨ ਚੜ੍ਹਦੇ ਤੀਕ।
4. ਫਿਰ ਦਿਨ ਚੜ੍ਹੇ ਗੁਰਬਾਣੀ ਦਾ ਪਾਠ ਕਰੇ, ਫੇਰ?
5. ਉਠਦਿਆਂ ਬੈਂਹਦਿਆਂ ਸਾਸ ਗਿਰਾਸ ਨਾਮ ਧਿਆਵੇ।

 www.sikhbookclub.com

ਹੁਣ ਆਪ ਵੀਚਾਰ ਕਰੋ ਕਿ:-

**ਅੰਮ੍ਰਿਤ ਵੇਲੇ ਦਾ ਉਠਣਾ, ਇਸ਼ਨਾਨ ਕਰਨਾ, ਨਾਮ ਜਪਣਾ, ਬਾਣੀ ਪੜ੍ਹਨੀ, ਸਤਸੰਗ ਕਰਨਾ, ਊਠਤ ਬੈਠਤ ਸੋਵਤ ਜਾਗਤ ਕਾਰਜ ਕਾਮ ਬਾਟ ਘਾਟ ਸੁਆਸ ਗਿਰਾਸ ਨਾਮ ਧਿਆਉਣਾ।**

ਜੋ ਸਤਗੁਰ ਦਾ ਸਿੱਖ ਅਖਾਵੇ ਉਸਦਾ ਨਿੱਤ ਕਰਮ ਹੈ। ਜੇ ਇਨ੍ਹਾਂ ਕਰਮਾਂ ਵਿੱਚ ਲੁੱਤ ਘੁੱਤੀਆਂ ਮਾਰੇ, ਯਾ ਉੱਕਾ ਹੀ ਨਾ ਕਰੇ, ਉਹ ਛੇਕੜਲੀ ਤੁਕ ਦਾ ਸਿੱਟਾ ਵਿਚਾਰ ਲਓ, ਕਿ ਸਤਗੁਰੂ ਦੇ ਮਨ ਨੂੰ ਨਹੀਂ ਭਾਏਗਾ।

ਹੁਣ ਅਸੀਂ ਆਪਣੀਆਂ ਚਾਤਰੀਆਂ, ਗੱਪਾਂ, ਦਮਗਜੇ, ਹੈਂਕੜਾਂ ਵੱਲ ਨਜ਼ਰਾਂ ਮਾਰਕੇ ਵੇਖੀਏ, ਸਾਰੇ ਜਣੇ ਮਾਰੀਏ, ਕਿਸੇ ਨੂੰ ਦਿਖਾਕੇ ਨਹੀਂ, ਏਕਾਂਤ, ਰਾਤ ਨੂੰ, ਜਦ ਸਾਰੇ ਸੌਂ ਜਾਣ, ਅਸੀਂ ਹੋਈਏ ਤੇ ਏਕਾਂਤ, ਓਸ ਵੇਲੇ ਆਪਣੇ ਮਨ ਨਾਲ ਸੱਚੇ ਹੋਕੇ, ਮਨ ਦੇ ਨਾਲ ਨਿਸ਼ਕਪਟ ਹੋਕੇ, ਆਪਣੇ ਆਪੇ ਨਾਲ ਛਲ ਨਾ ਕਰਕੇ, ਵਿਚਾਰ ਕਰੀਏ, ਕਿ ਕੀਹ ਸਤਿਗੁਰ ਦੇ ਇਸ "ਸਿੱਖ ਲੱਖਣ" ਦੇ ਅਸੀਂ "ਲੱਖਜ" ਹਾਂ? ਸਾਡੇ ਤੇ ਇਹ ਤੁਕ ਘਟਦੀ ਹੈ? ਕੀ ਅਸੀਂ ਪਰਭਾਤੇ ਉੱਠਦੇ ਹਾਂ? ਅੰਮ੍ਰਿਤ ਵੇਲੇ ਜਾਗਦੇ ਹਾਂ? ਨਹੀਂ ਜਾਗਦੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਆਖਦੀ ਹੈ:-

**"ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥**
**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥੧੦੭॥"**

ਅਸੀਂ ਜੀਉਂਦੇ ਮਰ ਗਏ ਹਾਂ। ਸੋ ਅੰਮ੍ਰਿਤ ਵੇਲੇ ਦਾ ਨਾ ਜਾਗਣਾ ਕੀ ਅਰਥ ਰਖਦਾ ਹੈ? ਸੋਚ ਲਓ। ਸਿੱਖ ਕਹਲਾਣ ਵਾਲੇ ਵਾਸਤੇ, ਸਤਗੁਰ ਦੇ ਮਨਭਾਵਾ ਸਿੱਖ ਹੋਣ ਵਾਸਤੇ ਅੰਮ੍ਰਿਤ ਵੇਲੇ ਨਾ ਜਾਗਣਾ ਕੀ ਅਰਥ ਰੱਖਦਾ ਹੈ। ਹੁਣ ਏਕਾਂਤ ਬੈਠੇ ਹੋ, ਦੂਆ ਪਾਸ ਨਹੀਂ, ਅਪਨੇ ਆਪੇ ਨਾਲ ਵਿਚਾਰ ਲਓ ਕਿ ਸਿੱਖ ਅਖਵਾਂਦੇ ਹਾਂ, ਸਿੱਖ ਦੀਵਾਨਾਂ ਵਿਚ ਮੋਹਰੇ ਬੈਠਣਾ ਚਾਹੁੰਦੇ ਹਾਂ, ਪੰਜਾਂ ਪਜਾਰਜਾਂ ਦੇ ਛਾਂਦੇ ਦੇ ਸਾਂਝੀ ਵਾਲ ਹੁੰਦੇ ਹਾਂ, ਸਿੱਖ ਲਈ ਕੋਈ ਕੁਰਸੀ ਡਾਹਵੇ ਤਾਂ ਅਸੀਂ ਮੱਲਣੀ ਚਾਹੁੰਦੇ ਹਾਂ, ਪਰ ਹਾਇ ਪਿਛਲੀ ਰਾਤ ਦੀ ਮਿੱਠੀ ਨੀਂਦ ਅਸੀਂ ਤਿਆਗਦੇ ਹਾਂ ਕਿ ਨਹੀਂ।

ਭਲਾ ਜੇ ਨੀਂਦ ਤਿਆਗ ਦਿਤੀ ਤਾਂ ਕੀ, ਪਹਿਰੇਦਾਰ ਬੀ ਨੀਂਦ ਤਿਆਗਦੇ ਹਨ, ਚੋਰ ਬੀ ਨੀਂਦ ਪਿਆਰੀ ਨਹੀਂ ਕਰਦਾ। ਪਿਛਲ ਰਾਤ ਜਾਗਿਆ ਤੇ ਨੀਂਦ ਤਜਾਗੀ ਤਾਂ ਸਫ਼ਲ ਹੈ ਜੇ ਇਸ਼ਨਾਨ ਕਰੇ। ਕੌਣ ਪਾਲੇ ਮਰੇ?

 www.sikhbookclub.com

ਠੀਕ ਹੈ। ਅਸੀਂ ਸਿੱਖ ਹਾਂ। ਬਈ ਇਸ਼ਨਾਨ ਕੀਤੇ ਹੀ ਆਲਸ ਨੇ ਜਾਣਾ ਹੈ ਤੇ ਅਸਾਂ ਅਸਲ ਕੰਮ ਨਾਮ ਜਪਣੇ ਦਾ ਕਰਨਾ ਹੈ। ਸੋ ਨਾਮ ਆਲਸ ਨਾਲ ਨਹੀਂ ਜਪ ਹੁੰਦਾ। ਨਾਮ ਲਈ ਸਾਵਧਾਨਤਾ ਚਾਹੀਏ। ਯਥਾ:-

**"ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥**
**ਸਾਵਧਾਨ ਏਕਾਗਰ ਚੀਤ॥"**
(ਸੁਖਮਨੀ-੨੪)

ਤੇ ਸਾਵਧਾਨਤਾ ਅੰਮ੍ਰਿਤ ਵੇਲੇ ਇਸ਼ਨਾਨ ਨਾਲ ਹੁੰਦੀ ਹੈ, ਅੱਖਾਂ ਦੀ ਨੀਂਦ ਦਾ ਖੁਮਾਰ ਇਸ਼ਨਾਨ ਹੀ ਦੂਰ ਕਰਦਾ ਹੈ। ਸੋ ਇਸ਼ਨਾਨ ਕਰਕੇ "ਹਰਿ ਨਾਮ ਧਿਆਵੈ" ਵਾਹਿਗੁਰੂ ਜੀ ਦਾ ਨਾਮ ਜਪ। ਹੁਣ ਏਕਾਂਤ ਬੈਠਕੇ ਅਪਨੇ ਆਪ ਨਾਲ, ਮਨ ਵਿਚ ਕੰਘੀ ਮਾਰਕੇ ਸੋਚ ਲਈਏ ਕਿ ਅੰਮ੍ਰਿਤ ਵੇਲੇ ਉਠਕੇ ਨਾਮ ਜਪਦੇ ਹਾਂ ਕਿ ਨਹੀਂ? ਜੇ ਨਹੀਂ ਜਪਦੇ ਤਾਂ ਗੁਰ ਸਤਗੁਰ ਦੇ ਸਿੱਖ ਤਾਂ ਅਖਵਾਂਦੇ ਹਾਂ, ਫੇਰ ਕਿਸ ਤਰ੍ਹਾਂ ਅਖਵਾਂਦੇ ਹਾਂ? ਕਿਉਂਕਿ ਜੇ ਸਿੱਖ ਅਖਵਾਂਦੇ ਹਾਂ ਤਾਂ "ਭਲਕੇ ਉਠ ਹਰਿ ਨਾਮ ਧਿਆਵੈ" ਸਾਡਾ ਲੱਛਣ ਹੈ। ਜੇ ਇਹ ਲੱਛਣ ਸਾਨੂੰ ਨਹੀਂ ਲੱਗਾ, ਤਾਂ ਅਸੀਂ ਸਿੱਖ ਕਿਸ ਤਰ੍ਹਾਂ ਅਖਵਾਂਦੇ ਹਾਂ। ਸਤਿਗੁਰ ਆਪਣੀ ਬਾਣੀ ਵਿੱਚ ਆਖਦਾ ਹੈ:-

**'ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ।**
**ਮੇਘ ਬਿਨਾ ਜਿਉ ਖੇਤੀ ਜਾਇ।"**
(ਸੁਖਮਨੀ-੮)

ਹਾਂ ਜੀ:-

**"ਕਣ ਬਿਨਾ ਜੈਸੇ ਥੋਥਰ ਤੁਖਾ॥**
**ਨਾਮ ਬਿਹੂਨ ਸੂਨੇ ਸੇ ਮੁਖਾ॥"**
(ਗਉ. ਮ. ੫, ਪੰਨਾ-੧੯੨)

ਸਤਿਗੁਰ ਆਖਦਾ ਹੈ:-

**"ਜਿਨੀ ਨਾਮ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥**
**ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰ ਚੋਰ॥"**
(ਪੰਨਾ-੧੨੪੭)


www.sikhbookclub.com

ਅਸੀਂ ਨਾਮ ਨਹੀਂ ਜਪਦੇ, ਭਲਕੇ ਉੱਠਕੇ ਨਾਮ ਨਹੀਂ ਜਪਦੇ ਤੇ ਮਾਲਕ ਸਾਡਾ ਆਖਦਾ ਹੈ:-

**"ਨਾਮੁ ਨ ਜਪਹਿ ਤੇ ਆਤਮ ਘਾਤੀ।"** (ਪੰਨਾ-੧੮੮)

ਅਸੀਂ ਸਿੱਖ ਅਖਵਾਂਦੇ ਹਾਂ, ਨਾਮ ਨਾ ਜਪਕੇ, ਸਤਗੁਰ ਆਖਦਾ ਹੈ ਅਸੀਂ ਆਤਮ ਘਾਤੀ, ਅਪਨਾ ਆਪ ਆਪੇ ਕਤਲ ਕਰਨ ਵਾਲੇ ਹਾਂ, ਜਿਸਨੂੰ ਅੰਗ੍ਰੇਜ਼ੀ ਪੜ੍ਹੇ ਆਖਦੇ ਹਨ 'ਸੂਆ ਸਾਈਡ' ਕਰ ਰਹੇ ਹਾਂ। ਨਾਮ ਆਤਮਾ ਦੀ ਗਿਜ਼ਾ ਹੈ, ਜੋ ਸਰੀਰ ਨੂੰ ਗਿਜ਼ਾ ਨਹੀਂ ਦੇਂਦਾ ਉਹ ਸਰੀਰ ਦਾ ਘਾਤ ਕਰ ਰਿਹਾ ਹੈ, ਜੋ ਰੂਹ ਨੂੰ ਨਾਮ ਦੀ ਗਿਜ਼ਾ ਨਹੀਂ ਦੇਂਦਾ ਉਹ ਆਤਮਾ ਦਾ ਘਾਤ ਕਰ ਰਿਹਾ ਹੈ, ਇਥੇ ਹੀ ਬਸ ਨਹੀਂ, ਧਿਆਨ ਦੇਕੇ ਬਾਣੀ ਪੜ੍ਹੋ ਤਾਂ ਆਪ ਦੇਖੋ ਕਿ ਨਾਮ ਦੇ ਵਿਸਾਰੇ ਤੇ ਸਤਗੁਰ ਕਿੰਨਾ ਕੁਛ ਸਾਨੂੰ ਆਖਦੇ ਹਨ, ਕਿਉਂਕਿ ਉਹਨਾਂ ਦਾ ਅਪਨਾ ਸਿਧਾਂਤ ਇਹ ਹੈ:-

**"ਸੋਧਤ ਸੋਧਤ ਸੋਧਿ ਬੀਚਾਰਾ।**
**ਬਿਨੁ ਹਰਿ ਭਗਤਿ ਨਹੀ ਛੁਟਕਾਰਾ॥"**
(ਪੰਨਾ-੮੯੧)

ਨਾਮ ਤੋਂ ਬਿਨਾਂ ਸੁਖ ਮੰਗਣ ਹਾਰਿਆਂ ਨੂੰ ਜੁਆਰੀਆ ਆਖਦੇ ਹਨ:-

**"ਐਸਾ ਜਗੁ ਦੇਖਿਆ ਜੂਆਰੀ।**
**ਸਭ ਸੁਖ ਮਾਗੈ ਨਾਮੁ ਬਿਸਾਰੀ॥"**
(ਪੰਨਾ-੨੨੨)

ਹੁਣ ਜਦ ਅਸੀਂ ਸਿੱਖੀ ਤੋਂ ਪ੍ਰਾਪਤ ਸੁਖਾਂ ਦੇ ਹੱਕਦਾਰ ਬਣਦੇ ਹਾਂ ਤੇ ਨਾਮ ਦਾ ਵਿਸਾਰਾ ਰੱਖਦੇ ਹਾਂ ਤਾਂ ਸਤਗੁਰ ਜੁਆਰੀਏ ਦਾ ਪਦ ਦੇਂਦੇ ਹਨ।

ਸਭ ਤੋਂ ਸ੍ਰੇਸ਼ਟ ਸਤਗੁਰ ਨੇ ਨਾਮ ਦੱਸਜਾ ਹੈ:-

**"ਨਾਮ ਤੁਲ ਕਿਛ ਅਵਰ ਨ ਹੋਇ॥"** (ਸੁਖਮਨੀ-੨)

ਹੁਣ ਜੇ ਸਾਡੇ ਅੰਦਰ ਨਾਮ ਨਹੀਂ ਆਯਾ ਤਾਂ ਅਸੀਂ ਕਿੰਞ ਕਰੀਏ। ਨਾਮ ਦੀ ਮਹਿੰਮਾ, ਨਾਮ ਦਾ ਫਲ, ਨਾਮ ਵਿਸਾਰੇ ਦਾ ਸਿੱਟਾ, ਇਹ ਸਤਗੁਰ ਨੇ ਬਾਣੀ ਵਿਚ ਦੱਸੇ ਹਨ। ਬਾਣੀ ਅਸੀਂ ਪੜ੍ਹਦੇ ਨਹੀਂ। ਗੁਰੂ ਜੀ ਦਾ


www.sikhbookclub.com

ਹੁਕਮ ਹੈ "ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ।" ਏਥੇ ਹੁਕਮ ਕਰਦੇ ਹਨ, ਬਾਣੀ ਪੜ੍ਹੋ। ਦੂਜੀ ਥਾਂ ਆਖਦੇ ਹਨ:-

**"ਜੈ ਤਨਿ ਬਾਣੀ ਵਿਸਰਿ ਜਾਇ।**
**ਜਿਉ ਪਕਾ ਰੋਗੀ ਵਿਲਲਾਇ॥"**
(ਧਨਾ. ਮ. ੧, ਪੰਨਾ-੬੬੧)

ਅਸੀਂ ਸਿੱਖ ਅਖਵਾਂਦੇ ਹਾਂ ਪਰ ਗੁਰ ਬਾਣੀ ਜੋ ਰੋਜ ਨਹੀਂ ਪੜ੍ਹਦੇ, ਸਤਗੁਰ ਉਹਨਾਂ ਨੂੰ ਪੱਕਾ ਰੋਗੀ ਦੱਸਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਦਰਸ਼ਨ ਨਿਤਨੇਮ ਦੀ ਬਾਣੀ ਦਾ ਉਚਾਰ ਸਿਖ ਤੋਂ ਕਦੇ ਨਹੀਂ ਘੁੱਸਣਾ ਚਾਹੀਦਾ।

ਅਗੇ ਆਪ ਦੱਸਦੇ ਹਨ ਬੰਹਦਿਆਂ ਉਠਦਿਆਂ ਸਾਸ ਗਿਰਾਸ ਨਾਮ ਧਿਆਵੈ। ਕਿਉਂਕਿ ਆਪ ਨੇ ਸਿਧਾਂਤ ਕਥਨ ਕੀਤਾ ਹੈ:-

**"ਜਪਿ ਜਨ ਸਦਾ ਸਦਾ ਦਿਨੁ ਰੈਣੀ॥**
**ਸਭ ਤੇ ਊਚ ਨਿਰਮਲ ਇਹ ਕਰਣੀ॥"** (ਸੁਖਮਨੀ-੮)

ਸਭ ਤੇ ਉੱਚੀ ਤੇ ਨਿਰਮਲ ਕਰਨੀ ਇਹੋ ਹੈ। ਹੁਕਮ ਕਰਦੇ ਹਨ:-

**"ਊਠਤ ਬੈਠਤ ਸੋਵਤ ਨਾਮ॥**
**ਕਹੁ ਨਾਨਕ ਜਨ ਕੈ ਸਦ ਕਾਮ॥"** (ਸੁਖਮਨੀ-੧੭)

**"ਊਠਤ ਬੈਠਤ ਸੋਵਤ ਧਿਆਈਐ॥**
**ਮਾਰਗਿ ਚਲਤ ਹਰੇ ਹਰਿ ਗਾਈਐ॥"** (੩੮੯)

**"ਕਾਰਜਿ ਕਾਮਿ ਬਾਟ ਘਾਟ ਜਪੀਜੈ॥**
**ਗੁਰ ਪ੍ਰਸਾਦਿ ਹਰਿ ਅੰਮ੍ਰਿਤ ਪੀਜੈ॥"** (੩੮੬)

**"ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥**
**ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥"** (੫੫੬)

ਪਰ ਜੋ ਇਸ "ਸਦਾ ਸਿਮਰਨ" ਵਿਚ ਨਹੀਂ, ਸਤਗੁਰ ਆਖਦੇ ਹਨ:-

**"ਹਰ ਬਿਸਰਤ ਸਦਾ ਖੁਆਰੀ॥ ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ਰਹਾਉ॥ ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸ ਅਰਜਾਰੀ॥"** (੭੧੧)

ਹਰ ਬਿਸਰਿਆਂ ਸਦਾ ਖੁਆਰੀ ਹੈ, ਜੋ ਜੀਉਂਣਾ ਹੈ, ਉਹ ਜੀਉਣਾ ਨਹੀਂ, ਐਉਂ ਹੈ ਜਿਸ ਤਰਾਂ ਬਲਨਾ। ਜਿਸ ਤਰ੍ਹਾਂ ਚੁਲ੍ਹੇ ਵਿਚ ਤੂੜੀ ਬਲ ਗਈ, ਪੇਟ ਵਿਚ ਉਸ ਤੂੜੀ ਦਾ ਫਲ ਕਣਕ ਬਲ ਗਈ। ਸੋ ਮਨੁੱਖਾ ਦੇਹ ਦਾ ਜੋ ਜੀਉਣਾ ਹੈ, ਸੋ ਬਲਨੇ ਦਾ ਕਰਮ ਹੈ (ਇਕ Cumbustion ਹੈ) ਜੇ ਕਹੋ ਕਿ ਜੇ ਇਸ ਤਰਾਂ ਸਦਾ ਸਿਮ੍ਰਨ ਲੱਗ ਗਿਆ ਤਾਂ ਮੋਏ, ਕਿਤੇ ਕੁਟੀਆ ਪਾਕੇ ਮੋਈ ਮਾਂ ਦੇ ਪੁੱਤ ਵਾਂਗ ਪੈ ਰਹੇ। ਪਰ ਸਤਗੁਰ ਏਹ ਨਹੀਂ ਆਖਦੇ, ਉਹ ਦੱਸਦੇ ਹਨ ਕਿ ਸਿਮ੍ਰਨ ਕਰਨ ਵਾਲੇ, ਵਾਹਿਗੁਰੂ ਨੂੰ ਜਪਣ ਵਾਲੇ, ਯਾਦ ਰੱਖਣ ਵਾਲੇ ਕਦੇ ਨਾ ਵਿਸਾਰਨ ਵਾਲੇ ਅਰਥਾਤ ਨਾਮ ਵਾਲੇ ਪੁਰਖ ਸੰਸਾਰਕ ਤੇ ਪਰਮਾਰਥਕ ਦੋਨੋਂ ਸੁਖ ਪਾਂਦੇ ਹਨ। ਯਥਾ:-

**"ਪ੍ਰਭ ਕਉ ਸਿਮਰਹਿ ਸੇ ਧਨਵੰਤੇ॥**
**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥**
**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥**
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥**
**ਪ੍ਰਭ ਕਉ ਸਿਮਰਹਿ ਸਿ ਬੇ ਮੁਹਤਾਜੇ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥**
**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥**
**ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥**
**ਨਾਨਕ ਜਨ ਕੀ ਮੰਗੈ ਰਵਾਲਾ॥੫॥"** (ਸੁਖਮਨੀ-੧)

ਹੁਣ ਆਪ ਵੇਖ ਲਓ ਕਿ ਪਰਮੇਸ਼ਰ ਨੂੰ ਸਦਾ ਯਾਦ ਰੱਖਣ ਵਾਲੇ ਧਨ, ਪਤ, ਪਰਵਾਨਗੀ, ਪਰਧਾਨਗੀ, ਬੇ ਮੁਹਤਾਜਗੀ, ਪ੍ਰਤਾਪ, ਸੁਖ, ਅਬਨਾਸੀ ਜੀਵਨ, ਸਾਰੇ ਸੁਖਾਂ ਦੇ ਮਾਲਕ ਹੁੰਦੇ ਹਨ। ਜੇ ਨਾਮ ਜਪਕੇ ਆਦਮੀ ਅਪਾਹਜ ਹੁੰਦਾ ਅਸੀਂ ਖਿਆਲ ਕਰਦੇ ਹਾਂ ਤਾਂ ਉਹ ਧਨੀ, ਪਤਵੰਤਾ, ਪਰਧਾਨ, ਪਰਵਾਨ, ਰਜਿਆ ਕਜਿਆ, ਪ੍ਰਤਾਪੀ, ਸੁਖੀ ਤੇ ਅਮਰ ਕਿਸ ਤਰ੍ਹਾਂ ਹੋ ਸਕਦਾ ਹੈ? ਸੋ ਸਾਡਾ ਵਹਮ ਗਲਤ ਹੈ, ਅਸੀਂ ਸਮਝ ਨਹੀਂ ਰਹੇ ਤੇ ਕਰਨੀ ਕਰ ਨਹੀਂ ਰਹੇ, ਐਵੇਂ ਡਰ ਮਰ ਰਹੇ ਹਾਂ, ਮਾਲਕ ਦੇ ਕਹੇ ਤੇ ਅਮਲ ਕਰੀਏ ਤਾਂ ਜ਼ਰੂਰ ਫਲ ਉਹੋ ਲਗੇ ਗਾ ਜੋ ਮਾਲਕ ਨੇ ਆਪ ਕਰਕੇ ਵਰਤਕੇ ਦੱਸਿਆ ਕਿ ਦਮ ਦਮ ਜਪਨ ਵਾਲੇ ਨੂੰ ਲੱਗਦਾ ਹੈ।

ਸਾਡੇ ਉਪਜੀਵਕਾ ਵਾਲੇ ਕੰਮ ਤਬਾਹ ਨਹੀਂ ਹੋਣਗੇ, ਸਗੋਂ ਨਾਮ ਵਾਲੇ ਵਧੀਕ ਕਾਮਯਾਬ ਹੋਣਗੇ। ਸਤਗੁਰ ਆਖਦਾ ਹੈ-

**"ਪ੍ਰਭ ਕੈ ਸਿਮਰਨਿ ਕਾਰਜ ਪੂਰੇ॥**
**ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥"** (੨੬੩)

ਇਹ ਸੰਸਾਰਕ ਫਲ ਲਗੇ ਗਾ, ਪ੍ਰਮਾਰਥਕ ਫਲ ਇਉਂ ਦੱਸਦੇ ਹਨ:-

**ਪ੍ਰਭੂ ਕੇ ਸਿਮਰਨਿ ਨਿਹਚਲ ਆਸਨੁ॥**
**ਪ੍ਰਭ ਕੇ ਸਿਮਰਨਿ ਕਮਲ ਬਿਗਾਸਨੁ॥** (੨੬੩)

ਐਸਾ ਕਿਉਂ ਹੈ? ਸਿਮਰਨ ਇਕ ਮਖੌਲ ਨਹੀਂ। ਸਿਮਰਨ ਦਾ ਪ੍ਰਤਾਪ ਸਾਨੂੰ ਪਤਾ ਨਹੀਂ। ਜੇਹੜੇ ਕਰਦੇ ਹਨ, ਜਿਨ੍ਹਾਂ ਨੇ ਕੀਤਾ ਹੈ ਉਹ ਸਤਗੁਰ ਜੀ ਦੱਸਦੇ ਹਨ:-

**"ਹਰਿ ਸਿਮਰਨ ਮਹਿ ਆਪ ਨਿਰੰਕਾਰਾ॥"** (ਸੁਖਮਨੀ-੨੬੩)

ਪਰਮੇਸ਼ਰ ਦੇ ਸਿਮਰਨ ਵਿਚ ਮਾਲਕ ਵਾਹਿਗੁਰੂ ਆਪ ਵਸਦਾ ਹੈ। ਅੱਠ ਪੈਹਰ ਦੇ ਸਿਮਰਨ ਵਾਲਿਆਂ ਨੂੰ ਮੌਤ ਤੋਂ ਲੰਘਕੇ ਕੀ ਫਲ ਮਿਲੇਗਾ:-

**"ਨੰਨਾ ਨਰਕਿ ਪਰਹਿ ਤੇ ਨਾਹੀ॥**
**ਜਾਕੈ ਮਨਿ ਤਨਿ ਨਾਮੁ ਬਸਾਹੀ॥"** (੨੫੧)

ਸੋ ਹੁਣ ਵਿਚਾਰ ਲਓ ਕਿ ਅਸੀਂ ਸਿੱਖ ਅਖਵਾਂਦੇ ਹਾਂ, ਤੇ ਸਤਗੁਰ ਸਾਡੇ ਵਿਚ ਨਿਰੰਤਰ ਨਾਮ, ਲਗਾਤਾਰ ਨਾਮ ਦਾ ਨਿਵਾਸ ਵੇਖਕੇ ਖੁਸ਼ ਹਨ, ਤੇ ਅਸੀਂ ਭੂਲ ਵਿਚ, ਨਾਮ ਵਿਸਾਰੇ ਵਿਚ ਪਏ ਹਾਂ, ਅਸੀਂ ਸਿੱਖ ਹਾਂ ਕਿ ਅਸੀਂ ਬੀਮਾਰ ਹਾਂ:-

**"ਪਰਮੇਸ਼ਰ ਤੇ ਭੁਲਿਆਂ ਵਿਆਪਨਿ੍ ਸਭੇ ਰੋਗ॥"** (੧੩੫)

ਰੋਗੀ ਹੋਕੇ ਅਸੀਂ ਆਖਦੇ ਹਾਂ ਨਾਮ ਦਾ ਕੀ ਲਾਭ ਹੈ? ਰੋਗੀ ਹੋਕੇ ਡਾਕਟਰਾਂ ਦੀ ਡਾਕਦਾਰੀ ਦੇ ਗਯਾਤਾ ਬਣਦੇ ਹਾਂ।

ਹੁਣ ਸੋਚ ਕਰੋ ਕਿ ਉਪਰ ਲਿਖੇ ਲੱਖਣਾਂ ਦੀ ਅਸਾਂ ਏਕਾਂਤ ਬੈਠਕੇ ਵੀਚਾਰ ਕੀਤੀ ਤਾਂ ਸਾਨੂੰ ਸਮਝ ਆਈ ਕਿ ਅਸੀਂ ਸਿੱਖ ਜੋ ਅਖਵਾਂਦੇ ਹਾਂ, ਤਾਂ ਕਿਸੇ ਗੁਰੂ ਦੇ ਹਾਂ ਤਾਂ ਸਿੱਖ ਹਾਂ ਨਾਂ, ਐਵੇਂ ਸਿੱਖ ਕੀ? ਜਿਵੇਂ ਕੋਈ ਸੁਹਾਗਣ ਅਖਾਵੇ, ਤਾਂ ਸੰਭਾਵਨਾ ਹੁੰਦੀ ਹੈ ਕਿ ਇਸਦਾ ਪਤੀ ਹੈ, ਪਤੀ ਨਹੀਂ ਤਾਂ ਸੁਹਾਗਣ ਕੀਹ?

 www.sikhbookclub.com

ਇਸੀ ਤਰਾਂ ਜੋ ਸਿੱਖ ਹੈ ਉਸਦਾ ਗੁਰੂ ਜਰੂਰ ਹੈ, ਜੇ ਗੁਰੂ ਨਹੀਂ ਤਾਂ ਸਿੱਖ ਕਿਸਦਾ, ਸਿੱਖ ਹੋਇਆ ਹੀ ਫੇਰ ਕੀਹ ? ਸੋ ਜਦ ਅਸੀਂ ਸਿੱਖ ਹਾਂ ਤਾਂ ਸਾਡਾ ਗੁਰੂ ਹੈ, ਤੇ ਸਾਡਾ ਜੋ ਗੁਰੂ ਹੈ ਉਹ ਆਖਦਾ ਹੈ:-

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿਨਾਮੁ ਧਿਆਵੈ॥** (੩੦੫)

ਤੇ ਹੁਣ ਸੋਚੀਏ ਜੇ ਅਸੀਂ ਨਹੀਂ ਧਿਆਉਂਦੇ ਤਾਂ ਗੁਰੂ ਦਾ ਹੁਕਮ ਨਹੀਂ ਮੰਨ ਰਹੇ, ਉਹ ਗੁਰੂ ਜੀ ਅਗੇ ਕਹਿ ਦੇਂਦੇ ਹਨ ਕਿ ਜੋ ਸਾਸ ਗਿਰਾਸ ਨਹੀਂ ਧਿਆਉਂਦਾ ਉਹ ਮੈਨੂੰ ਭਾਉਣ ਵਾਲਿਆਂ ਦੀ ਗਿਣਤੀ ਤੋਂ ਬਾਹਰ ਹੈ। ਹੁਣ ਦੱਸੋ ਸਾਡੀ ਢੋਈ ਕਿਥੇ ਹੈ ਕਿ ਗੁਰੂ ਤਾਂ ਖੁਸ਼ ਨਹੀਂ ਤੇ ਅਸੀਂ ਕੰਹਦੇ ਹਾਂ ਜੀ ਹਾਂ ਅਸੀ ਦੁੱਧ ਧੋਤੇ ਖਰੇ ਖਾਸੇ ਸਿੱਖ ਹਾਂ। ਸਿੱਖ ਹੋਣ ਲਈ ਗੁਰੂ ਦਾ ਹੁਕਮ ਗੁਰੂ ਦੀ ਖੁਸ਼ੀ ਜਰੂਰੀ ਹੈ ਤੇ ਸਿਧਾਂਤ ਇਹ ਹੈ ਕਿ ਉਹ ਖੁਸ਼ੀ ਧਰਮ ਭਾਵ ਵਿਚ ਹੈ। ਅੰਤਰ ਆਤਮੇ ਧਰਮ ਭਾਵ ਵੱਸੇ, ਅੰਦਰ ਧਰਮਾਂ ਦਾ ਮਾਲਕ ਰੱਬ ਵਸੇ।

'ਹਥ ਕਾਰ ਵਲ ਦਿਲ ਯਾਰ ਵਲ' ਹੋਵੇ।

ਜਿੰਕੂ ਮਹਾਂਵਾਕ ਹੈ:

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥**
(ਸ. ਕਬੀਰ ਜੀ-੨੧੩, ਪੰਨਾ-੧੩੭੬)

ਅਸੀਂ ਕਿਰਤ ਕਰੀਏ, ਅਸੀਂ ਵੰਡ ਛਕੀਏ, ਅਸੀਂ ਨਾਮ ਜਪੀਏ,

ਤਦ ਅਸੀਂ ਸਿੱਖ ਹਾਂ। ਅਸੀਂ ਗ੍ਰਿਹਸਤੀ ਹਾਂ, ਅਸਾਂ ਘਾਲ ਕਰਨੀ ਹੈ, ਕਮਾਈ ਕਰਨੀ ਹੈ, ਅਸੀਂ ਪਦਾਰਥ ਨਾਲ ਰੁੱਸੇ ਨਹੀਂ, ਪਰ ਅਸੀਂ ਗ੍ਰਿਹਸਤ ਉਦਾਸ ਹਾਂ। ਅਸਾਂ ਕੰਮ ਵੀ ਕਰਨਾ ਹੈ, ਦਿਲ ਵਿਚ ਰੱਬ ਵੀ ਵਸਾਨਾ ਹੈ। ਜੇ ਇਹ ਨਹੀਂ ਕਰ ਰਹੇ ਤਾਂ ਅਸੀਂ ਸਿੱਖੀ ਦੇ ਅਸੂਲਾਂ ਨੂੰ ਭੁਲਾ ਰਹੇ ਹਾਂ।

(ਪਹਿਲੀ ਵਾਰ ਖਾ. ਸ. ੨੮ ਅਗਸਤ, ੧੯੧੯
ਦੂਜੀ ਵਾਰ ਖਾ. ਸ. ੨੫ ਅਕਤੂਬਰ, ੨੦੦੭)

 www.sikhbookclub.com

## 23. ਸਾਡੀ ਸਿਥਲਤਾ ਦਾ ਕਾਰਨ!

**ਉਹ** ਲੈਂਪ ਜਿਸਨੇ ਸੰਸਾਰ ਵਿੱਚੋਂ ਅੰਧੇਰੇ ਨੂੰ ਦੂਰ ਕਰਨਾ ਹੈ, ਅਵਸ਼ੱਕ ਹੈ ਕਿ ਪੈਹਲਾਂ ਆਪ ਰੋਸ਼ਨ ਹੋਵੇ, ਜਦ ਤੱਕ ਉਹ ਆਪ ਰੋਸ਼ਨ ਨਹੀਂ ਉਹ ਸੰਸਾਰ ਨੂੰ ਰੋਸ਼ਨੀ ਕਿਵੇਂ ਦੇ ਸਕਦਾ ਹੈ?

ਪਹਾੜੀਆਂ ਦਿਲ ਦੀ ਤਪਸ਼ ਬੁਝਾਣ ਲਈ ਪਾਣੀ ਨੂੰ ਆਪਣੇ ਅੰਦਰ ਸਿੰਜਰਦੀਆਂ ਹਨ, ਫਿਰ ਅੰਦਰ ਗਿਆ ਪਾਣੀ ਉਨ੍ਹਾਂ ਵਿੱਚੋਂ ਸੋਮਿਆਂ ਦੀ ਸ਼ਕਲ ਵਿੱਚ ਨਿਕਲ ਅਣਗਿਣਤ ਪਸ਼ੂ ਪੰਖੀਆਂ ਤੇ ਮਨੁੱਖਾਂ ਦੀ ਤਪਸ਼ ਹਰਦਾ, ਸੁੱਕੀਆਂ ਸੜੀਆਂ ਘਾਟੀਆਂ ਤੇ ਬੰਜਰ ਵਾਦੀਆਂ ਨੂੰ ਸਰਸਬਜ਼ ਬਣਾ ਉਨ੍ਹਾਂ ਦੀ ਕਾਇਆ ਪਲਟ ਦੇਂਦਾ ਹੈ।

ਆਤਸ਼ੀ ਸ਼ੀਸ਼ਾ ਅਕਾਸ਼ ਵਿੱਚ ਫੈਲੀਆਂ ਸੂਰਜ ਦੀਆਂ ਕ੍ਰਿਨਾਂ ਨੂੰ ਆਪਣੇ ਵਿਚ ਇਕੱਤ੍ਰ ਕਰਦਾ ਹੈ, ਜਿਸ ਤੋਂ ਉਸ ਵਿੱਚ ਇੰਨੀ ਸੱਤਜਾ ਹੋ ਜਾਂਦੀ ਹੈ ਕਿ ਉਸ ਵੇਲੇ ਜੋ ਚੀਜ਼ ਉਸਦੇ ਸਾਹਮਣੇ ਆਵੇ ਉਸ ਵਿੱਚ ਹਰਾਰਤ ਪੈਦਾ ਕਰ ਦੇਂਦਾ ਹੈ।

ਸੰਸਾਰ ਦਾ ਇਤਹਾਸ ਦਸਦਾ ਹੈ ਕਿ ਉਹ ਆਦਮੀ ਜਿਨ੍ਹਾਂ ਤੋਂ ਇਨਸਾਨਾਂ ਨੂੰ ਕਿਸੇ ਸਮੇਂ ਵੀ ਕਿਸੇ ਤਰਾਂ ਦਾ ਲਾਭ ਪੁੱਜਾ, ਉਹ ਮਹਾਂ ਪੁਰਸ਼ ਜਿਨ੍ਹਾਂ ਨੇ ਜੀਵਾਂ ਨੂੰ ਗੁਮਰਾਹੀ ਵਿੱਚੋਂ ਕੱਢ ਸਲਾਮਤੀ ਦੀ ਸੜਕ ਤੇ ਆਂਦਾ, ਤੇ ਉਹ ਰਾਹਬਰ ਜਿਨ੍ਹਾਂ ਮਨੁੱਖ ਜਾਤੀ ਦੇ ਖਿਆਲਾਂ ਨੂੰ ਕਿਸੇ ਵੀ ਚੰਗੇ ਸੰਚੇ ਵਿੱਚ ਢਾਲਜਾ ਉਨ੍ਹਾਂ ਉਹ ਗੁਣ ਪਹਿਲਾਂ ਆਪ ਧਾਰਨ ਕੀਤੇ ਜੇਹੜੇ ਕਿ ਉਹ ਦੂਜਿਆਂ ਵਿੱਚ ਵੇਖਣਾ ਚਾਹੁੰਦੇ ਸੀ, ਉਹ ਉਸ ਰਸਤੇ ਆਪ ਟੁਰੇ ਜਿਸਤੇ ਦੂਜਿਆਂ ਨੂੰ ਚਲਦਾ ਵੇਖਣ ਦੇ ਇੱਛਾਵਾਨ ਸੀ ਤੇ ਉਸ ਸੰਚੇ ਵਿੱਚ ਪਹਿਲਾਂ ਆਪ ਢਲੇ ਜਿਸ ਵਿੱਚ ਕਿ ਉਹ ਸੰਸਾਰ ਨੂੰ ਢਾਲਣਾ ਚਾਹੁੰਦੇ ਸਨ।


www.sikhbookclub.com

ਇਕ ਪਿਤਾ ਆਪਣੇ ਲੜਕੇ ਦੀ ਸ਼ਕਾਇਤ ਮਾਸਟਰ ਜੀ ਪਾਸ ਲੈਕੇ ਗਿਆ ਤੇ ਕੈਹਣ ਲੱਗਾ ਕਿ ਮੇਰਾ ਲੜਕਾ ਗੁੜ ਦਾ ਅਤਯੰਤ ਪਜਾਰਾ ਹੈ, ਇਹ ਦਿਨ ਤੇ ਰਾਤ ਵਿੱਚ ਇੰਨਾਂ ਜ਼ਿਆਦਾ ਗੁੜ ਖਾ ਜਾਂਦਾ ਹੈ ਕਿ ਇਸ ਦੀ ਅਰੋਗਤਾ ਲਈ ਹਾਨੀਕਾਰਕ ਹੈ, ਤੁਸੀਂ ਇਸਨੂੰ ਗੁੜ ਖਾਣ ਤੋਂ ਮਨਾਂ ਕਰੋ। ਮਾਸਟਰ ਨੇ ਕਿਹਾ ਅੱਜ ਤੋਂ ਅੱਠ ਦਿਨ ਪਿੱਛੋਂ ਆਉਣਾ ਫਿਰ ਮੈਂ ਸਮਝਾਵਾਂਗਾ, ਅੱਠ ਦਿਨ ਪਿੱਛੋਂ ਲੜਕੇ ਦਾ ਪਿਤਾ ਆਇਆ ਉਸ ਦੇ ਸਾਹਮਣੇ ਮਾਸਟਰ ਜੀ ਨੇ ਲੜਕੇ ਨੂੰ ਬੁਲਾ ਸਿੱਖਜਾ ਦਿੱਤੀ ਕਿ ਗੁੜ ਦਾ ਬਹੁਤ ਖਾਣਾ ਸ੍ਰੀਰ ਵਿੱਚ ਦੇ ਖ਼ੂਨ ਨੂੰ ਵਿਗਾੜ ਦੇਂਦਾ ਹੈ, ਜਿਸ ਨਾਲ ਅਨੇਕਾਂ ਤਰਾਂ ਦੇ ਫੋੜੇ ਫਿਨਸੀਆਂ ਨਿਕਲ ਆਉਂਦੇ ਹਨ ਤੂੰ ਹੁਣ ਖਾਣਾ ਛੱਡ ਦੇ।

ਲੜਕੇ ਦੇ ਪਿਤਾ ਨੇ ਮਾਸਟਰ ਜੀ ਤੋਂ ਪੁੱਛਿਆ ਕਿ ਤੁਸਾਂ ਇਹ ਗੱਲ ਇਸਤੋਂ ਅੱਠ ਦਿਨ ਪਹਿਲਾਂ ਕਿਉਂ ਨਾਂ ਕਹੀ? ਮਾਸਟਰ ਨੇ ਉੱਤਰ ਦਿਤਾ ਕਿ ਉਸ ਵੇਲੇ ਮੈਂ ਆਪ ਗੁੜ ਖਾਂਦਾ ਸੀ, ਜਦ ਤੱਕ ਮੈਂ ਆਪ ਨਾ ਛੱਡ ਲੈਂਦਾ ਲੜਕੇ ਤੇ ਮੇਰੀ ਸਿੱਖਜਾ ਦਾ ਕੀ ਅਸਰ ਹੋਣਾ ਸੀ?

ਲੋਕਾਂ ਨੂੰ ਕਿਸੇ ਗੱਲ ਦੇ ਸਮਝਾਣ ਵਿੱਚ ਦ੍ਰਿਸ਼ਟਾਂਤ ਬੜਾ ਸਹਾਈ ਹੁੰਦਾ ਹੈ, ਪ੍ਰੰਤੂ ਜੇ ਓਸੇ ਗੱਲ ਦਾ ਅਮਲੀ ਸਬੂਤ ਲੋਕਾਂ ਦੇ ਸਾਹਮਣੇ ਪੇਸ਼ ਕਰ ਦਿੱਤਾ ਜਾਏ ਤਦ ਉਸ ਦਾ ਵੇਖਣ ਵਾਲਿਆਂ ਦੇ ਦਿਲਾਂ ਤੇ ਇਕ ਤਰਾਂ ਦਾ ਅਮਿਟ-ਅਸਰ ਪੈਂਦਾ ਹੈ ਜੋ ਉਹਨਾਂ ਤੇ ਅਸਰ ਕੀਤੇ ਤੋਂ ਬਿਨਾਂ ਨਹੀਂ ਰੈਹ ਸੱਕਦਾ।

ਪੰਥ ਦੇ ਸਾਰੇ ਲੇਖਕ, ਉਪਦੇਸ਼ਕ ਤੇ ਦਾਨੇ ਇਕ ਆਵਾਜ਼ ਹੋਕੇ, ਕੈਹ ਰਹੇ ਹਨ ਕਿ ਸਾਡੀ ਤ੍ਰੱਕੀ ਦੇ ਰਸਤੇ ਬੰਦ ਹੋ ਗਏ ਹਨ ਤੇ ਪੰਥ ਦਾ ਹਰ ਇਕ ਸ਼ੁਭਚਿੰਤਕ ਇਸ ਗੱਲ ਨੂੰ ਬੜੀ ਸਖਤੀ ਨਾਲ ਅਨੁਭਵ ਕਰ ਰਿਹਾ ਹੈ। ਪ੍ਰੰਤੂ ਸੋਚਣ ਵਾਲੀ ਗਲ ਇਹ ਹੈ ਕਿ ਹਰ ਪਾਸਿਓ ਇਸ ਤਰ੍ਹਾਂ ਦੀ ਪੁਕਾਰ ਹੋਦਿਆਂ ਤੇ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਰੁਪਯਾ ਖਰਚ ਕਰਦਜਾਂ ਵੀ ਕੀ ਕਾਰਨ ਹੈ ਕਿ ਅਸੀਂ ਅਗੇ ਵਧਣ ਦੀ ਜਗਾ ਪਿਛੇ ਵਲ ਜਾ ਰਹੇ ਹਾਂ? ਇਸ ਪ੍ਰਸ਼ਨ ਦੇ ਉੱਤਰ ਲਈ ਜਦ ਸਿੱਖ ਇਤਹਾਸ ਨੂੰ ਗਹੁ ਨਾਲ ਦੇਖਿਆ ਜਾਂਦਾ ਹੈ ਤਦ ਉਸ ਵਿਚੋਂ ਪਤਾ ਲਗਦਾ ਹੈ ਕਿ ਇਸਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਾਡੇ ਵਿਚ ਗੁਰੂ ਜੀ

 www.sikhbookclub.com

ਦੇ ਹੁਕਮਾਂ ਦੇ ਉਲਟ ਕਰਨੀ ਨਾਲੋਂ ਕੈਹਨੀ ਦਿਨ ਬਦਿਨ ਪ੍ਰਧਾਨ ਹੋ ਰਹੀ ਹੈ। ਸਾਡਾ ਯਤਨ ਅਜ ਹਿਸੇ ਹੋਏ ਦੀਵੇ ਤੇ ਬੁਝੇ ਹੋਏ ਲੰਪਾਂ ਨਾਲ ਸੰਸਾਰ ਵਿਚ ਰੋਸ਼ਨੀ ਫੈਲਾਣ ਦਾ ਹੈ ਜੋ ਕਿ ਤਿੰਨੇ ਕਾਲ ਨਾ ਹੋਣ ਵਾਲੀ ਗਲ ਹੈ ਤੇ ਗੁਰੂ ਜੀ ਦੇ ਹੁਕਮ ਦੇ ਵਿਰੁੱਧ ਹੋਣ ਕਰਕੇ ਉਸਦਾ ਨਤੀਜਾ ਉਹ ਹੀ ਹੋਣਾ ਚਾਹੀਦਾ ਹੈ ਜੋ ਹੋ ਰਿਹਾ ਹੈ।

ਜੰਗੋ ਜਦਲ ਦੇ ਸਮੇਂ ਤੇ ਫਰਖ ਸੀਅਰੀ ਭਾਜੜਾਂ ਦੇ ਵੇਲੇ ਜਦਕਿ ਸਿੱਖਾਂ ਨੂੰ ਉਹਨਾਂ ਦੇ ਸਿਰਾਂ ਦੇ ਮੁਲ 80) 80) ਪੈ ਜਾਣ ਤੋਂ ਪਹਾੜਾਂ ਦੀਆਂ ਕੁੰਦਰਾਂ ਤੇ ਗ਼ਾਰਾਂ ਵਿਚ ਲੁਕਣ ਨੂੰ ਥਾਂ ਨਹੀਂ ਮਿਲਦੀ ਸੀ, ਹਿੰਦੂ ਤੇ ਮੁਸਲਮਾਨ ਫੜਾ ਫੜਾ ਕੇ ਥਕ ਜਾਂਦੇ ਸਨ, ਜ਼ਾਲਮ ਸਮਝਦੇ ਸੀ ਕਿ ਬਸ ਹੁਣ ਖਾਲਸਾ ਖਤਮ! ਪ੍ਰੰਤੂ ਥੋੜੇ ਦਿਨ ਨਹੀਂ ਗੁਜ਼ਰਦੇ ਸਨ ਕਿ ਫਿਰ ਖਾਲਸਾ ਅਗੇ ਨਾਲੋਂ ਦੂਣਾ ਚੌਣਾ ਹੋ ਉਹਨਾਂ ਦੇ ਸਾਹਮਣੇ ਆ ਖੜਾ ਹੁੰਦਾ ਸੀ। ਵਿਚਾਰਨ ਤੋਂ ਇਸ ਦਾ ਕਾਰਨ ਇਹ ਮਲੂਮ ਹੁੰਦਾ ਹੈ ਕਿ ਪਿਛਲੇ ਸਿੱਖ ਆਪਣੇ ਮਨ ਨੂੰ ਰੀਝਾਉਂਦੇ ਸਨ, ਉਹਨਾਂ ਦੇ ਹਿਰਦੇ ਵਿਚ ਅੱਠੇ ਪੈਹਰ ਚਲਣ ਵਾਲਾ ਨਾਮ ਦਾ ਪ੍ਰਵਾਹ, ਉਹਨਾਂ ਦੇ ਕਦਮਾਂ ਦੀ ਸਚਾਈ ਦੀ ਚਟਾਨ ਤੇ ਅਹਿਲ ਤੇ ਅਚੱਲ ਇਸਥਤੀ, ਉਹਨਾਂ ਦੇ ਸਿੱਖ ਦਿਮਾਗ ਦੀਆਂ ਸੰਸਾਰ ਦੇ ਭਲੇ ਦੀਆਂ ਸ਼ੁਭ ਵਿਚਾਰਾਂ, ਉਨ੍ਹਾਂ ਦੇ ਸਿੱਖ ਦਿਲ ਦੇ ਸੰਸਾਰ ਦੀ ਬੇਹਤਰੀ ਦੀਆਂ ਭਾਵਨਾਂ ਤੇ ਉਨ੍ਹਾਂ ਦੇ ਸਿੱਖ ਸ੍ਰੀਰ ਵਿਚੋਂ ਸੰਸਾਰ ਦੇ ਭਲੇ ਦੇ ਹੋਣ ਵਾਲੇ ਕਾਰਨਾਮੇ ਬੇ ਮਲੂਮੇ ਹੀ ਲੋਕਾਂ ਦੇ ਦਿਲਾਂ ਵਿਚ ਖਿਚ ਤੇ ਧੂਹ ਪਾ ਬਦੋਬਦੀ ਸਿੱਖੀ ਵਲ ਖਿਚ ਲਿਆਉਂਦੇ ਸਨ, ਜਿਕਣ ਬਰਫ਼ ਪਾਸ ਜਾਣ ਤੋਂ ਬਰਫ਼ ਦੀ ਠੰਡਕ ਤੇ ਅਗਨੀ ਕੋਲ ਜਾਣ ਤੋਂ ਉਸਦੀ ਤਪਸ਼ ਦੂਰੋਂ ਹੀ ਆਪਣਾ ਅਸਰ ਵਿਖਾਦੀ ਹੈ, ਇਸੇ ਤਰ੍ਹਾਂ ਉਹਨਾਂ ਦੇ ਅੰਦਰ ਦੇ ਸਿੱਖੀ ਦੇ ਸਦ ਗੁਣਾਂ ਦੀ ਸੁਗੰਧੀ ਪਾਸ ਆਉਣ ਵਾਲਿਆਂ ਦੇ ਦਿਲ ਤੇ ਦਿਮਾਗ ਤੇ ਇੱਕ ਖਾਸ ਤਰਾਂ ਦਾ ਅਸਰ ਕਰਦੀ ਤੇ ਉਹਨਾਂ ਦੇ ਸਿੱਖੀ ਵਿਚ ਰੱਤੇ ਅਮਲੀ ਜੀਵਨ ਆਪਨੇ ਜਿਹੇ ਅਨੇਕਾਂ ਸਿੱਖ ਤਯਾਰ ਕਰਨ ਵਿੱਚ ਉਹ ਕੰਮ ਕਰਦੇ ਸੀ, ਜੋ ਹਜਾਰਾਂ ਲੈਕਚਰਾਂ ਤੇ ਲੱਖਾਂ ਕਥਨੀਆਂ ਨਾਲ ਨਹੀਂ ਹੋ ਸਕਦਾ।

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਬੜੇ ਸਪਸ਼ਟ ਸ਼ਬਦਾਂ ਵਿਚ ਇਸ ਗੱਲ ਤੇ ਰੋਸ਼ਨੀ ਪਾਈ ਹੈ, ਤੇ ਹੁਕਮ ਦਿੱਤਾ ਹੈ।


www.sikhbookclub.com

**"ਪ੍ਰਥਮੇ ਮਨੁ ਪਰਬੋਧੈ ਆਪਨਾ ਪਾਛੈ ਅਵਰ ਰੀਝਾਵੈ।"**
(੩੮੧)

ਪਰ ਅਜ ਇਸਦੇ ਅਵਰ ਰੀਝਾਵੇ ਦਾ ਬੋਲ ਬਾਲਾ ਹੈ, ਅਪਣੇ ਮਨ ਨੂੰ ਪ੍ਰਬੋਧਨ ਵੱਲੋਂ ਉੱਕਾ ਹੀ ਅੱਖਾਂ ਮੀਟਣ ਦਾ ਯਤਨ ਹੈ ਗੁਰੂ ਜੀ ਫੁਰਮਾਂਦੇ ਹਨ ਕਿ:-

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥**
(ਪੰਨਾ-੩੦੬)

ਸੋ ਖਾਲਸਾ ਜੀ ਅਸੀਂ ਗੁਰੂ ਜੀ ਦੇ ਹੁਕਮਾਂ ਦੇ ਵਿਰੁੱਧ ਚਲਕੇ ਉੱਨਤੀ ਢੂੰਢ ਰਹੇ ਹਾਂ, ਸੋ ਜੇ ਪੰਥ ਉੱਨਤੀ ਚਾਹੁੰਦੇ ਹੋ ਤਾਂ ਕਰਨੀ ਵਾਲੇ ਪਾਸੇ ਵਧੀਕ ਤਵੱਜੋ ਦੀ ਲੋੜ ਹੈ। ਹਰ ਸਿੱਖ ਦੇ ਅੰਦਰ ਵਾਹਿਗੁਰੂ ਦੇ ਪ੍ਰੇਮ, ਗੁਰਬਾਣੀ ਦੀ ਮੁਹੱਬਤ ਤੇ ਸਿੱਖੀ ਸਿਦਕ ਦੀਆਂ ਲੈਹਰਾਂ ਉਛਾਲੇ ਖਾਂਦੀਆਂ ਰੈਹਣੀਆਂ ਚਾਹੀਦੀਆਂ ਹਨ। ਇਸੇ ਵਿਚ ਸਾਡੀ ਉੱਨਤੀ ਤੇ ਇਸੇ ਵਿੱਚ ਸਾਡੀ ਕਲਜਾਨ ਹੈ।

(ਪਹਿਲੀ ਵਾਰ ਖਾ. ਸ. ੭ ਅਗਸਤ, ੧੯੧੯ ਅਤੇ
ਦੂਜੀ ਵਾਰ ਖ. ਸ. ੧੫ ਨਵੰਬਰ, ੨੦੦੭)

 www.sikhbookclub.com

## 24. ਏਕਤਾ।

**ਸੂਰਜ** ਨਿਯਮਾਂ ਵਿਚ ਹੈ, ਚੰਦ੍ਰਮਾਂ ਕਾਨੂੰਨ ਅੰਦਰ ਫਿਰਦਾ ਹੈ, ਸਤਾਰੇ ਕਾਇਦੇ ਦੇ ਅਧੀਨ ਟੁਰਦੇ ਹਨ, ਪੌਣ ਤੇ ਪਾਣੀ ਖਾਸ ਤਰਕੀਬ ਨਾਲ ਮਿਲੇ ਸੁਖਦਾਈ ਸੂਰਤ ਧਾਰਨ ਕਰ ਰਹੇ ਹਨ ਤੇ ਸਾਡੇ ਸਰੀਰ ਦੇ ਨਿੱਕੇ ਤੋਂ ਨਿੱਕੇ ਪ੍ਰਮਾਣੂ ਤੋਂ ਲੈਕੇ ਵੱਡੇ ਤੋਂ ਵੱਡੇ ਹਿੱਸੇ ਤੱਕ ਇਕ ਖਾਸ ਇੰਤਜ਼ਾਮ ਵਿਚ ਬੱਧੇ ਉਸਦੇ ਅਧੀਨ ਇਕ ਹੋ ਆਪਣੇ ਫਰਜ਼ਾਂ ਨੂੰ ਪੂਰਾ ਕਰ ਰਹੇ ਹਨ, ਜੇ ਕਦੇ ਅਕਾਸ਼ ਦੇ ਇਹ ਚੰਦ੍ਰਮਾਂ, ਸੂਰਜ, ਗ੍ਰੈਹ, ਉਪਗ੍ਰੈਹ ਇੰਤਜ਼ਾਮ ਵਿੱਚੋਂ ਬਾਹਰ ਹੋ ਜਾਣ, ਤੇ ਆਪਸ ਵਿਚ ਦੀ ਖਿੱਚ ਨੂੰ ਛਡ ਦੇਣ ਤਦ ਇਸ ਧਰਤੀ ਤੇ ਕਿਆਮਤ ਆ ਜਾਏ, ਜੇ ਆਦਮੀ ਦੇ ਸਰੀਰ ਦੇ ਅਵੈਵ ਇਸ ਇੰਤਜ਼ਾਮ ਨੂੰ ਤੋੜ ਏਕਤਾ ਛੱਡ ਦੇਣ ਤਦ ਇਸ ਪ੍ਰਿਥਵੀ ਦੇ ਭੂਸ਼ਨ ਤੇ ਜੀਵਹਾਰੀਆਂ ਦੇ ਸਿਕਦਾਰ, ਮਨੁਖ ਦਾ ਪ੍ਰਿਥਵੀ ਦੇ ਤਖ਼ਤੇ ਤੇ ਨਾਮੋ ਨਿਸ਼ਾਨ ਤਕ ਨਾ ਮਿਲੇ।

ਜੇ ਅਕਾਸ਼ ਦੇ ਸਾਰੇ ਨਿਛੱਤਰਾਂ ਨੂੰ, ਜੇ ਇਸ ਪ੍ਰਿਥਵੀ ਦੀ ਹਰ ਇਕ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਜ ਵੱਡੀ ਚੀਜ਼ ਨੂੰ ਇਕ ਖਾਸ ਪ੍ਰਬੰਧ ਹੇਠ ਏਕਤਾ ਦੇ ਧਾਗੇ ਵਿਚ ਇਕ ਹੋ ਕੇ ਕੰਮ ਕਰਨ ਦੀ ਲੋੜ ਹੈ ਤੇ ਇਸ ਤੋਂ ਬਿਨਾਂ ਉਹ ਕੋਈ ਕੰਮ ਨਹੀਂ ਕਰ ਸਕਦੇ, ਕੰਮ ਕਰਨਾ ਤਾਂ ਕਿਤੇ ਰਿਹਾ ਆਪਣੇ ਆਪ ਨੂੰ ਵੀ ਕਾਇਮ ਨਹੀਂ ਰੱਖ ਸਕਦੇ, ਤਦ ਕੀ ਇਕ ਸੰਪ੍ਰਦਾਏ ਨੂੰ, ਇਕ ਪੰਥ ਨੂੰ, ਇਕ ਜਾਤੀ ਨੂੰ, ਤੇ ਇਕ ਕੌਮ ਨੂੰ ਆਪਣੀ ਹੋਂਦ ਤੇ ਆਪਣੀ ਸ਼ਾਨ ਕਾਇਮ ਰੱਖਣ ਲਈ ਤੇ ਸੰਸਾਰ ਵਿਚ ਵਧਣ ਤੇ ਫੂਲਣ ਲਈ ਖਾਸ ਨਿਯਮ-ਬਧ ਹੋ ਆਪਸ ਵਿਚ ਇਕ ਹੋਕੇ ਰੈਹਣ ਦੀ ਜ਼ਰੂਰਤ ਨਹੀਂ?

ਬਾਬਲ ਤੇ ਨੈਨਵਾ ਦੇ ਖੰਡਰ, ਮਿਸਰ ਦੇ ਮੀਨਾਰ, ਤੇ ਰੋਮਾ ਦੀ ਉੱਜੜੀ ਹੋਈ ਸਲਤਨਤ ਦੇ ਇਤਹਾਸ ਦੇ ਪੰਨਿਆਂ ਤੇ ਅੰਕਤ ਸਮਾਚਾਰ ਇਸ ਪ੍ਰਸ਼ਨ

 www.sikhbookclub.com

ਦੇ ਉਤਰ ਵਿਚ ਇਕ ਜ਼ਬਾਨ ਹੋ ਇਸ ਜ਼ਰੂਰਤ ਦੀ ਦੁਹਾਈ ਦੇਂਦੇ ਦਸ ਰਹੇ ਹਨ ਕਿ ਇਕ ਖਾਸ ਪ੍ਰਬੰਧ ਵਿੱਚ ਇੱਕ ਰਹਿਣਾ ਜ਼ਿੰਦਗੀ ਤੇ ਇਸ ਦੇ ਉਲਟ ਮੌਤ ਹੈ, ਇਕ ਰਹਿਣਾ ਤਰੱਕੀ, ਤੇ ਅੱਡ ਹੋਣਾ ਗਿਰਾਓ ਹੈ। ਦੂਰ ਜਾਣ ਦੀ ਲੋੜ ਨਹੀਂ, ਆਪਣੇ ਤੇ ਕੇਵਲ ਪਿਛਲੇ ਦੋ ਸੌ ਸਾਲ ਦੇ ਆਪਣੇ ਇਤਿਹਾਸ ਵੱਲ ਨਿਗਾਹ ਮਾਰੋ। ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਵਿਚ ਜਦ ਤੱਕ ਅਸੀਂ ਇਕ ਵਾਹਿਗੁਰੂ ਜੀ ਦੇ ਪੁਜਾਰੀ, ਇਕ ਗੁਰੂ ਦੇ ਪੈਰੋਕਾਰ, ਇਕ ਮਾਤਾ ਪਿਤਾ ਦੇ ਜਾਏ, ਇਕ ਜਗ੍ਹਾ ਦਾ ਆਪਣਾ ਜਨਮ, ਇਕ ਥਾਂ ਦੇ ਵਸਨੀਕ ਤੇ ਇਕ ਖਾਲਸੇ ਨੂੰ ਇਕ ਸਮਝਦੇ ਤੇ ਇਕ ਬਣੇ ਰਹੇ, ਇਕ ਖਾਲਸਾ ਹਿੰਮਤ ਵਿਚ ਸਵਾ ਲੱਖ ਤੇ ਸਵਾ ਲੱਖ ਖਾਲਸਾ ਏਕਤਾ ਕਰਕੇ ਇਕ ਹੋਯਾ ਰਿਹਾ ਤਦ ਤਕ ਖਾਲਸੇ ਦੀ ਏਕਤਾ, ਖਾਲਸੇ ਦੀ ਮੈਤਰੀ, ਖਾਲਸੇ ਦੀ ਸਹੋਦਰਤਾ, ਖਾਲਸੇ ਦੇ ਪ੍ਰੇਮ, ਖਾਲਸੇ ਦਾ ਬਾਹੂ ਬਲ, ਖਾਲਸੇ ਦੀ ਨਿੰਮ੍ਰਤਾ ਨੇ ਖਾਲਸੇ ਦੀ ਕੀਰਤੀ ਦਾ ਚਾਰੇ ਚੱਕਾਂ ਵਿੱਚ ਡੰਕਾ ਵਜਾ ਦਿੱਤਾ। ਖਾਲਸਾ ਪ੍ਰਿਥਵੀ ਦੇ ਉਤੇ ਸੂਰਜ ਵਾਂਗ ਚਮਕਿਆ, ਗੁਮ੍ਰਾਹਾਂ ਲਈ ਰੋਸ਼ਨ ਮੁਨਾਰਾ ਹੋਕੇ ਰਿਹਾ। ਜ਼ਖਮੀਆਂ ਲਈ ਮਰਹਮ ਬਣਿਆ, ਨੰਗਿਆਂ ਲਈ ਕੱਪੜਾ ਹੋਯਾ, ਭੁਖਜਾਂ ਲਈ ਰੋਟੀ ਤੇ ਨਿਥਾਵਿਆਂ ਦੀ ਥਾਉਂ ਬਨਯਾ, ਬੇਯਾਰਾਂ ਦਾ ਬੇਲੀ ਹੋਇਆ, ਤੇ ਉੱਨਤੀ ਦੀ ਸੜਕ ਵਿਚ ਖਾਲਸਾ ਸਭ ਤੋਂ ਅੱਗੇ, ਸੰਸਾਰ ਵਿਚ ਖਾਲਸਾ ਸਭ ਤੇ ਉੱਚਾ, ਖਾਲਸੇ ਦੀ ਤਾਰੀਫ਼ ਦੀਆਂ ਦਾਸਤਾਨਾਂ ਖਲਕਤ ਦੀ ਜ਼ਬਾਨ ਤੇ ਸਨ, ਬੁਲ ਬੁਲ ਬਾਗ ਵਿਚ ਖਾਲਸੇ ਦੇ ਗੁਣ ਗਾਉਂਦੀ ਤੇ ਕੁਮਰੀ ਕੂਕ ਕੂਕ ਕੇ ਖਾਲਸੇ ਦੀ ਪ੍ਰਸੰਸਾ ਦੇ ਗੀਤ ਸੁਣਾਂਦੀ ਸੀ, ਫੁਲ ਖਾਲਸੇ ਦੇ ਦਰਸ਼ਨਾਂ ਲਈ ਖਿੜਦੇ, ਸਰਵ ਖਾਲਸੇ ਦੀ ਖੁਸ਼ੀ ਵਿਚ ਝੂੰਮਦੇ, ਸੰਸਾਰ ਵਿਚ ਇਕ ਖਾਲਸਾ ਹੀ ਖਾਲਸਾ ਤੇ ਹਾਂ ਸਿਰਫ਼ ਖਾਲਸਾ ਹੀ ਖਾਲਸਾ ਸੀ।

ਖਾਲਸੇ ਨੂੰ ਕਿਸੇ ਨਾਲ ਦਵੈਖ ਨਹੀਂ ਸੀ, ਖਾਲਸੇ ਦੇ ਦਿਲਾਂ ਵਿਚ ਘ੍ਰਿਣਾਂ ਨਹੀਂ ਸੀ, ਤਬੀਅਤਾਂ ਵਿਚ ਵਸ ਵਸੇ (ਲਾਲਚ, ਭੈੜੇ ਖਿਆਲ ਯਾ ਸੰਸਾ) ਨਹੀਂ ਸੀ, ਹਿਰਦੇ ਵਿਚ ਈਰਖਾ ਨਹੀਂ ਸੀ, ਦਿਲਾਂ ਵਿਚ ਕੁਦੂਰਤਾਂ ਨਹੀਂ ਸਨ, ਬ੍ਰਿਤੀ ਵਿਚ ਖਿੰਡਾਓ ਨਹੀਂ ਸੀ, ਅੱਖਾਂ ਦੇ ਸਾਹਮਣੇ ਇਕ, ਦਿਲ ਦੇ ਸਿੰਘਾਨ ਤੇ ਇਕ, ਜ਼ੁਬਾਨ ਤੇ ਇਕ, ਤੇ ਹਾਂ ਸਾਰੇ ਬ੍ਰਾਹਮੰਡ ਵਿਚ ਇਕ ਹੀ ਵੇਖਦੇ, ਤੇ ਇਕ ਹੀ ਹੋਕੇ ਵਿਚਰਦੇ ਸੀ, ਜਿਸ ਤੋਂ ਇਨਾਂ

 www.sikhbookclub.com

ਵਲ ਕੋਈ ਨਜ਼ਰ ਉਠਾਕੇ ਨਾ ਵੇਖ ਸਕਯਾ। ਕੌਮੀ ਸਵਾਲ ਤੇ ਇਕ ਹੋ ਜਾਨ, ਪੰਥਕ ਸਦ ਤੇ ਇਕ ਥਾਂ ਇਕੱਠੇ ਹੋ ਪੈਣ, ਤੇ ਖਾਲਸੇ ਦੇ ਹਰ ਅੰਗ ਦੀ ਪੀੜ ਨੂੰ ਆਪਣੀ ਪੀੜ ਸਮਝ ਲੈਣ ਦੇ ਗੁਣ ਦੇ ਕਾਰਨ ਖਾਲਸਾ ਹਰ ਮੁਸ਼ਕਲ ਤੋਂ ਕਾਮਯਾਬ ਨਿਕਲਯਾ, ਖਾਲਸੇ ਦੇ ਅੱਗੇ ਜੋ ਅੜਿਆ ਸੋ ਝੜਿਆ ਤੇ ਹਰ ਮੈਦਾਨ ਵਿਚ ਖਾਲਸੇ ਦੀ ਫਤਹ ਰਹੀ।

ਹਾਇ! ਅਫਸੋਸ ਪੰਥ ਦੇ ਵਿਚ ਅੱਜ ਉਹ ਗੁਣ ਨਹੀਂ ਦੀਹਦੇ, ਉਹ ਏਕਤਾ ਨਹੀਂ, ਸਿੱਖਾਂ ਵਿਚ ਉਹ ਪਿਆਰ ਨਹੀਂ, ਉਹ ਮੈਤਰੀ ਨਹੀਂ, ਇਕ ਇਸ਼ਟ ਨਹੀਂ, ਇਕ ਰੀਤੀ ਨਹੀਂ, ਇਕ ਰਾਹ ਨਹੀਂ, ਇਕ ਰਸਮ ਨਹੀਂ, ਜਿੱਧਰ ਦੇਖੋ ਦਵੈਤ, ਤੇ ਦਵੈਖ ਪ੍ਰਧਾਨ ਹੈ। ਪੂਰਬੀਆਂ ਦੇ 10 ਬੰਦੇ ਤੇ 11 ਚੁਲੇ ਲੋਕੀ ਕੈਂਹਦੇ ਹਨ, ਪ੍ਰੰਤੂ ਖਾਲਸਾ ਫੁੱਟ ਵਾਂਗ ਆਪਸ ਵਿਚ ਫੁੱਟਕੇ ਇੰਨੇ ਟੁਕੜੇ ਹੋ ਚੁਕਾ ਹੈ ਕਿ ਫੁਟ ਦੇ ਹੱਥੋਂ ਹੋ ਚੁਕੀ ਪੰਥ ਦੀ ਦਸ਼ਾ ਵੇਖਕੇ:-

**ਮੈਂ ਤੁਮ ਸੇ ਕਿਆ ਕਹੂੰ ਉਸ ਵਕਤ ਦਿਲ ਪਰ ਜੋ ਗੁਜ਼ਰਤੀ ਹੈ। ਤਸੱਵਰ ਦਿਲ ਮੇਂ ਆਤਾ ਹੈ ਤੋ ਆਂਖ ਆਂਸੂ ਸੇ ਭਰਤੀ ਹੈ। ਤਬੀਅਤ ਬਾਤ ਕਰਨੇ ਕੋ ਭੀ ਮੁਸ਼ਕਲ ਸੇ ਠੈਹਰਤੀ ਹੈ। ਖ਼ਲਸ਼ ਸੀਨੇ ਮੇਂ ਐਸੀ ਹੈ ਕਿ ਯੇਹ ਬੇਚੈਨ ਕਰਤੀ ਹੈ।**

ਖਾਲਸਾ ਜੀ ਜੇ ਤੁਸੀਂ ਉਨਤ ਹੋਣਾ ਚਾਹੁੰਦੇ ਹੋ, ਜੇ ਸੰਸਾਰਕ ਦੌੜ ਭਜ ਵਿਚ ਕਾਮਯਾਬ ਹੋਣਾ ਚਾਹੁੰਦੇ ਹੋ, ਤਦ ਉਹ ਹੀ ਪੁਰਾਤਨ ਸਿੱਖਾਂ ਵਾਲੀ ਏਕਤਾ ਆਪਣੇ ਦਿਲਾਂ ਵਿਚ ਵਸਾਓ, ਜੇ ਤੁਸੀਂ ਚਾਹੁੰਦੇ ਹੋ ਕਿ ਦੁਨੀਆਂ ਦੀਆਂ ਕੌਮਾਂ ਵਿਚ ਤੁਹਾਡੀ ਉਹ ਪੈਹਲੀ ਇਜ਼ਤ ਤੇ ਆਬਰੂ ਹੋ ਜਾਏ, ਤੇ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਆਵਾਜ਼ ਸੁਣੀ ਜਾਏ, ਤਦ "ਇਕ ਵਾਹਿਗੁਰੂ ਜੀ ਕਾ ਖਾਲਸਾ" ਇਕ ਗੁਰ ਦੇ ਪੈਰੋਕਾਰ, ਤੇ ਇਕ ਖਾਲਸਾ ਹੋ ਜਾਓ, ਫਿਰ ਵੇਖੋ ਦੁਨੀਆਂ ਦੀਆਂ ਚੀਜ਼ਾਂ ਕੀਕੁਣ ਤੁਹਾਡੇ ਕਦਮ ਚੁਮਦੀਆਂ, ਤੁਹਾਡੀ ਕਥਨੀ ਵਿਚ ਕੀਕੁਣ ਅਸਰ ਹੋਂਦਾ, ਤੇ ਤੁਹਾਡਾ ਪੰਥਕ ਜੀਉਣ ਕਿਕੁਣ ਜੋਬਨ ਤੇ ਆਉਂਦਾ ਹੈ।

(ਪਹਿਲੀ ਵਾਰ ਖਾ. ਸ. ੪ ਸਤੰਬਰ, ੧੯੧੯ ਅਤੇ
ਦੂਜੀ ਵਾਰ ਖਾ. ਸ. ੧੧ ਅਕਤੂਬਰ, ੨੦੦੭)

 www.sikhbookclub.com

## 25. ਵਿਰਸਾ ਤੇ ਵਿਕਾਸ।

**ਯੂਰਪ** ਇਕ ਤ੍ਰੱਕੀ ਦੀ ਧੁੰਨ ਲੈਕੇ ਉੱਠਿਆ ਤੇ ਟੁਰਿਆ ਜਾ ਰਿਹਾ ਹੈ, ਉਸੇ ਦੇ ਮਗਰ ਅਮ੍ਰੀਕਾ ਲੱਗਾ ਤੇ ਉਸੇ ਦੇ ਕਦਮਾਂ ਤੇ ਜਪਾਨ ਟੁਰ ਪਿਆ। ਇਨ੍ਹਾਂ ਦੇਸਾਂ ਤੇ ਕੌਮਾਂ ਨੇ ਤ੍ਰੱਕੀ ਕੀਤੀ ਅਰ ਤ੍ਰੱਕੀ ਦੇ ਸਿਖਰ ਤੇ ਅਪੜੇ। ਹਿੰਦੁਸਤਾਨ ਵਿਚ ਬੀ ਤ੍ਰੱਕੀ ਦੀ ਅਵਾਜ਼ ਉੱਠੀ ਤੇ ਟੁਰ ਪਿਆ। ਵਿਚੇ ਖਾਲਸਾ ਜੀ ਵੀ ਵਧੋ ਵਧੋ ਸੁਣਕੇ, ਵਧੋ ਵਧੋ ਕੂਕ ਉਠੇ, ਤੇ ਅੱਖਾਂ ਮਲਦੇ ਮਲਦੇ ਟੁਰਨ ਲੱਗ ਪਏ ਹਨ। ਉਠ ਟੁਰਨ ਤੋਂ ਪਹਿਲਾਂ ਸੋਚਣਾਂ ਚਾਹੀਦਾ ਹੈ ਕਿ ਅਸੀਂ ਕਿਧਰ ਜਾਣਾ ਹੈ। ਹਾਂ ਟੁਰ ਪੈਣ ਤੋਂ ਪੈਹਲਾਂ ਜ਼ਰੂਰੀ ਪ੍ਰਸ਼ਨ ਇਹ ਹੁੰਦਾ ਹੈ ਕਿ ਕੀ ਸਾਨੂੰ ਵੀ ਉਠਕੇ ਵਾਹੋ ਦਾਹੀ ਅਗੇ ਵਧਣ ਲਈ ਦੌੜ ਸ਼ੁਰੂ ਕਰ ਦੇਣੀ ਚਾਹੀਦੀ ਹੈ? ਜੇ ਤਾਂ ਸਾਡੀ ਜ਼ਿੰਦਗੀ ਦਾ ਆਦਰਸ਼ ਉਹ ਹੀ ਹੈ, ਜੋ ਜਾਪਾਨ, ਇੰਗਲਸਤਾਨ, ਜਾਂ ਅਮ੍ਰੀਕਾ ਦਾ ਹੈ, ਜੇ ਤਾਂ ਸਾਡੇ ਜੀਉਣ ਦਾ ਮਨੋਰਥ ਉਹ ਹੀ ਹੈ, ਜੋ ਯੂਰਪ ਜਾਂ ਅਮਰੀਕਾ ਵਾਲਿਆਂ ਦਾ ਹੈ ਤੇ ਜੇ ਸਾਡੀਆਂ ਅੱਖਾਂ ਦੇ ਸਾਹਮਣੇ ਪੌਂਚ ਦਾ ਆਖਰੀ ਨੁਕਤਾ ਉਹ ਹੀ ਹੈ, ਜੋ ਸਾਰੇ ਮਾਦਾ ਪ੍ਰਸਤ ਲੋਕਾਂ ਦਾ ਹੈ, ਤਦ ਬੇਸ਼ਕ ਸਾਨੂੰ ਉਠ ਇਨ੍ਹਾਂ ਵਾਂਗ ਦੌੜ ਸ਼ੁਰੂ ਕਰ ਦੇਣੀ ਚਾਹੀਦੀ ਹੈ ਤੇ ਇਨ੍ਹਾਂ ਦੇ ਟਾਕਰੇ ਤੇ ਆਪਣੀ ਰਫਤਾਰ ਨੂੰ ਇੰਨਾ ਜ਼ਿਆਦਾ ਤੇਜ਼ ਕਰ ਦੇਣਾ ਚਾਹੀਦਾ ਹੈ ਕਿ ਜਿਨ੍ਹਾਂ ਇਹ ਸਾਥੋਂ ਅਗੇ ਲੰਘ ਚੁਕੇ ਹਨ ਉਹ ਫਾਸਲਾ ਤੈ ਕਰਕੇ ਅਸੀਂ ਇਨ੍ਹਾਂ ਨੂੰ ਪਿਛੇ ਸੁੱਟ ਜਾਈਏ, ਪ੍ਰੰਤੂ ਜੇ ਸਾਡੀ ਜ਼ਿੰਦਗੀ ਦਾ ਮਨੋਰਥ ਕੁਝ ਹੋਰ ਹੈ, ਅਸਾਂ ਸੰਸਾਰ ਵਿਚ ਕਿਸੇ ਹੋਰ ਗੱਲ ਲਈ ਜੀਉਂਣਾ, ਕਿਸੇ ਹੋਰ ਮਕਸਦ ਲਈ ਉਠਣਾ ਤੇ ਕਿਸੇ ਉੱਚ ਆਸ਼ੇ ਲਈ (ਜਿਸ ਲਈ ਯੂਰਪ ਤੇ ਅਮਰੀਕਾ ਆਪਣੇ ਆਦ੍ਰਸ਼ ਦੇ ਸਿਖਰ ਤੇ ਪੁੱਜਕੇ ਵੀ ਆਪਣੇ ਅੰਦਰ

ਕਮੀ ਵੇਖ ਬੇਕਰਾਰੀ ਜ਼ਾਹਰ ਕਰ ਰਹੇ ਹਨ) ਅਗੇ ਵਧਣਾ ਹੈ, ਹਾਂ ਹਾਂ ਜੇ ਅਸਾਂ ਸੰਸਾਰ ਵਿਚ 'ਵਾਹਿਗੁਰੂ ਜੀ ਕਾ ਖਾਲਸਾ' ਹੋਕੇ ਅਗੇ ਵਧਣਾ ਹੈ ਤਦ ਸਾਨੂੰ ਉਠਕੇ ਅਗੇ ਵਧਣ ਦੀ ਜਗ੍ਹਾ ਪਹਿਲਾਂ ਰਤਾ ਕੁ ਪਿਛੇ ਵਲ ਚਲਣਾ ਚਾਹੀਦਾ ਹੈ ਤੇ ਆਪਣੇ ਵਡੇ ਵਡੇਰਿਆਂ ਦੇ ਕਦਮਾਂ ਤੇ ਖੜਾ ਹੋਕੇ ਫਿਰ ਅਗੇ ਵਧਣਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੇ ਆਸ਼ੇ ਤੋਂ ਦੂਰ ਨਾਂ ਟੁਰ ਜਾਈਏ ਤੇ ਆਪਣੇ ਆਈਡੀਅਲ (ਆਦ੍ਰਸ਼) ਵਲੋਂ ਉਕਾਈ ਖਾ ਕੀਤੀ ਦੌੜ ਭੱਜ ਤੇ ਪਤਾ ਲੱਗਣ ਤੇ ਸ਼ੋਕ ਨਾ ਕਰਨਾ ਪਏ ਤੇ ਬਹੁ ਮੁਲੇ ਸਮੇਂ ਦੇ ਗਵਾਣ ਤੇ ਅਫਸੋਸ ਦੇ ਆਂਸੂ ਨਾ ਵਗਾਣੇ ਪੈਣ।

ਸਾਡੇ ਮੋਢਿਆਂ ਤੇ ਇਕ ਖਾਸ ਤਰ੍ਹਾਂ ਦਾ ਬੋਝ ਰੱਖਯਾ ਗਿਆ ਹੈ, ਸਾਡੇ ਜ਼ੁਮੇਂ ਇਕ ਖਾਸ ਤਰ੍ਹਾਂ ਦਾ ਕੰਮ ਲਾਯਾ ਗਿਆ ਹੈ, ਤੇ ਅਸਾਂ ਸੰਸਾਰ ਦੀ ਇਕ ਖਾਸ ਤਰ੍ਹਾਂ ਦੀ ਸੇਵਾ ਕਰਨੀ ਹੈ, ਇਹ ਗੱਲ ਠੀਕ ਹੈ ਕਿ ਸਾਨੂੰ ਤਜਾਰਗੀ ਨਹੀਂ ਬਨਾਇਆ ਗਿਆ, ਇਹ ਸੱਚ ਹੈ ਕਿ ਸੰਸਾਰ ਵਿਚ ਕਾਰੀ ਵਿਹਾਰੀ ਹੋਣ ਦੀ ਸਾਡੇ ਲਈ ਸਖ਼ਤ ਤਾਕੀਦ ਹੈ, ਤੇ ਇਹ ਗੱਲ ਮੰਨਣੀ ਪੈਂਦੀ ਹੈ ਕਿ ਲੋਕਾਂ ਨੂੰ ਸਿੱਖੀ ਦੇ ਵਲ ਲਿਆਉਣ ਲਈ ਸਿੱਖਾਂ ਦੀ ਸੰਸਾਰਕ ਦਸ਼ਾ ਵੀ ਕਾਫ਼ੀ ਦਰਜਾ ਰਖਦੀ ਹੈ। ਪ੍ਰੰਤੂ ਅੱਗੇ ਵਧਣ ਦੀ ਆਵਾਜ਼ ਸੁਣ ਅੱਗੇ ਵਧਣ ਦੇ ਜੋਸ਼ ਵਿਚ ਜਿਸ ਖ਼ੂਬੀ ਲਈ ਅਸਾਂ ਅੱਗੇ ਵਧਣਾ ਹੈ ਉਸਨੂੰ ਭੁੱਲ ਜਾਣਾ ਮੁਖ ਚੀਜ਼ ਨੂੰ ਗਉਨ ਤੇ ਗਉਨ ਨੂੰ ਮੁਖ ਕਰ ਦੇਣ ਦੀ ਨਾ ਖਿਮਾਂ ਕੀਤੇ ਜਾਣ ਯੋਗ ਗਲਤੀ ਹੋਵੇਗੀ।

ਸ੍ਰੀ ਸਤਗੁਰਾਂ ਤੇ ਪੁਰਾਤਨ ਸਿੱਖਾਂ ਦੇ ਜੀਵਣ ਪੜ੍ਹੋ ਤੁਹਾਨੂੰ ਉਹਨਾਂ ਵਿਚ ਇਕ ਖਾਸ ਗਲ ਮਿਲੇਗੀ ਜੋ ਪੂਰੇ ਧਯਾਨ ਦੇਣ ਗੋਚਰੀ ਹੈ :-

(ੳ) ਰਾਤ ਦਾ ਸਮਾਂ ਹੈ, ਦਸਮ ਪਾਤਸ਼ਾਹ ਕੂਚ ਕਰਦੇ ਹਨ, ਅੰਮ੍ਰਿਤ ਵੇਲਾ ਹੋ ਜਾਂਦਾ ਹੈ, ਵੈਰੀ ਦੀ ਸੈਨਾਂ ਵਿੱਚ (ਕੱਟਣ ਵਾਲੇ ਦੰਦਾਂ ਦੇ ਵਿਚਕਾਰ ਜੀਭ ਵਾਂਗ) ਆਪਣੇ ਆਪ ਨੂੰ ਘਿਰਯਾ ਤੱਕਦੇ ਹਨ, ਫਿਰ ਵੀ 'ਥੰਮ ਜਾਓ' ਦਾ ਹੁਕਮ ਹੁੰਦਾ ਹੈ, ਦੀਵਾਨ ਸੱਜਦਾ ਹੈ, ਕੀਰਤਨ ਆਰੰਭ ਹੋ ਜਾਂਦਾ ਹੈ ਤੇ ਖਾਲਸੇ ਇਲਾਹੀ ਇਸ਼ਕ ਵਿਚ ਸਰਸ਼ਾਰ ਹੋ ਬਾਗਾਂ ਵਿਚ ਖੜੇ ਸਰੂਆਂ ਵਾਂਗ ਝੂੰਮਦੇ ਆਪੇ ਨੂੰ ਭੁਲ ਜਾਂਦੇ ਹਨ। ਵੈਰੀ ਦੇ ਚਾਰ ਚੁਫੇਰ ਹੁੰਦਿਆਂ ਵੀ ਉਸਨੂੰ ਭੁਲ ਆਪਣਾ ਨਿਤਜ ਕਰਮ (ਆਸਾ ਦੀ ਵਾਰ ਦਾ ਦੀਵਾਨ) ਤੋਂ ਵੇਹਲੇ ਹੋਏ ਬਿਨਾਂ ਅੱਗੇ ਕਦਮ ਨਹੀਂ ਉਠਾਂਦੇ।

(ਅ) ਭਾ. ਮਨਸੁਖ ਗ਼ੈਰ ਮੁਲਕ ਵਿਚ, ਗ਼ੈਰ ਮਜ਼੍ਹਬ ਵਾਲਜਾਂ ਵਿਚ, ਗ਼ੈਰ ਕੌਮ ਦੀ ਅਦਾਲਤ ਵਿਚ, ਬੇਯਾਰੋਂ ਮੱਦਦਗਾਰ ਖੜਾ ਹੈ, ਸਾਰੀ ਸੰਪਤ ਲੁਟਾਏ ਜਾਣ ਦਾ ਖ਼ੌਫ਼, ਤੇ ਜਾਨ ਦੇ ਲੈਣ ਦਾ ਡਰ ਹਰ ਘੜੀ ਵਿਖਾਯਾ ਜਾਂਦਾ ਹੈ, ਇਸ ਤਰਾਂ ਦਾ ਰੋਅਬ ਪਾਕੇ ਆਸ ਕੀਤੀ ਜਾਂਦੀ ਹੈ ਕਿ ਹੁਣ ਮਨਸੁਖ ਦੇ ਮੂੰਹ ਖੁੱਲਨ ਤੇ ਜੋ ਆਵਾਜ਼ ਨਿਕਲੇਗੀ ਉਹ ਸਾਡੇ (ਲੰਕਾ ਵਾਸੀਆਂ ਦੇ) ਮਤ ਦੇ ਗ੍ਰੈਹਣ ਕਰਨ ਦੀ ਹੋਵੇਗੀ।

ਭਾਈ ਮਨਸੁਖ ਦਾ ਮੂੰਹ ਖੁਲਦਾ ਹੈ, ਉਸਦੀ ਜ਼ਬਾਨ ਹਿਲਦੀ ਹੈ, ਤੇ ਉਹ ਸਿੱਖੀ ਦੇ ਗੂੜ੍ਹ ਤੱਤਾਂ ਦਾ ਹੱਲ ਇਸ ਖ਼ੂਬੀ ਨਾਲ ਕਰਦੀ ਹੈ ਕਿ ਉਥੋਂ ਦਾ ਰਾਜਾ, ਨਹੀਂ ਸਾਰਾ ਦਰਬਾਰ, ਨਹੀਂ ਨਹੀਂ ਸਾਰੇ ਤਮਾਸ਼ਾਈ, ਗੁਰੂ ਨਾਨਕ ਦੇ ਪ੍ਰੇਮ ਵਿਚ ਮਗਨ ਹੋ ਵਜਦ ਵਿਚ ਆ ਜਾਂਦੇ ਹਨ।

(ੲ) ਬਾਰਾਂ ਤੇਰਾਂ ਸਾਲ ਦਾ ਭੁਯੰਗੀ ਅਦਾਲਤ ਵਿੱਚ ਪੇਸ਼ ਹੈ, ਹਾਕਮ, ਦਰਬਾਰ, ਸਾਰੇ ਤਮਾਸ਼ਾਈ ਤੇ ਮਾਤਾ, ਤੱਕ ਕੈਹੰਦੇ ਹਨ ਕਿ ਸਿੱਖ ਹੋਣ ਤੋਂ ਇਨਕਾਰ ਤੇ ਹਿੰਦੂ ਹੋਣ ਦਾ ਇਕਰਾਰ ਕਰ ਜਾਨ ਬੱਚ ਸੱਕਦੀ ਹੈ, ਮਾਂ ਦੁਹਾਈ ਦੇ ਦੇ ਆਖਦੀ ਹੈ ਕਿ ਬੱਚਾ ਸਿੱਖ ਨਹੀਂ ਹੈ, ਪ੍ਰੰਤੂ ਉਹ ਸ਼ੇਰ ਬਾਲਕ ਸਿੱਖ ਹੋਣ ਤੋਂ ਇਨਕਾਰ ਕਰਨ ਨਾਲੋਂ ਮੌਤ ਨੂੰ ਤਰਜੀਹ ਦੇ ਹੱਸਦਾ ਹੱਸਦਾ ਮੌਤ ਦੇ ਮੂੰਹ ਵਿਚ ਚਲਯਾ ਜਾਂਦਾ ਹੈ।

(ਸ) ਦਰਬਾਰ ਲੱਗਾ ਹੈ, ਕੁਝ ਸਿੱਖ ਫੜੇ ਆਉਂਦੇ ਹਨ, ਹਾਕਮ ਉਹਨਾਂ ਦੇ ਕਤਲ ਦਾ ਹੁਕਮ ਦੇਂਦਾ ਹੈ। ਜੱਲਾਦ ਤਲਵਾਰ ਹਾਂ ਖ਼ੂਨ ਪਜਾਸੀ ਤਲਵਾਰ ਲਈ ਇਕ ਇਕ ਨੂੰ ਫੜ ਮੌਤ ਦੇ ਘਾਟ ਪਾਰ ਉਤਾਰਨ ਲਈ ਅਗੇ ਵਧਦਾ ਹੈ। ਹਰ ਪਕੜਿਆ ਸਿੱਖ ਆਪਣੇ ਨਾਲੋਂ ਦੂਜੇ ਦੀ ਹਸਤੀ ਨੂੰ ਵਧੀਕ ਗੌਰਵਤਾ ਵਾਲਾ ਸਮਝ ਪਹਿਲਾਂ ਆਪਣੇ ਪ੍ਰਾਣ ਦੇਣ ਲਈ ਜੱਲਾਦ ਨੂੰ ਕੈਂਹਦਾ ਹੈ, ਹਰ ਇਕ ਦੀ ਦੂਜੇ ਤੋਂ ਪਹਿਲਾਂ ਸ਼ਹਾਦਤ ਲੈਣ ਦੀ ਇਛਾ, ਹਰ ਇਕ ਦਾ ਦੂਜੇ ਦੇ ਸਿਰ ਦੇ ਧੜ ਤੋਂ ਅੱਡ ਹੋਣ ਨੂੰ ਵੇਖਣ ਤੋਂ ਪਹਿਲਾਂ ਆਪਣੇ ਸਿਰ ਨਾਲੋਂ ਧੜ ਅੱਡ ਕਰਾਣ ਦੇ ਖਿਆਲ ਤੋਂ ਜੱਲਾਦ ਲਈ ਕਿਸੇ ਇਕ ਸਿੱਖ ਦਾ ਫੜਕੇ ਮੌਤ ਦੇ ਘਾਟ ਉਤਾਰਨਾ ਮੁਸ਼ਕਲ ਹੋ ਜਾਂਦਾ ਹੈ ਤੇ ਦਰਬਾਰ ਸਿੱਖਾਂ ਦੇ ਇਸ ਏਕੇ ਨੂੰ ਵੇਖ ਚਕਰਤ ਹੋ ਜਾਂਦਾ ਹੈ।

ਇਹ ਵਾਕਿਆਤ ਦੱਸਦੇ ਹਨ ਕਿ ਸਿੱਖਾਂ ਦੇ ਅੰਦਰ ਵਾਹਿਗੁਰੂ ਦਾ ਅਤੁਟ ਪਿਆਰ, ਸਿੱਖਾਂ ਦੇ ਅੰਦਰ ਸਿੱਖੀ ਨਾਲ ਅਮਿਤ ਨੇਹੁ ਤੇ ਸਿੱਖਾਂ ਦਾ ਸਿੱਖਾਂ ਨਾਲ ਅਮਿਟ ਪਿਆਰ ਹੁੰਦਾ ਸੀ?

 www.sikhbookclub.com

ਸਿੱਖਾਂ ਇਕ ਤਰਾਂ ਦਾ ਲੈਂਪ ਹੈ, ਜਿਨਾਂ ਦੇ ਵਿੱਚੋਂ ਦਿਪਤ ਹੋ ਰਹੀ ਸਿੱਖੀ ਨੇ ਉਸਦੇ ਸਰੀਰ ਰੂਪੀ ਚਿਮਨੀ ਵਿੱਚੋਂ ਪ੍ਰਕਾਸ਼ ਕਰਕੇ ਭੁਲੇ ਭਟਕਿਆਂ ਨੂੰ ਰਸਤਾ ਦੱਸਣਾ ਹੈ, ਸਿੱਖਾਂ ਦੀ ਹਸਤੀ ਹੈ ਤਾਂ ਇਸ ਗੱਲ ਲਈ, ਸਿੱਖਾਂ ਦੀ ਸੰਸਾਰ ਵਿਚ ਲੋੜ ਸੀ ਤਾਂ ਇਹ, ਜੇ ਸਿੱਖ ਸੰਸਾਰ ਵਿੱਚ ਪੈਦਾ ਕੀਤੇ ਗਏ ਹਨ ਤਦ ਇਸ ਪ੍ਰਯੋਜਨ ਲਈ, ਤੇ ਹੁਣ ਜੇ ਸਿੱਖਾਂ ਅੱਗੇ ਵਧਣਾ ਹੈ ਤਾਂ ਇਸੇ ਗ਼ਰਜ਼ ਲਈ।

ਸੋ ਖਾਲਸਾ ਜੀ ਉਠੋ! ਪਹਿਲਾਂ ਪਿਛੇ ਚਲੋ ਤੇ ਆਪਣੇ ਵਡਿਆਂ ਦੇ ਕਦਮਾਂ ਤੇ ਖੜੇ ਹੋਵੋ, ਜੇ ਕੋਈ ਕਦਮ ਤੇ ਜਿੰਨੇ ਐਸੇ ਕਦਮ ਪੁੱਟੇ ਗਏ ਹਨ ਜੋ ਸਿਖਾਂ ਦੇ ਆਦਰਸ਼ ਤੋਂ ਪਰੇ ਲੈ ਗਏ ਹਨ ਤਾਂ ਉਨੇ ਕਦਮ ਪ੍ਰਾਪਤ ਕਰੋ ਤੇ ਠੀਕ ਆਦਰਸ਼ ਦੀ ਸੇਧ ਵਿਚ ਖੜੋ ਜਾਓ, ਫੇਰ ਟੁਰੋ, ਤੇ ਸਰਪਟ ਟੁਰੋ, ਇਕ ਮੁੱਠ ਹੋਕੇ ਟੁਰੋ, ਇਕ ਜਾਨ ਹੋਕੇ ਟੁਰੋ। ਆਪਣੇ ਹਿਰਦੇ ਵਿਚ ਬਾਬਾ ਗੁਰਬਖਸ਼ ਸਿੰਘ ਵਾਂਗ ਨਾਮ ਦਾ ਪ੍ਰਵਾਹ— ਭਾ: ਮਨਸੁਖ ਵਾਂਗ ਸਿੱਖੀ ਦੇ ਪ੍ਰਚਾਰ ਦਾ ਉਮਾਹ, ਬਾਬਾ ਦੀਪ ਸਿੰਘ ਵਾਂਗ ਸਿੱਖੀ ਦੇ ਉਤਸ਼ਾਹ ਤੇ ਪੰਥ ਦੇ ਪਯਾਰ ਵਿਚ ਭਰਪੂਰ ਤੇ ਸਿੱਖੀ ਦੇ ਸਰੂਰ ਵਿੱਚ ਮਖਮੂਰ ਹੋਕੇ ਫਿਰ ਅੱਗੇ ਵਧੋ।

(ਪਹਿਲੀ ਵਾਰ ਖਾ. ਸ. ੧੧ ਸਤੰਬਰ, ੧੯੧੯ ਅਤੇ
ਦੂਜੀ ਵਾਰ ਖਾ. ਸ. ੧੧ ਫਰਵਰੀ, ੨੦੦੮)


www.sikhbookclub.com

## 26. ਗੁਰਬਾਣੀ ਦਾ ਸੰਦੇਸ਼

(ਗੁਰਬਾਣੀ ਵਿਚ ਜਾਤ ਪਾਤ ਦੇ ਵਿਚਾਰ)

**ਅਸੀਂ** ਸਿੱਖ ਹਾਂ, ਸਾਡਾ ਨਿਸਚਾ ਹੈ ਕਿ:-

**ਗੁਰੂ ਗ੍ਰੰਥ ਕਲਿਯੁਗ ਭਯੋ ਸ੍ਰੀ ਗੁਰੂ ਰੂਪ ਮਹਾਨ।**
**ਦਸ ਪਾਤਸ਼ਾਹੀ ਰੂਪ ਇਹ ਗੁਰੂ ਗ੍ਰੰਥ ਜਿਯ ਜਾਨ।**
**ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।**
**ਬਾਤ ਕਰਨ ਗੁਰ ਸੌਂ ਚਹੈ ਪੜ੍ਹੈ ਗ੍ਰੰਥ ਮਨ ਲਾਇ।**

(ਗੁਰ ਬਿਲਾਸ ਪਾ: ੬)

ਤਾਂਤੇ ਆਓ ਇਸ ਗੱਲ ਦੇ ਨਬੇੜੇ ਲਈ ਕਿ ਅਛੂਤ ਜਾਤੀਆਂ ਸਿੱਖਾਂ ਵਿਚ ਕੀ ਦਰਜਾ ਰੱਖਦੀਆਂ ਹਨ, ਇਸ ਪ੍ਰਸ਼ਨ ਦਾ ਉਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਢੂੰਡੀਏ।

ਗੁਰਬਾਣੀ ਕਹਿੰਦੀ ਹੈ:-"**ਏਕੁ ਪਿਤਾ ਏਕਸ ਕੇ ਹਮ ਬਾਰਿਕ॥**"

ਮਨੁਖ ਮਾਤ੍ਰ ਦਾ ਪਿਤਾ ਇਕ ਹੈ, ਅਸੀਂ ਸਬ ਉਸ ਦੇ ਬਾਰਕ ਹਾਂ, ਜਿਸਤੋਂ ਆਪਸ ਵਿਚ ਭਾਈ ਭਾਈ ਹਾਂ।

ਸ੍ਰੀ ਗੁਰੂ ਕਲਗੀਧਰ ਜੀ ਫੁਰਮਾਂਦੇ ਹਨ-

"**ਕੋਊ ਭਯੋ ਮੁੰਡੀਆ ਸੰਨਯਾਸੀ ਕੋਊ ਜੋਗੀ ਭਯੋ, ਭਯੋ ਬ੍ਰਹਮਚਾਰੀ ਕੋਊ ਯਤੀ ਅਨੁਮਾਨਯੋ। ਹਿੰਦੂ ਤੁਰਕ ਕੋਊ, ਰਾਫਜ਼ੀ ਇਮਾਮ ਸਾਫੀ ਮਾਨੁਸ ਕੀ ਜਾਤ, ਸਬੈ ਏਕੈ ਪਹਚਾਨਬੋ। ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ। ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।**"

ਇਹ ਬਾਣੀ ਦੱਸਦੀ ਹੈ ਕਿ "ਮਾਨਸ ਕੀ ਜਾਤ" ਮਨੁਖ ਮਾਤਰ ਦੀ ਜਾਤ ਇਕ ਪਛਾਣੋ, ਸਭ ਦਾ ਇਕ ਸਰੂਪ ਵੇਖੋ ਤੇ ਸਾਰਿਆਂ ਵਿਚ ਇਕ ਜੋਤ ਜਾਣੋਂ। ਗੁਰੂ ਘਰ ਵਿਚ ਊਚ ਤੇ ਨੀਚ ਕੌਣ ਹੈ, ਉਸਦੀ ਬਾਬਤ ਕਹਿੰਦੇ ਹਨ:-

**ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥**
**ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥**
(ਆਸਾ ਮ: ੩, ਪੰਨਾ-੪੨੬)

"**ਖਸਮੁ ਵਿਸਾਰਹਿ ਤੇ ਕਮਜਾਤਿ।**" (ਆਸਾ ਮ: ੧, ਪੰਨਾ-੧੦)

ਹਿੰਦੂਆਂ ਵਿਚ ਜਨਮ ਤੋਂ ਜੋ ਜਾਤੀ ਮੰਨੀ ਜਾਂਦੀ ਹੈ, ਉਸਦੀ ਬਾਬਤ ਕਹਿੰਦੇ ਹਨ:

**ਫਕੜ ਜਾਤੀ ਫਕੜੁ ਨਾਉ ਸਭਨਾ ਜੀਆ ਇਕਾ ਛਾਉ॥**
(ਸਿਰੀ ਰਾਗ ਮ: ੧, ਪੰਨਾ-੮੩)

ਫਿਰ ਫੁਰਮਾਂਦੇ ਹਨ ਕਿ:-

"**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥**"
(ਆਸਾ ਮ: ੧, ਪੰਨਾ-੩੪੯)

ਇਸਦਾ ਸਪਸ਼ਟ ਭਾਵ ਇਹ ਹੈ ਕਿ ਸਭ ਇਕ ਜੋਤ ਜਾਣੋ, ਜਨਮ ਤੋਂ ਜੋ ਜਾਤੀਆਂ ਪਾਈਆਂ ਗਈਆਂ ਹਨ ਇਹਨਾਂ ਬਾਬਤ ਨਾਂ ਪੁਛੋ ਕਿ ਤੂੰ ਕਿਸ ਜਾਤੀ ਦਾ ਹੈਂ, ਕਿਉਂਕਿ ਵਾਹਿਗੁਰੂ ਦੇ ਘਰ ਵਿਚ ਇਸ ਜਨਮ ਤੋਂ ਮਨੀਂ ਗਈ ਜਾਤੀ ਦੀ ਕੋਈ ਥਾਉਂ ਨਹੀਂ, ਫਿਰ ਹੋਰ ਵੀ ਸਪਸ਼ਟ ਕਰਕੇ ਦੱਸਦੇ ਹਨ ਕਿ-

**ਜਾਤਿ ਜਨਮੁ ਨਹਿ ਪੂਛੀਐ ਸਚ ਘਰ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥**
(ਪ੍ਰਭਾਤੀ ਮ. ੧, ਪੰਨਾ-੧੩੩੦)

ਜਨਮ ਤੋਂ ਜਾਤੀ ਨਹੀਂ ਪੁਛੀ ਜਾਏਗੀ।

ਹੁਣ ਪ੍ਰਸ਼ਨ ਹੋਂਦਾ ਹੈ ਕਿ ਜਨਮ ਤੋਂ ਜਾਤਿ ਮੰਨਣ ਦੀ ਜਗਾ ਜੇ ਕਰਮ ਤੋਂ ਜਾਤਿ ਮੰਨ ਲਈ ਜਾਏ, ਤਦ ਕਰਮਾਂ ਕਰਕੇ ਜੋ ਨੀਚ ਜਾਤੀ ਬਣ ਗਈ ਹੈ, ਉਸਦੀ ਬਾਬਤ ਗੁਰਬਾਣੀ ਕੀ ਦੱਸਦੀ ਹੈ?

 www.sikhbookclub.com

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥੧॥ ਰਹਾਉ॥ ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥੨॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥ ਜਿਤਨੇ ਭਗਤਿ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥ ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿ ਰਾਇ॥੪॥**
(ਸੂਹੀ ਮ: ੪, ਪੰਨਾ-੭੩੩)

**ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪ੍ਰਧਾਨੁ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਿਸੰਗਤਿ ਮਿਲਿ ਪਤਿਤ ਪ੍ਰਵਾਣੁ॥**
(ਗੋਂ. ਮ. ੪, ਪੰਨਾ-੮੬੧)

**ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ॥**
**ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ॥**
(ਗੁਜਰੀ ਮ. ੫, ਪੰਨਾ-੪੯੮)

**ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।**
**ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੨॥**
**ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥**
(ਤਿਲੰਗ ਮ. ੧, ਪੰਨਾ-੭੨੧)

ਇਹ ਵਾਕ ਦਸਦੇ ਹਨ ਕਿ ਜਨਮ ਤੋਂ ਗਿਣੀ ਗਈ ਜਾਤੀ ਜਾਂ ਕਰਮ ਤੋਂ ਬਣੀ ਜਾਤੀ ਦੇ ਵਿਚੋਂ ਕੋਈ ਆਦਮੀ ਜੋ ਆਪਣੇ ਆਪਨੂੰ ਸੰਭਾਲੇ, ਆਪਣੇ ਸੁਧਾਰ ਲਈ ਯਤਨ ਕਰੇ ਤਦ ਉਸਦੇ ਲਈ ਸੁਧਰਨ ਦੇ ਦਰਵਾਜੇ ਬੰਦ ਨਹੀਂ ਹਨ, ਉਸ ਲਈ ਉਠਣ ਦੀ ਮਨਾਹੀ ਨਹੀਂ ਹੈ, ਉਸ ਵਲ ਵਾਹਿਗੁਰੂ ਦੀ ਪਿਠ ਨਹੀਂ ਹੈ, ਕੋਈ ਵੀ ਤੇ ਕਦੇ ਵੀ ਗੁਰੂ ਦੀ ਸ਼ਰਨ ਆਵੇ ਉਹਨਾਂ

"ਪਤਿਤਾਂ ਨੂੰ" ਪਵਿਤਰ ਕਰਕੇ ਵਾਹਿਗੁਰੂ ਆਪਣੇ ਕਰ ਲੈਂਦਾ ਹੈ। ਫਿਰ ਉਹਨਾਂ ਤੋਂ ਕੋਈ ਵਰਨ ਨਹੀਂ ਪੁਛਦਾ, ਆਪ ਕਿਸ ਜਾਤੀ ਵਿਚੋਂ ਹੋ? ਇਹ ਪ੍ਰਸ਼ਨ ਉਹਨਾਂ ਤੇ ਕੋਈ ਨਹੀਂ ਕਰਦਾ, ਉਹਨਾਂ ਨੂੰ "ਸਗਲ" ਤਮਾਮ ਲੋਕੀ ਨਮਸ਼ਕਾਰਾਂ ਕਰਦੇ ਹਨ, ਉਹਨਾਂ ਦੇ ਅਗੇ ਅਦਬ ਨਾਲ ਝੁਕਦੇ ਹਨ ਤੇ ਉਹਨਾਂ ਦੇ ਚਰਨਾਂ ਦੀ ਧੂੜੀ ਮੰਗਦੇ ਹਨ, ਦ੍ਰਿਸ਼ਟਾਂਤ ਦੇਕੇ ਗੁਰੂ ਜੀ ਕਹਿੰਦੇ ਹਨ ਕਿ ਜਿਕਣ ਚੰਦਨ ਦੇ ਨਿਕਟ ਵਾਸੀ ਹਰੰਡੀ ਵਿਚ ਵੀ ਸੁਗੰਧੀ ਆ ਜਾਂਦੀ ਹੈ ਇਸੇ ਤਰ੍ਹਾਂ ਸਤ ਸੰਗਤ ਵਿਚ ਪਤਿਤ ਮਿਲਕੇ "ਪ੍ਰਵਾਨ" ਹੋ ਜਾਂਦੇ ਹਨ, ਪ੍ਰਵਾਨ ਹੀ ਕਿਉਂ ਨੀਚ ਜਾਤਾਂ ਦੇ ਹਰਿ ਨੂੰ ਜਪਦਿਆਂ ਉਤਮ ਪਦਵੀ ਪਾ ਜਾਂਦੇ ਹਨ, ਤੇ ਚਾਰ ਵਰਨ ਚਾਰ ਆਸ਼ਰਮਾਂ ਵਿਚੋਂ ਜੋ ਹਰਿ ਨੂੰ ਧਿਆਵਹ ਉਹ ਪ੍ਰਧਾਨ, ਮੋਹਰੀ ਹੋ ਜਾਂਦਾ ਹੈ, ਦੁਨਯਾਂਦਾਰ ਖਿਆਲ ਕਰਦੇ ਹਨ ਕਿ ਤੀਰਥਾਂ ਤੇ ਜਾਣ ਨਾਲ ਪਾਪ ਬਖਸ਼ੇ ਜਾਂਦੇ ਹਨ, ਪ੍ਰੰਤੂ ਗੁਰਬਾਣੀ ਵਿਚ ਇਸਦੀ ਪ੍ਰਵਾਨਗੀ ਨਹੀਂ ਹੈ।

ਗੁਰਬਾਣੀ ਦੇ ਉਪ੍ਰੋਕਤ ਵਾਕਾਂ ਨੂੰ ਗਹੁ ਨਾਲ ਵੇਖਣ ਤੇ ਵਿਚਾਰਨ ਤੋਂ ਪਤਾ ਲਗ ਜਾਂਦਾ ਹੈ ਕਿ ਜਨਮ ਤੋਂ ਜਾਤੀ ਮੰਨਣਾ ਭੁਲ ਹੈ। ਇਸ ਤਰ੍ਹਾਂ ਦੀ ਜਾਤੀ ਵੰਡ ਗੁਰੂ ਘਰ ਵਿਚ ਅਪਰਵਾਨ ਹੈ, ਵਾਹਿਗੁਰੂ ਦੀ ਦਰਗਾਹ ਵਿਚ ਇਸਦੀ ਕੋਈ ਥਾਉਂ ਨਹੀਂ, ਗੁਰਬਾਣੀ ਮਨੁੱਖ ਮਾਤਰ ਦੀ ਇਕ ਜਾਤਿ ਮੰਨਦੀ ਹੈ ਤੇ ਮਨੁੱਖ ਮਾਤਰ ਨੂੰ ਇਕ ਦਰਜਾ ਦੇਂਦੀ ਹੈ। ਜੋ ਆਦਮੀ ਜਹੇ ਕੰਮ ਕਰਦਾ ਹੈ ਉਹੋ ਜਿਹਾ ਹੋ ਜਾਂਦਾ ਹੈ। ਜਿਸ ਤਰ੍ਹਾਂ ਇਕ ਆਦਮੀ ਮੰਦੇ ਕਰਮ ਕਰਕੇ ਨੀਚ ਬਣ ਸਕਦਾ ਹੈ। ਇਸੇ ਤਰ੍ਹਾਂ ਉਹ ਗਜਾਤ ਹੋ ਜਾਣ ਤੇ ਚੰਗੇ ਕਰਮ ਕਰਕੇ ਊਚ ਵੀ ਬਣ ਸਕਦਾ ਹੈ। ਇਕ ਵਾਰੀ ਨੀਚ ਕਰਮ ਕਰਕੇ ਨੀਚ ਬਣ ਗਏ ਤੇ ਓਹਨਾਂ ਦੀ ਸੰਤਾਨ ਜੋ ਕਿਆਮਤ ਦੇ ਦਿਨਾਂ ਤਕ ਹੁੰਦੀ ਰਹੇਗੀ ਅਛੂਤ ਪੁਣੇ ਦਾ ਪਟਾ ਓਸਦੇ ਗਲੇ ਵਿਚ ਨਹੀਂ ਪਾ ਦਿਤਾ ਗਿਆ ਤੇ ਨਾਂ ਹੀ ਜਿਨ੍ਹਾਂ ਚੰਗੇ ਕਰਮ ਕੀਤੇ ਹਨ ਉਹਨਾਂ ਦੀ ਸੰਤਾਨ ਨੂੰ ਸਦਾ ਲਈ ਊਚ ਦੀ ਪਦਵੀ ਦੇ ਦਿਤੀ ਗਈ ਹੈ। ਜੋ ਆਦਮੀ ਜਦ ਤਕ ਚੰਗੇ ਕਰਮ ਕਰਦਾ ਹੈ ਉਸ ਵੇਲੇ ਤਕ ਊਚ ਹੈ। ਜੋ ਮੰਦੇ ਕਰਦਾ ਹੈ, ਮੰਦੇ ਕਰਦੇ ਰਹਿਣ ਤਕ ਨੀਚ ਹੈ। ਪ੍ਰੰਤੂ ਜਿਸ ਵੇਲੇ ਹੀ ਕਿ ਇਹ ਆਪਣੇ ਇਨ੍ਹਾਂ ਕਰਮਾਂ ਨੂੰ ਬਦਲ ਦੇਣ ਉਹਨਾਂ ਦੀਆਂ ਇਹ ਊਚ ਨੀਚ ਦੀਆਂ ਉਪਾਧੀਆਂ ਵੀ ਬਦਲ ਜਾਣਗੀਆਂ। ਉਹਨਾਂ ਦੀ ਪੋਜ਼ੀਸ਼ਨ ਬਦਲ ਜਾਏਗੀ, ਉਹਨਾਂ ਦਾ ਦਰਜਾ ਬਦਲ ਜਾਏਗਾ।

 www.sikhbookclub.com

ਡਾਕਟਰ ਬੀਮਾਰਾਂ ਨੂੰ ਅਰੋਗ ਕਰਨ ਲਈ ਹੁੰਦੇ ਹਨ, ਜੇ ਕਦੀ ਜੋ ਆਦਮੀ ਇਕ ਵਾਰ ਬੀਮਾਰ ਹੋ ਜਾਏ ਉਸਨੇ ਮੁੜਕੇ ਅਰੋਗ ਨਾ ਹੋਣਾ ਹੋਵੇ ਤਦ ਡਾਕਟਰ ਦੀ ਲੋੜ ਹੀ ਨਹੀਂ ਰਹਿੰਦੀ, ਇਸੇ ਤਰ੍ਹਾਂ ਆਤਮਕ ਬੀਮਾਰਾਂ ਦੇ ਇਲਾਜ ਲਈ ਗੁਰੂ ਰੂਪੀ ਡਾਕਟਰ ਦੇ ਸੰਸਾਰ ਵਿਚ ਭੇਜਣ ਦੀ ਲੋੜ ਪਈ ਸੀ। ਜੇ ਕਦੀ ਜੋ ਆਤਮਕ ਅਵਸਥਾ ਵਿਚ ਇਕ ਵੇਰ ਰੋਗੀ ਹੋ ਗਏ ਹਨ, ਜਾਂ ਜਿਨ੍ਹਾਂ ਆਪਣੀ ਸੰਸਾਰਕ ਅਵਸਥਾ ਇਕ ਵੇਰ ਵਿਗਾੜ ਲਈ ਹੈ ਉਹਨਾਂ ਦਾ ਫਿਰ ਸੁਧਾਰ ਅਸੰਭਵ ਸਮਝਿਆ ਜਾਏ ਤਦ ਗੁਰੂ ਦੀ ਸੰਸਾਰ ਵਿਚ ਆਉਣ ਦੀ ਲੋੜ ਹੀ ਨਹੀਂ ਰਹਿੰਦੀ। ਜਿਕੁਣ ਡਾਕਟਰ ਬੀਮਾਰਾਂ ਨੂੰ ਦਵਾਈ ਦੇਕੇ ਉਹਨਾਂ ਨੂੰ ਅਰੋਗ ਕਰ ਦੇਂਦਾ ਹੈ, ਇਸੇ ਤਰ੍ਹਾਂ ਗੁਰੂ ਮੁਰਦਿਆਂ ਨੂੰ ਬਚਾਂਦਾ, ਢਠਿਆਂ ਨੂੰ ਉਠਾਂਦਾ, ਨੀਚਾਂ ਨੂੰ ਊਚ ਬਣਾਂਦਾ ਤੇ ਪਤਿਤਾਂ ਨੂੰ ਪਵਿਤ੍ਰ ਕਰਦਾ ਹੋਇਆ ਡੰਕੇ ਦੀ ਚੋਟ ਕਹਿੰਦਾ ਹੈ:-

**ਅਰਪੁਨ ਕੈਹਤ ਸਗਰ ਸੰਸਾਰਾ ਨਾਮ ਗਰੀਬ ਨਿਵਾਜ ਹਮਾਰਾ**
**ਸੋ ਅਬ ਸਫਲਾ ਕਰ ਦਿਖਰਾਊ ਸਬ ਲਘਅਨ ਕੋ ਬੜੋ ਬਨਾਊ**
(ਲੋਹ ਪ੍ਰਕਾਸ਼)

ਤੇ ਇਸ ਤਰ੍ਹਾਂ ਨੀਚਾਂ ਨੂੰ ਊਚ ਬਣਦਾ ਵੇਖ ਨੀਚ ਕਹਿ ਉਠਦੇ ਹਨ ਕਿ:-

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ਰਹਾਉ॥ ਜਾਕੀ ਛੋਤਿ ਜਗੱਤ ਕਉ ਲਾਗੈ ਤਾ ਪਰ ਤੁਂਹੀਂ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥ ਨਾਮ ਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥ ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥੨॥੧॥**
(ਮਾਰੂ. ਰਵਿ., ਪੰਨਾ-੧੧੦੬)

(ਪਹਿਲੀ ਵਾਰ ਖਾਲਸਾ ਸਮਾਚਾਰ ੨੮ ਅਕਤੂਬਰ, ੧੯੨੦ ਅਤੇ
ਦੂਜੀ ਵਾਰ ਖਾਲਸਾ ਸਮਾਚਾਰ ੨੪ ਜੁਲਾਈ, ੨੦੦੮)

 www.sikhbookclub.com

## 27. ਗੁਰੂ ਨਾਨਕ ਦੇ ਚਰਨਾਂ ਦਾ ਫ਼ਕੀਰ।

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥** (ਸੁਖਮਨੀ-੧੨)

ਫ਼ਕੀਰਾਂ ਦੀ 'ਗਰੀਬੀ ਗਦਾ ਹਮਾਰੀ' ਹੁੰਦੀ ਹੈ। ਫ਼ਕੀਰ ਹਰ ਦਮ ਸਾਂਈਂ ਦੀ ਹਜ਼ੂਰੀ ਵਿਚ ਵਸਦਾ ਹੈ ਤੇ ਸੰਸਾਰ ਵਿਚ 'ਹਾਰਿ ਚਲੇ ਗੁਰਮੁਖ ਜਗੁ ਜੀਤਾ' ਦੇ ਅਨੁਸਾਰ ਨਿਮਾਣਾ ਹੋਕੇ ਦਿਨ ਕੱਟਦਾ ਹੈ ਪਰ ਇਹ ਗ਼ਰੀਬੀ, ਮਸਕੀਨੀ, ਹਾਰ ਚੱਲਣਾ, ਨਿਮਾਣਪੁਣਾ, 'ਸੁਰਤ ਢਾਣੀ' ਨਹੀਂ ਹੈ।

ਸੁਰਤ ਫ਼ਕੀਰਾਂ ਦੀ ਸਦਾ ਅਰਸ਼ਾਂ ਕੁਰਸ਼ਾਂ ਤੇ ਰਹਿੰਦੀ ਹੈ ਤੇ ਇਲਾਹੀ ਨੂਰ ਦੇ ਪ੍ਰਕਾਸ਼ ਵਿਚ ਟੁਰਦੀ ਹੈ। ਦੁਨੀਆਂ ਦੇ ਲੋਕ, ਦੁਨੀਆਂ ਦੇ ਦਾਨੇ, ਦੁਨੀਆਂ ਦੇ ਪੰਡਤ ਤੇ ਦੁਨੀਆਂ ਦੇ ਮੱਤਾਂ ਦੇਣ ਵਾਲੇ ਇਖ਼ਲਾਕੀ ਲੋਕ ਫ਼ਕੀਰ ਨੂੰ ਸਮਝ ਨਹੀਂ ਸਕਦੇ। ਇਸ ਲਈ ਫ਼ਕੀਰ ਸਭ ਵਲੋਂ ਇਕ ਪ੍ਰਕਾਰ ਦੀ ਮੋਨ (ਚੁੱਪ) ਧਾਰਦੇ ਹਨ। ਕਿਸੇ ਦੀ ਉਸਤੁਤਿ, ਨਿੰਦਾ, ਬਦਸਲੂਕੀ ਦਾ ਸ਼ੋਕ ਨਹੀਂ ਕਰਦੇ। ਲੋਕਾਂ ਨੂੰ ਇਉਂ ਪ੍ਰਤੀਤ ਦਿੰਦਾ ਹੈ ਕਿ ਏਹ ਮਸਕੀਨ ਹਨ, ਠੀਕ ਇਉਂ: 'ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥'

ਹਜ਼ਾਰ ਖੁਸ਼ੀਆਂ ਦੀ ਇਕ ਖੁਸ਼ੀ ਹੈ, ਹਜ਼ਾਰ ਰਸਾਂ ਦਾ ਇਕ ਰਸ ਹੈ, ਜਿਸ ਆਸਰੇ ਸਾਈਂ ਦੇ ਲੋਕ ਸਦਾ ਪ੍ਰਸੰਨ ਰਹਿੰਦੇ ਹਨ, ਪਰ ਲੋਕੀਂ ਸਾਈਂ ਦੇ ਬੰਦਿਆਂ ਨੂੰ ਬਾਹਰੋਂ ਨਿਮਾਣੇ ਨਿਤਾਣੇ ਤੱਕਦੇ ਹਨ। ਪਰ ਸਾਈਂ ਦੇ ਬੰਦੇ ਇੰਞ ਦੇ ਹੁੰਦੇ ਹਨ "**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ॥ ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥**" (ਆਸਾ ਵਾਰ, ਪੰਨਾ-੪੭੩)

 www.sikhbookclub.com

ਇਹ ਮੂਰਤੀ ਗੁਰੂ ਨਾਨਕ ਚਰਨਾਂ ਦੇ ਸੱਚੇ ਫ਼ਕੀਰ ਦੀ ਹੈ। ਇਸ ਰੰਗ ਅੰਦਰ ਸਮਾਈਏ। "**ਆਠਿ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥**" (ਸ. ਕਬੀਰ, ੧੩੫੫) ਬਾਕੀ ਸੰਸਾਰ ਕੀਹ ਹੈ? ਇਹ ਸਦਾ ਤੋਂ ਦੁਖ ਦੇਂਦਾ ਆਇਆ ਹੈ। ਇਨ੍ਹਾਂ ਦੇ ਦੁੱਖ ਮਿੱਠੇ ਕਰਕੇ ਝੱਲੀਏ, ਇਹਨਾਂ ਤੇ ਰੋਸ ਨਾਂ ਕਰੀਏ, ਪਰਮੇਸ਼ੁਰ ਵਲੋਂ ਸਮਝੀਏ। ਜਹਾਂਗੀਰ ਨੂੰ ਸਾਂਈਂ ਮੀਆਂ ਮੀਰ ਨੇ ਕਹਿਆ ਸੀ 'ਤੇਰੇ ਰਾਜ ਵਿਚ ਬ੍ਰਹਮ ਗਿਆਨੀ ਦੀ ਹੱਤਿਆ ਹੋਈ ਹੈ।' ਜਹਾਂਗੀਰ ਹੱਸ ਪਿਆ: 'ਬ੍ਰਹਮ ਗਿਆਨੀ ਕੀ ਤੇ ਉਸ ਦਾ ਮੇਰੇ ਅਹਿਲਕਾਰਾਂ ਹੱਥੋਂ ਮਾਰਿਆ ਜਾਣਾ ਕੀ?' ਮੀਆਂ ਮੀਰ ਨੇ ਕਹਿਆ: 'ਜੇ ਕਦੀ ਉਹ ਚਾਹੁੰਦੇ ਤਾਂ ਤੇਰੀ ਪਾਤਸ਼ਾਹੀ ਫੂਕ ਦੇਂਦੇ, ਪਰ ਉਹਨਾਂ ਨੇ ਝੱਲ ਲਿਆ।' ਜਹਾਂਗੀਰ ਕਿਹਾ: 'ਕਿਉਂ ਬਲਵਾਨ ਹੋਕੇ ਤੱਤੇ ਤਵਿਆਂ ਤੇ ਭੁਜਿਆ ਤੇ ਗਰਮ ਰੇਤ ਹੇਠ ਫਲੂਹਿਆ ਗਿਆ?' ਮੀਆਂ ਮੀਰ ਨੇ ਕਿਹਾ: 'ਮੈਂ ਇਸ ਰੰਗ ਵਿਚ ਵੇਖ ਕੇ ਜਾਕੇ ਕਿਹਾ ਸੀ: 'ਗੁਰੂ ਜੀ! ਚਾਹੋ ਤਾਂ ਮੈਂ ਇਸ ਦੁਖ ਦਾ ਉਪਰਾਲਾ ਕਰਾਂ, ਚਾਹੋ ਤਾਂ ਪਾਤਸ਼ਾਹੀ ਡੋਬਾਂ?' ਤਾਂ ਆਪ ਬੋਲੇ: 'ਫ਼ਕੀਰ ਜੀ! ਮਾਇਆ ਦਾ ਟਪਲਾ ਨਾ ਖਾਓ, ਇਹ ਜੋ ਕੁਝ ਹੋ ਰਿਹਾ ਹੈ ਮੇਰੇ ਪ੍ਰੀਤਮ ਦੇ ਭਾਣੇ ਵਿਚ ਹੈ, ਉਸ ਨੂੰ ਪਤਾ ਹੈ ਉਹ ਚਾਹੇ ਤਾਂ ਇਸ ਨੂੰ ਦੂਰ ਕਰ ਦੇਵੇ। ਪਰ ਓਹ ਜੇ ਦੂਰ ਨਹੀਂ ਕਰਦਾ, ਇਹ ਉਸ ਦੀ ਰਜ਼ਾ ਵਿੱਚ ਹੈ ਤੇ ਮੈਂ ਉਸ ਦੀ ਰਜ਼ਾ ਵਿਚ ਪ੍ਰਸਨ ਹਾਂ।' ਇਹ ਸੁਣ ਕੇ ਪਾਤਸ਼ਾਹ ਦੇ ਨੈਣ ਭਰ ਆਏ ਅਰ ਚਿਰ ਤਕ ਰੋਂਦਾ ਰਿਹਾ। ਇਸੀ ਗਲ ਦੇ ਕਾਰਨ ਫੇਰ ਉਸ ਨੇ ਚੰਦੂ ਤੇ ਨਵਾਬ ਨੂੰ ਸਜ਼ਾ ਦਿੱਤੀ ਸੀ। ਸੋ ਗੁਰੂ ਜੀ ਦਾ ਕਸ਼ਟਾਂ ਨੂੰ ਝੱਲਣਾ 'ਪਾਪੀ ਦੇ ਸਜ਼ਾ ਝੱਲਣ' ਵਾਂਗ ਨਹੀਂ।

ਗੁਰੂ ਜੀ ਸਾਂਈਂ ਦੀ ਹਜ਼ੂਰੀ ਵਿਚ ਬ੍ਰਹਮ ਗਿਆਨੀ ਦੇ ਰੰਗ ਵਿਚ ਚੜ੍ਹਦੀਆਂ ਕਲਾਂ ਵਿਚ ਸੇ। ਉਹ ਖੁਸ਼ੀ ਵਿਚ ਪਿਆਰੇ ਦੇ ਪਿਆਰ ਸਮਝਦੇ ਕਲੇਸ਼ ਝੱਲਦੇ ਸੇ। ਕੋਈ ਦੁਖ ਸਮਰਥ ਨਹੀਂ ਹੈ ਕਿ ਗੁਰੂ ਨਾਨਕ ਚਰਨਾਂ ਦੇ ਪ੍ਰੇਮੀ ਦੀ ਸੁਰਤਿ ਹੇਠਾਂ ਲਿਆ ਸਕੇ। ਉਹ ਹਰ ਤੰਗੀ, ਹਰ ਮੁਸ਼ਕਲ, ਹਰ ਔਕੜ ਨੂੰ ਪਿਆਰੇ ਵਲੋਂ ਜਾਣਕੇ ਇਹ ਮੰਗਦੇ ਹਨ, "**ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**" (੩੯੪) ਕਾਸ਼, ਦੁਨੀਆਂ ਦੇ ਦਾਨਿਆਂ ਨੂੰ ਸਮਝ ਆ ਜਾਵੇ ਕਿ ਸਾਂਈਂ ਦੇ ਫ਼ਕੀਰਾਂ ਨੂੰ ਕਲੇਸ਼ ਨਹੀਂ

 www.sikhbookclub.com

ਦੇਈਦਾ ਤਾਂ ਫ਼ਕੀਰਾਂ ਦੀ ਜੀਰਾਂਦ ਤੇ ਫ਼ਕੀਰਾਂ ਦਾ ਨਾਮ ਰੰਗ ਕਿਉਂ ਉਤਰੇ। ਚੰਦਨ ਨੂੰ ਕੁਹਾੜੇ ਵੱਜਣ, ਉਹ ਖੁਸ਼ਬੂ ਦੀ ਬਾਣ ਕਿਉਂ ਤਿਆਗੇ। ਕੁਹਾੜੇ ਨਾਲ ਬੀ ਕੋਪ ਨਾ ਕਰੇ, ਆਪਣੀ ਖੁਸ਼ਬੂ ਬੀ ਨਾਂ ਛੱਡੇ। ਦੁਨੀਆਂ ਦਾ ਕੋਈ ਸਲੂਕ ਸਾਡੀ ਸੁਰਤਿ ਨੂੰ ਹੇਠਾਂ ਨਾ ਕਰੇ, "ਨਾਨਕ ਦੁਨੀਆ ਭਸੁ ਰੰਗੁ॥" "**ਨਾਨਕ ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ॥ ਭਾਈ ਬੰਧੀ ਹੇਤੁ ਚੁਕਾਇਆ॥ ਦੁਨੀਆ ਕਾਰਣਿ ਦੀਨੁ ਗਵਾਇਆ॥**"(੧੪੧੦)

ਇਹ ਨਕਸ਼ੇ ਦੁਨੀਆਂਦਾਰਾਂ ਦੇ ਦੇਖਕੇ ਮੂਰਖ ਤੇ ਵਿਦਵਾਨ ਨਿਰਾਸ ਹੁੰਦੇ ਹਨ। ਵੇਦ ਸਾਸ਼ਤਰ ਇਸੇ ਨਿਰਾਸਤਾ ਵਿਚ ਲਿਖੇ ਗਏ, ਅਰ ਸੰਸਾਰ ਤੋਂ ਭੱਜ ਜਾਣਾ, ਜੀਵਨ ਨੂੰ ਅਜੀਵਨ ਕਰ ਦੇਣਾ ਸਿਖਾ ਗਏ। ਪਰ ਸਾਂਈਂ ਹਜ਼ੂਰੀ ਵਿਚ ਵੱਸਣ ਵਾਲੇ ਦੁਨੀਆਂ ਦਾ ਇਹ ਰੰਗ ਦੇਖਕੇ ਪਿਆਰੇ ਦੇ ਪਿਆਰ ਵਿਚ ਤਕੜੇ ਹੁੰਦੇ ਹਨ, ਹੋਰ ਉੱਚੇ ਹੁੰਦੇ ਹਨ, ਚੜ੍ਹਦੀਆਂ ਕਲਾਂ ਵਿਚ ਵਸਦੇ ਹਨ ਅਰ ਕਦੇ ਨਾ ਮਰਨ ਵਾਲੇ ਪਰਮੇਸ਼ੁਰ ਦੇ ਪ੍ਰੇਮ ਵਿਚ ਉਤਸ਼ਾਹਤ ਹੋਕੇ ਸਿਮਰਨ ਦੇ ਉਮਾਹ ਵਿਚ ਮੌਲਦੇ ਹਨ। ਫ਼ਕੀਰੀ, ਰੁੱਸੇ ਰਹਿਣ, ਉਦਾਸ ਰਹਿਣ, ਢੱਠੇ ਰਹਿਣ, ਨਿਰਾਸਤਾ ਦਾ ਨਾਮ ਨਹੀਂ। ਫ਼ਕੀਰੀ ਹੈ ਚੜ੍ਹਦੀਆਂ ਕਲਾਂ ਵਿਚ ਰਹਿਣਾ, ਖਿੜੇ ਰਹਿਣਾ, ਸਿਮਰਨ ਵਿਚ ਰਹਿਣਾ, ਪਰ ਬਾਹਰੋਂ ਸ਼ਾਂਤ ਨਿਮਾਣੇ ਰੰਗ ਵਿਚ ਬੇਅਸਰ ਜੀਵਨ ਰਹਿਣਾ।

**ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥**
**ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥੨੩੪॥**
(ਸ. ਕਬੀਰ)

ਹਰ ਵਕਤ ਦੁਨੀਆਂ ਦੇ, ਹੋਰ ਪਰਵਾਰ ਦੇ ਸਲੂਕਾਂ ਤੋਂ, ਅਜ਼ੀਜ਼ਾਂ ਦੀ ਹਰ ਤਰ੍ਹਾਂ ਦੀ ਵਰਤੋਂ ਤੋਂ, ਲੋਕਾਂ ਦੇ ਹਰ ਪ੍ਰਕਾਰ ਦੇ ਸਲੂਕਾਂ ਤੋਂ, ਲੋਕਾਂ ਦੇ ਹਰ ਪ੍ਰਕਾਰ ਦੇ ਵਾਕਾਂ ਤੋਂ ਬੇਅਸਰ ਰਹਿਣਾ। ਕਿਸੇ ਗਲੋਂ ਸੁਰਤਿ ਹੇਠਾਂ ਨਾ ਢਹਿਣ ਦੇਣੀ, ਅੰਦਰ ਜੋਤਿ ਜਗੇ, ਬਾਹਰ ਅੰਧੇਰੀ ਰਾਤ ਦਿੱਸੇ। ਅੰਦਰ ਮਾਲਾ ਮਾਲ, ਬਾਹਰ ਕੰਗਾਲ; ਅੰਦਰ ਚੜ੍ਹਦੀ ਕਲਾ, ਬਾਹਰ ਮਿਸਕੀਨ; ਅੰਦਰੋਂ ਕਲਗੀਆਂ ਵਾਲੇ ਨਾਲ ਗਲਾਂ, ਬਾਹਰ ਥੋੜਾ ਤੇ ਮਿੱਠਾ ਬੋਲਣਾ; ਅੰਦਰੋਂ ਸ਼ਹਿਨਸ਼ਾਹ, ਬਾਹਰੋਂ ਜੀਰਾਂਦ, ਧੀਰਜ ਤੇ ਝਲਣਾ। ਸੋ ਤਕੜੇ ਰਹੋ। ਇਹ ਸਰੀਰ ਕੋਈ ਘੜੀ, ਕੋਈ ਦਿਨ, ਕੋਈ ਵਰ੍ਹੇ ਦਾ ਸੁਪਨਾ ਹੈ; ਜਿਤਨਾ ਸਮਾਂ ਮਿਲਿਆ ਹੈ, ਇਕ ਛਿਨ ਬਿਰਥਾ ਨਾ ਜਾਵੇ। ਜੇ ਹੁਣ ਦੀ ਛਿਨ ਸੰਭਾਲ

ਕੇ ਲੰਘਾ ਲਈ ਹੈ ਤਾਂ ਤਿੰਨੇ ਕਾਲ ਸੰਭਾਲੇ ਗਏ। ਹੁਣ ਦੀ ਛਿਨ, ਪਲ ਨੂੰ ਬੀਤ ਗਿਆ ਸਮਾ ਬਣੇਗੀ। ਆਉਣ ਵਾਲਾ ਸਮਾ ਛਿਨ ਛਿਨ ਕਰਕੇ ਹਾਜ਼ਰ ਹੋਵੇਗਾ। ਅਸਾਂ ਹਾਜ਼ਰ ਛਿਨ ਨੂੰ, ਹੁਣ ਦੀ ਛਿਨ ਨੂੰ, ਜੇ ਸੰਭਾਲ ਲਿਆ ਹੈ ਤਾਂ ਤਿੰਨੇ ਕਾਲ ਸੰਭਾਲ ਲਏ ਹਨ ਹੁਣ ਦੀ ਛਿਨ ਵਿਚ। ਜੋ ਫਕੀਰ ਇਸ ਸਾਵਧਾਨੀ ਵਿਚ ਹੈ, ਕਾਲ ਉਸ ਨੇ ਜਿੱਤ ਲਿਆ ਹੈ, ਮੌਤ ਤੇ ਉਸ ਨੇ ਫਤਹ ਪਾਈ ਹੈ। ਕਾਲ ਦੀ ਤਾਕਤੋਂ ਉਹ ਅਕਾਲ ਹੋ ਗਿਆ ਹੈ। ਉਸ ਨੇ ਜੋਤ ਵਿਚ ਨਿਰੰਤਰ ਵਾਸਾ ਪਾ ਲਿਆ ਹੈ।

(ਪਹਿਲੀ ਵਾਰ ਦਾ ਵੇਰਵਾ ਨਹੀਂ ਹੈ।
ਦੂਜੀ ਵਾਰ ਖਾ: ਸ: ੨੦ ਅਪਰੈਲ, ੧੯੭੨ ਅਤੇ
ਤੀਜੀ ਵਾਰ, ਖਾ. ਸ. ੮ ਮਈ, ੨੦੦੮)

## ਅੱਜ

'ਕੱਲ' ਚੁਕੀ ਹੈ ਬੀਤ
ਵੱਸ ਤੋਂ ਦੂਰ ਨਸਾਈ,
'ਭਲਕ' ਅਜੇ ਹੈ ਦੂਰ
ਨਹੀਂ ਵਿਚ ਹੱਥਾਂ ਆਈ,
'ਅੱਜ' ਅਸਾਡੇ ਕੋਲ
ਵਿੱਚ ਪਰ ਫਿਕਰਾਂ ਲਾਈ,
'ਕੱਲ' 'ਭਲਕ' ਨੂੰ ਸੋਚ
'ਅੱਜ' ਇਹ ਮੁਫ਼ਤ ਗੁਆਈ।

**ਹੇ! ਸੰਭਲ ਸੰਭਾਲ ਇਸ ਅੱਜ ਨੂੰ,**
**ਇਹ ਬੀਤੇ 'ਮਹਾਂ-ਰਸ' ਪੀਂਦਿਆਂ,**
**'ਹਰਿ-ਰਸ' ਵਿਚ ਮੱਤੇ, ਖੀਵਿਆਂ**
**'ਹਰਿਰੰਗ', 'ਹਰਿਕੀਰਤ' ਚਉਂਦਿਆਂ।**

(ਬਿਜਲੀਆਂ ਦੇ ਹਾਰ)

 www.sikhbookclub.com

## 28. ਗੁਰਮੁਖ ਪੱਤ੍ਰ (ਈਰਖਾ)

14-7-1911

ਪਿਆਰੇ ਜੀ!

'ਈਰਖਾ'!! ਪਰਮਾਰਥ ਵਿਚ ਸਭ ਤੋਂ ਵਡੀ ਦੁਸ਼ਮਨ ਇਹ ਹੈ। ਪਰਮਾਰਥ 'ਪ੍ਰੇਮ' ਦਾ ਨਾਮ ਹੈ ਤੇ ਪ੍ਰੇਮ ਦੇ ਠੀਕ ਉਲਟ ਘ੍ਰਿਣਾ ਯਾ ਈਰਖਾ ਹੈ। ਕੋਈ ਸ਼ੈ ਸੁਰਤ ਨੂੰ ਇਨੀ ਛੇਤੀ ਰਸਾਤਲ ਨਹੀਂ ਲੈ ਜਾਂਦੀ ਜਿੰਨੀ ਛੇਤੀ ਇਹ ਲੈ ਜਾਂਦੀ ਹੈ। 'ਵਾਹਿਗੁਰੂ' ਨਾਮ ਦੇ ਪਿਆਰੇ ਧਿਆਨੀਆਂ ਦੇ ਹਿਰਦੇ ਵਿਚ ਪ੍ਰੇਮ ਚਾਹੀਦਾ ਹੈ ਅਰ ਸਤਿਸੰਗ ਦੇ ਦਾਇਰੇ ਵਿਚ ਸੁਧਾ ਪ੍ਰੇਮ। ਜਦ ਸਤਿਸੰਗ ਵਿਚ ਕਿਸੇ ਨਾਲ ਈਰਖਾ ਦਾ ਸੰਕਲਪ ਫੁਰਿਆ, ਆਪਣੀ ਸੁਰਤ ਹੇਠਾਂ ਆ ਜਾਂਦੀ ਹੈ, ਫੇਰ ਚੜਦੀ ਨਹੀਂ ਹੈ।

ਇਹ 'ਹਰਿ-ਧਨ' ਦਾਤ ਹੈ, ਜਿਸਨੂੰ ਇਹ ਮਿਲਦੀ ਹੈ, ਉਸ ਪਰ ਗੁਰੂ ਕ੍ਰਿਪਾਲੂ ਹੁੰਦਾ ਹੈ। ਜਦ ਕਿਸੇ ਸਤਿਸੰਗੀ ਦੀ ਉੱਚੀ ਸੁਰਤਿ ਦੇਖੀਏ, ਸਮਝੀਏ ਕਿ ਇਹ ਸਤਿਗੁਰੂ ਨੇ ਖਿਚਕੇ ਉਤਾਂਹ ਕੀਤੀ ਹੈ, ਅਰ ਆਪ ਵਿਚ ਹੈ। ਹੁਣ ਸੋਚਣ ਦੀ ਗਲ ਇਹ ਹੈ ਕਿ ਜਿਥੇ ਸਤਿਗੁਰੂ ਆ ਗਿਆ ਹੈ, ਉਥੇ ਸਾਡਾ ਸਿਰ ਝੁਕਣਾ ਤੇ ਪ੍ਰੇਮ ਨਾਲ ਉਤਸਾਹਤ ਹੋਣਾ ਚਾਹੀਏ ਕਿ ਈਰਖਾ ਪੈਦਾ ਹੋਵੇ? ਈਰਖਾ ਪੈਣ ਨਾਲ (ਧਿਆਨ ਦੇਣਾ) ਉਹ ਈਰਖਾ ਸਤਿਸੰਗ ਨਾਲ ਪਏਗੀ, ਸਤਿਗੁਰੂ ਨਾਲ ਪਏਗੀ, ਫਿਰ ਸਾਡਾ ਥਾਂ ਕਿਥੇ ਹੈ ਜੇ ਪ੍ਰੀਤਮ ਨਾਲ ਹੀ ਪ੍ਰੇਮ ਦੀ ਥਾਂ ਈਰਖਾ ਆ ਗਈ।

ਦੂਸਰੀ ਵੀਚਾਰ ਇਹ ਚਾਹੀਏ ਕਿ ਜੇ ਗੁਰਮੁਖ ਕਿਸੇ ਪਰ ਮਿਹਰ ਕਰ ਰਹੇ ਹਨ ਤਾਂ ਸਾਡੀ ਖੁਸ਼ੀ ਉਮੰਗਣੀ ਚਾਹੀਏ। ਜੇ ਈਰਖਾ ਪੈਂਦੀ ਹੈ ਤਾਂ ਅਸੀਂ ਗੁਰਮੁਖ ਦੀ ਭੁੱਲ ਕੱਢ ਰਹੇ ਹਾਂ। ਫਿਰ ਜੇ ਅਸੀਂ ਭੁੱਲ

ਕੱਢ ਸਕਦੇ ਹਾਂ ਤੇ ਸਿਖਿਆ ਦੇ ਸਕਦੇ ਹਾਂ ਤਾਂ ਅਸੀਂ ਉਸਦੇ ਗੁਰੂ ਹੋਏ, ਦੇਖੋ! ਕਿਸ ਤਰ੍ਹਾਂ ਪਾਸਾ ਪਲਟ ਜਾਂਦਾ ਹੈ। ਫੇਰ ਅਸੀਂ ਗੁਰੂ ਦੇ ਭੰਡਾਰ ਤੇ ਗੁਰਮੁਖ ਦੀ ਵੰਡ ਨੂੰ ਛੋਟਾ ਸਮਝ ਰਹੇ ਹਾਂ:-

**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ**
**ਫਿਰਿ ਲੇਖਾ ਮੂਲਿ ਨ ਲਇਆ॥**
(ਸੋਰ. ਮ. ੫, ਪੰਨਾ-੬੧੨)

ਇਹ ਨਿਖੁੱਟਣ ਵਾਲੀ ਦਾਤ ਨਹੀਂ। ਇਕ ਅੰਮ੍ਰਿਤ ਦਾ ਦਰਿਯਾ ਵਗ ਰਿਹਾ ਹੈ। ਜੇ ਕੋਈ ਹੋਰ ਇਸ ਦਰਿਯਾ ਤੋਂ ਦਸ ਗਾਗਰਾਂ ਭਰ ਰਿਹਾ ਹੈ ਤਾਂ ਖੁਸ਼ ਹੋਵੀਏ ਤੇ ਜੇ ਖੁਸ਼ ਨਾ ਹੋਵੀਏ ਤਾਂ ਅਸੀਂ ਦਰਿਆ ਨੂੰ ਟੋਇਆ ਸਮਝ ਰਹੇ ਹਾਂ ਜੋ ਮੁੱਕ ਜਾਏਗਾ, ਪਰ ਦਰਿਯਾ ਅਮੁੱਕ ਹੈ। ਅਸੀਂ ਜਿਤਨਾਂ ਵਧੀਕ ਪੀ ਸਕੀਏ ਪੀਵੀਏ। ਗੁਰੂ ਨਾਨਕ ਦੇਵ ਦਾ ਘਰ ਸਮੁੰਦਰ ਹੈ। ਜਿੰਨੇ ਵਧੀਕ ਪੀਣ ਉੱਨੀ ਸਾਡੇ ਅੰਦਰ ਠੰਢ ਪਵੇ ਕਿ ਸ਼ੁਕਰ ਹੈ ਮੇਰੇ ਵਰਗੇ ਹੋਰ ਜੀਵ ਵੀ ਸੁਖ ਪਾ ਰਹੇ ਹਨ। ਇਹ ਤੌਖਲਾ ਕਦੇ ਨਾ ਕਰੀਏ ਕਿ ਮੈਂ ਪਿਛੇ ਰਹਿ ਜਾਂਊਂ, ਜਾਂ ਦਾਤਾ ਜੀ ਦਾ ਰੁਖ਼ ਹੋਰ ਪਾਸੇ ਹੋ ਗਿਆ ਹੈ, ਉਧਰ ਮਿਹਰ ਹੈ ਤੇ ਮੈਨੂੰ ਹੁਣ ਕੌਣ ਮਦਦ ਦੇਊ। ਏਹ ਤੌਖਲੇ ਦਾਤਾ ਜੀ ਦੀ ਤੇ ਸਤਿਗੁਰੂ ਜੀ ਦੀ ਨਿਊਨਤਾ ਕਰਦੇ ਹਨ। "**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥**" (੬੦੮)

ਇਹ ਦ੍ਰਿਸ਼ਟੀ ਚਾਹੀਦੀ ਹੈ। ਸੁਰਤੇ ਸਾਈਂ ਲੋਕ ਇਕ ਖਿਣ ਇਕੋ ਵਕਤ ਵਿਚ ਲਖਾਂ ਸਜਣਾਂ ਦੀ ਸੁਰਤਿ ਨੂੰ ਇਕ ਦਮ ਚੁੱਕ ਸਕਦੇ ਹਨ। ਸਤਿਗੁਰ ਆਖਦੇ ਹਨ:-

**ਜਿਸੁ ਅੰਦਰਿ ਤਾਤਿ ਪਰਾਈ ਹੋਵੈ**
**ਤਿਸ ਦਾ ਕਦੇ ਨ ਹੋਵੀ ਭਲਾ॥**
(੩੦੮)

ਇਹ ਈਰਖਾ ਜਿਸ ਨਾਲ ਕਰੀਦੀ ਹੈ ਉਹਦਾ ਤਾਂ ਖਬਰੇ ਕਦ ਨੁਕਸਾਨ ਕਰਸੀ, ਆਪਣੀ ਸੁਰਤ ਉਸੇ ਦਮ ਪਤਾਲ ਨੂੰ ਜਾਂਦੀ ਹੈ, ਆਪਣਾ ਭਲਾ ਮਾਰਿਆ ਜਾਂਦਾ ਹੈ। ਸਾਧ ਸੰਗਤ ਵਿਚ ਪੈਰ ਧਰਨੇ ਦਾ ਪਹਿਲਾ ਅਸੂਲ ਇਸਨੂੰ ਜਿੱਤਣੇ ਦਾ ਹੈ। ਸਤਿਗੁਰ ਆਖਦੇ ਹਨ:-


www.sikhbookclub.com

**ਬਿਸਰਿ ਗਈ ਸਭ ਤਾਤਿ ਪਰਾਈ।**
**ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥**
**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ॥**
(ਕਾਨ. ਮ. ੫, ਪੰਨਾ-੧੨੯੯)

ਇਹ ਸਤਿਸੰਗ ਦਾ ਮੰਡਲ ਹੈ ਜੋ ਪ੍ਰੇਮ ਦਾ ਹੁੰਦਾ ਹੈ, ਇਸ ਵਿਚ ਤੌਖਲੇ ਭਰਮ ਨੂੰ ਕੋਈ ਥਾਂ ਨਹੀਂ। ਈਰਖਾ ਬੀ ਤੌਖਲੇ ਤੋਂ ਪੈਦਾ ਹੁੰਦੀ ਹੈ। ਜਨਮ ਜਨਮ ਤੋਂ ਤੌਖਲੇ ਵਿਚ ਵਧੇ ਹੋਏ ਜਦ ਅਸੀਂ ਸਤਿਸੰਗ ਵਿਚ ਆਉਂਦੇ ਹਾਂ ਤਾਂ ਉਥੇ ਬੀ ਇਹ ਭਰਮ ਪੈਂਦਾ ਹੈ ਕਿ ਮਤਾਂ ਮੈਂ ਪਿਛੇ ਨਾਂ ਰਹਿ ਜਾਵਾਂ ਤੇ ਕੋਈ ਮੈਥੋਂ ਅੱਗੇ ਨਾਂ ਲੰਘ ਜਾਵੇ। ਇਹ ਪਿਛਲੇ ਚੰਡਾਲਾਂ ਦੇ ਪਿੰਡ ਦੀ ਬਾਣ ਹੈ, ਜਿਸ ਵਿਚ ਅਸੀਂ ਪਹਿਲੇ ਵਸਦੇ ਰਹੇ ਹਾਂ, ਗੁਰੂ ਨਾਨਕ ਦੇ ਪਿੰਡ ਵਿਚ ਏਸਦੀ ਹੁਣ ਕੋਈ ਥਾਂ ਨਹੀਂ। ਏਥੇ ਗੁਰੂ ਨਾਨਕ ਦਾ ਸੁਭਾ ਟੁਰਦਾ ਹੈ, ਉਹ ਪ੍ਰੇਮ, ਠੰਢ, ਖੁਸ਼ੀ, ਉਮਾਹ, ਦਯਾ, ਰਸ ਤੇ ਅਨੰਦ ਹੈ, ਜਿਸਦੀ ਜੜ੍ਹ ਸਿਮਰਨ ਤੇ ਹਜ਼ੂਰੀ ਵਿਚ ਲੱਗੀ ਹੋਈ ਹੈ।

ਏਸ ਘਰ ਦਾ ਸੰਸਾਰ ਤੋਂ ਪੁੱਠਾ ਰਾਹ ਹੈ। ਜੇ ਦਾਤਾ ਜੀ ਕਿਸੇ ਪਰ ਵਧੀਕ ਕ੍ਰਿਪਾਲ ਦਿਸਦੇ ਹਨ ਤਾਂ ਖੁਸ਼ੀ ਦਾ ਨਸ਼ਾ ਚੜ ਜਾਵੇ ਕਿ ਆਹ! ਸਾਡੇ ਵਿਚੋਂ ਕੋਈ ਰੂਹ ਪੁੱਗਣ ਲਗੀ ਹੈ, ਇਹ ਚੰਗਾ ਹੈ, ਕਿਉਂਕਿ ਚੰਗੇ ਨੂੰ ਚੰਗਾ ਲਗ ਗਿਆ ਹੈ। ਆਓ, ਇਸਦੇ ਚਰਨਾਂ ਦੀ ਧੂੜੀ ਬਣੀਏ ਜੋ ਸਾਡੀ ਚੰਗਿਆਈ ਵੰਧ ਜਾਵੇ। ਜਿਸ ਵਲ ਸਤਿਗੁਰ ਦੀ ਪਿਆਰ ਦੀ ਨਿਗਾਹ ਹੈ, ਜੇ ਅਸੀਂ ਸਤਿਗੁਰ ਦੇ ਪਿਆਰੇ ਹਾਂ ਤਾਂ ਉਸ ਪਾਸੇ ਸਾਡੀ ਪਿਆਰ ਦੀ ਨਿਗਾਹ ਪਵੇ। ਇਹ ਵਹਿਮ ਕਦੇ ਨਾਂ ਕਰੋ ਕਿ ਸਤਿਗੁਰੂ ਕਿਸੇ ਖੁਸ਼ਾਮਦ, ਰੂਪ, ਪਦਾਰਥ, ਖ਼ਾਤਰ ਨਾਲ ਭੁਲੇਖੇ ਵਿਚ ਪੈ ਸਕਦਾ ਹੈ। ਗੁਰੂ ਤੇ ਕਰਤਾਰ ਅਭੁੱਲ ਹੁੰਦੇ ਹਨ। ਪੂਰਾ ਕਰਨ ਵਾਲਾ ਗੁਰੂ ਨਾਨਕ ਆਪ ਹੈ, ਫਿਰ ਭੁਲ ਕਿੱਥੇ? ਤਾਂ ਤੇ ਸਦਾ ਸਤਿਗੁਰੂ ਨੂੰ ਚੰਗਾ ਤੇ ਉੱਚਾ ਕਰਕੇ ਜਾਣੀਏ।

ਜ਼ਿੰਦਾ ਸੁਰਤ ਵਾਲੇ ਜੀਂਦੇ ਹਨ, ਜਨਮ ਲੈਕੇ ਸੁਰਤ ਜਿਵਾ ਲੈਣੀ ਫਰਜ਼ ਹੈ, ਸਹਿਜ ਭਾਉ ਵਿਚ ਸੁਰਤ ਨੂੰ ਸਾਈਂ ਦੇ ਚਰਨਾਂ ਵਿਚ ਰੱਖਕੇ ਆਨੰਦ ਰਹੋ। ਦੁਖ ਸੁਖ ਸਰੀਰਾਂ ਦੇ ਧਰਮ ਹਨ। ਜੇ ਸੁਰਤ ਜੀਉਂਦੀ


www.sikhbookclub.com

ਤੇ ਰਸ ਵਿਚ ਹੈ, ਤਾਂ ਦੁਖ ਸੰਤਾਪ ਨਹੀਂ ਦਿੰਦਾ ਅਰ ਦੁਖ ਦੇ ਬਾਅਦ ਸੁਰਤਿ ਉੱਚੀ ਹੋਇਆ ਕਰਦੀ ਹੈ। ਜ਼ਿੰਦਾ ਦਿਲ ਹੋ ਜਾਣਾ ਹੀ ਜੀਉਣਾ ਹੈ, ਮੁਰਦਾ ਦਿਲ ਸੰਸਾਰ ਜੀਉ ਨਹੀਂ ਰਿਹਾ, ਨਾ ਸੁਖੀ ਹੈ। ਓਹ ਅਸਲ ਤਾਪੀ (ਤਾਪ ਗ੍ਰਸਤ ਰੋਗੀ) ਹਨ ਜੋ ਵਾਹਿਗੁਰੂ ਸਿਮਰਨ ਤੋਂ ਬਾਹਰ ਹਨ। ਸੁਰਤ ਚੰਗੀ ਰਹੇ ਤਾਂ ਲਾਹਾ ਹੈ, ਦੁਖ ਬੀ ਬਲ ਨਹੀਂ ਪਾਂਦਾ ਤੇ ਸਹਿਜੇ ਲੰਘ ਜਾਂਦਾ ਹੈ। ਜਿਸ ਸਤਿਗੁਰੂ ਨਾਨਕ ਦੀ ਮਿਹਰ ਹੈ ਉਸਦੇ ਚਰਨਾਂ ਕਵਲਾਂ ਦੇ ਧਿਆਨ ਵਿਚ ਸਹਿਜ ਭਾਵ੍ਰ, ਹਜ਼ੂਰੀ ਵਿਚ ਵਸਿਆਂ ਸੁਖ ਹੈ, ਸਤਿਗੁਰੂ ਅੱਗੇ ਅਰਦਾਸ ਕਰੋ; ਪਰ ਸੁਰਤਿ ਦੇ ਰੰਗ ਵਿਚ। ਉਹ ਵਿਸਰੇ ਨਾਂ ਤੇ ਰੋਗ ਨੂੰ ਆਪ ਹੀ ਦੂਰ ਕਰੇ।

(ਪਹਿਲੀ ਵਾਰ-ਖਾ. ਸ. ੧੪ ਜੁਲਾਈ, ੧੯੧੧,
ਦੂਜੀ ਵਾਰ-ਖਾ. ਸ. ੧੮ ਮਈ, ੧੯੭੨ ਅਤੇ
ਤੀਜੀ ਵਾਰ-ਖਾ. ਸ. ੧੫ ਮਈ, ੨੦੦੮)

## ਹਸਦ

ਫੁੱਲ ਅਸੀਂ ਸਾਂ ਸੂਹਲ ਤੇ ਪਜਾਰ ਵਾਲੇ,
ਹਸਦ ਵਾਲਿਆਂ ਨੂੰ ਰੜਕੇ ਖਾਰ ਵਾਂਙੂ;
ਅਸਾਂ ਚਿਤਵਿਆ ਨਾ ਮੰਦਾ ਕਦੇ ਕਿਸਦਾ,
ਬੁਰਾ ਕੀਤਾ ਨ ਕਦੇ ਬੁਰਿਆਰ ਵਾਂਙੂ;
ਤਾਤ ਆਉਂਦੀ ਨੂੰ ਬਾਹਰੋਂ ਹੀ ਫੇਰ ਦਿੱਤਾ,
ਪਹਿਰਾ ਦਿਤਾ ਸੀ ਸਿਪਾਹਸਲਾਰ ਵਾਂਙੂ।
ਹਾਸਦ ਹਸਦ ਤੋਂ ਟਲੇ ਨਾ ਕਦੇ, ਲੋਕੋ!
ਕਰੋ ਪਜਾਰ ਚਾਹੇ ਦਿਲਦਾਰ ਵਾਂਙੂ॥੪੭॥

(ਸਾਹਿਤਕ ਕਲੀਆਂ)

 www.sikhbookclub.com

## 29. ਗੁਰਮੁਖ ਪੱਤ੍ਰ (ਜੀਉਂਦਾ ਆਤਮ ਜੀਵਨ)

**ਪਿਆਰੇ ਜੀ**!

ਸਾਧਨ ਦੇ ਤਰੀਕੇ ਸਾਂਈਂ ਮਿਲਣ ਦੇ ਨਾ ਮੈਂ ਜਾਣਦਾ ਹਾਂ ਤੇ ਜੋ ਸੁਣਦਾ ਹਾਂ ਉਹਨਾਂ ਨੂੰ ਮੁਰਦਾ ਪ੍ਰਯਤਨ ਸਮਝਦਾ ਹਾਂ। ਉਹ ਬੰਦੇ ਨੂੰ ਜੀਵਾਲ ਨਹੀਂ ਸਕਦੇ। ਸਾਧਨਾਂ ਨਾਲ ਬੰਦਾ ਨੇਕ ਹੋ ਸਕਦਾ ਹੈ, ਨੇਮੀ, ਧਰਮੀ, ਜਪੀ, ਤਪੀ ਹੋ ਸਕਦਾ ਹੈ, ਪਰ ਏਹ ਸਭ ਕੁਛ ਭੀ ਮੁਰਦਾ ਪਨੇ ਦੇ ਹੀ ਦਰਜੇ ਹਨ। ਜੀਉ ਪੈਣਾ ਅਰਥਾਤ ਆਤਮ ਜੀਵਨ ਦਾ ਪੈਦਾ ਹੋਣਾ ਇਹ ਸਾਧਨਾ ਦੇ ਵੱਸ ਨਹੀਂ; ਕਦੇ ਮਿੱਟੀ ਤੇ ਓਸ (ਤ੍ਰੇਲ) ਦੇ ਕਿਣਕੇ ਆਪੇ ਬ੍ਰਿਛ ਬਣ ਸਕੇ ਹਨ? ਬ੍ਰਿਛ ਜਿੰਨਾਂ ਮਿੱਟੀ ਦੇ ਕਿਣਕਿਆਂ ਨੂੰ ਖਿੱਚੇ, ਉਹਨਾਂ ਨੂੰ ਆਪਣੇ ਵਿਚ ਖਿੱਚ ਕੇ ਆਪਣੇ ਵਰਗਾ ਜੀਉਂਦਾ ਕਰ ਸਕਦਾ ਹੈ।

ਗਲ ਤਾਂ ਕਠਨ ਹੈ, ਖਿਆਲ ਦੇ ਕੇ ਸਮਝਣੀ, ਤੁਸੀਂ ਤ੍ਰਬ੍ਰਕਣਾ ਨਾਂ ਕਿ ਨੇਕੀ ਤੇ ਧਰਮ ਨੂੰ ਮੈਂ — 'ਮੁਰਦਾ' ਆਖਦਾ ਹਾਂ। ਇਸਦਾ ਇਹ ਅਰਥ ਨਹੀਂ ਕਿ ਨੇਕੀ ਤੇ ਧਰਮ ਨੂੰ ਮੈਂ ਚੰਗਾ ਨਹੀਂ ਜਾਣਦਾ। ਤੇ ਸ਼ੁਧ ਆਚਰਨ ਨੂੰ ਮੈਂ ਪਸੰਦ ਨਹੀਂ ਕਰਦਾ। ਸ਼ਾਇਦ ਇਨ੍ਹਾਂ ਗਲਾਂ ਨੂੰ ਜਿੰਨਾਂ ਮੈਂ ਪਿਆਰ ਕਰਦਾ ਹਾਂ ਉਹ ਕਥਨ ਨਹੀਂ ਕਰ ਸਕਦਾ। ਮੇਰਾ ਮਤਲਬ ਇਹ ਹੈ ਕਿ ਸਾਡੇ ਨੇਮ, ਧਰਮ, ਨੇਕੀਆਂ, ਆਚਰਣ, ਪਾਠ ਉਚੇ ਤੋਂ ਉਚੇ ਸੁੰਦਰ ਮੰਦਰ ਹਨ, ਇਹ ਹੀਰੇ ਤੇ ਲਾਲ ਹਨ ਪਰ ਜੈਸਾ ਕਿ ਮੈਂ "**ਪ੍ਰੀਤਮ ਜੀ**"* ਵਿਚ ਦੱਸਿਆ ਹੈ ਇਹ ਜੀਉਂਦੇ ਨਹੀਂ ਹਨ। ਇਕ ਧਰਤੀ ਤੇ ਉੱਗੀ ਬੂਟੀ ਇਕ ਰਿੜ੍ਹਦੀ ਕੀੜੀ ਨਾਲੋਂ ਅਮੋਲਕ ਨਹੀਂ ਹੈ। ਕਿਉਂਕਿ

---

* ਕਲਗੀਧਰ ਚਮਤਕਾਰ-1 ਦਾ 34ਵਾਂ ਅਧਿਆਇ।

 www.sikhbookclub.com

ਏਹ ਜੀਉਂਦੀਆਂ ਹਨ। ਹੀਰਾ ਮੁਰਦਾ ਸ਼ੈ ਹੈ ਪਰ "ਘਾਸ ਦੇ ਤੀਲੇ" ਤੇ "ਕੀੜੀ" ਜੀਉਂਦੀਆਂ ਵਸਤਾਂ ਹਨ। ਇਸ ਤਰ੍ਹਾਂ ਸਾਡੀ ਨੇਕੀ, ਸਾਡੇ ਸਾਧਨਾਂ ਨਾਲ ਪੈਦਾ ਕੀਤੇ ਧਰਮ, ਕਰਮ, ਨੇਮ, ਜਪ, ਆਚਰਨ ਆਦਿ ਹੀਰਿਆਂ ਵਰਗੇ ਅਮੋਲਕ ਹਨ, ਪਰ ਮੁਰਦਾ ਹਨ, ਰੂਹਾਨੀ ਜ਼ਿੰਦਗੀ ਕਿਣਕੇ ਜਿੰਨੀ ਬੀ ਇਕ ਜੀਉਂਦੀ ਤਾਕਤ ਹੈ ਇਸ ਜਿੰਦ ਦਾ ਗੁਰੂ ਜੀ ਨੇ ਇਹ ਪਤਾ ਦਿਤਾ ਹੈ, "**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ**"। (ਸੂ. ਮ. ੫, ਪੰਨਾ-੭੮੯)

ਇਹ ਜੀਅ ਜੋ ਹੈ ਦਾਨ ਹੈ, ਅਰ ਸਾਡੇ ਸਾਧਨਾਂ ਨਾਲ ਸ਼ੁਭ ਕਰਮ ਨਾਲ ਪੈਦਾ ਕੀਤੀ ਨੇਕੀ ਦੇ ਮੁਕਾਬਲੇ ਤੇ ਜੀਉਂਦੀ ਤਾਕਤ ਹੈ। ਓਹ ਇਸਦੇ ਸਾਹਮਣੇ ਮੁਰਦਾ ਸ਼ੈ ਹਨ, ਇਸ ਕਰਕੇ ਸਤਿਗੁਰੂ ਨੇ ਸਾਡੀਆਂ ਨੇਕੀਆਂ, ਜਪਾਂ, ਤਪਾਂ, ਨੇਮਾਂ, ਧਰਮਾਂ, ਖੁਸ਼ੀਆਂ, ਸੁਖਾਂ, ਵਡਿਆਈਆਂ, ਅਮੀਰੀਆਂ, ਇੱਜ਼ਤਾਂ ਸਭ ਨੂੰ ਮੁਰਦਾ ਜਾਣ ਕੇ ਜੀਵਨ ਦੀ ਇਕ ਨਿਮਖ ਤੋਂ ਸਦਕੇ ਕਰਕੇ ਸਿਟ ਦੇਣਾ ਲਿਖਿਆ ਹੈ।

**ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ**<br>
**ਮੂਸਨ ਨਿਮਖਕ ਪ੍ਰੇਮ ਪਰ ਵਾਰਿ ਵਾਰਿ ਦੇਂਉ ਸਰਬ॥**<br>
(ਚਉ. ਬੋ. ਮ. ੫, ਪੰਨਾ-੧੩੬੪)

ਬੇਸ਼ਕ ਅਮੀਰਾਂ ਦੀ ਨਜ਼ਰ ਵਿਚ ਹੀਰਾ ਅਮੋਲਕ ਹੈ ਪਰ ਜਿਸਨੂੰ ਜ਼ਿੰਦਗੀ ਦੀ ਕਦਰ ਹੈ, ਜੋ ਮੁਰਦਾ-ਖਾਣੀ ਸ੍ਰਿਸ਼ਟੀ ਵਿਚ ਜੀਵਨ ਲੱਭਦਾ ਹੈ, ਉਹ ਇਕ ਚੰਬੇਲੀ ਦੇ ਫੁਲ ਦੇ ਸਾਹਮਣੇ ਹੀਰੇ ਨੂੰ ਠੋਕ ਠੋਕ ਕੇ ਮੁਰਦਾ ਆਖਦਾ ਹੈ।

ਹੁਣ ਤੁਸੀਂ ਆਖੋਗੇ ਕਿ ਜੀਵਨ ਕਿੱਥੋਂ ਲੱਭੇ। ਇਸ ਦਾ ਕੋਈ ਸਾਧਨ? ਮੈਂ ਡੰਕੇ ਦੀ ਚੋਟ ਨਾਲ ਆਖਦਾ ਹਾਂ, ਅਸੀਂ ਕਰਦੇ ਹਾਂ ਮੁਰਦਿਆਂ ਦੇ ਸਾਧਨ ਜੋ ਮੁਰਦਿਹਾਨ ਤੀਕ ਪਹੁੰਚਾ ਸਕਦੇ ਹਨ। ਜੀਵਨ ਕਿਥੋਂ ਪੈਦਾ ਕਰ ਸਕਦੇ ਹਨ? ਤੁਸੀਂ ਦਸੋ ਕਦੇ ਕੋਈ ਅਰੂੜੀ ਦੀ ਮੁੱਠ ਆਪਣੇ ਸਾਧਨ ਨਾਲ ਗੁਲਾਬ ਦਾ ਬੂਟਾ ਬਣ ਗਈ ਹੈ? ਕਦੇ ਕੋਈ ਬਾਂਦਰ ਕਿਸੇ ਸਾਧਨ ਨਾਲ ਆਦਮੀ ਬਣ ਗਿਆ ਹੈ? ਇਸੇ ਤਰ੍ਹਾਂ ਅਸੀਂ ਕਿਸੇ ਸਾਧਨ ਨਾਲ ਜੀਉਂਦੇ ਹੋ ਕੇ ਰੱਬ ਦੀ ਆਤਮ ਸ੍ਰਿਸ਼ਟੀ ਦੇ ਦੇਉਤੇ ਕਿੱਕੂੰ ਬਣ ਸਕਦੇ ਹਾਂ? ਹਾਂ ਜੇ ਕੋਈ ਗੁਲਾਬ ਦਾ ਬੂਟਾ ਅਰੂੜੀ ਨੂੰ ਆਪਣੀਆਂ ਜੜ੍ਹਾਂ ਨਾਲ ਆਪਣੇ ਵਿਚ ਖਿੱਚ

 www.sikhbookclub.com

ਲਵੇ ਤੇ ਜੀਊਂਦੇ ਫੁਲ ਬਣਾ ਦੇਵੇ। ਇਸੇ ਤਰ੍ਹਾਂ ਸਦਾ ਜੀਉਂਦੇ ਸਦਾ ਜਾਗਦੇ ਆਤਮ ਜੀਵਨ ਦਾ ਮਾਲਕ ਵਾਹਿਗੁਰੂ ਜੇ ਸਾਨੂੰ ਆਪਣੇ ਵਿਚ ਲੈ ਲਵੇ ਆਪਣੇ ਜ਼ਿੰਦਗੀ-ਬਖਸ਼ ਲਹਿਰੇ ਸਾਡੇ ਵਿਚ ਘੱਲੇ ਤਾਂ ਅਸੀਂ ਜੀਉ ਪਈਏ। ਇਸਨੂੰ ਨਦਰ ਆਖਦੇ ਹਨ:-"**ਮੈ ਉਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ॥**" (ਵਡ. ਮ. ੪, ਪੰਨਾ-੫੬੧)

ਇਹ ਵਾਹਿਗੁਰੂ ਜੀ ਦੀ ਬਖਸ਼ਿਸ਼ ਹੈ, ਉਸ ਦੀ ਨਦਰ ਹੈ। ਜਿਸ ਨੂੰ ਚਾਹੇ ਜਿਵਾ ਲਵੇ। ਹੁਣ ਆਖੀਦਾ ਹੈ: ਪਈ ਤਦ ਸਾਡੇ ਲਈ ਕੋਈ ਆਸ ਬਾਕੀ ਨਾਹ ਰਹੀ, ਅਸਾਂ ਵਿਚ ਜੀਵਨ ਨਹੀਂ ਹੈ, ਅਸੀਂ ਮੁਰਦੇ ਹਾਂ, ਸਾਡੇ ਸਾਧਨ ਮੁਰਦੇ ਹਨ, ਅਸੀਂ ਕੁਛ ਨਹੀਂ ਕਰ ਸਕਦੇ। ਰੱਬ ਦੀ ਮਿਹਰ ਸਾਡੇ ਵੱਸ ਨਹੀਂ। ਇਸ ਕਰਕੇ ਨਿਰਾਸ ਹੋ ਜਾਈਏ? ਇਹ ਗਲ ਨਹੀਂ, ਗਲ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਵਿਉਂਤ ਵਿਚ ਰਖ ਦੇਈਏ ਕਿ ਸਾਥੋਂ ਉਚੇਰਾ ਮੰਡਲ ਅਰਥਾਤ ਆਤਮ ਜੀਵਨ ਸਾਡੇ ਵਿਚ ਫੂਕ ਮਾਰਕੇ ਸਾਨੂੰ ਜੀਵਾਲੇ ਅਰ ਅਸਾਂ ਵਿਚ ਉਸਦੇ ਲਹਿਰੇ ਆ ਆ ਕੇ ਸਾਨੂੰ ਆਤਮ ਜੀਵਨ ਵਿਚ ਮੌਲਾਈ ਤੇ ਵਧਾਈ ਜਾਣ। ਤੁਸਾਂ ਨੂੰ ਪਤਾ ਹੈ ਕਿ ਇਕ ਬੀਜ ਆਪਣੇ ਲਈ ਕੁਝ ਨਹੀਂ ਕਰ ਸਕਦਾ। ਨਿਮਾਣਾ ਹੋਕੇ ਧਰਤੀ ਵਿਚ ਢਹਿ ਪੈਂਦਾ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ, ਉਹ ਉਥੇ ਧਰਤੀ ਦੀ ਗੋਦ ਵਿਚ ਸੜ ਜਾਂਦਾ ਹੈ, ਆਪਾ ਵਾਰ ਦੇਂਦਾ ਹੈ, ਕੋਈ ਸਾਧਨ, ਕੋਈ ਹਿੰਮਤ, ਕੋਈ ਹੁਜਤ, ਕੋਈ ਦਲੀਲ ਨਹੀਂ ਧਾਰਦਾ। ਧਰਤੀ ਆਪ ਤੋਂ ਆਪ ਉਸ ਨੂੰ ਰਸ ਦੇਂਦੀ ਹੈ, ਉਸ ਵਿਚ ਜੋ ਅੰਕੁਰ ਸੀ, ਉਹ ਫੈਲਦਾ ਹੈ, ਜਦ ਧਰਤੀ ਤੋਂ ਬਾਹਰ ਆ ਜਾਂਦਾ ਹੈ ਤਦ ਰੌਸ਼ਨੀ, ਹਵਾ, ਧੁੱਪ, ਸਾਰੇ ਉਸ ਦੇ ਪਤਿਆਂ ਦੀ ਪਾਲਣਾ ਕਰਦੇ ਹਨ। ਬੂਟਾ ਆਪ ਤੋਂ ਆਪ ਫਿਰ ਵਧਦਾ ਜਾਂਦਾ ਹੈ, ਫੁਲ ਪੈਂਦੇ ਹਨ, ਫਲ ਲਗਦੇ ਹਨ। ਇਸੇ ਤਰ੍ਹਾਂ ਇਕ ਕਣੀ ਜੀਵਨ ਦੀ ਅੰਦਰ ਆ ਜਾਵੇ ਅਰ ਫਿਰ ਇਹ ਬੰਦਾ ਸਾਧਨ ਵਿਚ ਨਾਂ ਪਵੇ, ਚਤੁਰਾਈਆਂ ਛਡ ਦੇਵੇ, ਆਪਣੀ ਅਕਲ ਨੂੰ ਆਪਣੇ ਵਾਧੇ ਦੇ ਫਿਕਰ ਵਿਚ ਨਾ ਲਾਵੇ, ਫਿਕਰ ਤੇ ਚਿੰਤਾ ਖੂਹ ਵਿਚ ਸੁਟ ਪਾਵੇ, ਸੋਚਾਂ ਛਡੇ, ਆਪਣੀਆਂ ਰਾਵਾਂ, ਉਕਤੀਆਂ, ਜੁਗਤੀਆਂ ਤਿਆਗੇ। ਉਸ ਕਿਣਕੇ ਨੂੰ ਅੰਦਰ ਲੈ ਕੇ ਹਰਦਮ ਹਰ ਵੇਲੇ ਸ਼ਾਂਤੀ ਵਲ ਲਾ ਰਖੇ। ਇਹ ਵਹਿਮ ਬਣਕੇ, ਇਹ ਨਿਸਚਾ ਧਾਰਕੇ ਕਿ ਸਾਈਂ ਮੇਰਾ, ਮੇਰਾ ਜੀਵਨ ਦਾਤਾ ਮੇਰੇ ਅੰਦਰ ਹੈ। ਉਸ ਦੇ



www.sikhbookclub.com

ਅੰਦਰ ਹੋਂਦ ਦੀ "ਹੈ" ਦੇ ਖਿਆਲ ਨੂੰ ਦੂਰ ਨਾ ਹੋਣ ਦੇਵੇ- ਇਹ ਖਿਆਲ ਜੋ ਉਸ ਮਾਲਕ ਨਾਲ ਜੋੜਦਾ ਹੈ ਫੇਰ ਮਾਲਕ ਦੇ ਜੀਵਨ ਦੇ ਲਹਿਰੇ ਉਸ ਮਾਲਕ ਦਾ ਆਤਮ ਰਸ ਇਸ ਵਿਚ ਆਕੇ ਏਸਨੂੰ ਪਾਲਦਾ ਹੈ, ਚੰਗੀ ਤਰ੍ਹਾਂ ਸਮਝ ਲੈਣਾ। ਸਾਡਾ ਸਾਧਨ ਸਾਨੂੰ ਆਤਮ ਜੀਵਨ ਵਿਚ ਨਹੀਂ ਪਾਲਦਾ। ਸਾਂਈਂ ਦੀ ਮੇਹਰ ਦਾ ਮੀਂਹ ਜੋ ਹਰ ਵੇਲੇ ਵਸ ਰਿਹਾ ਹੈ, ਉਸ ਦੇ ਅਗੇ ਚਿਤ ਨੂੰ ਵਿਛਾ ਛਡਣਾ, ਉਸ ਅਗੇ ਟਿਬੇ ਨਾ ਬਣਨਾ। ਫਿਰ ਉਹ ਮੀਂਹ ਸੁੰਞੇ ਟੋਇਆਂ ਨੂੰ ਸੁਭਰ ਭਰੇ ਤਲਾ ਬਣਾ ਦੇਂਦਾ ਹੈ। ਅਸੀਂ ਆਪ ਨੂੰ ਪਾਲਣ ਦੇ ਸਮਰਥ ਨਹੀਂ। ਵਾਹਿਗੁਰੂ ਦਾ ਆਤਮ ਮੰਡਲ ਹਰ ਵੇਲੇ ਪਾਲਣ ਦਾ ਸਾਮਾਨ ਲੈ ਕੇ ਖੜਾ ਹੈ। ਸਾਡੇ ਮਨ ਦਾ ਰੁਖ ਉਸ ਤੋਂ ਲਾਭ ਲੈਣ ਦੇ ਉਲਟ ਹੋ ਰਿਹਾ ਹੈ। ਜੇਕਰ ਅਸੀਂ ਆਪਣੇ ਮਨ ਦੇ ਰੁਖ ਨੂੰ ਸਾਂਈਂ ਦੇ ਨਾਲ ਪਿਉਂਦ ਕਰੀਏ ਕਿ ਜਿਕੁਰ ਅਰੂੜੀ ਦਾ ਢੇਰ ਜੜ੍ਹਾਂ ਦੇ ਨਾਲ ਜਾ ਲਗਦਾ ਹੈ। ਫੇਰ ਜੜ੍ਹਾਂ ਵਿਚ ਸਮਰਥਾ ਹੈ ਕਿ ਉਸ ਨੂੰ ਫੁਲ ਬਣਾ ਦੇਵੇ ਤਾਂ ਜੀਉ ਪਈਏ। "ਮਨ ਦਾ ਰੁਖ" ਕੇਵਲ ਇਹ ਗਲ ਹੈ- ਇਹ ਹੈ ਜੋ ਕੁਛ ਹੈ- ਵਾਹਿਗੁਰੂ ਭਰਪੂਰ ਪਿਆਰ ਦਾ ਸੋਮਾ, ਮੁਰਦੇ ਜੀਵਾਣ ਲਈ, ਹਰ ਮੁਰਦਾ ਰੂਹ ਵਿਚ ਜੀਵਨ ਦੀ ਰੌ ਚਲਾਉਣ ਲਈ ਤਿਆਰ ਹੈ। ਆਪਣੇ ਮਨ ਦਾ ਰੁਖ ਅੱਠੇ ਪਹਿਰ ਉਸਦੇ ਪਿਆਰ ਹੇਠ ਰਖੋ। ਉਸ ਦੀ ਤਾਕਤ ਪਾਲੇਗੀ। ਮੈਂ ਸਾਧ, ਫ਼ਕੀਰ, ਸੰਤ, ਮਹਾਤਮਾ, ਸਾਧਕ, ਜ਼ਾਹਦ ਕੁਛ ਨਹੀਂ, ਕਿਉਂਕਿ ਮੇਰਾ ਭਰੋਸਾ ਆਪਣੀਆਂ ਕੋਸ਼ਿਸ਼ਾਂ ਪਰ ਨਹੀਂ, ਮੈਂ ਨੇਕੀ, ਤਪ, ਸਾਧਨ ਧਰਮ ਸਭ ਨੂੰ ਚੰਗਾ ਜਾਣਦਾ ਹਾਂ ਪਰ ਆਤਮ ਜੀਵਨ ਦੇ ਮੁਕਾਬਲੇ ਮੁਰਦਾ ਸਮਝਦਾ ਹਾਂ। ਹਾਂ, ਆਤਮ ਰਸੀਆਂ ਵਿਚ ਇਹ ਹੋਣੇ ਚਾਹੀਦੇ ਹਨ। ਇਹ ਸਭ ਕੁਝ ਸਾਡੇ ਵਿਚ ਹੋਵੇ ਪਰ ਸਾਨੂੰ ਅੰਨ੍ਹਿਆਂ ਨਾ ਕਰ ਦੇਵੇ ਕਿ ਇਹੋ ਸਭ ਕੁਛ ਹੈ ਹੋਰ ਨਹੀਂ। ਇਹ ਮੁਰਦਿਆਂ ਦੇ ਦੇਸ ਦਾ ਉਚੇ ਤੋਂ ਉਚਾ ਮੁਨਾਰਾ ਹੈ, ਪਰ ਇਹ ਜੀਉਂਦਾ ਆਕਾਸ਼ੀ ਸੂਰਜ ਨਹੀਂ।

ਏਸ ਲਈ ਮੇਰੇ ਖਿਆਲ ਵਿਚ ਇਹ ਯਤਨ ਕਰੋ ਕਿ ਮੇਰੇ ਵਿਚ ਜੀਵਨ ਕਣੀ ਆ ਪਵੇ ਤੇ ਫੇਰ ਉਸਦੀ ਨਦਰ-ਮਿਹਰ ਤੇ ਪਿਅਰ ਦੀ ਰੌ ਹਰ ਵੇਲੇ ਹਰ ਸੁਆਸ, ਸੁੱਤੇ, ਬੈਠੇ, ਜਾਗਦੇ ਮੇਰੇ ਵਿਚ ਤੁਣਕੇ ਮਾਰਦੀ ਰਹੇ। ਫੇਰ ਜੀਕੂੰ ਆਪ ਤੋਂ ਆਪ ਇਕ ਕਣੀ ਮਾਤਾ ਦੇ ਉਦਰ ਵਿਚ ਇਕ ਜੀਉਂਦਾ ਜਾਗਦਾ ਸੁੰਦਰ ਲਾਲ ਤੇ ਅਕਲਾਂ ਵਾਲਾ ਮਨੁੱਖ ਬਣ ਜਾਂਦੀ ਹੈ,

 www.sikhbookclub.com

ਬੱਚੇ ਦਾ ਕੱਖ ਉੱਦਮ ਨਹੀਂ, ਕੋਈ ਸਾਧਨ ਨਹੀਂ, ਮਾਤਾ ਦਾ ਖ਼ੂਨ ਆਪ ਤੋਂ ਆਪ ਉਸਨੂੰ ਪਾਲਦਾ ਹੈ। ਤਿਵੇਂ ਆਤਮ ਕੁੱਖ ਵਿਚ ਪੈਕੇ ਅਸੀਂ ਉਸ ਪਿਆਰੇ ਦੇ ਆਪਣੇ ਜ਼ਿੰਦਗੀ ਬਖਸ਼ ਲਹਿਰਿਆਂ ਨਾਲ ਪਲ ਨਿਕਲੀਏ ਤੇ ਸਦਾ ਦੇ ਜੀਵਨ ਨੂੰ ਪਾਕੇ "ਜੀਵੇ" ਹੋ ਜਾਈਏ। ਕਰੀਏ ਕੇਵਲ ਇਹ ਜੇ ਹੋ ਸਕੇ ਤਾਂ, ਕਿ ਆਸ ਕਰੀਏ, ਮੰਗੀਏ, ਪਰ ਕੀਕੂੰ? ਕਾਹਲੇ ਹੋਕੇ ਨਹੀਂ। ਮੰਗੀਏ ਬੀ ਕਾਹਨੂੰ-ਮਨ ਦਾ ਰੁਖ ਮਨ ਦਾ ਝੁਕਾਉ ਉਸ ਪ੍ਰੀਤਮ ਦੇ ਖਿਆਲ ਨਾਲ ਜੋੜ ਛਡੀਏ। ਉਸਦਾ ਅਪਣਾ ਲਹੂ ਸਾਨੂੰ ਪਾਲੇਗਾ। ਉਸਦੀ ਅਪਣੀ ਨਿੱਘ ਸਾਨੂੰ ਉਸਾਰੇਗੀ। ਉਸਦੀ ਜ਼ਿੰਦਗੀ ਸਾਨੂੰ ਜੀਉਂਦਾ ਕਰੇਗੀ। ਸਤਿਗੁਰੂ ਦੀ ਮਤ ਕੇਵਲ ਮੇਰੇ ਅੰਦਰ ਵੱਸੇ।

**ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਏ॥**
(ਸੂ. ਮ. ੫, ਪੰਨਾ-੭੬੧)

ਅਪਣੱਤ ਛਡ ਕੇ ਤੇ ਵਾਹਿਗੁਰੂ ਦੇ ਦਰ ਤੇ ਢਹਿ ਪਈਏ ਤੇ ਦ੍ਰਿੜ ਆਸਾਵੰਦ ਰਹੀਏ ਕਿ ਦਾਤਾ ਆਪ ਜਿਵਾਲੇਗਾ। ਮਨ ਦਾ ਰੁਖ਼ ਕਬੂਲ ਕਰਨ ਵਾਲਾ, ਲੈਣ ਵਾਲਾ, ਮੰਗਤੇ ਵਾਂਙੂ ਜੋ ਹਰ ਵੇਲੇ ਝੋਲੀ ਅੱਡੀ ਰਖਦਾ ਹੈ, ਤੇ ਹਰ ਛਿਨ ਦਾਤ ਲੈਣ ਦਾ ਆਸਵੰਦ ਰਹਿੰਦਾ ਹੈ, ਐਉਂ ਵਾਹਿਗੁਰੂ ਦੇ ਦੁਆਰੇ ਮਨ ਦਾ ਲੈਣ ਦਾ ਆਸਵੰਦ ਰਹਿੰਦਾ ਹੈ, ਐਉਂ ਵਾਹਿਗੁਰੂ ਦੇ ਦੁਆਰੇ ਮਨ ਦਾ ਲੈਣ ਵਾਲਾ ਰੁਖ਼ ਬਣਾ ਕੇ ਹੋਰ ਦਿਲ ਵਿਚੋਂ ਸਹਸ ਸਿਆਣਪਾ ਛੋੜ ਦੇਈਏ। ਜੇਕਰ ਇਹ ਗਲ ਪਸੰਦ ਆਵੇ, ਸੁਭਾਉ ਨਾਲ ਮਿਲੇ, ਤਾਂ ਕਰੋ, ਜ਼ਰੂਰ ਕਰੋ, ਜੇ ਮਾੜੀ ਲਗੇ ਤਾਂ ਤਿਆਗ। ਮੇਰੀ ਹੱਟ ਵਿਚ ਕੋਈ ਸੌਦਾ ਨਹੀਂ, ਇਕੋ 'ਸਖਣੇ ਪਨ' ਦਾ ਵੱਖਰ ਹੈ, ਦਿਲ ਵਿਚ ਮੁਰਦਾਪਨ ਹੈ, ਮੈਂ ਜਾਣ ਲਿਆ ਕਿ ਮੈਂ ਮੁਰਦਾ ਹਾਂ ਅਰ ਮੁਰਦਾ ਆਪ ਨੂੰ ਜੀਵਾਲ ਨਹੀਂ ਸਕਦਾ। ਇਸ ਕਰਕੇ ਮਨ ਨੂੰ ਸੱਖਣਾ ਕਰੀਏ ਤੇ ਦਾਨਾਈਆਂ ਕੱਢੀਏ ਤੇ ਮਨ ਦਾ ਰੁਖ ਐਸਾ ਬਣਾਓ ਕਿ ਜੀਉਂਦੇ ਦੇ ਦਰ ਤੇ ਢਹਿ ਰਹੇ। ਜਿਸਦੀ ਨਜ਼ਰ ਵਿਚ ਜੀਵਨ ਹੈ ਕਿ ਜਿਸਦੀ ਦ੍ਰਿਸ਼ਟੀ ਵਿਚ ਜ਼ਿੰਦਗੀ ਹੈ। ਉਸਦੇ ਆਸਵੰਦ ਬੈਠੇ ਰਹੀਏ:-

**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰਿ॥**
**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰਿ॥੬੧॥** (੧੩੬੭)

ਕਬੀਰ ਕੁਛ ਨਾ ਕਰ ਸਕਿਆ, ਬਜ਼ਾਰਾਂ ਵਿਚ ਨਿਮਾਣਾ ਹੋਕੇ ਲੰਮਾ ਪੈ ਰਿਹਾ, ਰਾਮਾ ਨੰਦ ਜੀ ਜੀਉਂਦੇ ਫਕੀਰ ਦੀ ਠੋਕਰ ਵੱਜੀ। ਉਹ ਠੁਹਕਰ ਜੀਉਂਦੀ ਕਣੀ ਉਨ੍ਹਾਂ ਦੇ ਅੰਦਰ ਪਾ ਗਈ: ਦੇਖੋ ਕਬੀਰ ਜੀਉ ਉਠਿਆ, ਉਸ ਪਿਆਰੇ ਗੁਰੂ ਨਾਨਕ ਦੇ ਰਸਤੇ ਦਿਲ ਵਿਛਾ ਛਡੀਏ, ਕੀ ਜਾਣੀਏ ਜੀਉਂਦੇ ਸਤਿਗੁਰੂ ਨਾਨਕ ਜੀ ਦੀ ਠੁਹਕਰ ਜੀਵਨ ਕਣੀ ਪਾ ਜਾਵੇ। ਇਹੋ ਗਲ ਸਭਨਾਂ ਲਈ ਸਾਂਝੀ ਹੈ, ਪਰ ਨਿਮਾਣਪੁਣੇ ਦਾ ਰਸਤਾ ਹੈ, ਤੇ ਪਿੰਗਲਿਆਂ ਤੇ ਅਪਾਹਜਾਂ ਤੇ ਮੁਰਦਿਆਂ ਲਈ ਹੈ, ਜਿਨ੍ਹਾਂ ਵਿਚ ਮੇਰੇ ਵਾਂਙੂ ਕੋਈ ਨੇਕੀ ਨਹੀਂ, ਕਿਸੇ ਨੇਕੀ ਦਾ ਬਲ ਨਹੀਂ ਅਰ ਅਪਣੇ ਕਿਸੇ ਕਰਮ ਤੇ ਕੋਈ ਟਕ ਨਹੀਂ: "ਕਹ ਪਿੰਗੁਲ ਪਰਬਤ ਪਰ ਭਵਨ॥ ਨਹੀ ਹੋਤ ਊਹਾ ਉਸੁ ਗਵਨ॥ ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥" "**ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ॥ ਪਾਵ ਮਿਲਾਵੇ ਕੋਲਿ ਕਵਲ ਜਿਵੇ ਬਿਗਸਾਵਦੋ॥**" (ਡਖ. ਮ. ੫, ਪੰਨਾ-੧੦੯੯)

(ਪਹਿਲੀ ਵਾਰ-ਇੱਕ ਚਿੱਠੀ ਦੇ ਰੂਪ ਵਿਚ,
ਦੂਜੀ ਵਾਰ-ਖਾ. ਸ. ੧ ਜੂਨ, ੧੯੭੨ ਅਤੇ
ਤੀਜੀ ਵਾਰ-ਖਾ. ਸ. ੨੨ ਮਈ, ੨੦੦੮)

## ਵਿਛਿਆ ਰਹੁ

ਵਿਛ ਜਾ ਵਾਂਙ ਦੁਲੀਚੇ ਦਰ ਤੇ
ਵਿਛਿਆ ਰਹੁ, ਮਨ! ਵਿਛਿਆ ਰਹੁ।

ਜ਼ੋਰ ਨ ਕੋਈ, ਹੱਠ ਨ ਰੱਤੀ,
ਆਪਾ ਭੇਟਾ ਧਰਕੇ ਬਹੁ।

ਧਰਤੀ ਜਿਵੇਂ ਵਿਛੀ ਧਰਿ ਆਸ਼ਾ
ਮਿਹਰਾਂ-ਮੀਂਹ ਉਡੀਕਾਂ ਵਿਚ,

ਮਿਹਰਾਂ-ਮੀਂਹ ਵਸਾਵਣ ਵਾਲਾ
ਤ੍ਰੁਠਸੀ ਆਪੇ ਤੇਰਾ ਸ਼ਹੁ॥੨॥

(ਮੇਰੇ ਸਾਂਈਆਂ ਜੀਓ)

 www.sikhbookclub.com

## 30. ਸਦਾਚਾਰ

**ਦੇਖ ਪਰਾਈਆਂ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥**
(ਭਾ. ਗੁ. ਵਾ. ੨੯/੧੧)

ਭਾਈ ਗੁਰਦਾਸ ਜੀ ਨੇ ਸਦਾਚਾਰ ਦਾ ਜੋ ਸੁਹਣਾ ਚਿਤਰ ਆਪਣੀ ਇਸ ਪੰਕਤੀ ਵਿਚ ਰੂਪਮਾਨ ਕੀਤਾ ਹੈ ਉਹ ਬਹੁਤ ਹੀ ਸੁੰਦਰ ਹੈ। ਸਦਾਚਾਰ ਦੀ ਇਸ ਤੋਂ ਚੰਗੀ ਪ੍ਰਿਭਾਸ਼ਾ ਇਤਨੇ ਥੋੜੇ ਸ਼ਬਦਾਂ ਵਿਚ ਨਹੀਂ ਹੋ ਸਕਦੀ। ਸਦਾਚਾਰ, ਜਿਸ ਨੂੰ ਹਰ ਧਰਮ ਮੁਕਤੀ ਲਈ, ਜੀਵਨ ਲਈ, ਭਗਤੀ ਲਈ, ਗਿਆਨ ਲਈ ਤੇ ਕਰਮ ਲਈ ਵਿਸ਼ੇਸ਼ ਮੰਨਦਾ ਹੈ, ਵਾਸਤਵਿਕ ਉਹ ਸੁਚੱਜੇ ਜੀਵਨ ਦਾ ਇਕ ਮੂਲ ਹੈ। ਮਹਾਤਮਾ ਬੁਧ ਤੇ ਅਸ਼ਟਾਂਗ ਮਾਰਗ ਦਾ ਮੂਲ ਮੰਤਵ ਮਨੁਖ ਨੂੰ ਸਦਾਚਾਰੀ ਬਨਾਉਣਾ ਸੀ। ਕਠਨ ਤਪੱਸਿਆ ਭਾਵੇਂ ਗੁਰਮਤ— ਮਾਰਗ ਦੇ ਅਨੁਕੂਲ ਨਹੀਂ ਹੈ, ਪਰ ਤਾਂ ਵੀ ਬੁਧ ਧਰਮ ਦੇ ਅਨੁਸਾਰ ਸਦਾਚਾਰਕ ਜੀਵਨ ਲਈ ਜ਼ਰੂਰੀ ਹੈ। ਜੈਨ ਪੰਥ ਵੀ ਸਦਾਚਾਰਕ ਜੀਵਨ ਨੂੰ ਮੁਕਤੀ ਦਾ ਸਭ ਤੋਂ ਚੰਗਾ ਤੇ ਪਹਿਲਾ ਸਬਕ ਦੱਸਦਾ ਹੈ। ਮੁਸਲਮ ਮਤ ਤਾਂ ਇਸ ਬਾਰੇ ਬਹੁਤ ਸਖ਼ਤ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਇਕ ਹਦੀਸ ਅਨੁਸਾਰ "ਸ਼ਰਾਬੀ ਜਿਸ ਸਮੇਂ ਸ਼ਰਾਬ ਪੀਂਦਾ ਹੈ, ਚੋਰ ਜਿਸ ਸਮੇਂ ਚੋਰੀ ਕਰਦਾ ਹੈ ਅਤੇ ਡਾਕੂ ਜਿਸ ਸਮੇਂ ਲੁਟਦਾ ਹੈ ਉਹ ਮੁਸਲਮਾਨ ਨਹੀਂ ਰਹਿੰਦਾ"।

ਸਦਾਚਾਰ ਜਿਥੇ ਮਨੁਖ ਨੂੰ ਚੰਗਾ ਬਨਣਾ ਸਿਖਾਉਂਦਾ ਹੈ ਉਥੇ ਉਸ ਨੂੰ ਉਸ ਦੇ ਕਰਤੱਵ, ਜ਼ਿੰਮੇਵਾਰੀਆਂ ਤੇ ਫਰਜ਼ਾਂ ਦੀ ਪਾਲਣਾ ਕਰਨਾ ਵੀ ਸਿਖਾਉਂਦਾ ਹੈ।

 www.sikhbookclub.com

ਇਹ ਸਭ ਜਾਣਦੇ ਹਨ ਕਿ ਪਰਾਇਆ ਧਨ, ਚਾਹੇ ਉਹ ਕਿਸੇ ਵੀ ਪ੍ਰਕਾਰ ਦਾ ਕਿਉਂ ਨਾ ਹੋਵੇ ਉਹ ਆਤਮਾ ਨੂੰ ਮਲੀਨ ਕਰਦਾ ਹੈ। ਸਦਾਚਾਰੀ ਮਨੁੱਖ ਜੇ ਉਹ ਵਾਸਤਵਿਕ ਸਦਾਚਾਰੀ ਹੈ ਤਾਂ ਉਹ ਕਦੇ ਵੀ ਪਰਾਏ ਧਨ ਨੂੰ ਆਪਣਾ ਨਹੀਂ ਸਮਝੇਗਾ ਸਗੋਂ ਹਮੇਸ਼ਾ ਇਹੋ ਚਿਤਵੇਗਾ, "**ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ**" (੧੨੪੯)। ਪਰਾਇਆ ਧਨ ਚਾਹੇ ਉਹ ਨਿਜ ਲਈ ਹੈ ਚਾਹੇ ਆਪਣੇ ਸਬੰਧੀਆਂ ਲਈ, ਉਹ ਪਰਾਇਆ ਹੀ ਰਹਿੰਦਾ ਹੈ। ਸਦਾਚਾਰ ਦਾ ਸਭ ਤੋਂ ਪਹਿਲਾ ਅਸੂਲ ਪਰਾਈ ਅਮਾਨ ਨੂੰ ਹਮੇਸ਼ਾ ਕਰਜ਼ਾ ਸਮਝਣਾ ਹੈ।

ਚੋਰੀ ਕਰਨਾ ਪਾਪ ਹੈ ਤੇ ਪਾਪ ਹੈ ਵੀ ਬੁਰਾ ਪਰ ਪਾਪੀ ਨੂੰ ਪਿਆਰਾ ਲਗਦਾ ਹੈ। "**ਪਾਪੁ ਬੁਰਾ ਪਾਪੀ ਕਉ ਪਿਆਰਾ**" (੯੩੪) ਕਿਉਂ? ਇਸ ਲਈ ਕਿ ਬਿਨਾ ਹੀਲ ਹੁੱਜਤ ਦੇ ਕਾਫ਼ੀ ਧਨ ਪਰਾਪਤ ਹੋ ਜਾਂਦਾ ਹੈ, ਪਰ ਜਿਵੇਂ ਉਪਰ ਹਜ਼ਰਤ ਮੁਹੰਮਦ ਜੀ ਦੀ ਹਦੀਸ ਵਿਚ ਦਸਿਆ ਹੈ ਕਿ ਚੋਰ ਜਿਸ ਸਮੇਂ ਚੋਰੀ ਕਰਦਾ ਹੈ, ਉਹ ਮੁਸਲਮਾਨ ਨਹੀਂ ਰਹਿੰਦਾ, ਇਸ ਤੋਂ ਭਾਵ ਸਪਸ਼ਟ ਹੈ ਕਿ ਚੋਰੀ ਕਰਨ ਵਾਲਾ ਧਾਰਮਿਕ ਜੀਵਨ ਤੋਂ ਵਿਹੀਨ ਹੋ ਜਾਂਦਾ ਹੈ ਤੇ ਬਿਨਾਂ ਧਰਮ ਦੇ ਮਨੁਖ ਦੀ ਗਤੀ ਸੰਭਵ ਨਹੀਂ। ਜੇ ਧਰਮ ਵਿਚ ਚੋਰ ਲਈ ਥਾਂ ਨਹੀਂ ਤਾਂ ਸਦਾਚਾਰਕ ਜੀਵਨ ਵਿਚ ਉਹ ਕਿਵੇਂ ਚੰਗੀ ਥਾਂ ਪ੍ਰਾਪਤ ਕਰ ਸਕਦਾ ਹੈ। ਸੋ 'ਸਦਾਚਾਰ', ਹਰ ਮਨੁਖ ਨੂੰ ਚੋਰੀ ਤੋਂ ਪ੍ਰਹੇਜ਼ ਕਰਨਾ ਸਿਖਾਉਂਦਾ ਹੈ। ਬਿਗਾਨਾ ਮਾਲ ਗੁਰਮਤ ਅਨੁਸਾਰ ਮੁਸਲਮਾਨ ਲਈ ਸੂਰ ਦੇ ਤੇ ਹਿੰਦੂ ਲਈ ਗਊ ਦੇ ਬਰਾਬਰ ਹੈ ਤੇ ਗੁਰੂ ਜਾਂ ਪੀਰ ਦਰਗਾਹ ਵਿਚ ਸਾਡੀ ਬਾਂਹ ਤਾਂ ਹੀ ਫੜ ਸਕਦਾ ਹੈ ਜੇ ਅਸੀਂ ਬਿਗਾਨਾ ਮਾਲ ਬੁਰਾ ਸਮਝੀਏ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥** (੧੪੧)

ਅਨੰਦ ਸਾਹਿਬ ਵਿਚ ਗੁਰੂ ਅਮਰਦਾਸ ਜੀ ਨੇ ਸਦਾਚਾਰਕ ਜੀਵਨ ਦੀਆਂ ਕੁਝ ਵੰਨਗੀਆਂ ਪੇਸ਼ ਕੀਤੀਆਂ ਹਨ, ਜਿਥੇ ਉਹਨਾਂ ਅਖਾਂ, ਕੰਨ, ਸਰਵਨ, ਹਥਾਂ ਤੇ ਪੈਰਾਂ ਨੂੰ ਚੰਗਾ ਬਨਣ ਦਾ ਉਪਦੇਸ਼ ਦਿਤਾ ਹੈ:-

**'ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇਕੈ**
**ਕਿਆ ਤੁਧੁ ਕਰਮੁ ਕਮਾਇਆ'.....**

**'ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ॥'......**

**'ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ'**
(ਰਾਮ. ਅਨੰਦ, ੯੨੨)

ਸਦਾਚਾਰਕ ਮਨੁਖ ਲਈ ਗੁਰਮਤ ਮਾਰਗ ਅਨੁਸਾਰ ਜ਼ਰੂਰੀ ਹੈ ਕਿ ਜੋ ਉਹ ਅੰਦਰੋਂ ਹੈ ਓਹੋ ਹੀ ਉਹ ਬਾਹਰੋਂ ਹੋਵੇ। ਜੇ ਮੂੰਹ ਹੋਵੇ ਚਾਨਣਾ ਤੇ ਦਿਲ ਅੰਧਿਆਰੀ ਰਾਤ ਵਰਗਾ ਕਾਲਾ ਹੋਵੇ ਉਹ ਸਦਾਚਾਰਕ ਮਨੁਖ ਨਹੀਂ ਕਹਾ ਸਕਦਾ। ਗੁਰੂ ਅਮਰਦਾਸ ਜੀ ਉਪਦੇਸ਼ ਦੇਂਦੇ ਹਨ:-

**ਜੀਅਹੁ ਮੈਲੇ ਬਾਹਰਹੁ ਨਿਰਮਲ॥**
**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥**
(ਅਨੰਦ-੧੯, ਪੰਨਾ-੯੧੯)

ਜੋ ਜੀਵ ਅੰਦਰੋਂ ਹੋਰ ਤੇ ਬਾਹਰੋਂ ਹੋਰ ਹਨ ਉਹ ਆਪਣਾ ਅਮੋਲਕ ਜੀਵਨ ਬਿਅਰਥ ਗੁਆ ਰਹੇ ਹਨ। ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਭ ਗੁਰੂ ਸਾਹਿਬਾਨ ਨੇ ਜੋ ਸਾਂਝਾ ਉਪਦੇਸ਼ ਦਿੱਤਾ, ਉਹ ਸਦਾਚਾਰਕ ਜੀਵਨ ਬਿਤੀਤ ਕਰਨ ਦਾ ਸੀ। ਨੌਕਰ ਦਾ ਕੰਮ ਮਾਲਕ ਦਾ ਹੁਕਮ ਮੰਨਣਾ ਹੈ, ਇਹ ਉਸ ਦਾ ਫਰਜ਼ ਵੀ ਹੈ ਤੇ ਕਰਤਵ ਵੀ ਪਰ ਜਦੋਂ ਉਹ ਇਸ ਤਰ੍ਹਾਂ ਨਹੀਂ ਕਰਦਾ ਤਾਂ ਗੁਰੂ ਅੰਗਦ ਦੇਵ ਜੀ ਅਨੁਸਾਰ ਉਸ ਨੌਕਰ ਨੂੰ ਦਰ ਦਰ ਤੋਂ ਜੁਤੀਆਂ ਪੈਂਦੀਆਂ ਹਨ:

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥.....** (੪੭੫)

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ.....** (੪੭੪)

**ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥**
**ਵਜਹੁ ਗਵਾਇ ਅਗਲਾ ਮੁਹੇ ਮੁਹਿ ਪਾਣਾ ਖਾਇ॥** (੪੭੪)

 www.sikhbookclub.com

**ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥**
**ਗਲਾਂ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥**
(ਆਸਾ ਵਾਰ, ੪੭੪)

ਨੌਕਰ ਦਾ ਫਰਜ਼ ਸੇਵਾ ਕਰਨਾ ਹੈ, ਜੁਆਬ ਦੇਣਾ ਨਹੀਂ। ਜਿਸ ਨੌਕਰ ਦੇ ਦਿਲ ਵਿਚ ਆਪਣੇ ਮਾਲਕ ਦਾ ਡਰ ਨਹੀਂ, ਹਰ ਗਲੇ ਮਾਲਕ ਨਾਲ ਬਰਾਬਰੀ ਕਰਦਾ ਹੈ, ਮਨ ਵਿਚ ਗੈਰਤ ਹੈ ਉਹ ਕਿਵੇਂ ਸਾਊ ਨੌਕਰ ਅਖਵਾ ਸਕਦਾ ਹੈ। ਫਿਰ ਚੰਗਾ ਨੌਕਰ ਕਿਵੇਂ ਬਣਿਆ ਜਾਏ।

**"ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ"**
(ਆਸਾ ਵਰ-੪੭੪)

ਕਿਤਨੀ ਸੁੰਦਰ ਉਦਾਹਰਣ ਹੈ ਆਦਰਸ਼ਿਕ ਨੌਕਰ ਦੀ। ਬਸ ਇਹੋ ਹੀ ਸਦਾਚਾਰ ਹੈ।

ਇਹ ਸਭ ਜਾਣਦੇ ਹਨ ਕਿ ਸ਼ਰਾਬ ਸਾਰੀਆਂ ਇੱਲਤਾਂ ਦੀ ਜੜ੍ਹ ਹੈ। ਇਸ ਦੇ ਪੀਣ ਨਾਲ ਮਤ ਵਿਚ ਬਰਲ ਪੈ ਜਾਂਦੀ ਹੈ, ਆਪਣੇ ਬਿਗਾਨੇ ਦੀ ਪਹਿਚਾਨ ਨਹੀਂ ਰਹਿੰਦੀ ਤੇ ਉਸ ਸ਼ਰਾਬੀ ਦਾ ਘਰੋਗੀ ਜੀਵਨ ਨਰਕ ਦੇ ਸਮਾਨ ਹੋ ਜਾਂਦਾ ਹੈ। ਸਾਰੇ ਧਰਮ ਇਸ ਨੂੰ ਬੁਰਾ ਸਮਝਦੇ ਹਨ। ਗੁਰਮਤ ਅਨੁਸਾਰ ਤਾਂ ਇਸ ਦੇ ਸੇਵਨ ਨਾਲ ਅੰਤ ਨੂੰ ਪਛੋਤਾਣਾ ਪੈਂਦਾ ਹੈ। ਸ਼ਰਾਬੀ ਕਦੇ ਸਦਾਚਾਰਕ ਨਹੀਂ ਬਣ ਸਕਦਾ, ਕਿਉਂਕਿ ਉਸ ਦੀ ਮਤ ਵਿਚ ਪਾਗਲਪਨ ਸਵਾਰ ਹੋ ਗਿਆ ਹੁੰਦਾ ਹੈ। ਜਿਸ ਵਿਅਕਤੀ ਨੂੰ ਆਪਣੇ ਬਿਗਾਨੇ ਦੀ ਪਹਿਚਾਨ ਨਹੀਂ, ਉਹ ਕਿਵੇਂ ਸਦਾਚਾਰਕ ਜੀਵਨ ਜੀਉਣ ਦਾ ਸੁਪਨਾ ਲੈ ਸਕਦਾ ਹੈ। ਸ਼ਰਾਬ ਹੀ ਨਹੀਂ ਸਗੋਂ ਸਾਰੇ ਨਸ਼ੇ ਦੇ ਪਦਾਰਥ ਮਨੁਖ ਦੇ ਸਦਾਚਾਰਕ ਜੀਵਨ ਦੇ ਦੁਸ਼ਮਨ ਹਨ।

ਸਦਾਚਾਰੀ ਲਈ ਸਹਿਨਸ਼ੀਲ ਹੋਣਾ ਵੀ ਜ਼ਰੂਰੀ ਹੈ। ਗੁਰਮਤ ਅਨੁਸਾਰ ਤਾਂ 'ਦੇਖ ਕੇ ਅਨਡਿਠ ਕਰਨਾ' ਦਸਿਆ ਹੈ। ਇਥੇ ਜੇ ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ ਦਾਤੂ ਜੀ ਨੇ ਲੱਤ ਮਾਰੀ ਹੈ ਤਾਂ ਗੁੱਸਾ ਨਹੀਂ ਕੀਤਾ, ਸਗੋਂ ਨਿੰਮਰਤਾ ਨਾਲ ਅਰਜ਼ ਕੀਤੀ, "ਮੇਰੇ ਗੁਰਦੇਵ ਜੀ ਦੇ ਸਾਹਿਬਜ਼ਾਦੇ ਜੀਓ, ਆਪ ਜੀ ਦੇ ਚਰਨ ਨੂੰ ਚੋਟ ਆਈ ਹੋਵੇਗੀ ਕਿਉਂ ਜੋ ਮੇਰਾ ਸਰੀਰ ਵਡੇਰੀ ਉਮਰ ਕਾਰਨ ਸਖਤ ਜੇਹਾ ਹੋ ਗਿਆ

ਹੈ।" ਇਤਨੀ ਨਿੰਮਰਤਾ! ਗੁਰੂ ਨਾਨਕ ਦੇਵ ਜੀ ਨੂੰ ਲੋਕਾਂ ਕੁਰਾਹੀਆ ਕਿਹਾ ਪਰ ਅਗੋਂ ਅੰਮ੍ਰਿਤ ਹੀ ਮਿਲਿਆ। ਲੋਕਾਂ ਪਥਰ ਵੀ ਮਾਰੇ, ਪਰ ਗੁਰੂ ਨਾਨਕ ਜੀ ਦੀ ਬਾਣੀ ਨੇ ਸਾਰੇ ਬਗ਼ਦਾਦ ਨੂੰ ਸੁੰਨ ਸਮਾਨ ਕਰ ਦਿਤਾ।

**ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ॥**
(ਵਾ. ਭਾ. ਗੁ.-੧/੩੫)

'ਬੁਰੇ ਦਾ ਭਲਾ ਕਰ'— ਸਦਾਚਾਰਕ ਜੀਵਨ ਦਾ ਜ਼ਰੂਰੀ ਅੰਗ ਹੈ। ਇਸ ਤੋਂ ਬਿਨਾਂ ਜੀਵਨ ਦੁਖੀ ਜੇਹਾ ਬਣ ਜਾਂਦਾ ਹੈ।

'ਈਰਖਾ' ਬਹੁਤ ਬੁਰੀ ਹੈ। ਜਿਸ ਮਨੁਖ ਦੇ ਦਿਲ ਵਿਚ ਈਰਖਾ ਹੈ ਉਹ ਮਾਨਸਿਕ ਤੌਰ ਤੇ ਕਦੇ ਖੁਸ਼ਹਾਲ ਨਹੀਂ ਹੋ ਸਕਦਾ ਤੇ ਜਿਸ ਮਨੁਖ ਦੇ ਚਿਹਰੇ ਤੇ ਖੇੜਾ ਨਹੀਂ ਉਹ ਕਿਵੇਂ ਚੰਗਾ ਜੀਵਨ ਬਿਤੀਤ ਕਰ ਸਕਦਾ ਹੈ। ਕਮਿਊਨਿਸਟ ਲਹਿਰ ਦੇ ਹੀਰੋ ਲੈਨਿਨ ਨੇ ਕਿਹਾ ਸੀ ਕਿ ਚਿਹਰਾ ਮਨੁੱਖ ਦੇ ਅੰਦਰਲੇ ਭਾਵਾਂ ਦਾ ਪ੍ਰਤੀਬਿੰਬ ਹੁੰਦਾ ਹੈ। ਤੇ ਈਰਖਾ ਵਾਲਾ ਮਨੁੱਖ ਕਦੇ ਵੀ ਖੇੜੇ ਦਾ ਭਾਗੀ ਨਹੀਂ ਬਣ ਸਕਦਾ। ਈਰਖਾ ਕਈ ਵਾਰੀ ਬਹੁਤ ਗਲਤ ਕੰਮ ਕਰਵਾ ਦੇਂਦੀ ਹੈ ਜੋ ਸਦਾਚਾਰ ਦੇ ਨਿਯਮਾਂ ਦੇ ਬਿਲਕੁਲ ਉਲਟ ਹੁੰਦੇ ਹਨ।

ਸਭ ਤੋਂ ਵਡੀ ਸਿਫ਼ਤ ਸਦਾਚਾਰੀ ਮਨੁਖ ਵਿਚ ਸਚਾ ਤੇ ਸੁਚੇ ਹੋਣ ਦੀ ਹੈ। ਸੁਚੇ ਤੋਂ ਬਿਨਾਂ ਸੱਚ ਦੀ ਪ੍ਰਾਪਤੀ ਅਸੰਭਵ ਹੈ ਤੇ ਜੋ ਵਿਅਕਤੀ ਸੁੱਚਾ ਨਹੀਂ ਉਹ ਸਦਾਚਾਰਕ ਜੀਵਨ ਬਿਤੀਤ ਨਹੀਂ ਕਰ ਸਕਦਾ। ਗੁਰਮਤ ਅਨੁਸਾਰ, **"ਸੁਚਿ ਹੋਵੈ ਤਾ ਸਚੁ ਪਾਈਐ"** (੪੭੨) ਤੇ ਜ਼ੋਰ ਦਿਤਾ ਗਿਆ ਹੈ।

(ਪਹਿਲੀ ਵਾਰ-ਟ੍ਰੈਕਟ ਦੇ ਰੂਪ ਵਿਚ,
ਦੂਜੀ ਵਾਰ-ਖਾ. ਸ. ੨੨ ਜੂਨ, ੧੯੭੨ ਅਤੇ
ਤੀਜੀ ਵਾਰ-ਖਾ. ਸ. ੨੬ ਜੂਨ, ੨੦੦੮)

 www.sikhbookclub.com

## ਪਰਦੇ ਹੇਠਾਂ

ਬਾਹਰ ਬਾਹਰ, ਜ਼ਾਹਰ ਜ਼ਾਹਰ
ਤੱਕ ਤੱਕ ਉਮਰ ਗਵਾਈ,
'ਇਸ ਪਰਦੇ ਦੇ ਹੇਠਾਂ ਕੀ ਹੈ'
ਉਸ ਵੱਲ ਝਾਤ ਨ ਪਾਈ।

ਕੀਮਤ ਵਧੇ ਘਟੇ ਸਭ ਅੰਦਰ
'ਕਦਰ-ਜ਼ਾਹਿਰੀ' ਧੋਖਾ,
ਜ਼ਾਹਰ ਕਦਰ ਵਧਾਵਣ ਲਗਿਆਂ
ਅਸਲੀਅਤ ਘਟ ਜਾਈ॥੪੧॥

## ਛਲ

ਛਲ ਦਾ ਰੂਪ ਦੁਨੀ ਹੈ, ਭਾਈ!
ਬਿਨ ਛਲ ਹੱਥ ਨ ਆਵੇ,
ਪਰ ਛਲ ਨਾਲ ਇਕੱਠੀ ਕੀਤੀ
ਜਦ ਚਾਹਠੇ ਛਲ ਜਾਵੇ;

ਨਾ ਬੀ ਛਲੇ ਤਾਂ ਅੰਤ ਸਮੇਂ ਇਹ
ਚਲਦਿਆਂ ਨਾਲ ਨ ਚਲਦੀ,
ਹਸਰਤ ਤੇ ਹਸਰਤ ਦੀ ਗ਼ੈਰਤ
ਇਹ ਪੱਲੇ ਰਹਿ ਜਾਵੇ॥੫੭॥

(ਸਾਹਿਤਕ ਕਲੀਆਂ)

 www.sikhbookclub.com

## 31. ਸਾਊਪੁਣਾ

**ਸਾਊ** ਪੁਣਾ ਕਿਸੇ ਵਿਸ਼ੇਸ਼ ਜਾਤ ਦਾ ਵਿਰਸਾ ਨਹੀਂ, ਇਹ ਤਾਂ ਕੇਵਲ ਸਾਊ ਜੀਵਨ-ਜਾਚ ਦਾ ਨਾਮ ਹੀ ਹੈ। ਇਕ ਗਰੀਬ ਆਪਣੇ ਸੁਭਾਅ, ਆਪਣੀ ਵਰਤੋਂ ਤੇ ਆਪਣੀ ਨੇਕ ਨੀਤੀ ਨਾਲ ਸਾਊ ਬਣ ਸਕਦਾ ਹੈ। ਇਕ ਧਨੀ ਮਾਇਆ ਦੇ ਗਰਬ ਕਾਰਨ, ਜਾਇਦਾਦ ਦੇ ਅਭਿਮਾਨ ਕਾਰਨ ਤੇ ਜੁਆਨੀ ਦੀ ਹੈਂਕੜ ਨਾਲ ਸਾਊਪੁਣੇ ਤੇ ਪਰੇ ਚਲਾ ਜਾਂਦਾ ਹੈ।

ਸਾਊ ਸ਼ਬਦ ਦੇ ਅੱਖਰੀ ਅਰਥ ਜਿਤਨੇ ਸੌਖੇ ਹਨ, ਉਸ ਤੋਂ ਕਿਤੇ ਵਧੇਰੇ ਔਖੀ ਹੈ ਇਸ ਦੀ ਵਰਤੋਂ। ਸਾਊ ਪੁਰਸ਼ ਕੇਵਲ ਸਾਊ ਹੋਣਾ ਚਾਹੀਦਾ ਹੈ। ਸਾਊ ਤੋਂ ਮੁਰਾਦ ਹਮਦਰਦ, ਸਹਿਨਸ਼ੀਲ ਤੇ ਹੰਕਾਰ ਰਹਿਤ ਹੋਣਾ ਚਾਹੀਦਾ ਹੈ।

ਇਕ ਕਾਰ ਵਾਲਾ ਜੇ ਕਰ ਜ਼ੋਰ ਦੀ ਕਾਰ ਚਲਾਂਦਾ ਹੋਇਆ ਮੀਂਹ ਦਾ ਗੰਦਾ ਪਾਣੀ ਲੋਕਾਂ ਤੇ ਸੁਟ ਜਾਂਦਾ ਹੈ ਤਾਂ ਇਹ ਕੋਈ ਸਾਊਪੁਣਾ ਨਹੀਂ ਹੈ। ਕਾਰ ਜੀਵਨ ਦਾ ਜ਼ਰੂਰੀ ਹਿੱਸਾ ਬਣ ਗਈ ਹੈ ਪਰ ਚਲਾਉਣੀ ਤਾਂ ਸਾਊਆਂ ਦੀ ਤਰ੍ਹਾਂ ਚਾਹੀਦੀ ਹੈ। ਇਕ ਗਰੀਬ ਜਾਂ ਮਧ ਸ਼ਰੇਣੀ ਦਾ ਕਲਰਕ ਜਾਂ ਅਧਿਆਪਕ ਜੋ ਘਰੋਂ ਸੁਥਰੇ ਕਪੜੇ ਪਾ ਕੇ ਕਿਤੇ ਆਹਰ ਲਈ ਨਿਕਲਦਾ ਹੈ ਜੇ ਉਸ ਤੇ ਗੰਦੇ ਪਾਣੀ ਦੇ ਛਿਟੇ ਕਾਰ ਦਾ ਚਾਲਕ ਪਾ ਜਾਵੇ ਤਾਂ ਉਹ ਭਾਵੇਂ ਮੂੰਹੋਂ ਤਾਂ ਕੁਝ ਨਾ ਕਹੇਗਾ, ਜੇ ਕਹੇਗਾ ਵੀ ਤਾਂ ਕਿਹੜਾ ਕਾਰ ਵਾਲੇ ਨੇ ਸੁਨਣਾ ਹੈ, ਪਰ ਮਨ ਉਸ ਦਾ ਉਸ ਨੂੰ ਜ਼ਰੂਰ ਕੋਸੇਗਾ। ਕਾਰ ਰਖਣ ਦਾ ਇਹ ਮਤਲਬ ਕਦੇ ਨਹੀਂ ਹੋ ਸਕਦਾ ਕਿ ਉਹ ਦੂਜਿਆਂ ਨੂੰ ਆਦਮੀ ਹੀ ਨਾ ਸਮਝੇ। ਇਹ ਸਾਊਪੁਣੇ ਤੋਂ ਬਹੁਤ ਗਿਰੀ ਹੋਈ ਹਰਕਤ ਹੈ।

 www.sikhbookclub.com

ਸਾਡੀਆਂ ਭੈਣਾਂ ਤੇ ਮਾਤਾਵਾਂ ਕਈ ਵਾਰੀ ਘਰਾਂ ਦੀ ਸਫ਼ਾਈ ਕਰਕੇ ਬਾਰੀ ਦੁਆਰਾ ਕੂੜਾ ਗਲੀ ਵਿਚ ਸੁਟ ਦੇਂਦੀਆਂ ਹਨ, ਉਹ ਇਹ ਦੇਖਣ ਦਾ ਕਸ਼ਟ ਵੀ ਨਹੀਂ ਕਰਦੀਆਂ ਕਿ ਕੋਈ ਲੰਘ ਤਾਂ ਨਹੀਂ ਰਿਹਾ। ਮਕਾਨਾਂ ਦੀ ਕਮੀਂ ਨੇ ਭਾਵੇਂ ਬਹੁ-ਮੰਜ਼ਲੇ ਮਕਾਨ ਬਨਾਉਣ ਲਈ ਲੋਕਾਂ ਨੂੰ ਪ੍ਰੇਰਿਆ ਹੈ ਪਰ ਉਪਰਲੀ ਮੰਜ਼ਲ ਵਾਲਿਆਂ ਨੂੰ ਹੇਠਾਂ ਚਲਣ ਵਾਲਿਆਂ ਦਾ ਵੀ ਪੂਰਾ ਧਿਆਨ ਰਖਣਾ ਚਾਹੀਦਾ ਹੈ। ਕਈ ਵਾਰੀ ਅਸੀਂ ਮਕਾਨਾਂ ਨੂੰ ਨਾਲੀਆਂ ਪਰਨਾਲੇ ਵੀ ਨਹੀਂ ਲੁਆਂਦੇ ਜੇ ਲੁਆ ਵੀ ਲਈਏ ਤੇ ਬਦਕਿਸਮਤੀ ਨਾਲ ਜੇ ਓਹ ਟੁਟ ਜਾਣ ਤਾਂ ਮੀਂਹ ਦਾ ਪਾਣੀ ਤੇ ਘਰ ਦੀ ਵਰਤੋਂ ਦਾ ਪਾਣੀ ਗਲੀ ਵਿਚ ਚਲਣ ਵਾਲੇ ਲੋਕਾਂ ਦਾ ਹੀ ਇਸ਼ਨਾਨ ਕਰਾਉਂਦਾ ਹੈ। ਸਾਊ ਵਿਅਕਤੀ ਦੂਜੇ ਦੀ ਤਕਲੀਫ਼ ਦਾ ਬਹੁਤਾ ਧਿਆਨ ਰਖਦਾ ਹੈ। ਨਿਕੀਆਂ ਨਿਕੀਆਂ ਇਹਨਾਂ ਗਲਾਂ ਤੋਂ ਹੀ ਕਈ ਵਾਰੀ ਫ਼ਸਾਦ ਹੋ ਜਾਂਦੇ ਹਨ। ਚੰਗੇ ਤੇ ਸਾਊ ਜੀਵਨ ਦਾ ਮਾਟੋ 'ਜੀਓ ਤੇ ਜੀਉਣ ਦਿਓ' ਹੀ ਹੋਣਾ ਉਚਿਤ ਹੈ।

ਸਕੂਲਾਂ ਦੇ ਨੇੜੇ ਜਾਂ ਹਸਪਤਾਲਾਂ ਦੇ ਨੇੜੇ ਜਿਥੇ ਮਰੀਜ਼ 'ਜੀਵਨ ਮ੍ਰਿਤੂ' ਨਾਲ ਘੋਲ ਕਰ ਰਹੇ ਹੁੰਦੇ ਹਨ ਉਥੇ ਟਰਕਾਂ ਵਾਲਿਆਂ ਨੂੰ, ਰਿਕਸ਼ੇ ਵਾਲਿਆਂ ਨੂੰ, ਕਾਰਾਂ ਵਾਲਿਆਂ ਨੂੰ ਉਚੀ ਉਚੀ ਹਾਰਨ ਨਹੀਂ ਵਜਾਉਣੇ ਚਾਹੀਦੇ। ਹਸਪਤਾਲਾਂ ਦੀਆਂ ਕੰਧਾਂ ਤੇ ਲਿਖਿਆ ਹੁੰਦਾ ਹੈ 'ਚੁਪ ਦਾ ਦਾਨ ਬਖਸ਼ੋ' ਪਰ ਕੌਣ ਇਸ ਕੀਮਤੀ ਲਿਖਤ ਵਲ ਧਿਆਨ ਦੇਂਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਜੀਵਨ-ਚਾਲ ਬਹੁਤ ਤੇਜ਼ ਹੋ ਗਈ ਹੈ, ਪਰ ਆਪਣੀ ਤੇਜ਼ ਚਾਲ ਨਾਲ ਦੂਜਿਆਂ ਨੂੰ ਦੁਖੀ ਕਰਨਾ ਕੋਈ ਸਾਊਪੁਣਾ ਨਹੀਂ। ਸਕੂਲਾਂ ਵਿਚ ਕੌਣ ਪੜ੍ਹਦਾ ਹੈ? ਸਾਡੇ ਬਚੇ ਸਾਡੀਆਂ ਬਚੀਆਂ, ਹਸਪਤਾਲਾਂ ਵਿਚ ਕੌਣ ਹੈ? ਸਾਡੇ ਬਜ਼ੁਰਗ, ਸਾਡੀਆਂ ਬਚੀਆਂ ਤੇ ਸਾਡੇ ਰਿਸ਼ਤੇਦਾਰ। ਇਹ ਮਨੁਖੀ ਫ਼ਰਜ਼ ਹੈ ਕਿ ਇਹਨਾਂ ਆਸ਼ਰਮਾਂ ਦੇ ਕੋਲ ਦੀ ਸ਼ਾਂਤੀ ਨਾਲ ਲੰਘਿਆ ਜਾਵੇ। ਹਸਪਤਾਲਾਂ ਵਿਚ ਤਾਂ ਅਵਾਜ਼ ਦੇਣ ਵਾਲੇ ਤੇ ਖੁਰੀਆਂ ਵਾਲੇ ਬੂਟ ਪਾਉਣ ਦੀ ਭੀ ਮਨਾਹੀ ਹੈ, ਇਸ ਲਈ ਕਿ ਇਸ ਅਵਾਜ਼ ਨਾਲ ਮਰੀਜ਼ ਨੂੰ ਦੁਖ ਨਾ ਪਹੁੰਚੇ, ਉਥੇ ਜੇ ਅਸੀਂ ਉੱਚੀ ਉੱਚੀ ਹਾਰਨ ਵਜਾ ਕੇ ਲੰਘਾਂਗੇ ਤਾਂ ਕੀ ਇਹ ਸਾਊਪੁਣਾ ਹੋਵੇਗਾ? ਕਦਾਚਿਤ ਨਹੀਂ।

ਕਿਸੇ ਘਰ ਪਾਠ ਹੋਵੇ ਜਾਂ ਹੋਰ ਕੋਈ ਉਤਸਵ, ਉਹ ਲਾਊਡ ਸਪੀਕਰ ਲਾਉਣਾ ਆਪਣੀ ਇੱਜ਼ਤ ਸਮਝਦੇ ਹਨ। ਖੁਸ਼ੀ ਦੇ ਮੌਕੇ ਤੇ ਖੁਸ਼ੀ ਕਰਨੀ

 www.sikhbookclub.com

ਕੋਈ ਬੁਰੀ ਗਲ ਨਹੀਂ ਪਰ ਇਹ ਵੀ ਤਾਂ ਮਨ ਵਿਚ ਖਿਆਲ ਰਖਣਾ ਚਾਹੀਦਾ ਹੈ ਕਿ ਕਿਤੇ ਸਾਡੀ ਇਹ ਖੁਸ਼ੀ ਕਿਸੇ ਹੋਰ ਨੂੰ ਔਖਾ ਤਾਂ ਨਹੀਂ ਕਰਦੀ। ਹੋ ਸਕਦਾ ਹੈ ਖੁਸ਼ੀ ਵਾਲੇ ਘਰ ਦੇ ਗੁਆਂਢ ਕੋਈ ਦਿਲ ਦਾ ਰੋਗੀ ਹੋਵੇ ਜੋ ਉਚੀ ਅਵਾਜ਼ ਨੂੰ ਸਹਿ ਨਾ ਸਕਦਾ ਹੋਵੇ ਜਾਂ ਕੋਈ ਦਿਮਾਗੀ ਬੀਮਾਰੀ ਦਾ ਮਰੀਜ਼ ਹੋਵੇ ਜਿਸ ਨੂੰ ਲਾਊਡ ਸਪੀਕਰ ਦੀ ਅਵਾਜ਼ ਦੁਖੀ ਕਰਦੀ ਹੋਵੇ। ਸਾਡੇ ਗੁਆਂਢ ਕੋਈ ਪ੍ਰੀਖਿਆ ਦੇਣ ਵਾਲਾ ਸਾਡਾ ਅਜ਼ੀਜ਼ ਵੀ ਹੋ ਸਕਦਾ ਹੈ, ਲਾਊਡ ਸਪੀਕਰ ਉਸ ਦੀ ਪੜ੍ਹਾਈ ਵਿਚ ਵਿਘਨ ਪਾ ਸਕਦਾ ਹੈ। ਫਿਰ ਲਾਊਡ ਸਪੀਕਰ ਲਾਉਣ ਦਾ ਵੀ ਸਮਾਂ ਹੁੰਦਾ ਹੈ ਅੱਧੀ ਅੱਧੀ ਰਾਤ ਤਕ ਲਾਊਡ ਸਪੀਕਰ ਦੀ ਵਰਤੋਂ ਨੂੰ ਕਦੇ ਵੀ ਸਾਊ ਨਹੀਂ ਮੰਨਿਆ ਜਾ ਸਕਦਾ। ਗੁਰਦੁਆਰਿਆਂ ਜਾਂ ਮੰਦਰਾਂ ਵਿਚ ਵੀ ਲਾਊਡ ਸਪੀਕਰ ਦੀ ਵਰਤੋਂ ਦਾ ਸਮਾਂ ਨੀਅਤ ਹੋਣਾ ਚਾਹੀਦਾ ਹੈ। ਜ਼ਿਆਦਤੀ ਹਰ ਚੀਜ਼ ਦੀ ਬੁਰੀ ਹੁੰਦੀ ਹੈ। ਖੁਸ਼ੀ ਮਨਾਓ ਪਰ ਦੂਜਿਆਂ ਦਾ ਖਿਆਲ ਰਖ ਕੇ।

ਕਈ ਵਿਅਕਤੀ ਫ਼ਾਲਤੂ ਗਲਾਂ ਕਰਕੇ ਦੂਜਿਆਂ ਦਾ ਸਮਾਂ ਬਰਬਾਦ ਕਰਦੇ ਹਨ। ਉਹਨਾਂ ਨੂੰ ਗਲ ਸ਼ੁਰੂ ਕਰਨ ਦਾ ਮੌਕਾ ਮਿਲ ਜਾਵੇ ਫਿਰ ਤਾਂ ਉਹਨਾਂ ਕੋਲੋਂ ਰਬ ਬਖਸ਼ੇ। ਅਜ ਕਿਸੇ ਕੋਲ ਫ਼ਾਲਤੂ ਸਮਾਂ ਹੈ ਦੂਜਿਆਂ ਦੇ ਦੁਖ ਸੁਨਣ ਦਾ? ਹਰ ਵਿਅਕਤੀ ਕਿਸੇ ਨਾ ਕਿਸੇ ਕਾਰਨ ਮਾਨਸਿਕ ਜਾਂ ਸਰੀਰਕ ਤੌਰ ਤੇ ਰੋਗੀ ਹੈ। ਕਿਸੇ ਨਾ ਕਿਸੇ ਗਲ ਤੋਂ ਦੁਖੀ ਹੈ। ਤਾਂ ਐਵੇਂ ਕਿਸੇ ਨੂੰ ਆਪਣਾ ਦੁਖ ਸੁਣਾਈ ਜਾਣਾ, ਅਗੋਂ ਭਾਵੇਂ ਕੋਈ ਹੁੰਗਾਰਾ ਭਰੇ ਜਾ ਨਾ ਸਾਊਪੁਣਾ ਨਹੀਂ। ਸਾਊ ਪੁਰਸ਼ ਫ਼ਾਲਤੂ ਕਿਸੇ ਦਾ ਸਮਾਂ ਨਸ਼ਟ ਨਹੀਂ ਕਰਦੇ।

ਨਿਕੀ ਨਿਕੀ ਗਲ ਲਈ ਦੂਜਿਆਂ ਦੇ ਮੂੰਹ ਵਲ ਦੇਖਣਾ (ਮਦਦ ਮੰਗਣੀ) ਵੀ ਕੋਈ ਚੰਗੀ ਜੀਵਨ ਜਾਚ ਨਹੀਂ। ਲੋਕੋਕਤੀ ਹੈ ਕਿ ਪ੍ਰਮਾਤਮਾ ਉਹਨਾਂ ਦੀ ਮਦਦ ਕਰਦਾ ਹੈ ਜਿਹੜੇ ਆਪਣੀ ਮਦਦ ਆਪ ਕਰਦੇ ਹਨ। ਹਰ ਵਿਅਕਤੀ ਨੂੰ ਪ੍ਰਭੂ ਨੇ ਸੁਹਣੇ ਨੈਣ ਨਕਸ਼ ਦਿਤੇ ਹਨ, ਕਮਾਉਣ ਦਾ ਵਸੀਲਾ ਹਰ ਵਿਅਕਤੀ ਨੇ ਆਪਣੀ ਹਿੰਮਤ ਅਨੁਸਾਰ ਆਪ ਬਨਾਉਣਾ ਹੈ, ਹਿੰਮਤ ਕਰਨਾ ਮਨੁਖ ਦਾ ਫ਼ਰਜ਼ ਹੈ, ਫਲ ਪ੍ਰਭੂ ਆਪ ਦੇਂਦਾ ਹੈ। ਕੌਣ ਕਿਤਨਾ ਚਿਰ ਕਿਸੇ ਦੀ ਮਦਦ ਕਰ ਸਕਦਾ ਹੈ, ਹਰ ਇਕ ਵਿਅਕਤੀ ਦੇ ਵਸੀਲੇ ਸੀਮਤ ਹਨ, ਹਰ ਇਕ ਦੇ ਆਪਣੇ ਖਰਚ ਹਨ, ਫਿਰ ਪਰਾਈ ਆਸ ਤੇ ਰਹਿਣਾ ਉਸ ਤਰ੍ਹਾਂ ਵੀ ਬੁਰਾ ਹੈ। ਸਾਊ ਲੋਕ ਸਿਵਾਏ ਕਿਸੇ ਖਾਸ ਸੰਕਟ ਦੇ ਕਿਸੇ

 www.sikhbookclub.com

ਅਗੇ ਹੱਥ ਨਹੀਂ ਟੱਡਦੇ। ਮੰਗਣਾ ਮਰਨ ਦੇ ਬਰਾਬਰ, ਤੇ ਚੰਗੇ ਜੀਵਨ ਦੇ ਬਿਲਕੁਲ ਵਿਰੁਧ ਹੈ। ਫਿਰ ਮੰਗਣ ਵਾਲੇ ਵਿਅਕਤੀ ਦੇ ਸੁਭਾਅ ਨੂੰ ਜਾਣਦੇ ਹੋਏ ਲੋਕ ਦੂਰੋਂ ਹੀ ਉਸ ਵਲ ਪਿੱਠ ਕਰ ਲੈਂਦੇ ਹਨ ਸੋ ਸਾਊ ਪੁਰਸ਼ ਨੂੰ ਮੰਗਣ ਤੋਂ ਪਹਿਲਾਂ ਸੌ ਵਾਰੀ ਸੋਚਣਾ ਚਾਹੀਦਾ ਹੈ।

'ਨਿੰਦਿਆ' ਬਹੁਤ ਬੁਰੀ ਹੈ ਪਰ ਤਾਂ ਵੀ ਲੋਕ ਕਰੀ ਜਾਂਦੇ ਹਨ, ਫਿਰ ਨਿੰਦਿਆ ਵੀ ਉਸ ਤੀਜੇ ਪੁਰਸ਼ ਦੀ ਜੋ ਪਤਾ ਨਹੀਂ ਕਿਥੇ ਬੈਠਾ ਹੈ, ਫਿਰ ਨਿੰਦਿਆ ਕਰਨ ਲਗੇ ਸਮੇਂ ਦਾ ਵੀ ਖਿਆਲ ਨਹੀਂ ਰਖਦੇ ਕਿਸੇ ਦੇ ਮਰਨੇ ਦਾ ਭੋਗ ਹੋਵੇ ਤਾਂ ਉਥੇ ਵੀ ਪਿਛੇ ਬੈਠੇ ਘੁਸਰ ਘੁਸਰ ਕਰੀ ਜਾਣਾ ਸੁਚੱਜੇ ਜੀਵਨ ਦੇ ਪੂਰੀ ਤਰ੍ਹਾਂ ਵਿਰੁੱਧ ਹੈ। ਕਿਸੇ ਦੀ ਆਤਮਿਕ ਸ਼ਾਂਤੀ ਲਈ ਇਕਠੀ ਹੋਈ ਸੰਗਤ ਵਿਚ ਨਿੰਦਿਆ ਕਰਨੀ ਸਾਊਪੁਣੇ ਦੇ ਵਿਪਰੀਤ ਹੈ। ਸੁਕਰਾਤ ਨੇ ਕਿਹਾ ਸੀ ਹਰ ਵਿਅਕਤੀ ਨੂੰ ਆਪਣੇ ਸੁਧਾਰਨ ਵਲ ਜ਼ੋਰ ਲਾਉਣਾ ਚਾਹੀਦਾ ਹੈ ਦੂਜਿਆਂ ਬਾਰੇ ਦੂਜੇ ਆਪ ਸੋਚ ਲੈਣਗੇ। ਬਿਨਾਂ ਕਿਸੇ ਗਲ ਦੇ ਬਾਤ ਦਾ ਬਤੰਗੜ ਬਨਾਉਣਾ ਵੀ ਚੰਗੀ ਗਲ ਨਹੀਂ।

ਬਹੁਤੇ ਬੋਲਣ ਵਾਲੇ ਵੀ ਸਾਊ ਨਹੀਂ ਹੋ ਸਕਦੇ। ਆਪਣੇ ਅੰਮ੍ਰਿਤਸਰੀ ਅਮਰੂਦ ਨੂੰ ਅਲਾਹਬਾਦੀ ਕਹੀ ਜਾਣਾ, ਪਠਾਨਕੋਟ ਦੇ ਸੰਤਰੇ ਨੂੰ ਨਾਗਪੁਰੀ ਕਹੀ ਜਾਣਾ ਤੇ ਲੁਧਿਆਣੇ ਦੀ ਲੀਚੀ ਨੂੰ ਡਿਹਰਾਦੂਨ ਦੀ ਕਹੀ ਜਾਣਾ ਵੀ ਸੌਦਾ ਵੇਚਣ ਦਾ ਕੋਈ ਸਾਊ ਢੰਗ ਨਹੀਂ ਹੈ। ਇਸ ਤਰ੍ਹਾਂ ਜਿਥੇ ਝੂਠ ਬੋਲਣ ਨਾਲ ਆਤਮਾ ਮਲੀਨ ਹੁੰਦੀ ਹੈ ਉਥੇ ਚੰਗੇ ਜੀਵਨ ਨੂੰ ਵੀ ਧੋਖਾ ਦਿਤਾ ਜਾਂਦਾ ਹੈ।

ਬਿਨਾਂ ਸਲਾਹ ਪੁਛੇ ਕਿਸੇ ਨੂੰ ਖਾਹ ਮਖਾਹ ਆਪਣੀ ਸਲਾਹ ਧੱਕੇ ਨਾਲ ਦੇਈ ਜਾਣੀ ਵੀ ਚੰਗਾ ਕੰਮ ਨਹੀਂ, ਤੁਹਾਡੇ ਵਿਚਾਰ ਜੇ ਕੋਈ ਸੁਣਦਾ ਹੈ ਤਾਂ ਠੀਕ ਹੈ ਨਹੀਂ ਤਾਂ ਧਿੰਗੋਜੋਰੀ ਕਿਸੇ ਨੂੰ ਆਪਣੇ ਵਿਚਾਰਾਂ ਵਿਚ ਬਦਲਣਾ ਵੀ ਕੋਈ ਸਾਊ ਪੁਣਾ ਨਹੀਂ।

(ਪਹਿਲੀ ਵਾਰ ਟ੍ਰੈਕਟ ਦੇ ਰੂਪ ਵਿਚ,
ਦੂਜੀ ਵਾਰ- ਖਾ. ਸ. ੬ ਜੁਲਾਈ, ੧੯੭੨
ਅਤੇ ਤੀਜੀ ਵਾਰ- ਖਾ. ਸ. ੩ ਜੁਲਾਈ, ੨੦੦੮)

 www.sikhbookclub.com

## ਸੰਸਾਰ ਦਾ ਕੱਬਾਪਣ

ਬਣਾਇਆ ਤੀਰ ਸੀ ਸਿੱਧਾ
ਧਨੁਸ਼ ਜਿਉਂ ਹੋ ਗਿਆ ਕੱਬਾ,
ਮਨੁੱਖ ਦੇ ਭਾਇ ਕੀ ਵਰਤੀ?
ਤੂੰ ਦੱਸ ਮੈਂ ਸੁਹਣਿਆ ਰੱਬਾ!

ਕੁਈ ਸ਼ੈਤਾਨ ਸਚਮੁਚ ਹੈ,
ਤੇ ਉਸ ਦਾ ਲਗ ਗਿਆ ਦਾਓ?
ਫਫੇਕੁੱਟਣ ਕੁਈ ਮਾਯਾ,
ਇਹ ਉਸ ਦਾ ਦਾਉ ਹੈ ਫੱਬਾ?

ਕਿ ਵਿੰਗਾ ਹੋ ਗਿਆ ਆਪੇ
ਬਿਨਾ ਕਾਰਣ ਬਿਨਾ ਕੀਤੇ
ਕਿਵੇਂ ਇਸ ਚੰਦ ਮੁਖੜੇ ਤੇ
ਸਿਆਹੀ ਪੈ ਗਿਆ ਧੱਬਾ?

ਕਿਸੇ ਦੇ ਨਾਲ ਵਰਤੋ ਸਾਫ਼,
ਸਿੱਧੇ ਤੀਰ ਹੋ ਵਰਤੋ,
ਉ ਟੇਢਾ ਹੋ ਕੇ ਵਰਤੇਗਾ,
ਤੇ ਹਰ ਗੱਲੇ ਰਹੂ ਕੱਬਾ।

ਜਿਦ੍ਹਾ ਦਿਲ ਫੋਲਕੇ ਦੇਖੋ,
ਉਹ ਲੀਰਾਂ ਦੀ ਸਜਾਵਟ ਹੈ,
ਉ ਲੀਰਾਂ ਨੂੰ ਫਬਾ ਸੀਤਾ
ਜਿਵੇਂ ਕਸ਼ਮੀਰ ਦਾ ਗੱਬਾ।

ਜੇ ਸਿੱਧਾ ਮਿਲ ਪਵੇ ਕੋਈ,
ਤਾਂ ਅਕਲੋਂ ਸੁੰਨ ਹੁੰਦਾ ਹੈ,
ਜੇ ਆਕਿਲ ਮਿਲ ਪਵੇ ਕੋਈ,
ਉ ਵਿੰਗਾ ਹੈ ਤੇ ਹੈ ਕੱਬਾ।


www.sikhbookclub.com

ਦਿਲਾ! ਤਕ ਤਕ ਰਹੀਂ ਸਿੱਧਾ,
ਫਿਕਰ ਕਰ ਆਪਣਾ ਸੁਹਣੇ!
'ਹਲਬ-ਸ਼ੀਸ਼ਾ' ਸਦਾ ਹਥ ਰਖ,
ਮਤਾਂ ਹੋ ਜਾਇੰ ਤੂੰ ਚਿੱਬਾ।

ਨ ਖਾ ਡੋਬਾ, ਨ ਦਿਲਗੀਰੀ,
ਰਹੋ ਸਿੱਧਾ ਤੇ ਚਲ ਸੇਧੇ,
ਚਬਾ ਦਾਣੇ ਲੋਹੇ ਵਰਗੇ,
ਰਹੋ ਕਹਿੰਦਾ- 'ਸ਼ੁਕਰ ਰੱਬਾ!'15

(ਆਵਾਜ਼ ਆਈ)

## ਨਿੰਦਿਆ

ਜਦ ਤੋਂ ਕੰਮ ਜਗਤ ਦੇ ਚਾਏ
ਕੀ ਪੱਲੇ ਪਜਾ ਤੇਰੇ?
ਨਿੰਦਿਆ ਹੇਠਾਂ, ਨਿੰਦਿਆ ਉਤੇ
ਨਿੰਦਿਆ ਚਾਰ ਚੁਫੇਰੇ।

ਘਾਬਰ ਨਾ, ਪਾ ਪੈਰੀਂ ਇਸ ਨੂੰ,
ਜਿਉਂ ਪੇੜ ਖਾਦ ਨੂੰ ਰੱਖੇ,
ਲੈ ਖ਼ੁਰਾਕ ਦਾ ਕੰਮ ਏਸ ਤੋਂ,
ਤੈਨੂੰ ਖੇੜੇ ਪੈਣ ਵਧੇਰੇ।67

(ਸਾਹਿਤਕ ਕਲੀਆਂ)


www.sikhbookclub.com

## 32. ਗੁਰਮੁਖ ਪੱਤ੍ (ਗੁਰ ਨਾਨਕ ਪ੍ਰੇਮ)

**"ਮੂ ਲਾਲਨ ਸਿਉ ਪ੍ਰੀਤਿ ਬਨੀ॥"**
(ਬਿਲਾ. ਮ. ੫, ਪੰਨਾ-੮੨੭)

'ਗਿਆਨ' ਕਿਸੇ ਸ਼ੈ ਦਾ ਜਾਣ ਲੈਣਾ ਹੈ। ਇਹ ਜਾਣ ਲੈਣਾ ਸਮਝ, ਦਲੀਲ ਤੇ ਤਰਕ ਨਾਲ ਹੁੰਦਾ ਹੈ। ਇਸ ਤਰੀਕੇ ਨਾਲ ਜਾਣਕੇ ਜਾਣਨ ਵਾਲਾ ਬੁੱਧੀ ਦੇ ਮੰਡਲ ਵਿਚ ਰਹਿੰਦਾ ਹੈ, ਇਕਾਗ੍ਰ ਨਹੀਂ ਹੁੰਦਾ। ਮਨ ਆਪਣਾ ਕੰਮ ਕਰਦਾ ਰਹਿੰਦਾ ਹੈ ਪਰ ਏਸ ਤਰ੍ਹਾਂ ਓਹ ਆਪਣੇ ਅਸਲੇ ਨੂੰ ਨਹੀਂ ਪਹੁੰਚ ਸਕਦਾ।

ਅਸਲੇ ਤੋਂ ਜੋ ਪਸਾਰਾ ਹੋ ਰਿਹਾ ਹੈ ਅਰ ਜੋ ਮਾਇਆ ਰੂਪ ਹੈ, ਉਸ ਵਿਚ ਹੀ ਰਹਿ ਜਾਂਦਾ ਹੈ। ਭਗਤੀ ਅਤੇ ਪਰੇਮ ਨਾਲ ਸਤਿਗੁਰੂ ਨੂੰ ਪਾ ਲਈਦਾ ਹੈ। ਵਾਹਿਗੁਰੂ ਨੂੰ ਪਿਆਰ ਕਰਨ ਨਾਲ ਦੁਨੀਆਂ ਦੇ ਕੰਮ ਕਰਨ ਵਾਲੀ ਸਮਝ ਦੇ ਤਰਕ ਤੇ ਮਨ ਦੇ ਹੋਰ ਫੁਰਨੇ ਰੁਕਦੇ ਹਨ ਅਰ ਬ੍ਰਿਤੀਆਂ ਠੱਲਾ ਖਾਂਦੀਆਂ ਹਨ, ਮਨ ਸਾਰਿਆਂ ਪਾਸਿਆਂ ਤੋਂ ਬੇਪ੍ਰਵਾਹ ਰੁਕਕੇ ਇਕ ਪਾਸੇ ਲਗਦਾ ਹੈ। ਜਿਉਂ ਜਿਉਂ ਪਰੇਮ ਵਧਦਾ ਹੈ ਤਿਉਂ ਤਿਉਂ ਇਸ ਮਾਯਕ ਪਸਾਰੇ ਵਾਲੀ ਬੁਧੀ, ਜੋ ਆਪਣਾ ਕੰਮ ਦੇਸ਼ ਕਾਲ ਤੇ ਨਮਿਤ ਦੇ ਖਿਆਲ ਬਿਨਾਂ ਕਰ ਨਹੀਂ ਸਕਦੀ, ਮਰਦੀ ਮਰਦੀ ਸਿਧ ਤਕ ਅੱਪੜਦੀ ਹੈ, ਜਿਥੇ ਕਿ ਆਪਣਾ ਅਸਲਾ ਅਸਲੇ ਨੂੰ ਪਛਾਣਦਾ ਹੈ।

ਤਦੋਂ ਇਕ ਗਿਆਨ ਪੈਦਾ ਹੁੰਦਾ ਹੈ, ਉਸਨੂੰ ਅਨੁਭਵ ਕਹਿੰਦੇ ਹਨ। ਓਦੋਂ ਆਪਣਾ ਚਾਨਣਾ ਆਪਣੇ ਵਿਚ ਮਗਨ ਕਰਦਾ ਹੈ। ਫੇਰ ਪਿਆਰੇ ਜੀ ਤੋਂ ਪ੍ਰੀਤਮ ਜੀ ਆਪਣੇ ਵਿਚ ਮਗਨ ਕਰ ਲੈਂਦੇ ਹਨ। ਏਹ ਤਾਂ ਰਹੀਆਂ

ਨੇ ਅੰਤ ਦੀਆਂ ਗੱਲਾਂ ਦੇ ਲੇਖੇ, ਸਾਨੂੰ ਲੇਖੇ ਨਾਲ ਕੀਹ ਕੰਮ, ਸਾਨੂੰ ਤਾਂ ਨਿਗਾਰ ਦੌਲਤ ਦੀ ਲੋੜ ਹੈ। ਇਹ ਨਿੱਗਾਰ ਦੌਲਤ 'ਨਾਨਕ ਪ੍ਰੇਮ' ਹੈ।

ਸਾਨੂੰ ਬਹੁਤੇ ਗਿਆਨਾਂ ਦੀ ਲੋੜ ਨਹੀਂ, ਸਾਨੂੰ ਇਕ ਸ਼ੈ ਦੀ ਲੋੜ ਹੈ ਜੋ ਸਭ ਤੋਂ ਅਮੋਲਕ ਹੈ ਤੇ ਅਸਲੀ ਹੈ, ਅਰ ਸਾਡੇ ਗਉਂ ਦੀ ਹੈ। ਉਸ ਸ਼ੈ ਦਾ ਪਿਆਰਾ ਨਾਮ, ਉਸ ਵਸਤੂ ਦਾ ਹੁੱਬ ਭਰਿਆ ਨਾਮ ਤੇ ਉੱਤਮ ਨਾਮ ਹੈ 'ਨਾਨਕ ਪ੍ਰੇਮ' ਇਸ ਪਰੇਮ ਨੇ ਜਿਸ ਹਿਰਦੇ ਵਿਚ ਇਕ ਰਤੀ ਭਰ ਨਿਵਾਸ ਕੀਤਾ ਹੈ ਉਹ ਹਿਰਦਾ ਧੰਨ ਹੈ। ਗੁਰੂ ਨਾਨਕ ਪਿਆਰਾ ਲਗੇ ਭਾਵੇਂ ਰਤੀ ਕੁ ਪਿਆਰਾ ਲਗੇ ਪਰ ਲੱਗੇ ਪਿਆਰਾ ਅਰ ਦਿਨ ਰਾਤ ਮਾੜੀ ਮਾੜੀ ਧੁਖ ਪ੍ਰੀਤਮ ਜੀ ਦੇ ਪਿਆਰ ਦੀ ਉਠਦੀ ਰਹੇ। ਰਾਤ ਜਾਗ ਖੁੱਲ੍ਹੇ ਤਾਂ 'ਧੰਨ ਗੁਰੂ ਨਾਨਕ ਦੇਵ' ਹਿਰਦੇ ਵਿਚ ਹੋ ਰਹੀ ਹੋਵੇ। ਟੁਰੇ ਫਿਰੇ, ਜਾਵੇ ਆਵੇ, ਕੰਮ ਕਾਰ ਵਿਚ ਪਿਆਰ ਦੀ ਧੂਹ ਵਜ ਜਾਵੇ। ਧੰਨ ਉਹ ਸਰੀਰ ਤੇ ਧੰਨ ਉਹ ਮਨ ਜਿਸ ਅੰਦਰ ਇਹ ਕਿਣਕਾ ਵਸਿਆ ਹੈ। ਜੇ ਮਹੀਨੇ ਵਿਚ ਇਕ ਛਿਨ ਬੀ ਐਸਾ ਆ ਜਾਵੇ ਕਿ ਮੂੰਹ ਕਹੇ 'ਧੰਨ ਗੁਰ ਨਾਨਕ ਦੇਵ' ਤੇ ਅੱਖਾਂ ਜਲ ਨਾਲ ਭਰ ਜਾਣ ਤੇ ਸਰੀਰ ਲੂੰ ਕੰਡੇ ਹੋ ਜਾਣ ਤੇ ਕਲੇਜੇ ਵਿਚ ਗੁਰੂ ਨਾਨਕ ਜੀ ਦੀ ਮਿਲਣ ਦੀ ਖਿੱਚ ਤੁਣੁਕਾ ਦੇ ਜਾਵੇ, ਤਾਂ ਜਨਮ ਸਫ਼ਲ ਹੈ। ਜਿਸ ਨੂੰ ਇਕ ਵਾਰ ਐਸਾ ਸਮਾਂ ਲੰਘ ਗਿਆ ਹੈ ਉਸ ਦੇ ਅੰਦਰ ਪਿਆਰਾ ਜ਼ਰੂਰ ਵੱਸੇਗਾ।

ਗੁਰ ਨਾਨਕ ਜੀਵਨ ਸ਼ਕਤੀ ਹੈ। ਗੁਰ ਨਾਨਕ ਜੀਉਂਦਾ ਜਾਗਦਾ ਪ੍ਰੀਤਮ ਹੈ, ਗੁਰ ਨਾਨਕ ਮਨੁੱਖ ਬਣਕੇ ਸੰਸਾਰ ਤਾਰਨ ਆਇਆ ਹੈ। ਓਹ ਹੁਣ ਬੀ ਆਪਣੇ ਪ੍ਰੇਮੀਆਂ ਦਾ ਪ੍ਰੀਤਮ ਓਸੇ ਤਰ੍ਹਾਂ ਹੈ। ਓਸ ਨਾਲ ਨੇਹੁੰ ਜਿਸ ਦਾ ਲੱਗ ਗਿਆ:-

**ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥**
(੭੧੨)

ਜੇ ਲੋੜ ਹੈ ਤਾਂ ਇੱਕੋ ਲੋੜ ਲੋੜੋ, ਜੇ ਤਾਂਘ ਹੈ ਤਾਂ ਇਕੋ ਤਾਂਘ ਤਾਂਘੋ, ਅਰ ਉਹ ਕੀਹ? ਗੁਰੂ ਨਾਨਕ ਪ੍ਰੇਮ ਦੀ ਰਿਜ਼ਮ ਅੰਦਰ ਵਸਾਓ।

ਕਾਸ਼, ਉਹ ਘੜੀ ਆਵੇ ਤੇ ਆਈ ਹੋਈ ਫੇਰ ਨਾ ਖੁੱਸੇ ਕਿ ਪ੍ਰੀਤਮ ਜੀ ਦਾ ਪਰੇਮ ਸੁੱਤੇ ਹੋਏ ਸ਼ੇਰ ਵਾਂਙੂ ਜਾਗ ਪਵੇ ਅਤੇ ਪਿਆਰ ਦਾ ਐਸਾ ਰਸ ਬੱਝ ਜਾਵੇ ਕਿ ਪਏ ਖੀਵੇ ਹੋਵੀਏ ਤੇ ਗਾਵੀਏ:-

**ਮੂ ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥**
**ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿਚ ਤਨੀ॥੧॥**
**ਦਿਨਸੁ ਰੈਨਿ ਮਨ ਮਾਹਿ ਬਸਤੁ ਹੈ**
**ਤੂ ਕਰਿ ਕਿਰਪਾ ਪ੍ਰਭ ਅਪਨੀ॥੨॥**
(ਬਿਲ. ਮ. ੫-੮੨੭)

ਪ੍ਰੀਤਮ ਜੀ ਨੂੰ ਪਿਆਰ ਕਰੋ, ਅੰਦਰ ਵਸਾਓ:-

**ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥**
(੭੬੧)

ਆਖੋ ਧੰਨ ਗੁਰੂ ਨਾਨਕ ਦੇਵ। ਧੰਨ ਜਗ ਦਾਤਾ ਪ੍ਰੀਤਮ ਜੀ ਜੋ ਸਾਡੇ ਵਿਚ ਸਾਡੇ ਵਰਗਾ ਹੋਕੇ ਵੱਸਿਆ ਤੇ ਸਾਡੇ ਅੰਦਰ ਲੌ ਲਗਾ ਕੇ ਲੁਕ ਬੈਠਾ। ਜੋ ਲੌ ਲਗੀ ਵਾਲਿਆਂ ਤੋਂ ਦੇਹ ਛੱਡਕੇ ਬੀ ਨਹੀਂ ਲੁਕਿਆ, ਉਹਨਾਂ ਦੇ ਹਿਰਦੇ ਨੂੰ ਤਖਤ ਬਣਾਕੇ ਅੱਠੇ ਪਹਿਰ ਉਥੇ ਵਿਰਾਜਦਾ ਹੈ। ਧੰਨ ਹੈ ਐਸਾ ਪ੍ਰੀਤਮ! ਹੋਰ ਕੀਹ ਲੋੜ ਹੈ? ਜੋ ਦਿੱਸਦਾ ਹੈ ਕਿਸ ਅਰਥ ਹੈ? ਜੋ ਨਾ ਦਿੱਸਣ ਵਾਲਾ ਅਮੋਲਕ ਪਦਾਰਥ ਹੈ, ਉਹ ਬੀ ਕਿਸ ਅਰਥ ਹੈ? ਸਭ ਤਰਵਰ ਕੀ ਛਾਇਆ ਹੈ। ਮੁਕਤ ਬੀ ਕੁਛ ਵਸਤੂ ਨਹੀਂ ਤੇ ਸੁਰਗ ਬੈਕੁੰਠ ਬੀ ਕਿਸੇ ਕੰਮ ਨਹੀਂ। ਪਾਪਾਂ ਤੋਂ ਛੁੱਟਣ ਦਾ ਸੰਕਲਪ ਤੇ ਉੱਚੇ ਹੋਣ ਦੀ ਇੱਛਾ ਬੀ ਮਾਇਆ ਦਾ ਜਾਲ ਹੈ। ਸਾਰ ਵਸਤੂ ਏਹੋ 'ਨਾਨਕ ਪ੍ਰੇਮ' ਹੈ।

ਜੇ ਇਹ ਲੱਝ ਜਾਵੇ ਤਾਂ ਇਸ ਧੁਨਿ ਵਿਚ ਮਗਨ ਰਹੇ ਤੇ ਸਾਰੀ ਅਪਾਇਣੀ (ਮੈਂ ਮੇਰੀ) ਤੇ ਸੋਚਾਂ ਛੱਡਕੇ ਇੱਕੋ ਲਗਨ ਵਿਚ ਲਗਾ ਰਹੇ। ਆਓ ਪ੍ਰਾਰਥਨਾ ਕਰੀਏ:- ਹੇ ਗੁਰ ਨਾਨਕ! ਪ੍ਰੀਤਮ ਜੀ! ਆਪਣਾ ਪਿਆਰ ਲਾ ਦਿਓ 'ਧੰਨ ਗੁਰ ਨਾਨਕ ਦੇਵ'।

(ਪਹਿਲੀ ਵਾਰ- ਇਕ ਚਿਠੀ-੧੪-੭-੧੯੧੧,
ਦੂਜੀ ਵਾਰ-ਖਾ. ਸ. ੧੬-੨੩ ਨਵੰਬਰ, ੧੯੭੨
ਅਤੇ ਤੀਜੀ ਵਾਰ-ਖਾ. ਸ. ੧੪ ਅਗਸਤ, ੨੦੦੮)

 www.sikhbookclub.com

## ਖਿੱਚ (ਅਰਦਾਸ)

ਤੁਸਾਂ ਬੰਨ੍ਹਿਆਂ ਨੇਮ- "ਵੱਡੇ ਖਿੱਚਣ ਛੋਟਿਆਂ"
ਸੂਰਜ ਖਿੱਚੇ ਧਰਤਿ, ਧਰਤਿ ਫਿਰ ਚੰਦ ਨੂੰ,
ਚੰਦ ਮਾਰਦਾ ਖਿੱਚ ਉਛਾਲੇ ਸਾਗਰਾਂ।

ਰਖ ਅਪਣੇ ਵਲ ਖਿੱਚ, ਸਭ ਤੋਂ ਵੱਡਿਆ!
ਖਿਚ ਅਪਣੀ ਵਲ ਖਿੱਚ, ਅਸਾਨੂੰ ਨਿੱਕਿਆਂ।

ਜੇ ਨਾ ਰੱਖੇਂ ਖਿੱਚ, ਸਾਂਈਆਂ ਮੇਰਿਆ!
ਜਾਸਾਂ ਹਾਇ ਗੁਆਚ ਬਨ ਤੇ ਬੇਲਿਆਂ। ੫੪.

(ਮੇਰੇ ਸਾਈਆਂ ਜੀਓ)

 www.sikhbookclub.com

## 33. ਨਾਮ ਬਿਹੂਨ ਜੀਵਨ ਕਉਨ ਕਾਮ?

**ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥**
(ਸੋ. ਮ. ੫, ਪੰਨਾ-੬੧੩)

ਪ੍ਰਮਾਰਥ ਵਿਚ ਪਹਿਲਾ ਦਰਜਾ ਹੈ 'ਕਰਤੇ' ਨੂੰ 'ਕੀਤੇ' ਹੋਏ ਤੋਂ ਅਡ ਸਮਝਣਾਂ। ਜਿਸ ਵੇਲੇ 'ਕਰਤੇ' ਵਲ ਦਿਲ ਲੱਗ ਗਿਆ ਤਦ 'ਕੀਤੇ ਹੋਏ' ਦੇ ਨਾਲ ਪਿਆਰ ਨਹੀਂ ਰਹੇਗਾ।

ਵਿਵੇਕ ਤੇ ਵੈਰਾਗਯ ਪ੍ਰਮਾਰਥ ਦੇ ਦੋ ਵਡੇ ਅੰਗ ਹਨ, ਵੈਰਾਗ ਤੇ ਵਿਵੇਕ ਜਿਨ੍ਹਾਂ ਦੇ ਬੜੇ ਵਿਸਥਾਰ ਹਨ। ਆਤਮਾ ਨੂੰ ਸਰੀਰ ਨਾਲੋਂ ਅੱਡ ਸਮਝਣਾਂ ਹੀ ਅਸਲ ਵਿਵੇਕ ਹੈ ਤੇ ਵਿਸ਼ਿਆਂ ਦੇ ਵਿੱਚ ਖਚਤ ਨਾ ਹੋਣ ਤੇ ਇਨ੍ਹਾਂ ਤੋਂ ਉਪ੍ਰਾਮ ਰਹਿਣਾ ਅਸਲ ਵੈਰਾਗਯ ਹੈ।

ਕਿਸੇ ਬਾਜ਼ਾਰ ਤੋਂ ਵਾਟ ਤੇ ਖੜੇ ਹੋਣ ਤੇ 'ਹੋ ਹੋ' ਦੀ ਆਵਾਜ਼ ਸੁਣਾਈ ਦੇਂਦੀ ਹੈ। ਪ੍ਰੰਤੂ ਉਸ ਬਾਜ਼ਾਰ ਵਿੱਚ ਜਾ ਖੜਾ ਹੋਣ 'ਤੇ ਪਤਾ ਲਗਦਾ ਹੈ ਕਿ ਜਿਸ ਆਵਾਜ਼ ਨੂੰ ਕੰਨ 'ਹੋ ਹੋ' ਸੁਣਕੇ ਨਿਰਾਰਥਕ ਰੌਲਾ ਸਮਝਦੇ ਸੀ, ਉਹ ਆਵਾਜ਼ ਆਰਥਕ ਸੀ ਤੇ ਉਹਦੇ ਨਾਲ ਹਜ਼ਾਰਾਂ ਤੇ ਲਖਾਂ ਦੇ ਵਾਰੇ ਨਿਆਰੇ ਹੋ ਰਹੇ ਸਨ। ਇਸੇ ਤਰ੍ਹਾਂ ਧਾਰਮਕ ਜਗਤ ਤੋਂ ਬਾਹਰ ਰਹਿ ਕੇ ਧਰਮ ਦਾ ਤੱਤ ਕਿਵੇਂ ਜਾਣਿਆ ਜਾ ਸਕਦਾ ਹੈ?

ਖੋਜ, ਪੜਤਾਲ, ਤੈਹਕੀਕਾਤ, ਕਦ ਤਕ ਜਾਰੀ ਰਹੇਗੀ, ਕਾਲਿਆਂ ਤੋਂ ਚਿੱਟੇ ਆ ਗਏ, ਮੁੱਢ ਦੇ ਸਾਥੀ, ਦੰਦ, ਕੰਨ ਤੇ ਅੱਖਾਂ ਨੇ ਸਾਥ ਛੱਡ ਦਿਤਾ, ਸਰੀਰਕ ਬਲ ਘਾਟੇ ਵਿੱਚ ਹੈ, ਜੀਵਨ ਪੰਧ ਦਾ ਪਿਛਾ ਦੂਰ ਰਹਿ ਗਿਆ ਹੈ ਤੇ ਅਗਾ ਸਾਹਮਣੇ ਦਿਸ ਰਿਹਾ ਹੈ, ਜੀਵਨ ਨਦੀ ਕਿਨਾਰੇ

 www.sikhbookclub.com

ਰੁਖੜਾ ਬਣ ਗਿਆ ਹੈ, ਕੀ ਹੈ ਅਭਾਗ ਮਨੁੱਖ! ਅਜੇ ਵੀ ਤੇਰੀ ਖੋਜ ਤੇ ਪੜਤਾਲ ਨਹੀਂ ਮੁਕੀ ਤੇ ਜ਼ਬਾਨੀ ਜਮਾ ਖਰਚੇ ਦੀ ਥਾਂ ਅਮਲ ਦਾ ਵੇਲਾ ਨਹੀਂ ਆਇਆ?

**"ਨਾਮ ਬਿਹੂਨ ਜੀਵਨ ਕਉਨ ਕਾਮ"**
(ਗਉੜੀ ਮ: ੫ ਪੰਨਾ ੧੮੮)

ਦੇ ਮਹਾਂ ਵਾਕ ਤੇ ਨਿਸ਼ਚਾ ਲਿਆ, 'ਵਾਹਿਗੁਰੂ' ਨਾਮ ਦੇ ਚਾਰ ਅੱਖਰਾਂ ਨੂੰ ਆਪਣਾ ਸਾਥੀ ਬਣਾ ਲੈ, ਬਸ ਫਿਰ ਬੇੜਾ ਪਾਰ ਹੈ। ਰਸਨਾ ਦੇ ਤਖ਼ਤ ਤੇ ਸ਼ਹਨਸ਼ਾਹ ਸਚੇ ਪਾਤਸ਼ਾਹ ਦਾ ਨਾਮ ਬੈਠਾ ਰਹੇ।

ਫੁੱਲਵਾੜੀ ਵਿਚ ਭੌਰਾ ਭੂੰ ਭੂੰ ਕਰਦਾ ਉਡਦਾ ਰਹਿੰਦਾ ਹੈ, ਪਰ ਜਦ ਉਹ ਫੁੱਲ ਤੇ ਬੈਠ ਕੇ ਰਸ ਚੂਸਣ ਲਗ ਪੈਂਦਾ ਹੈ, ਤਦ ਚੁਪ ਹੋ ਜਾਂਦਾ ਹੈ, ਰਤੀ ਜਿੰਨੀ ਆਵਾਜ਼ ਵੀ ਨਹੀਂ ਫੇਰ ਕੱਢਦਾ।

ਹਾਂ ਹੇ ਜਗਯਾਸੂ ਤੇਰੀ ਪੁਕਾਰ ਢੂੰਡ ਤੇ ਨਾ ਲਗਣ ਵਿਚ ਹੈ। ਲੱਗ ਪਓ, ਜਦੋਂ ਰਸ ਪਏਗਾ ਕੂਕ ਪੁਕਾਰ ਦੀ ਥਾਂ ਰਸ ਮਗਨਤਾ ਮਲੇਗੀ।

**ਬਾਹਰਿ ਟੋਲੈ ਸੋ ਭਰਮਿ ਭੁਲਾਹੀ॥**
(ਮਾਝ. ਮ. ੫, ਪੰਨਾ-੧੦੨)

ਸਾਰੀਆਂ ਥਾਵਾਂ ਤੇ ਟਿਕਾਣੇ ਉਸੇ ਦੇ ਹਨ, ਫਿਰ ਵੀ ਕਿਹਾ ਜਾਂਦਾ ਹੈ ਕਿ ਉਹ ਲਾ-ਮਕਾਂ (ਬੇਟਿਕਾਣਾ) ਹੈ। ਅਸ਼ਚਰਜ!

ਜਿਸਦਾ ਹਰ ਸ਼ੈ ਵਿਚ ਨੂਰ ਤੇ ਸ਼ਰੂਰ ਹੈ, ਜਿਸ ਦਾ 'ਪਤਾ' ਪੱਤਾ ਪੱਤਾ ਦੇ ਰਿਹਾ ਹੈ, ਕਿਹਾ ਜਾਂਦਾ ਹੈ ਕਿ ਉਹ ਲਾ ਪਤਾ (ਬੇਪਤਾ) ਹੈ। ਅਸ਼ਚਰਜ!

ਜਿਹੜਾ ਸ਼ਾਹ ਰਗ਼ ਤੋਂ ਵੀ ਨੇੜੇ ਤੇ ਘਟ ਘਟ ਵਿਚ ਮੌਜੂਦ ਹੈ ਉਸ ਨੂੰ ਮਿਲਣ ਜੰਗਲਾਂ ਤੇ ਬਨਾਂ ਵਿਚ ਦੁਨੀਆਂ ਭਜੀ ਜਾਂਦੀ ਹੈ। ਅਸ਼ਚਰਜ!

ਹਾਂ ਉਹ ਹਰ ਥਾਂ ਹੈ ਪਰ ਕਿਸੇ ਥਾਂ ਦੀ ਬੰਦ ਵਿੱਚ ਨਹੀਂ ਐਉਂ ਲਾ-ਮਕਾਂ ਹੈ। ਉਸਦਾ ਚਮਕਾਰ ਸਭ ਸ਼ੈ ਵਿੱਚ ਹੈ, ਪਰ ਕੋਈ ਸ਼ੈ ਆਪਣੇ ਮਿਤ ਵਿਚ ਸਰੂਪ ਵਿੱਚ ਉਸਦਾ ਟੀਕਾ ਨਹੀਂ। ਉਹ ਸ਼ਾਹ ਰਗ਼ ਤੋਂ ਨੇੜੇ ਹੈ ਪਰ ਸ਼ਾਹ ਰਗ਼ ਦਾ ਲਹੂ, ਤੇ ਵੇਗ ਮਾਤ੍ਰ ਉਹ ਨਹੀਂ।

ਢੂੰਡ ਬੰਦੇ ਦੀ ਬਾਹਰ ਮੁਖੀ ਹੈ, ਉਸਦਾ ਲੜ ਅੰਤਰ ਮੁਖ ਤੋਂ ਫੜੀਂਦਾ ਹੈ, ਓਹ ਸਾਡੇ ਗਯਾਨ ਦਾ ਵਿਸ਼ਾ ਨਹੀਂ, ਪਰ ਮਨ ਬੁਧੀ ਤੋਂ ਲੰਘਕੇ ਸਾਡੇ


www.sikhbookclub.com

ਅਨੁਭਵ ਵਿਚ ਪ੍ਰਦੀਪਤ ਹੁੰਦਾ ਹੈ। ਪਰ ਇਸ ਦੀ ਰੋਕ ਕੀ ਹੈ, ਸਾਡੀ ਇਛਯਾ ਦੀ ਕਮਜ਼ੋਰੀ। ਜਿਵੇਂ ਇਆਣਾ ਬਾਲ ਮਾਂ ਦੀ ਉਂਗਲ ਛੱਡ ਬਹਿਬਲ ਹੋ ਉਠਦਾ ਹੈ, ਕਦੇ ਇੰਨਾਂ ਹੀ ਵਿਯੋਗ ਵਾਹਿਗੁਰੂ ਦੇ ਵਿਛੜਨ ਦਾ ਪ੍ਰਤੀਤ ਕਰੇਂ ਫਿਰ ਵੇਖ ਉਹਦੇ ਦਰਸ਼ਨ ਹੁੰਦੇ ਹਨ ਕਿ ਨਹੀਂ।

ਮਥਾ ਤਾਂ ਧਰਤੀ ਤੇ ਰਖਿਆ ਹੈ ਤੇ ਅੰਦਰਲਾ ਕਾਬਲ ਘੋੜੇ ਖਰੀਦਣ ਗਿਆ ਹੋਇਆ ਹੈ ਵਾਹਿਗੁਰੂ ਦਰਸ਼ਨ ਦੇਵੇ ਤਾਂ ਕਿਸਨੂੰ?

ਜੇ ਤੂੰ ਹਿਰਦੇ ਦੇ ਤਖ਼ਤ ਤੇ ਵਾਹਿਗੁਰੂ ਨੂੰ ਬਿਠਾਣਾ ਹੈ ਤਦ ਕਾਮ ਕ੍ਰੋਧ ਆਦਿਕਾਂ ਤੋਂ ਮਨ ਨੂੰ ਸਾਫ਼ ਕਰ, ਸ਼ਾਹਾਂ ਦੇ ਸ਼ਾਹ ਵਾਸਤੇ ਬੜੀ ਸ੍ਰਛ ਥਾਂ ਦੀ ਲੋੜ ਹੈ। ਇਸ ਸ੍ਰਛਤਾ ਦੀ ਅਤਿ ਲੋੜ ਹੈ। ਹਾਂ!

ਇੰਦ੍ਰਿਆਂ ਦੇ ਛਿਨ ਭੰਗਰ ਸੁਖ ਲਈ- ਜਿਨ੍ਹਾਂ ਨੇ ਹੀ ਥੋੜੇ ਚਿਰ ਮਗਰੋਂ ਦੁਖ ਰੂਪ ਹੋ ਜਾਣਾ ਹੈ, ਆਪਣਾ ਜੀਵਨ ਤੇ ਸਦੀਵੀ ਅਨੰਦ ਦਾ ਦਾਓ ਨਾ ਲਗਾ, ਇਹ ਮੌਕਾ ਬਾਰ ਬਾਰ ਹਥ ਆਉਣਾ ਅਸੰਭਵ ਹੈ।

ਕਾਮ ਕ੍ਰੋਧ ਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹਿ ਪਾਵੈ॥

ਸ਼ੀਸ਼ਾ ਮੂੰਹ ਵੇਖਣ ਲਈ ਬਣਿਆ ਹੈ ਪਰ ਮੈਲੇ ਸ਼ੀਸ਼ੇ ਵਿਚੋਂ ਮੂੰਹ ਨਹੀਂ ਦਿਸਦਾ।

ਨੀਲੇ ਨੀਲੇ ਨਿਖਰੇ ਅਕਾਸ਼ ਵਿਚ ਡਲਕਾਂ ਮਾਰਦਾ ਚੰਦਰਮਾਂ ਕੁਨਾਲੀ ਵਿਚ ਪਏ ਪਾਣੀ ਤੇ ਆਪਣਾ ਪਰਤੌਂ ਪਾ ਰਿਹਾ ਹੈ, ਪਰ ਪਾਣੀ ਦੇ ਵਿਚ ਮਿਲੀ ਮੈਲ ਹੋਣ ਕਰਕੇ ਪਾਣੀ ਵਿਚੋਂ ਚੰਦਰਮਾਂ ਨਹੀਂ ਦੀਹਦਾ।

ਸ਼ੀਸ਼ੇ ਦੀ ਮੈਲ ਲਹਿ ਜਾਣ ਤੇ ਆਪਣੇ ਆਪ ਚਿਹਰਾ ਵਿਚੋਂ ਦਿਸ ਪਏਗਾ। ਮੈਲ ਦੂਰ ਕਰਨ ਲਈ ਹਿੰਮਤ ਤੇ ਯਤਨ ਦੀ ਲੋੜ ਹੈ ਜਦ ਮੈਲ ਅੱਡ ਹੋ ਜਾਏਗੀ ਚੰਦਰਮਾਂ ਦਾ ਪ੍ਰਤਿਬਿੰਬ ਆਪਣੇ ਆਪ ਪਾਣੀ ਵਿਚ ਸਪਸ਼ਟ ਹੋ ਜਾਏਗਾ। ਪਰਮਾਤਮਾਂ ਦਾ ਅਨੁਭਵ ਮਨ ਦਵਾਰੇ ਹੋਣਾ ਹੈ।

ਜਦ ਤਕ ਮਨ ਮੈਲਾ ਹੈ ਤਦ ਤਕ ਪ੍ਰਮਾਤਮਾਂ ਦੇ ਦਰਸ਼ਨ ਨਹੀਂ ਹੋ ਸਕਦੇ, ਮਨ ਨੂੰ ਸਾਫ਼ ਕਰੋ, ਪ੍ਰਮਾਤਮਾਂ ਆਪਣੇ ਆਪ ਸਾਫ਼ ਸਾਖਯਾਤਕਾਰ ਹੋ ਜਾਏਗਾ। ਸ਼ਾਸਤਰਕਾਰਾਂ ਨੇ ਇਹ ਦ੍ਰਿਸ਼ਟਾਂਤ ਵਰਤਿਆ ਹੈ। ਏਹ ਦ੍ਰਿਸ਼ਟਾਂਤ ਮਾਤ੍ਰ ਹੈ, ਵਯਕਤੀ ਜਨ ਜਗਤ ਦਾ। ਪ੍ਰਮਾਤਮਾ ਨਿਰਾਕਾਰ ਹੈ।

 www.sikhbookclub.com

ਸੋ ਤਤਸਾਰ ਬਾਤ ਯਥਾਰਥ ਵਿਚ ਐਉਂ ਹੈ ਕਿ ਮਨ ਵਿਚੋਂ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਦੂਰ ਕਰੋ ਤੇ ਨਾਲ ਨਾਲ ਪ੍ਰਮਾਤਮਾਂ ਦਾ ਕੀਰਤਨ, ਸਿਫ਼ਤ ਸਲਾਹ, ਨਾਮ-ਜਪ ਵਿਚ ਪਰਵਿਰਤ ਹੋਵੇ, ਜਿਸ ਨਾਲ ਅੰਤ੍ਰਾਤਮੇ ਆਪੇ ਨਿਰੋਲ ਤਤੁ ਸਰੂਪ ਹੋਕੇ ਪਰਮ ਤਤੁ ਅਕਾਲ ਪੁਰਖ ਨੂੰ ਜਾ ਮਿਲੇਗਾ।

**ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ॥**

(ਮਾਝ. ਮ. ੫, ਪੰਨਾ-੯੬)

ਮਨੁੱਖ ਜਿਸ ਤਰ੍ਹਾਂ ਦੇ ਵਿਚਾਰ ਵਿਚਾਰਦਾ ਹੈ, ਉਹੋ ਜਿਹਾ ਹੀ ਬਣ ਜਾਂਦਾ ਹੈ। ਆਪਣੇ ਵਿਚਾਰਾਂ ਤੇ ਕਾਬੂ ਪਾਓ। ਵਿਚਾਰ ਅੰਦਰੋਂ ਹੀ ਉਪਜਦੇ ਹਨ, ਪਰ ਅਕਸਰ 'ਸੰਗ' ਤੋਂ ਵਿਚਾਰ ਉਪਜਦੇ ਹਨ, ਤਾਂਤੇ 'ਸੰਗ' ਕਰਨ ਵਿਚ ਵਿਵੇਕ ਬੁਧੀ ਤੋਂ ਕੰਮ ਲਓ। 'ਸੰਗ' ਵੀ ਨਿਰਾ ਮਨੁੱਖਾਂ ਦੇ ਪਾਸ ਬੈਠਣ ਦਾ ਨਾਮ ਹੀ ਨਹੀਂ। ਪੁਸਤਕਾਂ ਦਾ ਪੜ੍ਹਨਾ ਵੀ ਸੰਗ ਹੀ ਹੈ।

ਤਾਂਤੇ ਆਪਣੇ 'ਸੰਗ' ਲਈ ਮਨੁੱਖਾਂ ਦੀ ਚੋਣ ਤੇ ਪੁਸਤਕਾਂ ਦੀ ਚੋਣ ਵਿਚ ਵਿਵੇਕ ਬੁਧੀ ਵਧੇਰੇ ਖਰਚ ਕਰਿਆ ਕਰੋ।

ਬੜੀ ਸਾਵਧਾਨੀ ਨਾਲ ਮਨ ਨੂੰ ਬੁਰੇ ਕੰਮਾਂ ਦੀਆਂ ਸੋਚਾਂ ਤੋਂ ਰੋਕੋ।

ਜਿਨ੍ਹਾਂ ਹੀ ਬੁਰੇ ਖਿਆਲਾਂ ਦਾ ਵਿਚਾਰ ਘਟੇਗਾ, ਤੇ ਨਾਮ-ਜਪ ਵਧੇਗਾ ਉਨ੍ਹਾਂ ਹੀ ਤੁਸੀਂ ਸੁਖ ਤੇ ਸ਼ਾਂਤੀ ਦੇ ਨੇੜੇ ਹੁੰਦੇ ਜਾਓਗੇ।

ਬੁਰੇ ਖਿਆਲ ਦਾ ਵਿਚਾਰ ਸਦਾਚਾਰੀ ਮਨੁੱਖ ਨੂੰ ਵੀ ਪਾਪਾਂ ਦੇ ਪੰਜੇ ਵਿਚ ਫਸਾ ਦੇਂਦਾ ਹੈ।

ਅਜਿਹੇ ਪੁਸਤਕ ਨਾ ਪੜੋ ਜਿਨ੍ਹਾਂ ਦੇ ਪੜ੍ਹਨ ਨਾਲ ਪਾਪਾਂ ਵਲ ਰੁਚੀ ਵਧੇ। ਭਾਵੇਂ ਉਨਾਂ ਪੁਸਤਕਾਂ ਦਾ ਨਾਮ ਸ਼ਾਸਤਰ ਹੀ ਕਿਉਂ ਨਾ ਹੋਵੇ।

ਪ੍ਰਮਾਰਥ ਵਲ ਰੁਚੀ ਵਧਾਣ ਵਾਲੇ ਗ੍ਰੰਥ ਹੀ ਪੜ੍ਹੋ ਤੇ ਸੁਣੋ।

ਐਸੀਆਂ ਤਸਵੀਰਾਂ ਨਾ ਖਰੀਦੋ ਨਾ ਲਟਕਾਓ ਜੋ ਹੇਠਲੇ ਪਾਸੇ ਵਲ ਸੁਰਤ ਨੂੰ ਲੈ ਜਾਣ।

ਹਛੀ ਸੰਗਤ ਕਰੋ, ਬੁਰਾ ਸੰਗ ਛਡੋ, ਕੰਨਾ ਨਾਲ ਬੁਰੀ ਗਲ ਨਾ ਸੁਣੋ, ਨੈਣਾਂ ਨਾਲ ਬੁਰੀ ਮੂਰਤੀ ਨਾ ਤੱਕੋ ਜੀਭ ਨਾਲ ਬੁਰੀ ਗਲ ਨਾ ਆਖੋ, ਹੱਥਾਂ ਨਾਲ ਬੁਰਾ ਕੰਮ ਨਾ ਕਰੋ, ਪੈਰਾਂ ਨਾਲ ਬੁਰੇ ਪਾਸੇ ਚਲਕੇ ਨਾ ਜਾਓ। ਮਨ ਨਾਲ ਬੁਰੇ ਖਿਆਲਾਂ ਨੂੰ ਨਾ ਚਿਤਵੋ ਤੇ ਬੁੱਧੀ ਨਾਲ ਖਿਆਲਾਂ ਦਾ ਵਿਚਾਰ ਨਾ ਕਰੋ।


www.sikhbookclub.com

ਪਰ ਬੁਰੇ ਸੰਗ ਤੋਂ ਬਚਣ ਲਈ ਕੀਹ ਉਪਾਉ ਹੈ? ਅਪਣਾ ਨਿੱਤਨੇਮ ਕਰਨਾ, ਗੁਰਬਾਣੀ ਦਾ ਕੀਰਤਨ ਸੁਣਨਾ, ਗੁਰੂ ਗ੍ਰੰਥ ਸਾਹਿਬ ਜੀ ਦਾ ਘਟ ਤੋਂ ਘਟ ਇਕ ਸ਼ਬਦ ਦਾ ਵੀਚਾਰ ਨਾਲ ਰੋਜ਼ ਪਾਠ ਕਰਨਾ। ਗੁਰਬਾਣੀ ਦੇ ਰਹਿਤ ਵਾਲੇ ਦਾ ਸਤਿਸੰਗ ਕਰਨਾ, ਗੁਰਬਾਣੀ ਤੇ ਅਭਯਾਸ ਨਾਲ ਵਿਵੇਕ ਬੁਧੀ ਉਪਜੇਗੀ। ਇਹ ਕੁਸੰਗ ਤੋਂ ਵਰਜੇਗੀ ਤੇ ਸਾਂਈਂ ਵਲ ਪ੍ਰੇਰੇਗੀ ਤੇ ਦਸੇਗੀ ਕਿ ਮਤ ਵਿਚ ਪੈ ਰਹੀ ਪਾਪਾਂ ਦੀ ਮੈਲ, ਅੰਦਰ ਕੱਠੇ ਹੋ ਰਹੇ ਪਾਪਾਂ ਦੇ ਸੰਸਕਾਰ ਨਾਮ ਅਭਯਾਸ ਨਾਲ ਦੂਰ ਹੋਣਗੇ। ਨਾਮ ਅਭਯਾਸ ਕਰਦਿਆਂ ਅੰਦਰ ਨਿਰਮਲ ਹੋਕੇ ਪ੍ਰਮਾਤਮਾਂ ਨਾਲ ਜਾ ਮਿਲੇਗਾ। ਐਉਂ ਸੁਖ ਸਾਰਾ ਮਿਲ ਜਾਏਗਾ। ਹਾਂ ਏਹ ਬੁਧੀ ਜੋ ਪ੍ਰਮਾਤਮਾਂ ਨਾਲ ਮੇਲ ਦੇਂਦੀ ਹੈ ਗੁਰਬਾਣੀ ਤੋਂ ਉਪਜੇਗੀ। ਇਹੋ ਆਤਮ ਵਿਸਣੀ ਬੁਧੀ ਹੈ ਤੇ ਵਿਚੋਂ ਪ੍ਰਗਯਾ ਪਰਹਿਮਤਾ ਹੈ।

**"ਭੂਲਿ ਬਿਗਾਰਿਓ ਆਪਨਾ ਕਾਜੁ॥"**
(ਆਸਾ. ਕਬੀਰ, ਪੰਨਾ-੪੭੮)

ਮਨ ਬੜਾ ਚੰਚਲ ਹੈ, ਵਿਸ਼ਿਆਂ ਰੂਪੀ ਬਨ ਵਿੱਚ ਬੇ ਮੁਹਾਰਾ ਨੱਠਾ ਫਿਰਦਾ ਹੈ, ਇਸ ਪਾਸੇ ਜਾਣੋਂ ਇਸ ਨੂੰ ਰੋਕੋ।

ਇੰਦ੍ਰਿਆਂ ਤੇ ਮਨ, ਕਾਬੂ ਪਾਣ ਦੇ ਯਤਨ ਵਿੱਚ ਸਾਵਧਾਨੀ ਨਾਲ ਲਗਾਤਾਰ ਲਗੇ ਰਹੋ।

ਮਨ ਨਿੱਚਲਾ ਨਹੀਂ ਰਹਿ ਸਕਦਾ, ਇਹ ਕੁਛ ਨਾ ਕੁਛ ਕਰਦਾ ਰਹੇਗਾ ਜੇ ਵਾਹਿਗੁਰੂ ਨਾਮ ਜਪ ਵਿਚ ਲਗਾ ਰਖੋ ਤਦ ਤੁਹਾਡਾ ਕਲਿਆਨ ਹੋਵੇਗਾ ਤੇ ਜੇ ਇਸਨੂੰ ਤੁਸੀਂ ਕੋਈ ਕੰਮ ਨਾ ਦੇਵੋਗੇ ਤਦ ਇਹ ਆਪਣਾ ਕੰਮ ਆਪ ਲਭ ਲਏਗਾ ਤੇ ਉਹ ਕੰਮ ਹੋਊ ਵਿਸ਼ੇ ਵਾਸ਼ਨਾ ਯਾ ਹੋਰ ਸੰਘਾਰਕ ਉਲਝੇਵੇਂ।

ਧੀਰਜ ਤੇ ਦ੍ਰਿੜ੍ਹਤਾ ਨਾਲ ਮਨ ਤੇ ਨਿਗਰਾਨੀ ਰਖੋ। ਵਿਸ਼ੇ ਵਿਕਾਰਾਂ ਵਲ ਜਾਂਦੇ ਨੂੰ ਵਰਜੋ।

ਗੁਰਬਾਣੀ ਦੀ ਵੀਚਾਰ ਮਨ ਨੂੰ ਬੁਰਾਈਆਂ ਵਲੋਂ ਹਟਾਣ ਦਾ ਇਕ ਪੱਕਾ ਉਪਾਓ ਹੈ।

**"ਭੂਲਿ ਬਿਗਾਰਿਓ ਆਪਨਾ ਕਾਜੁ॥"**
(ਆਸਾ ਸ੍ਰੀ ਕਬੀਰ ਜੀਉ ਪੰਨਾ ੪੭੮)

ਮਨ ਨੇ ਮਾਇਆ ਨੂੰ ਸਤ ਜਾਣ ਲਿਆ ਹੈ ਇਹਦੇ ਰਸਾਂ ਕਸਾਂ ਵਿਚ ਇਨ੍ਹਾਂ ਮੋਹਤ ਹੋ ਗਿਆ ਹੈ ਕਿ ਉਸ ਸਤਿ ਚਿਤ ਤੇ ਅਨੰਦ ਸਰੂਪ ਨੂੰ ਭੁਲ ਹੀ ਗਿਆ ਹੈ।

ਉਹ ਭੁਲ ਜਿਸ ਨੇ ਇਸਨੂੰ ਇੰਨੀ ਵਿੱਥ ਪਾ ਦਿਤੀ ਹੈ ਜੇ ਦੂਰ ਹੋ ਜਾਇ ਤਦ ਉਹ ਵਾਹਿਗੁਰੂ, ਜਿਸਨੂੰ ਦੂਰ ਤੋਂ ਦੂਰ ਤੇ ਅਪ੍ਰਾਪਤ ਸਮਝਦਾ ਹੈ, ਸੁਤੇ ਸਿਧ ਹੀ ਪ੍ਰਾਪਤ ਹੋ ਜਾਏਗਾ।

ਵਾਹਿਗੁਰੂ ਹਰ ਥਾਂ ਹੈ, ਹਰ ਸ਼ੈ ਵਿਚ ਹੈ, ਉਸਦੀ ਭਾਲ ਵਿਚ ਬਾਹਰ ਨਾ ਜਾ। ਵਾਹਿਗੁਰੂ ਘਟ ਘਟ ਵਿੱਚ ਹੈ, ਤੇ ਸੂਖਮ ਤੋਂ ਸੂਖਮ ਪਰਦਿਆਂ ਤੋਂ ਲੈਕੇ ਅਸਥੂਲ ਤੋਂ ਅਸਥੂਲ ਅੰਗਾਂ ਤਕ ਵਿੱਚ ਹੈ, ਉਹਨੇ ਜਦ ਮਿਲਣਾ ਹੈ, ਅੰਦਰੋਂ ਹੀ ਮਿਲਣਾ ਹੈ।

ਭੁਲ ਦੂਰ ਹੋਵੇਗੀ ਯਾਦ ਨਾਲ, ਜੇ ਇਹ ਜੀਵ ਹਰ ਵੇਲੇ ਵਾਹਿਗੁਰੂ ਨਾਮ ਦੇ ਜਪ ਵਿਚ ਲਗਾ ਰਹੇ, ਤਦ ਹੌਲੀ ਹੌਲੀ ਭੁਲ ਦੂਰ ਹੋ ਜਾਏਗੀ ਤੇ ਇਹ ਆਪਣੇ ਆਪ ਆਪਣੇ ਆਪ ਨੂੰ ਉਹਦੀ ਹਾਜ਼ਰੀ ਵਿਚ ਵੇਖਣ ਲਗ ਜਾਏਗਾ। ਵਾਹਿਗੁਰੂ ਦੀ ਹਜ਼ੂਰੀ ਵਿਚ ਹੋਣਾ ਹੀ ਅਲਖ ਦੀ ਲਖਤਾ ਅਗੰਮ ਦੀ ਗਮਤਾ ਤੇ ਸਾਖਯਾਤ ਕਾਰ ਕਰਨਾ ਹੈ।

**"ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥"**

(ਗਉ ਚੇਤੀ ਮ. ੫, ੧੫੬)

ਚੋਰ ਚੋਰੀ ਕਰਨ ਲਗਿਆਂ ਅਗੋਂ ਪਿਛੋਂ ਵੇਖਦਾ ਹੈ ਕਿ ਕੋਈ ਵੇਖਦਾ ਨਾ ਹੋਵੇ। ਕਾਮੀਂ ਵੀ ਹਨੇਰਾ, ਇਕਾਂਤ ਤੇ ਕੋਈ ਨਾ ਵੇਖੇ ਹੀ ਲੋਚਦਾ ਹੈ। ਫਰੇਬ ਧੋਖਾ ਤੇ ਛਲ ਵੀ ਉਸੇ ਵੇਲੇ ਹੀ ਹੁੰਦਾ ਹੈ ਜਦ ਹੋਰ ਕੋਈ ਸਾਹਮਣੇ ਨਾ ਹੋਵੇ।

ਜੇ ਕਦੀ ਤਿੰਨ ਰੁਪਏ ਮਹੀਨੇ ਦਾ ਚਪੜਾਸੀ ਨਜ਼ਰੀ ਪੈ ਜਾਏ ਤਾਂ ਚੋਰ, ਕਾਮੀ ਤੇ ਬੰਚਕ ਆਦਿਕ ਕੁਕਰਮੀ ਪਾਪ ਕਰਮ ਛੱਡ ਦੇਂਦੇ ਹਨ।

ਵਾਹਿਗੁਰੂ ਜੋ ਸ਼ਹਿਨਸ਼ਾਹਾਂ ਦਾ ਵੀ ਸ਼ਹਿਨਸ਼ਾਹ ਹੈ ਹਰ ਥਾਂ ਹਾਜ਼ਰ ਨਾਜ਼ਰ ਹੈ। ਹੇ ਮਨ! ਜੇ ਤੂੰ ਆਪਣੇ ਆਪ ਨੂੰ ਹਰ ਵੇਲੇ ਉਹਦੀ ਹਜ਼ੂਰੀ ਵਿਚ ਸਮਝੇਂ, ਤਦ ਪਾਪਾਂ ਦੀ ਫਾਹੀ ਵਿਚੋਂ ਸੁਖੈਨ ਹੀ ਬਚ ਸਕਦਾ ਹੈਂ।

(ਖਾ. ਸ. ੧-੨-੨੦੦੭)


www.sikhbookclub.com

## ਹਜ਼ੂਰੀ

ਸਹੀਓ ਨੀ! ਸ਼ਹੁ ਆਪ ਨ ਆਯਾ,
ਪਰ ਉਸ ਨੇ ਨਿਜ ਘੱਲ ਹਜ਼ੂਰੀ
ਕਰ ਲਿਆ ਹਾਜ਼ਰ ਸਾਨੂੰ ਆਪ,
ਮੱਲੋ ਮੱਲੀ ਜ਼ੋਰੋ ਜ਼ੋਰੀ

ਕਰ ਲਿਆ ਹਾਜ਼ਰ ਵਿਚ ਹਜ਼ੂਰੀ-
ਕੋਲੋ ਕੋਲ ਤੇ ਨਾਲੋ ਨਾਲ,
ਦੂਰੀ ਸੱਟੀ ਦੂਰ ਨਿਕਾਲ,
ਸਾਂਈਆਂ ਜੀ ਦਾ ਤੱਕ ਕਮਾਲ
ਦੂਰੀ ਸੱਟੀ ਦੂਰ ਨਿਕਾਲ।

(ਮੇਰੇ ਸਾਂਈਆਂ ਜੀਓ)

ਨੋਟ- ਦੂਰੀ ਯਾ ਵਿੱਥ ਤਾਂ ਉਸਦੀ ਰਹਿਮਤ ਨਾਲ ਹੀ ਦੂਰ ਹੋਣੀ ਹੈ ਪਰ ਅਸਾਂ ਤਾਮਸਿਕ ਤੇ ਆਲਸੀ ਹੋਕੇ ਨਹੀਂ ਬਹਿ ਰਹਿਣਾ। ਅਰਦਾਸ ਤਾਂ ਕਰਨੀ ਹੀ ਹੈ, ਝੋਲੀ ਤਾਂ ਅੱਡਣੀ ਹੀ ਹੈ -ਸੰਪਾਦਕ

 www.sikhbookclub.com

## 34. ਉਦਮੁ ਕਰਤ ਆਨਦੁ ਭਇਆ

**"ਉਦਮੁ ਕਰਤ ਆਨਦੁ ਭਇਆ ਸਿਰਮਤੁ ਸੁਖ ਸਾਰੁ॥"**
(ਬਿਲਾ. ਮ. ੫, ਪੰਨਾ-੮੧੫)

ਆਲਸ ਵਿੱਚ ਪਸ਼ੂਪਨ ਹੈ, ਕ੍ਰਿਯਾ ਤੇ ਉੱਦਮ ਵਿੱਚ ਜੀਵਨ ਹੈ ਤੇ ਗਿਆਨ ਵਿੱਚ ਮਨੁੱਖਤਾ ਹੈ।

ਭਗਤ ਦਾ ਹਿਰਦਾ ਹੁੰਦਾ ਹੈ, ਗਿਆਨ ਦੀਆਂ ਅੱਖਾਂ ਹੁੰਦੀਆਂ ਹਨ ਤੇ ਕਰਮ ਦੇ ਪੈਰ ਹੁੰਦੇ ਹਨ। ਪਰ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਸਿੱਖ ਵਿਚ ਤਿੰਨੇ ਨਿਵਾਸ ਕਰਦੇ ਹਨ।

ਭਗਤੀ ਵਿੱਚ ਤੀਬ੍ਰਤਾ ਹੁੰਦੀ ਹੈ, ਗਿਆਨ ਵਿੱਚ ਦ੍ਰਿਸ਼ਟੀ ਹੁੰਦੀ ਹੈ। ਕਰਮ ਵਿੱਚ ਸ਼ਕਤੀ ਹੁੰਦੀ ਹੈ, ਤਾਹੀਓਂ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਵਲਵਲੇ ਦੀ ਤੀਬ੍ਰਤਾ ਵਾਲਾ ਹੁੰਦਾ ਹੈ। ਬੁਧੀ ਦੀ ਤੀਖਣਤਾ ਵਾਲਾ ਹੁੰਦਾ ਹੈ ਤੇ ਤਯਾਰ ਬਰ ਤਯਾਰ ਕੰਮ ਕਰਨ ਵਾਲਾ-**ਕਰਮ ਕਰਤ ਹੋਵੈ ਨਿਹਕਰਮ** (ਸੁਖਮਨੀ-੨੭੪) ਵਾਲਾ-ਹੁੰਦਾ ਹੈ।

ਸੰਸਾਰਕ ਪਦਵੀ ਸਾਰਿਆਂ ਦੀ ਅਡਰੀ ਅਡਰੀ ਹੈ, ਪਰ ਮਨੁੱਖਤੂ ਇਕ ਹੈ, ਤੁਸੀਂ ਪਦਵੀ ਨੂੰ ਇਕ ਪਾਸੇ ਰਖ ਕੇ ਮਨੁੱਖਤੂ ਨੂੰ ਵੇਖੋ, ਫਿਰ ਤੁਹਾਨੂੰ

'**ਏਕੁ ਪਿਤਾ ਏਕਸ ਕੇ ਹਮ ਬਾਰਿਕ**' (ਸੋਰਠਿ ਮ: ੫ ਪੰਨਾ ੬੧੧)
ਦੀ ਸੋਝੀ ਪਏਗੀ।

ਸੰਸਾਰਕ ਪਦਵੀਆਂ ਇਕ ਦੂਜੇ ਵਿੱਚ ਫ਼ਰਕ ਪਾਂਦੀਆਂ ਹਨ ਤੇ ਮਨੁਖਤੂ ਏਕਤਾ ਦੇ ਘੇਰੇ ਵਿੱਚ ਲਿਆਉਂਦੀ ਹੈ।

ਸੰਸਾਰ ਵਿੱਚ ਇਕ ਅਜਿਹਾ ਟਿਕਾਣਾ ਹੈ ਜਿਥੇ ਮਨੁੱਖ ਆਪਣੇ ਦਿਲ ਨੂੰ ਖੋਹਲਕੇ ਰਖ ਦੇਂਦਾ ਹੈ ਤੇ ਆਪਣੇ ਔਗੁਣਾਂ ਦਾ ਇਕਰਾਰ ਕਰਦਾ ਹੈ। ਉਹ ਹੈ ਵਾਹਿਗੁਰੂ ਦੀ ਹਜ਼ੂਰੀ!

ਇਹ ਕਿਉਂ? ਇਹ ਇਸ ਕਰਕੇ ਕਿ ਮਨੁੱਖ ਜਾਣਦਾ ਹੈ ਕਿ ਵਾਹਿਗੁਰੂ ਇਕ ਦੀ ਗੱਲ ਦੂਜੇ ਅਗੇ ਨਹੀਂ ਕਰੇਗਾ, ਤੇ ਲੋੜ ਅਨੁਸਾਰ ਸ਼ਰਨ ਆਏ ਦੀ ਰਖਿਆ ਕਰਦਾ ਹੈ।

ਮਨੁੱਖ ਦੇ ਕੰਮਾਂ ਵਿੱਚ ਘਟ ਵਧ ਸ੍ਵਾਰਥ ਦਾ ਲੇਸ਼ ਹੁੰਦਾ ਹੈ, ਇਸ ਕਰਕੇ ਆਪਣੇ ਦਿਲ ਦੀ ਗੱਲ ਹਰ ਇਕ ਅਗੇ ਜਿਉਂ ਦੀ ਤਿਉਂ ਖੁਲ੍ਹ ਕੇ ਨਹੀਂ ਕਰਦਾ ਕਿ ਪਤਾ ਨਹੀਂ ਕਿਸ ਵੇਲੇ ਇਹ ਆਦਮੀ ਫਿਰ ਜਾਏ ਤਾਂ ਇਹ ਮੇਰੇ ਦਸੇ ਭੇਦ ਨੂੰ ਪਰਗਟ ਕਰ ਦੇਵੇ।

ਈਸ਼ਵਰ ਸਾਰਿਆਂ ਦਾ ਸਾਖੀ ਹੈ, ਤੇ ਸਾਰਿਆਂ ਦਾ ਦਰਦੀ ਹੈ, ਸਭ ਦਾ ਦਾਤਾ ਹੈ ਪਰ ਆਪ ਅਚਾਹ ਹੈ ਇਸ ਕਰਕੇ ਉਸਤੋਂ ਕੋਈ ਗੱਲ ਕਿਉਂ ਛਪਾਏਗਾ? ਇਹ ਤਾਂ ਅਕਲਮੰਦੀ ਤੇ ਸਿਆਣਪ ਹੈ ਕਿ ਉਸ ਦੇ ਸਾਹਮਣੇ ਜਿਉਂ ਦੀ ਤਿਉਂ ਬੇਨਤੀ ਕੀਤੀ ਜਾਵੇ।

**"ਸਦਾ ਨਿਕਟਿ ਨਿਕਟਿ ਹਰਿ ਜਾਨੁ॥"**
(ਸੁਖ, ੨੭੫)

ਪਸ਼ਚਾਤਾਪ ਤੇ ਪ੍ਰਾਸ਼ਚਿਤ ਪ੍ਰਮਾਰਥ ਦੀ ਪਉੜੀ ਦੇ ਦੋ ਡੰਡੇ ਹਨ। ਪਸ਼ਚਾਤਾਪ ਦੇਂ ਅਰਥ ਹਨ, ਆਪਣੇ ਕਿਸੇ ਕੀਤੇ ਕੁਕਰਮ ਨੂੰ ਬੁਰਾ ਸਮਝਣਾ, ਦਿਲੋਂ ਇਸ ਕਰਨੀ ਤੇ ਪਛਤਾਵਾ ਕਰਨਾ। ਪ੍ਰਾਸ਼ਚਿਤ ਦੇ ਅਰਥ ਹਨ, ਆਪਣੀ ਭੁੱਲ ਤੇ ਆਪਣੇ ਆਪਨੂੰ ਆਪ ਸਜ਼ਾ ਦੇਣਾ ਤਾਂ ਜੋ ਫਿਰ ਅਜਿਹਾ ਕੰਮ ਕਦੇ ਨਾ ਕੀਤਾ ਜਾਏ।

ਆਪਣੇ ਆਪ ਨੂੰ ਜੋ ਸਜ਼ਾ ਦਿਤੀ ਜਾਏ ਉਹ ਪ੍ਰਾਸ਼ਚਿਤ ਅਖਵਾਉਂਦੀ ਹੈ ਪਰ ਜਿਹੜੀ ਸਜ਼ਾ ਦੂਜਾ ਦੇਂਦਾ ਹੈ ਉਸ ਨੂੰ ਦੰਡ ਕਹਿੰਦੇ ਹਨ।

ਜੇ ਕਦੇ ਕਿਸੇ ਆਪਣੀ ਭੁੱਲ ਤੇ ਇਕਾਂਤ ਵਿੱਚ ਬੈਠਕੇ ਹੰਝੂ ਵਹਾਏ ਜਾਣ ਤਾਂ ਮਨ ਉਹੋ ਜਿਹਾ ਹੀ ਨਿਰਮਲ ਹੋ ਜਾਵੇਗਾ ਜਿਵੇਂ ਇਸ਼ਨਾਨ ਕਰਨ ਨਾਲ ਸਰੀਰ, ਇਹ ਪਸ਼ਚਾਤਾਪ ਹੈ।

ਪ੍ਰਾਸ਼ਚਿਤ ਨਾਲ ਮਨ ਨਸੀਹਤ ਪਕੜਦਾ ਹੈ, ਤੇ ਅਗੋਂ ਲਈ ਬਦੀ ਤੋਂ ਬਚਣ ਦਾ ਬਲ ਵਧਦਾ ਹੈ। ਪਰ ਦੰਡ ਨਾਲ ਕਈ ਵੇਰ ਪਸ਼ਚਾਤਾਪ


www.sikhbookclub.com

ਘਟ ਹੁੰਦਾ ਹੈ ਤੇ ਗਿਰਾਓ ਵਧੀਕ। ਕਿਉਂਕਿ ਦੰਡ ਵੇਲੇ ਕਦੇ ਤਾਂ ਮਨ ਪਸ਼ਚਾਤਾਪ ਵਿਚ ਜਾਕੇ ਸੁਧਰਦਾ ਹੈ ਪਰ ਕਮਜ਼ੋਰ ਹੋਕੇ, ਤੇ ਕਦੇ ਜ਼ਿਦ ਵਿੱਚ ਆਕੇ ਆਪਣੀ ਪਾਪ ਰੁਚੀ ਵਿੱਚ ਕਰੜਾ ਹੋ ਜਾਂਦਾ ਹੈ।

ਪਸਚਾਤਾਪ ਆਪਣੀ ਵੀਚਾਰ ਤੇ ਮਾਨਸਕ ਤਰੱਦਦ ਹੈ ਆਪ ਨੂੰ ਸੁਧਾਰਨ ਦਾ।

ਪ੍ਰਾਸਚਿਤ ਕਦੇ ਅਪਨੇ ਵਲੋਂ ਹੁੰਦਾ ਹੈ ਕਦੇ ਧਰਮ ਮੰਡਲ ਵਲੋਂ ਹੁੰਦਾ ਹੈ ਪਰ ਦੰਡ ਅਕਸਰ ਰਾਜ ਪ੍ਰਬੰਧ ਵਲੋਂ ਹੁੰਦਾ ਹੈ।

ਪਛਤਾਵਾ ਤੇ ਪ੍ਰਾਸਚਿਤ ਬੜੇ ਅਛੇ ਦਾਰੂ ਹਨ ਪਰ ਮਜ਼ਹਬ ਦੇ ਇਤਹਾਸ ਵਿਚ ਇਨ੍ਹਾਂ ਦਾ ਇੰਨਾਂ ਗਲਤ ਵਰਤਾਉ ਹੋ ਚੁਕਾ ਹੈ ਕਿ ਕਈ ਵੇਰ ਜਿਸ ਮਤਲਬ ਲਈ ਇਹ ਦਾਰੂ ਹਨ ਉਸੇ ਦੇ ਤਬਾਹ ਕਰਨ ਵਿੱਚ ਏਹ ਵਿਹੁ ਹੋ ਢੁਕਦੇ ਹਨ। ਇਸ ਕਰਕੇ ਗੁਰੂ ਘਰ ਵਿਚ ਇਨ੍ਹਾਂ ਦਾ ਵਰਤਾਉ ਖ਼ਬਰਦਾਰੀ ਨਾਲ ਕਰਨਾ ਸਿਖਾਇਆ ਗਿਆ ਹੈ। ਜਿਵੇਂ ਸਰੀਰ ਦੀ ਅਹੁਰ ਦੂਰ ਕਰਨ ਲਈ ਫਾਕਾ ਜੁਲਾਬ ਮੁਦਿਰ ਤੇ ਪਸੀਨਾ ਲਿਆਉਣ ਵਾਲੀਆਂ ਚੀਜ਼ਾਂ ਦੇਂਦੇ ਹਨ ਤਿਵੇਂ ਪਛਤਾਵਾ ਮਨ ਨੂੰ ਜੇਹਰਾਂ ਤੋਂ ਸਾਫ਼ ਕਰਨੇ ਦਾ ਦਾਰੂ ਹੈ ਪਰ ਜੇ ਹਕੀਮ ਫਾਕੇ ਤੇ ਜੁਲਾਬਾਂ ਨੂੰ ਹੀ ਦਾਰੂ ਬਣਾ ਲਵੇ ਤਾਂ ਸਾਰੇ ਮਰੀਜ਼ ਜਮ ਘਾਟ ਉਤਾਰੀ ਜਾਏਗਾ।

ਇਸ ਲਈ ਗੁਰਸਿੱਖੀ ਵਿਚ ਪਛਤਾਵੇ ਨੂੰ ਥਾਂ ਦੇ ਕੇ ਆਗਯਾ ਹੈ ਕਿ ਅਰਦਾਸ ਕਰੇ, ਅਰ ਪ੍ਰਾਸਚਿਤ ਵਿਚ ਗੁਰਬਾਣੀ ਦਾ ਪਾਠ ਕਰੇ, ਜਿਸ ਨਾਲ ਮਨ ਨੂੰ ਤਾੜਨਾ ਤੇ ਸਮੋਧ, ਦੁਇ ਹੋਕੇ ਉੱਚੀ ਵਿਚਾਰ ਪ੍ਰਾਪਤ ਹੁੰਦੀ ਹੈ। ਜਦੋਂ ਪਛਤਾਵਾ ਕਰਦਿਆਂ ਮਨ ਬਾਣੀ ਦੇ ਪ੍ਰੇਮ ਵਿੱਚ ਨਾਮ ਯਾ ਅਭਯਾਸ ਵਿੱਚ ਆ ਜਾਵੇ ਤਾਂ ਝਟ ਨਾਮ ਬਾਣੀ ਵਿਚ ਲਗ ਪਵੇ। ਨਾਮੀ ਪੁਰਖਾਂ ਨੂੰ ਉਚਿਤ ਹੈ ਕਿ ਅਪਣੀ ਭੁੱਲ ਪਰ ਪਛਤਾਵੇ ਦੀ ਅਰਦਾਸ ਕਰਦੇ ਸਾਰ ਸਿਮਰਨ ਵਿੱਚ ਲਗ ਪੈਣ, ਕਿਉਂਕਿ ਸਭ ਤੋਂ ਵਡਾ ਦਾਰੂ ਅਵਗੁਣਾਂ ਦੇ ਦੂਰ ਕਰਨ ਦਾ ਤੇ ਗੁਣ ਭਰ ਦੇਣ ਦਾ ਇਹੋ ਨਾਮ ਹੈ, ਨਾਮ ਦੇ ਅਰਥ ਹਨ ਹਜ਼ੂਰੀ ਦਾ ਵਾਸ। ਜੋ ਨਾਮ ਜਪਦਾ ਹੈ ਆਪਨੂੰ ਵਾਹਿਗੁਰੂ ਦੀ ਹਜ਼ੂਰੀ ਵਿੱਚ ਰਖਦਾ ਹੈ। ਜਿਵੇਂ ਲੋਕਾਂ ਦੇ ਸਾਹਮਣੇ ਪਾਪ ਕਰਮ ਕਰਦਿਆਂ ਝਕ ਆਉਂਦਾ ਹੈ, ਤਿਵੇਂ ਨਾਮੀ ਪੁਰਖ ਨੂੰ ਸਾਈਂ ਦੀ ਹਜ਼ੂਰੀ ਵਿੱਚ ਝਕ ਆਉਂਦਾ ਹੈ। ਉਸ ਤੋਂ ਭੁਲ ਤਦੋਂ ਹੁੰਦੀ ਹੈ ਜਦੋਂ ਨਾਮ ਦੇ ਵਿਸਾਰੇ ਵਿੱਚ ਆ ਜਾਵੇ।

 www.sikhbookclub.com

ਸੋ ਉਹ ਅਰਦਾਸ ਕਰੇ ਤੇ ਝਟ ਨਾਮ ਵਿੱਚ ਲਗ ਪਵੇ, ਆਖੇ ਹੇ ਵਾਹਿਗੁਰੂ ਜੀ ਆਪਦੀ ਹਜ਼ੂਰੀ ਤੋਂ ਗ਼ਾਫ਼ਲ ਹੋਕੇ ਭੁੱਲ ਹੋਈ ਹੈ ਆਪ ਮਿਹਰ ਕਰਕੇ ਮੈਨੂੰ ਹਜ਼ੂਰੀ ਵਿੱਚ ਰਖੋ, ਮੈਂ ਸਦਾ ਹਾਜ਼ਰ ਰਹਾਂ, ਜੋ ਭੁੱਲਾਂ ਨਾ ਕਰਾਂ। ਸੋ ਨਾਮ ਦਾ ਅਭਿਆਸੀ ਜਦੋਂ ਭੁੱਲ ਕਰ ਬੈਠੇ ਤਾਂ ਬਿਨੈ ਕਰਕੇ ਸਿਮਰਨ ਦੀ ਡੋਰ ਸੰਭਾਲ ਲਵੇ, ਐਉਂ ਪਛੁਤਾਵਾ ਮਨ ਨੂੰ ਉੱਚੇ ਕਰਨ ਤੇ ਭੈ ਭਰਮ ਤੋਂ ਸਾਫ਼ ਕਰਨ ਤੇ ਨਾਮ ਵਾਲੀ ਚੜਦੀ ਕਲਾ ਵਿਚ ਰਖਣ ਦਾ ਸਹਾਈ ਹੁੰਦਾ ਹੈ, ਨਹੀਂ ਤਾਂ ਪਛਤਾਵਿਆਂ ਤੇ ਪਸਚਾਤਾਪਾਂ ਵਿਚ ਜਗਤ ਦੇ ਹਰ ਮਜ਼ਹਬ ਵਿਚ ਸਾਧਕ ਲੋਕ ਅਪਣੇ ਆਪ ਨੂੰ ਕੁਹ ਕੁਹ ਕੇ ਮਨ ਦੀਆਂ ਹੀਣ ਦਸ਼ਾ ਨੂੰ ਪਰਾਪਤ ਹੋਕੇ ਰਸਤਿਅਓਂ ਉਖੜਕੇ ਔਖੇ ਹੋਏ ਹਨ। ਹਿੰਦੂ ਤੇ ਕੈਥਲਕ ਸਾਧੂਆਂ ਨੇ ਤਨ ਗਾਲੇ, ਅੰਗ ਕਟੇ, ਸੰਗਲਾਂ ਨਾਲ ਅਪਣੇ ਸਰੀਰ ਕੁਟੇ, ਫਾਕਿਆਂ ਨਾਲ ਤਨ ਸੁਕਾਏ ਤੇ ਅਕਹਿ ਕਸ਼ਟ ਸਰੀਰ ਨੂੰ ਦੇ ਕੇ ਸਰੀਰ ਰੋਗੀ ਤੇ ਮਨ ਸਣੇ ਕੀਤੇ ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਹੁਕਮ ਦੇਂਦੇ ਹਨ :

**"ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥**
**ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥**
(ਸਲੋਕ ਸ਼ੇਖ ਫਰੀਦ ਪੰਨਾ ੧੩੮੪)

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥"**
(੧੩੮੨)

**ਹੇ** ਮਨੁੱਖ! ਇਸ ਗੱਲ ਦੀ ਬਹੁਤੀ ਚਿੰਤਾ ਨਾ ਕਰ ਕਿ ਲੋਕ ਚੰਗੇ ਬਣਨ, ਆਪਣੇ ਆਪ ਨੂੰ ਚੰਗਾ ਬਣਾਣ ਲਈ ਸਾਰਾ ਬਲ ਖਰਚ ਕਰ।

ਤੇਰਾ ਨੇਕ ਨਮੂਨਾ ਤੇਰੇ ਫੋਕੇ ਵਾਕਾਂ ਨਾਲੋਂ ਵਧੀਕ ਅਸਰ ਕਰੇਗਾ।

ਜਦੋਂ ਤੂੰ ਆਪ ਸੰਵਰ ਜਾਵੇਂ ਤਦੋਂ ਤੇਰੀ ਕਹਿਣੀ ਤੇ ਕਰਨੀ ਦੂਇ ਅਸਰ ਵਾਲੇ ਹੋ ਜਾਣਗੇ।

ਜੇ ਕਿਸੇ ਦੇ ਨੇੜੇ ਹੋਣਾ ਚਾਹੁੰਨਾ ਹੈਂ ਤਾਂ ਉਹਦੇ ਗੁਣਾਂ ਵਲ ਵੇਖ ਜੇ ਔਗੁਣ ਵੇਖਣ ਦਾ ਯਤਨ ਕਰੇਂਗਾ ਤਦ ਕਿਤੇ ਹੋਰ ਥਾਂ ਪੁਜੇਂਗਾ ਜੋ ਨੇੜੇ ਨਹੀਂ ਹੋਵੇਗੀ।


www.sikhbookclub.com

ਗੁਣ, ਦੋਸ਼ ਸਾਰਿਆਂ ਵਿੱਚ ਹਨ, ਪਾਰਖੂ ਨਜ਼ਰ ਨਾਲ ਦੋਵੇਂ ਚੀਜ਼ਾਂ ਵੇਖ ਅਵਗੁਣਾਂ ਨੂੰ ਛੱਡ, ਗੁਣਾਂ ਵਲ ਰੁਖ ਕਰ।

ਗੁਰਵਾਕ:

**"ਸਾਝ ਕਰੀਜੈ ਗੁਣਹ ਕੇਰੀ ਛੋਡ ਅਵਗੁਣ ਚਲੀਐ॥"**
(ਰਾਗ ਸੂਹੀ ਛੰਤ ਮ: ੧ ਘਰ ੪ ਪੰਨਾ ੭੬੬)

**"ਪਾਪੁ ਬੁਰਾ ਪਾਪੀ ਕਉ ਪਿਆਰਾ॥"**
(ਦਖ. ਓਅ-੩੮, ਪੰਨਾ-੯੩੫)

ਸੰਸਾਰ ਵਿਚ ਕਿਸ ਨੂੰ ਆਪਣਾ ਸ਼ਤਰੂ ਸਮਝੋਗੇ, ਇਕਾਂਤ ਵਿੱਚ ਬੈਠਕੇ ਵਿਚਾਰ ਕੀਤਿਆਂ ਪਤਾ ਲਗਦਾ ਹੈ ਕਿ ਮਨੁੱਖ ਆਪਣੇ ਆਪ ਨਾਲ ਜਿੰਨਾਂ ਵੈਰ ਕਰਦਾ ਹੈ ਉਤਨਾ ਹੋਰ ਕੋਈ ਵੀ ਉਹਦੇ ਨਾਲ ਵੈਰ ਨਹੀਂ ਕਰਦਾ।

ਤੂੰ ਅਕਾਰਣ ਹੀ ਕੌੜੇ ਵਾਕ ਬੋਲ ਕੇ ਆਪਣਾ ਮੁਲ ਤੇ ਪ੍ਰਭਾਵ ਨਾ ਘਟਾ ਇੰਜ ਕਰਨਾ ਹੌਲਾਪਨ ਹੋ ਸਕਦਾ ਹੈ ਗੰਭੀਰਤਾ ਨਹੀਂ।

ਜੇ ਕੋਈ ਤੁਹਾਡੇ ਔਗੁਣ ਤੁਹਾਨੂੰ ਨਹੀਂ ਦਸਦਾ ਤਦ ਇਹਦਾ ਮਤਲਬ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਅੰਨ੍ਹਾ ਹੈ। ਜੇ ਤੁਹਾਡੇ ਤੇ ਜਿਰਹ (ਬਹਿਸ) ਕੀਤੇ ਬਿਨਾਂ ਕੋਈ ਆਦਮੀ ਕੋਈ ਗੱਲ ਮੰਨ ਲੈਂਦਾ ਹੈ ਤਦ ਇਹ ਨਾ ਸਮਝੋ ਕਿ ਤੁਹਾਡੀਆਂ ਸਾਰੀਆਂ ਹੀ ਗੱਲਾਂ ਇਤਬਾਰ ਯੋਗ ਹਨ।

ਮਨੁੱਖ ਦੀ ਆਤਮ ਅਵਸਥਾ ਜਿਉਂ ਜਿਉਂ ਉੱਚੀ ਹੁੰਦੀ ਹੈ ਤੇ ਜਿਉਂ ਜਿਉਂ ਬੁੱਧੀ ਸੂਖਮ ਹੁੰਦੀ ਹੈ ਤਿਉਂ ਤਿਉਂ ਉਹਦਾ ਰਾਹ 'ਖੰਡਿਓਂ ਤਿਖਾ ਤੇ ਵਾਲੋਂ ਨਿਕਾ' ਹੁੰਦਾ ਜਾਂਦਾ ਹੈ, ਪਰ ਇਸ ਤੰਗ ਰਾਹ ਵਿਚ ਨੰਗੇ ਪੈਰੀਂ ਟੁਰਦਿਆਂ ਲਹੂ ਲੁਹਾਨ ਹੋਏ ਪੈਰਾਂ ਨਾਲ ਜੋ ਉਸਨੂੰ ਸੁਖ ਮਿਲਦਾ ਹੈ ਉਹ ਰਾਜ ਮਹਿਲਾਂ ਤੇ ਮੋਟਰਾਂ ਵਿਚ ਵੀ ਨਹੀਂ ਮਿਲ ਸਕਦਾ।

ਆਤਮ ਦਰਸ਼ੀ ਸੰਸਾਰ ਵਲ ਵੇਖ ਕੇ ਕਹਿੰਦਾ ਹੈ ਤੁਸੀਂ ਮੈਨੂੰ ਮਾਣ ਕਿਉਂ ਦੇਂਦੇ ਹੋ? ਇਹ ਉਨ੍ਹਾਂ ਨੂੰ ਦੇਵੋ ਜੋ ਇਸਨੂੰ ਚਾਹੁੰਦੇ ਹਨ। ਇਸਦੇ ਚਾਹਵਾਨਾਂ ਨੂੰ ਨਾ ਦੇ ਕੇ ਉਨ੍ਹਾਂ ਨੂੰ ਦੁਖ ਦੇਂਦੇ ਹੋ ਤੇ ਮੈਨੂੰ ਇਹ ਚੀਜ਼ ਦੇ ਕੇ ਮੇਰੀਆਂ ਕਠਨਾਈਆਂ ਨੂੰ ਵਧਾਕੇ ਦੁਖੀ ਬਣਾਉਂਦੇ ਹੋ।

ਛੁਪਕੇ ਪਾਪ ਕਰਨਾ ਕਾਇਰਤਾ ਹੈ ਤੇ ਸਾਹਮਣੇ ਕਰਨਾ ਬੇਹਯਾਈ। ਪਾਪੀ ਲਈ ਪ੍ਰਮਾਤਮਾਂ ਦੀ ਸ਼ਰਨ ਤੋਂ ਬਿਨਾਂ ਕੋਈ ਟਿਕਾਣਾ ਨਹੀਂ।


www.sikhbookclub.com

ਪਾਪ ਕਰਕੇ ਵੀ ਜੋ ਆਕੜਦਾ ਹੈ ਸਮਝੋ ਕਿ ਉਸਦੇ ਗਿਰਨ ਦੀ ਅਜੇ ਹੋਰ ਗੁੰਜਾਇਸ਼ ਹੈ।

ਜੇੜ੍ਹਾ ਪਾਪ ਕਰਕੇ ਛਿਪਾਉਂਦਾ ਹੈ ਉਹ ਹੋਰ ਡਿਗਦਾ ਹੈ, ਪਰ ਜੇ ਉਹ ਲਜਤ ਹੁੰਦਾ ਹੈ ਤਾਂ ਉਹ ਪਾਪ ਦੀ ਰਾਹ ਰੋਕਦਾ ਹੈ ਤੇ ਜਿਹੜਾ ਪਸਚਾਤਾਪ ਕਰਦਾ ਹੈ ਉਹ ਭਲਿਆਈ ਨੂੰ ਵਾਜਾਂ ਮਾਰਦਾ ਹੈ।

ਪਾਪ ਮੌਤ ਦੀ ਕੁੰਡੀ ਹੈ ਜਿਸਦੇ ਕੰਡੇ ਦਾ ਗਿਆਨ ਮਛੀ ਨੂੰ ਨਿਗਲਨ ਲਗਿਆਂ ਨਹੀਂ ਪਰ ਮਰਨ ਵੇਲੇ ਹੁੰਦਾ ਹੈ।

ਅਕਲ ਵਾਲਾ ਉਹ ਹੈ ਜੋ ਪਾਪਾਂ ਦੀ ਪੰਡ ਨਾ ਚੁਕੇ, ਮਿੱਤ੍ਰ ਓਹ ਹੈ ਜੋ ਪਾਪਾਂ ਵਿਚ ਫਸਣ ਤੋਂ ਰੋਕੇ ਤੇ ਸ਼ਤਰੂ ਓਹ ਹੈ ਜੋ ਪਾਪਾਂ ਵਾਲੇ ਪਾਸੇ ਖਿਚੇ।

(ਖਾ. ਸ. ੧-੨-੨੦੦੭)

## ਮੁਸ਼ੱਕਤ ਨੂੰ ਸੁਖ ਫੁੱਲ

ਪੇੜ ਮੁਸ਼ੱਕਤ ਨੂੰ ਪਵੇ
ਸਖੀਏ! 'ਸੁਖ ਦਾ ਫੁੱਲ';

ਬਿਨਾ ਮੁਸ਼ੱਕਤ ਬੀਜਿਆਂ
ਲੱਭ ਨ ਸੁਖ ਨੂੰ ਭੁੱਲ।

ਬਿਨਾ ਮੁਸ਼ੱਕਤ ਜੇ ਮਿਲੇ
ਸੁਖ, ਸਖੀਏ! ਰਖ ਯਾਦ,

ਕਦਰ ਨ ਸੁਖ ਦੀ ਪਏਗੀ
ਮਾਣੇਂਗੀ ਨਾ ਸ੍ਵਾਦ।

 www.sikhbookclub.com